
Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-428-2300

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 43, October 24, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਬਾਦਲਾਂ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕੀ

## ਲੋਕਾਂ ਦਾ ਰੋਹ ਬਰਕਰਾਰ; ਸੂਬੇ ਵਿਚ ਅਰਧ-ਸੈਨਿਕ ਬਲ ਤਾਇਨਾਤ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਉਪਰੋਥਲੀ ਵਾਪਰੀਆਂ ਘਟਨਾਵਾਂ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕਾ ਦਿੱਤੀ ਹੈ। ਕਿਸਾਨ ਅੰਦੋਲਨ, ਡੇਰਾ ਸਿਰਸਾ ਮੁਖੀ ਨੂੰ ਮੁਆਫੀ ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਪਿਛੋਂ ਪੰਜਾਬ ਸਰਕਾਰ ਲਾਚਾਰ ਤੇ ਬੇਵਸ ਦਿਖਾਈ ਦੇ ਰਹੀ ਹੈ। ਸੱਤਾਧਾਰੀ ਧਿਰ ਨਾਲ ਜੁੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਹੋਰ ਸਿਆਸੀ ਆਗੂ ਧੜਾਧੜ ਅਸਤੀਫੇ ਦੇ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਮੰਤਰੀ, ਸੱਤਾਧਾਰੀ ਧਿਰ ਦੇ ਆਗੂ, ਤਖਤਾਂ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਜਨਤਕ ਸਮਾਗਮਾਂ ਵਿਚ ਜਾਣ ਤੋਂ ਪਾਸਾ ਵੱਟ ਰਹੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਨੇ ਸੂਬੇ ਅੰਦਰ ਤਣਾਅਪੂਰਨ ਹਾਲਾਤ ਨਾਲ ਸਿੱਝਣ ਲਈ ਨਾਜ਼ੁਕ ਖੇਤਰਾਂ ਵਿਚ ਨੀਮ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ 10 ਕੰਪਨੀਆਂ ਭੇਜੀਆਂ ਹਨ।



ਅੰਮ੍ਰਿਤਸਰ ਵਿਚ ਫਲੈਗ ਮਾਰਚ ਕਰਦੇ ਹੋਏ ਅਰਧ-ਸੈਨਿਕ ਬਲ।

ਇਨ੍ਹਾਂ ਵਿਚੋਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ 3-3 ਕੰਪਨੀਆਂ ਤੇ ਇੱਕ ਕੰਪਨੀ ਤਰਨਤਾਰਨ ਜ਼ਿਲ੍ਹੇ ਵਿਚ ਤਾਇਨਾਤ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ 25 ਕੰਪਨੀਆਂ ਮੰਗੀਆਂ ਸਨ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਮੰਨ ਰਹੇ ਹਨ ਕਿ ਸੂਬੇ ਦੇ ਲੋਕਾਂ ਵਿਚ ਫੈਲੇ ਰੋਹ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਝੱਲਣਾ ਪਵੇਗਾ। ਪੰਜਾਬ ਦੀ ਸੱਤਾ ਵਿਚ ਭਾਈਵਾਲ ਹੋਣ ਦੇ ਬਾਵਜੂਦ ਅਕਾਲੀਆਂ ਵੱਲੋਂ ਇਕੱਲਿਆਂ ਹੀ ਇਸ ਸੰਕਟ ਨਾਲ ਨਜਿੱਠਿਆ ਜਾ ਰਿਹਾ ਹੈ। ਸੂਬੇ ਦੇ ਗ੍ਰਹਿ ਮੰਤਰੀ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਾਮੋਸ਼ ਹਨ। ਬੇਅਦਬੀ ਮਾਮਲੇ ਕਾਰਨ ਸ਼੍ਰੋਮਣੀ ਅਕਾਲੀ ਦਲ

(ਬਾਕੀ ਸਫਾ 6 'ਤੇ)

### ਡੰਡੇ ਦੀ ਪੀਰ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਵਿਚ ਇਹ ਧਾਰਨਾ ਬਣ ਗਈ ਹੈ ਕਿ ਸਰਕਾਰ 'ਤੇ ਚੜ੍ਹਾਈ ਕਰਨ ਤੋਂ ਬਿਨਾਂ ਉਹ ਕਿਸੇ ਦੀ ਗੱਲ ਨਹੀਂ ਸੁਣਦੀ। ਕਿਸਾਨ ਜਥੇਬੰਦੀਆਂ ਨੇ 18 ਸਤੰਬਰ ਤੋਂ ਪਹਿਲਾਂ ਲਗਾਤਰ ਡੀ.ਸੀ. ਦਫਤਰਾਂ ਸਾਹਮਣੇ ਧਰਨੇ ਤੇ ਬਾਅਦ ਵਿਚ ਛੇ ਦਿਨ ਰੇਲਾਂ ਰੋਕੀਂ ਰੱਖੀਆਂ ਤਾਂ ਕਿਤੇ ਜਾ ਕੇ ਪੰਜਾਬ ਸਰਕਾਰ ਨੇ ਗੱਲਬਾਤ ਸ਼ੁਰੂ ਕੀਤੀ। ਪੰਥਕ ਜਥੇਬੰਦੀਆਂ ਵੱਲੋਂ ਡੇਰਾ ਮੁਖੀ ਨੂੰ ਮੁਆਫੀ ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਸਰਬੱਤ ਖਾਲਸਾ ਬੁਲਾਉਣ ਦੇ ਫੈਸਲੇ ਪਿੱਛੋਂ ਜਥੇਦਾਰਾਂ ਨੂੰ ਯੂ-ਟਰਨ ਲੈਣੀ ਪਈ। ਗੁਰੂ ਗ੍ਰੰਥ ਸਾਹਿਬ ਦੀ ਬੀੜ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਪਹਿਲੀ ਜੂਨ ਨੂੰ ਚੋਰੀ ਹੋਈ ਸੀ। ਪਿੰਡ ਦੇ ਲੋਕਾਂ ਨੇ ਐਫ.ਆਈ.ਆਰ. ਵੀ ਦਰਜ ਕਰਵਾਈ ਤੇ ਡੀ.ਸੀ. ਦਫਤਰ ਸਾਹਮਣੇ ਧਰਨੇ ਵੀ ਦਿੱਤੇ, ਪਰ ਪੁਲਿਸ ਦੋਸ਼ੀਆਂ ਨੂੰ ਫੜਨ ਵਿਚ ਨਾਕਾਮ ਰਹੀ। 14 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਹੋਈ ਬੀੜ ਦੇ ਬਰਗਾੜੀ ਪਿੰਡ ਵਿਚ ਖਿੱਲਰੇ ਪੱਤਰਿਆਂ ਦੀ ਸੂਚਨਾ ਨੇ ਪਹਿਲਾਂ ਹੀ ਨਿਰਾਸ਼ ਤੇ ਮਾਨਸਿਕ ਪੀੜਾ ਵਿਚੋਂ ਗੁਜ਼ਰ ਰਹੀ ਸਿੱਖ ਸੰਗਤ ਦਾ ਗੁੱਸਾ ਜੰਗਲ ਦੀ ਅੱਗ ਵਾਂਗ ਫੈਲਾਉਣ ਦਾ ਕੰਮ ਕੀਤਾ।

## ਕੈਨੇਡੀਅਨ ਚੋਣਾਂ ਵਿਚ ਛਾ ਗਏ ਪੰਜਾਬੀ

**ਚੰਡੀਗੜ੍ਹ:** ਕੈਨੇਡਾ ਦੀਆਂ ਸੰਸਦੀ ਚੋਣਾਂ ਵਿਚ ਪੰਜਾਬੀਆਂ ਨੇ ਇਤਿਹਾਸ ਸਿਰਜ ਦਿੱਤਾ ਹੈ ਤੇ ਹਾਊਸ ਆਫ ਕਾਮਨਜ਼ (ਸੰਸਦ) ਵਿਚ 18 ਪੰਜਾਬੀ ਪੁੱਜ ਗਏ ਹਨ। ਕੁੱਲ 44 ਭਾਰਤੀ ਕੈਨੇਡੀਅਨ ਚੋਣ ਮੈਦਾਨ ਵਿਚ ਡਟੇ ਸਨ ਜਿਨ੍ਹਾਂ ਵਿਚੋਂ 20 ਜੇਤੂ ਰਹੇ। ਇਹ ਪਹਿਲੀ ਵਾਰ ਹੈ ਜਦੋਂ ਐਨੀ ਵੱਡੀ ਗਿਣਤੀ ਵਿਚ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਸੰਸਦ ਵਿਚ ਆਏ ਹਨ। ਹੈਰਾਨੀ ਦੀ ਗੱਲ ਹੈ ਕਿ ਭਾਰਤ ਦੀ ਲੋਕ ਸਭਾ ਵਿਚ ਵੀ ਪੰਜਾਬੀ ਸੰਸਦ ਮੈਂਬਰਾਂ ਦੀ ਐਨੀ ਗਿਣਤੀ ਨਹੀਂ ਹੈ। ਪੰਜਾਬ ਤੋਂ ਲੋਕ ਸਭਾ ਵਿਚ 13 ਮੈਂਬਰ ਹੀ ਪੁੱਜਦੇ ਹਨ। ਸਾਲ 2008 ਦੀ ਚੋਣਾਂ ਵਿਚ 10 ਅਤੇ 2011 ਵਿਚ ਅੱਠ ਭਾਰਤੀ ਕੈਨਡੀਅਨ ਸੰਸਦ ਵਿਚ ਪੁੱਜੇ ਸਨ। ਸਭ ਤੋਂ ਪਹਿਲਾਂ 1993 ਵਿਚ ਤਿੰਨ ਭਾਰਤੀ ਕੈਨੇਡੀਅਨਾਂ ਨੇ ਸੰਸਦ ਵਿਚ ਪੈਰ ਧਰਿਆ ਸੀ। ਉਨ੍ਹਾਂ ਵਿਚੋਂ ਇਕ ਸਿੱਖ ਗੁਰਬਖਸ਼ ਸਿੰਘ ਮੱਲ੍ਹੀ ਸਨ। ਇਸ ਵਾਰ ਜਿੱਤੇ ਕੁੱਲ ਭਾਰਤੀ ਕੈਨੇਡੀਅਨ ਸੰਸਦ ਮੈਂਬਰਾਂ ਵਿਚੋਂ 16 ਲਿਬਰਲ ਪਾਰਟੀ ਨਾਲ ਸਬੰਧਤ ਹਨ। ਇਹ ਉਹ ਪਾਰਟੀ ਹੈ, ਜਿਸ ਦੇ ਹੱਥ ਹੁਣ ਦੇਸ਼ ਦੀ ਵਾਗਡੋਰ ਆਈ ਹੈ। ਇਨ੍ਹਾਂ ਚੋਣਾਂ ਵਿਚ ਜਿੱਤੇ ਮੁੱਖ ਪੰਜਾਬੀਆਂ ਵਿਚ ਨਵਦੀਪ ਬੈਂਸ, ਹਰਜੀਤ ਸੱਜਣ, ਦੀਪਕ ਓਬਰਾਏ ਤੇ ਸੁੱਖ ਧਾਲੀਵਾਲ ਸ਼ਾਮਲ ਹਨ। ਬੈਂਸ ਤੇ ਧਾਲੀਵਾਲ ਪਿਛਲੀਆਂ ਚੋਣਾਂ ਹਾਰ ਗਏ ਸਨ। ਇਸ ਵਾਰ ਚਾਰ ਪੰਜਾਬੀ ਬੀਬੀਆਂ-ਸੋਨੀਆ ਸਿੱਧੂ, ਕਮਲ ਖੇੜਾ, ਅੰਜੂ ਢਿੱਲੋਂ ਤੇ ਰੂਬੀ ਸਹੋਤਾ ਨੇ ਵੀ ਮੈਦਾਨ ਫਤਹਿ ਕੀਤਾ ਹੈ। ਇਨ੍ਹਾਂ ਚੋਣਾਂ ਵਿਚ ਜਿਹੜੀਆਂ ਮੁੱਖ ਪੰਜਾਬੀ ਹਸਤੀਆਂ ਹਾਰੀਆਂ ਹਨ, ਉਨ੍ਹਾਂ ਵਿਚ ਟਿਮ ਉੱਪਲ, ਬਲ ਗੋਸਲ, ਦਵਿੰਦਰ ਸ਼ੋਰੀ, ਪਰਮ

(ਬਾਕੀ ਸਫਾ 6 'ਤੇ)

We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


# ਗੁਰਦੁਆਰਾ ਸੈਨ ਹੋਜ਼ੇ, ਕੈਲੀਫਰਨੀਆ

3636 Murillo Ave., San Jose, CA 95148

# ਸ਼ਹੀਦੀ ਸਮਾਗਮ

ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਅਤੇ
ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ

## 25 ਅਕਤੂਬਰ 2015





ਰਾਜਸਥਾਨ ਦੀਆਂ ਸੰਗਤਾਂ ਵਲੋਂ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਜ਼ਾਲਮ ਹੁਕਮਰਾਨ ਮੱਸਾ ਰੰਗੜ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਅਤੇ ਜੂਨ 84 ਦੇ ਘਲੂਘਾਰੇ ਸਮੇਂ ਦਰਬਾਰ ਸਾਹਿਬ 'ਤੇ ਫੌਜਾਂ ਚੜ੍ਹਾਉਣ ਲਈ ਜ਼ਿੰਮੇਵਾਰ ਜਨਰਲ ਵੈਦਿਆ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਵਾਲੇ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਲਾਸਾਨੀ ਕੁਰਬਾਨੀ ਨੂੰ ਸਜਦਾ ਕਰਨ ਲਈ ਸ਼ਹੀਦੀ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ:

ਸ਼ੁਕਰਵਾਰ 23 ਅਕਤੂਬਰ 2015 ਅਰੰਭ ਸ੍ਰੀ ਅਖੰਡਪਾਠ ਸਾਹਿਬ
ਐਤਵਾਰ 25 ਅਕਤੂਬਰ 2015 ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ
ਉਪਰੰਤ ਕੀਰਤਨ, ਕਥਾ ਢਾਡੀ ਵਾਰਾਂ ਅਤੇ ਬੁਲਾਰੇ

*ਸਮੂਹ ਸੰਗਤਾਂ ਨੂੰ ਸਮਾਗਮ ਵਿਚ ਹਾਜਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।*

## ਸੇਵਾ: ਰਾਜਸਥਾਨ ਦੀਆਂ ਸਿੱਖ ਸੰਗਤਾਂ

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਰਾਮਕਮਲ ਸਿੰਘ 408-677-1234 ਜਾਂ ਰਾਜਿੰਦਰ ਸਿੰਘ 408-513-7026



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਦੀ ਰਾਖੀ ਲਈ ਜਾਨ ਵਾਰਨ ਵਾਲੇ ਸੂਰਮੇ ਸ਼ਹੀਦ ਭਾਈ ਗੁਰਜੀਤ ਸਿੰਘ, ਭਾਈ ਕ੍ਰਿਸ਼ਨ ਭਗਵਾਨ ਸਿੰਘ ਤੇ ਖਾਲਿਸਤਾਨ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ

# 13ਵਾਂ ਅੰਤਰਰਾਸ਼ਟਰੀ ਗਤਕਾ ਯੁੱਧ ਮੁਕਾਬਲਾ

## 31 ਅਕਤੂਬਰ, ਸਨਿਚਰਵਾਰ



ਚੈਂਪੀਅਨਜ਼ ਐਰੀਨਾ, ਯੂਬਾ ਸਿਟੀ 'ਚ ਸਵੇਰੇ 10 ਤੋਂ ਸ਼ਾਮ 9 ਵਜੇ ਤੱਕ
Champions Arena: 301 Burns Drive, Yuba City, CA 95991





ਮੀਰੀ ਪੀਰੀ ਦੇ ਮਹਾਨ ਇਲਾਹੀ ਸਿੱਖ ਸਿਧਾਂਤ ਦੇ ਰਚਨਹਾਰੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਬਖਸ਼ਿਸ਼ ਗਤਕੇ ਦਾ ਅਮਰੀਕਾ-ਕੈਨੇਡਾ ਦੇ ਬੱਚਿਆਂ ਅਤੇ ਨੌਜਵਾਨਾਂ ਵਿਚ ਪ੍ਰਚਾਰ, ਪਸਾਰ ਤੇ ਵਿਸਥਾਰ ਕਰਨ ਲਈ ਇਹ ਪਵਿੱਤਰ ਕਾਰਜ ਅਰੰਭੇ ਗਏ ਸਨ, ਜਿਸ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਅਮਰੀਕਾ-ਕੈਨੇਡਾ ਵਿਚ ਭਾਰੀ ਸਫਲਤਾ ਹਾਸਲ ਹੋਈ ਹੈ। ਨਤੀਜੇ ਵਜੋਂ ਅੱਜ ਕਈ ਸੌ ਦੀ ਗਿਣਤੀ ਵਿਚ ਬੱਚੇ ਗਤਕੇ ਨਾਲ ਜੁੜ ਕੇ ਮੀਰੀ-ਪੀਰੀ ਦੇ ਬੇਨਜ਼ੀਰ ਸਿੱਖ ਫਲਸਫੇ ਦੀ ਜਾਣਕਾਰੀ ਹਾਸਲ ਕਰ ਰਹੇ ਹਨ।

ਆਪ ਸੰਗਤਾਂ ਨੂੰ ਬੇਨਤੀ ਹੈ ਕਿ ਯੂਬਾ ਸਿਟੀ ਦੇ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਹੋ ਰਹੇ ਗਤਕਾ ਯੁੱਧ ਮੁਕਾਬਲੇ ਵਿਚ ਸ਼ਾਮਲ ਹੋ ਕੇ ਗਤਕੇ ਦੇ ਜੌਹਰ ਵਿਖਾਉਣ ਵਾਲੇ ਸਿੰਘਾਂ-ਸਿੰਘਣੀਆਂ ਦੀ ਹੌਸਲਾ ਅਫਜ਼ਾਈ ਕਰੋ।

ਸੇਵਾ ਕਰਨ ਵਾਲੇ: ਗੁਰਦੁਆਰਾ ਸਾਹਿਬ ਫਰੀਮਾਂਟ, ਗੁਰੂ ਨਾਨਕ ਸਿੱਖ ਸੁਸਾਇਟੀ ਯੂਬਾ ਸਿਟੀ, ਅਮੈਰੀਕਨ ਫਰੂਟ ਲੈਥਰੋਪ, ਡਾਇਮੰਡ ਟਰਾਂਸਪੋਰਟ ਸਟਾਕਟਨ, ਵ੍ਹਾਈਟ ਹਾਕ ਸਟਾਕਟਨ, ਕੈਲੀਫੋਰਨੀਆ ਗਤਕਾ ਦਲ, ਪੀ ਐਸ ਕੈਰੀਅਨ ਯੂਨੀਅਨ ਸਿਟੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

| | | |
|---|---|---|
| ਬਾਬਾ ਚਤਰ ਸਿੰਘ 661-472-0596 | ਭਾਈ ਜਸਦੇਵ ਸਿੰਘ 416-835-1909 | ਭਾਈ ਜਤਿੰਦਰਬੀਰ ਸਿੰਘ 951-295-7774 |
| ਭਾਈ ਹਰਪ੍ਰੀਤ ਸਿੰਘ 559-859-0471 | ਭਾਈ ਬਲਜੀਤ ਸਿੰਘ 510-320-7079 | ਭਾਈ ਦੀਦਾਰ ਸਿੰਘ 510-417-5559 |
| ਭਾਈ ਜਸਵੰਤ ਸਿੰਘ ਜੱਸਾ 559-978-1271 | ਭਾਈ ਸੁਖਚੈਨ ਸਿੰਘ 530-301-2287 | ਭਾਈ ਹਰਪਾਲ ਸਿੰਘ ਜੌਹਲ 530-315-5318 |

# Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW (Only In WA)

*Divorce *Annulment
*International Custody

## INCORPORATIONS (Only In WA)

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ
ਫੋਨ: 510-689-4625



JAGDEV SINGH
Realtor
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY

GILL EXPRESS



229.99
Out the Door
LP22.5 CASH ONLY

Mobil Delvac ROTELLA T Delo

# REPAIR TIRE & WASH



INDIANA LOCATIONS
• HWY 70, EXIT 123 SPICELAND IN
OFFER GOOD AT THIS LOCATION ONLY

ਮਕੈਨਕ ਸ਼ਾਪ ਵਿੱਚ ਹਰ ਤਰਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Davinder Call : 765-717-7750



# ਰੋਹ ਦੀ ਅੱਗ ਵਿਚ ਝੁਲਸਿਆ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਕੁਝ ਦਿਨਾਂ ਤੋਂ ਇਕ ਤੋਂ ਬਾਅਦ ਇਕ ਵਾਪਰੀਆਂ ਘਟਨਾਵਾਂ ਨੇ ਸੂਬੇ ਵਿਚ ਅਮਨ ਅਮਾਨ ਦੀ ਸਥਿਤੀ ਨੂੰ ਲਾਂਬੂ ਲਾ ਦਿੱਤਾ ਹੈ। ਕਿਸਾਨ ਅੰਦੋਲਨ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇ ਫੈਸਲੇ ਨੇ ਜਿਥੇ ਹਫਤਾ ਭਰ ਸੂਬੇ ਵਿਚ ਮਾਹੌਲ ਤਣਾਅਪੂਰਨ ਬਣਾਈ ਰੱਖਿਆ, ਉਥੇ ਮਾਲਵਾ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੁਲਿਸ ਕਾਰਵਾਈ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਨੇ ਹਾਲਾਤ ਵੱਸੋਂ ਬਾਹਰ ਕਰ ਦਿੱਤੇ ਹਨ। ਸੂਬੇ ਦੇ ਕਈ ਹੋਰ ਹਿੱਸਿਆਂ ਵਿਚ ਵੀ ਇਸ ਅੰਦੋਲਨ ਦਾ ਅਸਰ ਵਧਦਾ ਜਾ ਰਿਹਾ ਹੈ। ਸਿਆਸੀ ਤੌਰ ਉਤੇ ਹਾਸ਼ੀਏ ਉੱਤੇ ਪੁੱਜੇ ਬਹੁਤ ਸਾਰੇ ਆਗੂ ਇਸ ਪੂਰੇ ਪ੍ਰਕਰਣ ਵਿਚ ਸਰਗਰਮ ਹੋ ਗਏ।

ਪੰਥਕ ਧਿਰਾਂ ਨੇ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਕਰ ਦਿੱਤਾ ਹੈ। ਕੁਝ ਮਹੀਨੇ ਪਹਿਲਾਂ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਚੋਰੀ ਹੋਇਆ ਤੇ ਹੁਣ ਉਸ ਦੇ ਪੱਤਰੇ ਨੇੜੇ ਦੇ ਪਿੰਡ ਬਰਗਾੜੀ ਵਿਚੋਂ ਮਿਲਣ ਨੇ ਸਿੱਖ ਮਨਾਂ ਵਿਚ ਤਲਖੀ ਨੂੰ ਬੇਹੱਦ ਵਧਾ ਦਿੱਤਾ। ਇਸ ਤਲਖੀ ਵਿਚੋਂ ਬਹੁਤ ਸਾਰੀਆਂ ਧਿਰਾਂ ਦਾ ਪੁਲਿਸ ਨਾਲ ਟਕਰਾਅ ਹੋਇਆ ਤੇ ਸਥਿਤੀ ਹੋਰ ਵੀ ਵਧੇਰੇ ਵਿਗੜਦੀ ਗਈ। ਕੋਟਕਪੂਰਾ ਦੇ ਨੇੜਲੇ ਪਿੰਡ ਬਹਿਬਲ ਕਲਾਂ ਵਿਚ ਹੋਈ ਹਿੰਸਕ ਝੜਪ ਵਿਚ ਪੁਲਿਸ ਦੀ ਗੋਲੀ ਨਾਲ ਦੋ ਸਿੱਖ ਨੌਜਵਾਨ ਮਾਰੇ ਗਏ ਤੇ ਦਰਜਨਾਂ ਹੀ ਲੋਕ ਪੁਲਿਸ ਕਰਮੀਆਂ ਸਮੇਤ ਜ਼ਖ਼ਮੀ ਹੋ ਗਏ। ਇਸ ਨੇ ਜਿਥੇ ਸਮੁੱਚੇ ਮਾਹੌਲ ਨੂੰ ਬੇਹੱਦ ਤਪਸ਼ ਭਰਪੂਰ ਬਣਾ ਦਿੱਤਾ ਹੈ, ਉਥੇ ਇਸ ਦੁਖਦਾਈ ਘਟਨਾ ਨੇ ਸਰਕਾਰ ਦੀ ਸਥਿਤੀ ਵੀ ਬੇਹੱਦ ਨਾਜ਼ੁਕ ਕਰ ਦਿੱਤੀ ਹੈ। ਸਿੱਖ ਜਗਤ ਵਿਚ ਸਰਕਾਰ ਵਿਰੁੱਧ ਵੱਡੇ ਪੱਧਰ 'ਤੇ ਨਾਰਾਜ਼ਗੀ ਪੈਦਾ ਹੋਈ ਹੈ। ਪੁਲਿਸ ਵੱਲੋਂ ਜਿਸ ਢੰਗ ਨਾਲ ਇਸ ਸਮੁੱਚੇ ਮਸਲੇ ਨਾਲ ਨਜਿੱਠਿਆ ਗਿਆ, ਉਸ ਦੀ ਵੀ ਸਖਤ ਆਲੋਚਨਾ ਹੋ ਰਹੀ ਹੈ। ਜੇਕਰ ਕੁਝ ਮਹੀਨੇ ਪਹਿਲਾਂ ਇਕ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਹੋਈ ਸੀ ਤਾਂ ਉਸੇ ਹੀ ਸਮੇਂ ਪੂਰਾ ਤਾਣ ਲਗਾ ਕੇ ਸ਼ਰਾਰਤੀ ਅਨਸਰਾਂ ਨੂੰ ਲੱਭਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ ਤੇ ਹੁਣ ਸ਼ਰੇਆਮ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਅਜਿਹਾ ਮਾਹੌਲ ਸਿਰਜਣ ਦਾ ਯਤਨ ਕੌਣ ਕਰ ਰਿਹਾ ਹੈ? ਪੰਜਾਬ ਪਹਿਲਾਂ ਵੀ ਲੰਮੇ ਸਮੇਂ ਤੱਕ ਇਕ ਵੱਡੇ ਸੰਤਾਪ ਵਿਚੋਂ ਗੁਜ਼ਰਿਆ ਸੀ, ਜਿਸ ਤੋਂ ਬਾਅਦ ਅਮਨ-ਸ਼ਾਂਤੀ ਤੇ ਭਾਈਚਾਰੇ ਵਾਲਾ ਮਾਹੌਲ ਸਿਰਜਣ ਲਈ ਸਭ ਨੂੰ ਸਾਂਝੇ ਯਤਨ ਕਰਨੇ ਪਏ ਸਨ। ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਨਾਲ ਇਹ ਜ਼ਰੂਰ ਜਾਪਣ ਲੱਗਾ ਹੈ ਕਿ ਅਜਿਹਾ ਕੁਝ ਕਿਸੇ ਵੱਡੀ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਇਸ ਤੋਂ ਪਹਿਲਾਂ ਸਿਰਸਾ ਡੇਰਾ ਮੁਖੀ ਸਬੰਧੀ ਚਿਰਾਂ ਤੋਂ ਉੱਠੇ ਹੋਏ ਵਿਵਾਦ ਬਾਰੇ ਸਿੰਘ ਸਾਹਿਬਾਨ ਵੱਲੋਂ ਡੇਰਾ ਮੁਖੀ ਨੂੰ ਮੁਆਫ ਕੀਤੇ ਜਾਣ ਦੇ ਫੈਸਲੇ ਸਬੰਧੀ ਵੀ ਸਿੱਖ ਜਗਤ ਵਿਚ ਵੱਡਾ ਰੋਸ ਪੈਦਾ ਹੋਇਆ ਸੀ। ਵਿਸ਼ੇਸ਼ ਤੌਰ ਉਤੇ ਇੰਨੇ ਵੱਡੇ ਤੇ ਅਹਿਮ ਫੈਸਲੇ ਨੂੰ ਚੁੱਪਚਾਪ ਕਰ ਲਏ ਜਾਣ ਨਾਲ ਇਹ ਰੋਸ ਪ੍ਰਚੰਡ ਹੋਇਆ ਸੀ। ਸਿੱਖ ਜਗਤ ਵਿਚੋਂ ਉੱਠੀਆਂ ਰੋਸ ਦੀਆਂ ਵਿਆਪਕ ਭਾਵਨਾਵਾਂ ਨੂੰ ਸਮਝਦਿਆਂ ਸਿੰਘ ਸਾਹਿਬਾਨ ਵੱਲੋਂ ਇਸ ਗੁਰਮਤੇ ਨੂੰ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਗਿਆ।

## ਕੋਟਕਪੂਰਾ ਹਿੰਸਾ ਪਿੱਛੇ ਸਰਕਾਰ ਦਾ ਹੱਥ: ਅਮਰਿੰਦਰ ਸਿੰਘ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਟਕਪੂਰਾ ਵਿਚ ਹੋ ਰਹੀਆਂ ਘਟਨਾਵਾਂ ਪਿੱਛੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਦੋ ਜਾਨਾਂ ਚਲੀਆਂ ਗਈਆਂ। ਸ. ਬਾਦਲ ਆਪਣੀ ਹਰ ਮੋਰਚੇ ਉਤੇ ਅਸਫਲਤਾ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸ਼ਾਂਤੀ ਤੇ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਨੂੰ ਬਾਦਲ ਦੀਆਂ ਵੰਡ ਪਾਊ ਨੀਤੀਆਂ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ।



## ਰਾਸ਼ਟਰਪਤੀ ਰਾਜ ਦੀ ਮੰਗ ਉੱਠੀ

**ਚੰਡੀਗੜ੍ਹ:** ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਵਿਖੇ ਪੁਲਿਸ ਫਾਇਰਿੰਗ ਦੌਰਾਨ ਦੋ ਸਿੱਖ ਨੌਜਵਾਨਾਂ ਦੀ ਮੌਤ ਹੋਣ ਮਗਰੋਂ ਪੰਜਾਬ ਕਾਂਗਰਸ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਤੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਇਸ ਮੰਦਭਾਗੀ ਘਟਨਾ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ ਤੇ ਜੇਕਰ ਬਾਦਲ ਸਰਕਾਰ ਹਾਲਾਤ 'ਤੇ ਕਾਬੂ ਨਹੀਂ ਪਾ ਸਕਦੀ ਤਾਂ ਮੁੱਖ ਮੰਤਰੀ ਤੁਰੰਤ ਅਹੁਦਾ ਛੱਡ ਦੇਣ।

## ਅਕਾਲੀ ਪੰਚਾਇਤਾਂ ਵੱਲੋਂ ਅਸਤੀਫੇ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਤੇ ਪੁਲਿਸ ਕਾਰਵਾਈ ਖਿਲਾਫ ਕੋਟਕਪੂਰਾ ਦੇ ਪਿੰਡ ਕੋਠੇ ਗੱਜਣਵਾਲੇ ਤੇ ਢਿੱਲਵਾਂ ਦੀਆਂ ਅਕਾਲੀ ਪੰਚਾਇਤਾਂ ਨੇ ਅਸਤੀਫਾ ਦਿੱਤਾ ਹੈ। ਪੰਚਾਇਤ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਕੋਠੇ ਗੱਜਣਵਾਲੇ ਦੇ ਸਰਪੰਚ ਦਰਸ਼ਨ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੀ ਅੱਖੀਂ ਦੇਖਿਆ ਹੈ ਕਿ ਕਿਵੇਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਿੱਖਾਂ ਨੂੰ ਪੁਲਿਸ ਵੱਲੋਂ ਜਾਣ ਬੁੱਝ ਕੇ ਨਿਸ਼ਾਨਾ ਬਣਾਇਆ ਗਿਆ। ਇਸ ਮਾਮਲੇ ਵਿਚ ਪੁਲਿਸ ਪ੍ਰਸ਼ਾਸਨ ਉਤੇ ਕਾਰਵਾਈ ਦੀ ਥਾਂ ਸਿੱਖ ਭਾਈਚਾਰੇ ਨਾਲ ਧੱਕਾ ਕੀਤਾ ਹੈ ਜਿਸ ਕਰਕੇ ਹੀ ਉਨ੍ਹਾਂ ਅਕਾਲੀ ਦਲ ਤੋਂ ਅਸਤੀਫੇ ਦਿੱਤੇ ਹਨ।

## ਸਿਆਸੀ ਖੇਡ ਦਾ ਸ਼ਿਕਾਰ ਹੋਇਆ ਸੂਬਾ: ਬਰਾੜ



**ਜਲੰਧਰ:** ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਜੋ ਪੰਜਾਬ ਵਿਚ ਵਾਪਰ ਰਿਹਾ ਹੈ, ਉਹ ਸਿਆਸਤਦਾਨਾਂ ਦੀਆਂ ਕੋਝੀਆਂ ਚਾਲਾਂ ਹਨ। ਸਿਆਸਤਦਾਨ ਵੱਖ-ਵੱਖ ਭਾਈਚਾਰਿਆਂ ਵਿਚ ਨਫਰਤ ਤੇ ਵੰਡੀਆਂ ਪਾ ਕੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇਸ ਦਾ ਫਾਇਦਾ ਲੈਣਾ ਚਾਹੁੰਦੇ ਹਨ। ਅਜਿਹੀ ਸੋਚ ਹੀ ਪੰਜਾਬ ਨੂੰ ਡੂੰਘੇ ਸੰਕਟ ਵੱਲ ਲੈ ਜਾਵੇਗੀ।

## ਬੇਅਦਬੀ ਦੀਆਂ ਘਟਨਾਵਾਂ ਮੰਦਭਾਗੀਆਂ: ਸ਼ਾਹੀ ਇਮਾਮ

**ਲੁਧਿਆਣਾ:** ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਕੀਤੀ ਜਾ ਰਹੀ ਬੇਅਦਬੀ ਨੂੰ ਕਿਸੇ ਕੀਮਤ 'ਤੇ ਸਹਿਣ ਨਹੀਂ ਕੀਤਾ ਜਾ ਸਕਦਾ। ਸ਼ਾਹੀ ਇਮਾਮ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਤੇ ਦੁੱਖ ਦੀ ਗੱਲ ਹੈ ਕਿ ਪੰਜਾਬ ਵਿਚ ਹੀ ਜਿਥੋਂ ਗੁਰੂ ਸਾਹਿਬਾਨ ਨੇ ਦੁਨੀਆਂ ਨੂੰ ਸ਼ਾਤੀ ਤੇ ਆਪਸੀ ਭਾਈਚਾਰੇ ਦਾ ਪੈਗਾਮ ਦਿੱਤਾ, ਉਥੇ ਹੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਹਰਕਤ ਨੂੰ ਅੰਜਾਮ ਦੇਣ ਵਾਲੇ ਜਿਹੜੇ ਵੀ ਲੋਕ ਹਨ, ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਚਲਾ ਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ।

## ਕਾਂਗਰਸੀ ਵਿਧਾਇਕ ਸਿੱਕੀ ਵੱਲੋਂ ਅਸਤੀਫਾ

**ਤਰਨਤਾਰਨ :** ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਨਾਲ ਸਬੰਧਤ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਜ਼ਿਲ੍ਹੇ ਵਿਚ ਪੈਂਦੀਆਂ ਵਿਧਾਨ ਸਭਾ ਦੀਆਂ ਕੁੱਲ ਚਾਰ ਸੀਟਾਂ ਵਿਚੋਂ ਸ੍ਰੀ ਸਿੱਕੀ ਹੀ ਕਾਂਗਰਸ ਦੇ ਇਕੋ ਇਕ ਵਿਧਾਇਕ ਸਨ। ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਡਾਢੇ ਦੁਖੀ ਸਨ। ਉਨ੍ਹਾਂ ਦੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਪੈਂਦੇ ਪਿੰਡ ਬਾਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਗਏ ਸਨ। ਸ੍ਰੀ ਸਿੱਕੀ ਨੇ ਆਪਣਾ ਤਿਆਗ ਪੱਤਰ ਵਿਧਾਨ ਸਭਾ ਦੇ ਸਪੀਕਰ ਨੂੰ ਭੇਜ ਦਿੱਤਾ ਹੈ।

# ਦੋ ਧਿਰਾਂ ਵਿਚ ਵੰਡਿਆ ਗਿਆ ਸੰਤ ਸਮਾਜ

**ਚੰਡੀਗੜ੍ਹ:** ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲਿਆਂ ਵੱਲੋਂ ਸੰਤ ਸਮਾਜ ਨੂੰ ਅਲਵਿਦਾ ਆਖਣ ਨਾਲ ਸਿਰਸਾ ਮੁਖੀ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਦਿੱਤੀ ਗਈ ਮੁਆਫੀ ਦੇ ਮਸਲੇ 'ਤੇ ਸੰਤ ਸਮਾਜ ਦੋ ਧਿਰਾਂ ਵਿਚ ਵੰਡਿਆ ਗਿਆ ਹੈ।

ਇਕ ਧਿਰ ਬਾਬਾ ਹਰੀ ਸਿੰਘ ਰੰਧਾਵਾ ਵਾਲੇ ਤੇ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲਿਆਂ ਦੀ ਹੈ, ਜੋ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫੀ ਵਾਪਸ ਲਏ ਜਾਣ ਦੀ ਮੰਗ 'ਤੇ ਅੜੇ ਸਨ ਤੇ ਉਸ ਮਸਲੇ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਕੋਈ ਵਿਸ਼ੇਸ਼ ਕਮੇਟੀ ਬਣਾਉਣ ਤੇ ਭਵਿੱਖ ਵਿਚ ਕਿਸੇ ਸਿਆਸੀ ਪਾਰਟੀ ਨੂੰ ਸਮਰਥਨ ਦੇਣ ਦੇ ਖਿਲਾਫ ਸਨ ਜਦ ਕਿ ਦੂਜੀ ਧਿਰ ਬਾਬਾ ਹਰਨਾਮ ਸਿੰਘ ਧੁੰਮਾ ਤੇ ਬਾਬਾ ਸੁਖਚੈਨ ਸਿੰਘ ਦੀ ਹੈ, ਜੋ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿੱਤੇ ਜਾਣ ਦੇ ਤਾਂ ਖਿਲਾਫ ਸਨ, ਪਰ ਮੁਆਫੀ ਦੇ ਮਸਲੇ ਦੇ ਹੱਲ ਲਈ ਕਮੇਟੀ ਬਣਾਏ ਜਾਣ ਦੀ ਹਮਾਇਤ ਕਰ ਰਹੇ ਸਨ। ਬਾਬਾ ਸੇਵਾ ਸਿੰਘ ਰਾਮਪੁਰ ਖੇੜਾ



ਵਾਲੇ ਪਹਿਲਾਂ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਤੇ ਬਾਬਾ ਲਖਵੀਰ ਸਿੰਘ ਰਤਵਾੜਾ ਸਾਹਿਬ ਵਾਲਿਆਂ ਦੇ ਨਾਲ ਸਨ ਤੇ ਉਨ੍ਹਾਂ ਨੇ ਇਨ੍ਹਾਂ ਦੋਵਾਂ ਮਹਾਂਪੁਰਸ਼ਾਂ ਦੇ ਨਾਲ ਬੀਤੇ ਦਿਨੀਂ ਚੰਡੀਗੜ੍ਹ ਨੇੜੇ ਹੋਈ ਹੰਗਾਮੀ ਬੈਠਕ ਵਿਚ ਵੀ ਹਿੱਸਾ ਲਿਆ ਸੀ ਤੇ ਅਸਿੱਧੇ ਤੌਰ 'ਤੇ ਬਾਬਾ ਧੁੰਮਾ ਤੇ ਬਾਬਾ ਸੁਖਚੈਨ ਸਿੰਘ ਵੱਲੋਂ ਲਏ 'ਯੂ-ਟਰਨ' ਦਾ ਵਿਰੋਧ ਕੀਤਾ ਸੀ, ਪਰ ਬਾਅਦ ਵਿਚ ਉਹ ਬਾਬਾ ਧੁੰਮਾ ਦੇ ਨਾਲ ਜਾ ਖੜ੍ਹੇ ਹੋਏ ਸਨ ਤੇ ਪਿਛਲੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਸਲੇ 'ਤੇ ਉਨ੍ਹਾਂ ਮਹਿਤਾ ਚੌਕ ਵਿਖੇ ਬਾਬਾ ਹਰਨਾਮ ਸਿੰਘ ਵੱਲੋਂ ਸੱਦੀ ਬੈਠਕ ਵਿਚ ਹਿੱਸਾ ਲਿਆ ਸੀ, ਜਦ ਕਿ ਉਸ ਦਿਨ ਸੰਤ ਰੰਧਾਵੇ ਵਾਲਿਆਂ ਤੇ ਸੰਤ ਰਤਵਾੜਾ ਸਾਹਿਬ ਵਾਲੀ ਧਿਰ ਦੀ ਲੁਧਿਆਣੇ ਵਿਖੇ ਵੱਖਰੀ ਬੈਠਕ ਚੱਲ ਰਹੀ ਸੀ।

ਜਾਣਕਾਰਾਂ ਦੀ ਮੰਨੀਏ ਤਾਂ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲਿਆਂ ਵੱਲੋਂ ਅਸਤੀਫਾ ਦਿੱਤੇ ਜਾਣ ਦਾ ਇਕ ਕਾਰਨ ਸੰਤ ਸਮਾਜ ਵਿਚ ਰੰਧਾਵਾ ਵਾਲਿਆਂ ਤੇ ਰਤਵਾੜਾ ਵਾਲਿਆਂ ਦੀ ਧਿਰ ਦਾ ਭਾਰੂ ਹੋਣਾ ਹੈ। ਆਪਣੇ ਅਸਤੀਫੇ ਵਿਚ ਉਨ੍ਹਾਂ ਕਿਹਾ ਕਿ ਜਿਨ੍ਹਾਂ ਮੰਤਵਾਂ ਨੂੰ ਮੁੱਖ ਰੱਖ ਕੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੀ ਸਥਾਪਨਾ ਕੀਤੀ ਗਈ ਸੀ, ਉਹ ਮੰਤਵ ਪੂਰੇ ਨਹੀਂ ਹੋ ਰਹੇ, ਇਸ ਲਈ ਉਹ ਸੰਤ ਸਮਾਜ ਨਾਲ ਹੁਣ ਸਰਗਰਮ ਸੇਵਾ ਕਰਨ ਤੋਂ ਅਸਮਰੱਥ ਹਨ।

# ਰੁਕ ਨਹੀਂ ਰਹੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ

**ਤਰਨਤਾਰਨ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੋਂ ਫੈਲੇ ਰੋਹ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਜਾਰੀ ਹਨ। ਪਿੰਡ ਨਿੱਝਰਪੁਰਾ ਦੇ ਗੁਰਦੁਆਰੇ ਦੇ ਗ੍ਰੰਥੀ ਤੇ ਉਸ ਦੀ ਪਤਨੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜਦੇ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਤਰਨਤਾਰਨ ਦੇ ਪਿੰਡ ਬਾਠ ਤੇ ਫਿਰੋਜ਼ਪੁਰ ਦੇ ਪਿੰਡ ਨਾਜੂ ਸ਼ਾਹ ਵਾਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਦੋ ਹੋਰ ਘਟਨਾਵਾਂ ਸਾਹਮਣੇ ਆਈਆਂ। ਦੋਵਾਂ ਥਾਵਾਂ ਉਤੇ ਸੰਗਤ ਨੇ ਸਖਤ ਰੋਸ ਮੁਜ਼ਾਹਰਾ ਕੀਤਾ। ਪਿੰਡ ਬਾਠ ਦੇ ਗੁਰਦੁਆਰੇ ਵਿਚ ਕਿਸੇ ਸ਼ਰਾਰਤੀ ਅਨਸਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਦਿੱਤੇ।



ਇਸ ਦਾ ਜਾਇਜ਼ਾ ਲੈਣ ਪਹੁੰਚੇ ਤਰਨਤਾਰਨ ਦੇ ਡੀ.ਸੀ. ਤੇ ਐਸ.ਐਸ.ਪੀ. ਨੂੰ ਸਿੱਖ ਜਥੇਬੰਦੀਆਂ ਨੇ ਘੇਰ ਲਿਆ ਤੇ ਉਨ੍ਹਾਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਅਕਾਲੀ ਲੀਡਰ ਅਲਵਿੰਦਰਪਾਲ ਸਿੰਘ ਪੱਖੋਕੇ ਨੂੰ ਵੀ ਸੰਗਤ ਨੇ ਘੇਰ ਲਿਆ। ਉਨ੍ਹਾਂ ਨੇ ਭੱਜ ਕੇ ਖਹਿੜਾ ਛੁਡਾਇਆ। ਇਸੇ ਤਰ੍ਹਾਂ ਫਿਰੋਜ਼ਪੁਰ ਦੇ ਪਿੰਡ ਨਾਜੂ ਸ਼ਾਹ ਵਾਲਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜੇ ਜਾਣ ਉਤੇ ਵੱਡਾ ਹੰਗਾਮਾ ਹੋਇਆ। ਮੌਕੇ ਉਤੇ ਪਹੁੰਚੇ ਸ਼੍ਰੋਮਣੀ ਕਮੇਟੀ ਮੈਂਬਰ ਦਰਸ਼ਨ ਸਿੰਘ ਨੂੰ ਸੰਗਤ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ। ਸੰਗਤ ਨੇ ਉਨ੍ਹਾਂ ਦੀ ਗੱਡੀ ਭੰਨ ਦਿੱਤੀ ਤੇ ਮਾਰ ਕੁਟਾਈ ਕੀਤੀ।

# ਸੰਗਤ ਦੇ ਰੋਹ ਅੱਗੇ ਇਕ ਨਾ ਚੱਲੀ; ਡੇਰੇ ਬਾਰੇ ਫੈਸਲਾ ਵਾਪਸ

**ਅੰਮ੍ਰਿਤਸਰ:** ਸਿੱਖ ਸੰਗਤ ਦੇ ਰੋਹ ਅੱਗੇ ਝੁਕਦਿਆਂ ਪੰਜ ਜਥੇਦਾਰਾਂ ਨੇ ਹੰਗਾਮੀ ਇਕੱਤਰਤਾ ਦੌਰਾਨ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਵਾਲੇ ਆਪਣੇ ਗੁਰਮਤੇ ਨੂੰ ਆਪੇ ਹੀ ਰੱਦ ਕਰ ਦਿੱਤਾ ਹੈ। ਇਸ ਨਵੇਂ ਫੈਸਲੇ ਨਾਲ ਡੇਰਾ ਮੁਖੀ ਤੇ ਉਸ ਨਾਲ ਸਬੰਧਤ ਲੋਕਾਂ ਦਾ ਸਮਾਜਿਕ, ਰਾਜਨੀਤਕ ਤੇ ਧਾਰਮਿਕ ਬਾਈਕਾਟ ਕਰਨ ਵਾਲਾ 2007 ਦਾ ਫੈਸਲਾ ਮੁੜ ਸੁਰਜੀਤ ਹੋ ਗਿਆ ਹੈ।

ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਸ਼ਾਮਲ ਸਨ। ਇਸ ਹੰਗਾਮੀ ਇਕੱਤਰਤਾ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਦਾ ਕੋਈ ਨੁਮਾਇੰਦਾ ਸ਼ਾਮਲ ਨਹੀਂ ਹੋਇਆ ਜਦੋਂ ਕਿ 24 ਸਤੰਬਰ ਦੀ ਇਕੱਤਰਤਾ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਗਿਆਨੀ ਰਾਮ ਸਿੰਘ ਸ਼ਾਮਲ ਹੋਏ ਸਨ, ਜਿਸ ਵਿਚ ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਫੈਸਲਾ ਕੀਤਾ ਗਿਆ ਸੀ।

ਜਥੇਦਾਰ ਗੁਰਬਚਨ ਸਿੰਘ ਨੇ ਦੱਸਿਆ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਵਾਲਾ 24 ਸਤੰਬਰ ਦਾ ਗੁਰਮਤਾ ਰੱਦ ਕਰ ਦਿੱਤਾ ਗਿਆ ਹੈ। ਸਮੂਹ ਪੰਥ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਤੇ ਬਾਰੀਕੀ ਨਾਲ ਵਿਚਾਰਦਿਆਂ ਇਹ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਂ ਤਖਤਾਂ ਦੇ ਜਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਦੇ ਮਾਣ ਸਨਮਾਨ ਅੱਗੇ ਹਮੇਸ਼ਾ ਝੁਕਣ ਲਈ ਤਤਪਰ ਹਨ। ਉਨ੍ਹਾਂ ਆਖਿਆ ਕਿ ਗੁਰਮਤਾ ਸੋਧਿਆ, ਮੁੜ ਵਿਚਾਰਿਆ ਤੇ ਰੱਦ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਦੇ ਚਿਹਰੇ ਦੇ ਭਾਵਾਂ ਤੋਂ ਸਪੱਸ਼ਟ ਸੀ ਕਿ ਉਹ ਵੱਡੇ ਦਬਾਅ ਹੇਠ ਹਨ।

ਜ਼ਿਕਰਯੋਗ ਹੈ ਕਿ 2007 ਵਿਚ ਡੇਰਾ ਸਿਰਸਾ ਮੁਖੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਸਵਾਂਗ ਰਚਾਉਂਦਿਆਂ ਚੋਲਾ ਪਾ ਕੇ, ਸਿਰ 'ਤੇ ਕਲਗੀ ਲਾ ਕੇ ਅੰਮ੍ਰਿਤ ਸੰਚਾਰ ਕਰਨ ਦੀ ਨਕਲ ਕੀਤੀ ਸੀ। ਉਸ ਨੇ ਰੂਹ ਅਫਜ਼ਾ ਦਾ ਘੋਲ ਤਿਆਰ ਕਰਕੇ ਸੱਤ ਪ੍ਰੇਮੀਆਂ ਨੂੰ ਛਕਾਇਆ ਸੀ ਤੇ ਉਨ੍ਹਾਂ ਨੂੰ ਇੰਸਾਂ ਦਾ ਦਰਜਾ ਦਿੱਤਾ ਸੀ।

ਇਸ ਬਾਰੇ ਅਖਬਾਰਾਂ ਵਿਚ ਵੱਡੇ ਇਸ਼ਤਿਹਾਰ ਵੀ ਛਪੇ ਸਨ। ਉਸ ਦੀ ਇਸ ਕਾਰਵਾਈ ਕਾਰਨ ਸਿੱਖ ਜਗਤ ਵਿਚ ਵੱਡਾ ਰੋਸ ਪੈਦਾ ਹੋ ਗਿਆ ਸੀ। ਜਿਸ ਪਿੱਛੋਂ ਡੇਰਾ ਮੁਖੀ ਤੇ ਉਸ ਦੇ ਸਬੰਧਤਾਂ ਦਾ ਸਮਾਜਿਕ, ਧਾਰਮਿਕ ਤੇ ਰਾਜਸੀ ਬਾਈਕਾਟ ਕੀਤਾ ਗਿਆ ਸੀ। ਇਸ ਦੌਰਾਨ ਇਕ ਵਾਰ ਡੇਰੇ ਦੇ ਆਗੂ ਰਾਹੀਂ ਮੁਆਫੀਨਾਮਾ ਭੇਜਿਆ ਗਿਆ ਸੀ, ਜੋ ਗੁਰਮੀਤ ਰਾਮ ਰਹੀਮ ਵੱਲੋਂ ਨਾ ਹੋਣ ਕਾਰਨ ਜਥੇਦਾਰ ਵੇਦਾਂਤੀ ਤੇ ਹੋਰਾਂ ਨੇ ਰੱਦ ਕਰ ਦਿੱਤਾ ਸੀ। ਹੁਣ 2015 ਵਿਚ ਉਸ ਵੱਲੋਂ ਇਹ ਸਪੱਸ਼ਟੀਕਰਨ ਉਸ ਵੇਲੇ ਭੇਜਿਆ ਗਿਆ ਜਦੋਂ ਉਸ ਦੀ ਫਿਲਮ 'ਮੈਸੰਜਰ ਆਫ ਗੌਡ-2' ਦੇ ਰਿਲੀਜ਼ ਹੋਣ ਉਤੇ ਅਣਐਲਾਨੀ ਰੋਕ ਲਾ ਦਿੱਤੀ ਗਈ ਸੀ। ਰੋਕ ਕਾਰਨ ਡੇਰਾ ਪ੍ਰੇਮੀਆਂ ਨੇ ਰੇਲ ਪਟੜੀਆਂ 'ਤੇ ਧਰਨੇ ਦਿੱਤੇ ਸਨ, ਜਿਸ ਬਾਅਦ ਅਚਨਚੇਤੀ ਉਸ ਨੂੰ ਸ੍ਰੀ ਅਕਾਲ ਤਖਤ ਤੋਂ ਮੁਆਫੀ ਦੇ ਦਿੱਤੀ ਗਈ।

**ਸਿੰਘ ਸਾਹਿਬਾਨ ਵੱਲੋਂ ਮੁਆਫੀ ਬਾਰੇ ਗੁਰਮਤਾ ਰੱਦ**



### ਪਹਿਲਾਂ ਵੀ ਰੱਦ ਹੋ ਚੁੱਕਿਆ ਹੈ ਗੁਰਮਤਾ

**ਅੰਮ੍ਰਿਤਸਰ:** ਪੰਜ ਜਥੇਦਾਰਾਂ ਵੱਲੋਂ ਗੁਰਮਤਾ ਰੱਦ ਕਰਨ ਦਾ ਫੈਸਲਾ ਕੋਈ ਪਹਿਲੀ ਵਾਰ ਨਹੀਂ ਹੋਇਆ ਹੈ। ਇਸ ਤੋਂ ਪਹਿਲਾਂ ਗਿਆਨੀ ਪੂਰਨ ਸਿੰਘ ਵੱਲੋਂ ਕੀਤੇ ਗਏ ਵਿਵਾਦਤ ਫੈਸਲਿਆਂ ਨੂੰ ਸਾਲ 2000 ਵਿਚ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਰੱਦ ਕੀਤਾ ਗਿਆ ਸੀ। ਗਿਆਨੀ ਪੂਰਨ ਸਿੰਘ ਨੇ ਉਸ ਵੇਲੇ ਮੱਧ ਪ੍ਰਦੇਸ਼ ਦੇ ਸ਼ਹਿਰ ਗੁਨਾ ਤੋਂ ਸ਼੍ਰੋਮਣੀ ਕਮੇਟੀ ਦੀ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕ ਦਿੱਤਾ ਸੀ। ਉਨ੍ਹਾਂ ਨੇ ਇਸ ਫੈਸਲੇ ਦਾ ਵਿਰੋਧ ਕਰਨ ਵਾਲਿਆਂ ਨੂੰ ਵੀ ਪੰਥ ਵਿਚੋਂ ਛੇਕਣ ਦਾ ਐਲਾਨ ਕੀਤਾ ਸੀ। ਬਾਅਦ ਵਿਚ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਗਿਆਨੀ ਪੂਰਨ ਸਿੰਘ ਨੂੰ ਸੇਵਾਮੁਕਤ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੀ ਥਾਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਜਥੇਦਾਰ ਥਾਪਿਆ ਗਿਆ ਸੀ, ਜਿਨ੍ਹਾਂ ਨੇ ਪੰਜ ਜਥੇਦਾਰਾਂ ਦੀ ਇਕੱਤਰਤਾ ਕਰਕੇ ਗਿਆਨੀ ਪੂਰਨ ਸਿੰਘ ਦੇ ਸਮੂਹ ਵਿਵਾਦਤ ਫੈਸਲਿਆਂ ਨੂੰ ਰੱਦ ਕਰ ਦਿੱਤਾ ਸੀ।

### ਸਿਆਸਤ ਦਾ ਸ਼ਿਕਾਰ ਹੋਇਆ ਫੈਸਲਾ: ਡੇਰਾ ਮੁਖੀ

**ਸਿਰਸਾ:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਅਕਾਲ ਤਖਤ ਸਾਹਿਬ ਵੱਲੋਂ ਮੁਆਫੀਨਾਮਾ ਵਾਪਸ ਲੈਣ ਬਾਰੇ ਕਿਹਾ ਹੈ ਕਿ ਧਰਮ ਵਿਚ ਜੋ ਗੱਲ ਕਹਿ ਦਿੱਤੀ ਜਾਂਦੀ ਹੈ, ਉਹ ਅਟੱਲ ਹੁੰਦੀ ਹੈ, ਪਰ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਮੁਆਫੀਨਾਮੇ ਨੂੰ ਵਾਪਸ ਲੈ ਲਿਆ ਗਿਆ। ਉਨ੍ਹਾਂ ਕਿਹਾ ਕਿ ਸ਼ਾਇਦ ਉਨ੍ਹਾਂ ਦੀ ਉਮਰ ਵਿਚ ਤਾਂ ਇਹ ਪਹਿਲੀ ਵਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਰਾਜਨੀਤੀ ਹੋ ਰਹੀ ਹੈ, ਜੋ ਚੰਗੀ ਗੱਲ ਨਹੀਂ ਹੈ। ਜਿਸ ਤਰ੍ਹਾਂ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਲਿਖ ਕੇ ਭੇਜਿਆ ਗਿਆ ਸੀ, ਉਸ 'ਤੇ ਉਨ੍ਹਾਂ ਦਸਤਖਤ ਕਰ ਦਿੱਤੇ ਸਨ। ਹੁਣ ਕੁਝ ਲੋਕਾਂ ਦੇ ਕਹਿਣ ਉਤੇ ਫੈਸਲੇ ਨੂੰ ਬਦਲ ਦਿੱਤਾ ਗਿਆ।



## ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੂਬਾਈ ਘਟਨਾਕ੍ਰਮ ਉਤੇ ਪਸ਼ਚਾਤਾਪ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਬਾਅਦ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਪੱਤਰ ਸੌਂਪ ਕੇ ਮੌਜੂਦਾ ਘਟਨਾਵਾਂ ਬਾਰੇ ਆਪਣੇ ਅੰਤਰ ਮਨ ਦੀ ਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਉਹ ਪਸ਼ਚਾਤਾਪ ਵਰਗੀ ਭਾਵਨਾ ਨਾਲ ਅੰਤਰ ਮਨ ਦੀ ਪੀੜਾ ਵਿਚੋਂ ਲੰਘ ਰਹੇ ਹਨ। ਉਹ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨਾਲ ਦਰਬਾਰ ਸਾਹਿਬ ਮੱਥਾ ਟੇਕਣ ਆਏ ਸਨ।

ਇਸ ਮਗਰੋਂ ਉਹ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਚ ਗਏ, ਜਿਥੇ ਪਹਿਲਾਂ ਹੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਮੌਜੂਦ ਸਨ। ਉਨ੍ਹਾਂ ਜਥੇਦਾਰ ਨੂੰ ਸਿਰਫ ਫਤਹਿ ਬੁਲਾਈ ਤੇ ਮਗਰੋਂ ਡਾ. ਚੀਮਾ ਨੇ ਜਥੇਦਾਰ ਗੁਰਬਚਨ ਸਿੰਘ ਨੂੰ ਇਕ ਪੱਤਰ ਸੌਂਪਿਆ। ਉਹ ਕੁਝ ਪਲਾਂ ਵਿਚ ਹੀ ਸਕੱਤਰੇਤ ਵਿਚੋਂ ਬਾਹਰ ਆ ਗਏ ਤੇ ਵਾਪਸ ਚਲੇ ਗਏ। ਇਸ ਪੱਤਰ ਵਿਚ ਮੁੱਖ ਮੰਤਰੀ ਨੇ ਜਥੇਦਾਰ ਨੂੰ ਸੰਬੋਧਨ ਹੁੰਦਿਆਂ ਲਿਖਿਆ ਕਿ ਪਿਛਲੇ ਦਿਨਾਂ ਵਿਚ ਜੋ ਘਟਨਾਵਾਂ ਵਾਪਰੀਆਂ ਹਨ, ਉਹ ਬੇਹੱਦ ਦੁਖਦਾਈ ਤੇ ਪੀੜਾ ਦੇਣ ਵਾਲੀਆਂ ਹਨ। ਪੰਜਾਬ ਦੇ ਪ੍ਰਸ਼ਾਸਨਿਕ ਮੁਖੀ ਹੋਣ ਨਾਤੇ ਉਨ੍ਹਾਂ ਨੂੰ ਇਸ ਸਾਰੇ ਘਟਨਾਕ੍ਰਮ ਦਾ ਅਹਿਸਾਸ ਹੈ।




## ਗਿਆਨੀ ਨੰਦਗੜ੍ਹ ਤੇ ਅਕਾਲੀ ਦਲ (ਅ) ਆਗੂ ਖਹਿਬੜੇ

**ਬਠਿੰਡਾ:** ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਦਰਮਿਆਨ ਇਥੇ ਝੜਪ ਹੋ ਗਈ। ਗੁੱਸੇ ਵਿਚ ਗਿਆਨੀ ਨੰਦਗੜ੍ਹ ਨੇ ਪਰਮਿੰਦਰ ਸਿੰਘ ਦੀ ਦਾੜ੍ਹੀ ਨੂੰ ਹੱਥ ਪਾ ਲਿਆ।

ਇਸ ਉਤੇ ਸਥਿਤੀ ਗਰਮਾ ਗਈ ਤੇ ਸ਼੍ਰੋਮਣੀ ਅਕਾਲ ਦਲ (ਅ) ਦੇ ਹਮਾਇਤੀਆਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਪੰਡਾਲ ਵਿਚ ਬੈਠੇ ਕੁਝ ਨੌਜਵਾਨਾਂ ਨੇ ਕਿਰਪਾਨਾਂ ਵੀ ਲਹਿਰਾਈਆਂ। ਮਾਹੌਲ ਵਿਗੜਦਾ ਦੇਖਿਆ ਤਾਂ ਪੁਲਿਸ ਨੇ ਜਥੇਦਾਰ ਨੰਦਗੜ੍ਹ ਨੂੰ ਇਕੱਠ ਵਿਚੋਂ ਬਚਾ ਕੇ ਬਾਹਰ ਕੱਢਿਆ। ਬਠਿੰਡਾ ਨਹਿਰ 'ਤੇ ਪੰਥਕ ਧਿਰਾਂ ਨੇ ਟਰੈਫਿਕ ਜਾਮ ਕੀਤਾ ਹੋਇਆ ਸੀ ਤਾਂ ਜਥੇਦਾਰ ਨੰਦਗੜ੍ਹ ਉਥੇ ਆ ਗਏ। ਸ੍ਰੀ ਬਾਲਿਆਂਵਾਲੀ ਦਾ ਕਹਿਣਾ ਹੈ ਕਿ ਸਾਬਕਾ ਜਥੇਦਾਰ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਕਿ ਉਨ੍ਹਾਂ ਤੋਂ ਪੁੱਛੇ ਬਗੈਰ ਧਰਨਾ ਕਿਉਂ ਲਾਇਆ ਤੇ ਉਨ੍ਹਾਂ ਪੰਜਾਬ ਬੰਦ ਨਾਲ ਆਪਣੀ ਅਸਹਿਮਤੀ ਪ੍ਰਗਟ ਕੀਤੀ।

ਦੂਜੇ ਪਾਸੇ ਸਾਬਕਾ ਜਥੇਦਾਰ ਦਾ ਕਹਿਣਾ ਹੈ ਕਿ ਉਹ ਫਰੀਦਕੋਟ ਵਿਚ ਜ਼ਖਮੀ ਆਗੂਆਂ ਦਾ ਹਾਲ-ਚਾਲ ਪੁੱਛਣ ਜਾ ਰਹੇ ਸਨ ਤੇ ਬਠਿੰਡਾ ਨਹਿਰ 'ਤੇ ਲੱਗੇ ਧਰਨੇ ਵਿਚ ਬੈਠੇ ਨੌਜਵਾਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਉਸ ਮੌਕੇ ਆਪਸੀ ਰੌਲਾ-ਗੌਲੇ ਵਿਚ ਧੱਕਾ ਮੁੱਕੀ ਹੋ ਗਈ ਸੀ। ਉਦੋਂ ਕਿਤੇ ਹੱਥ ਦਾੜ੍ਹੀ ਨੂੰ ਲੱਗ ਗਿਆ ਹੋਵੇਗਾ।



## ਰਾਜੋਆਣਾ ਵੱਲੋਂ ਹਾਕਮ ਧਿਰ ਨੂੰ ਸਬਕ ਸਿਖਾਉਣ ਦਾ ਸੱਦਾ

**ਪਟਿਆਲਾ:** ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਜੇ ਸਰਕਾਰ ਚਾਹੁੰਦੀ ਟਾਲਿਆ ਜਾ ਸਕਦਾ ਸੀ। ਭਾਈ ਰਾਜੋਆਣਾ ਜੋ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਹਨ, ਨੇ ਆਪਣੀ ਭੈਣ ਨਾਲ ਮੁਲਾਕਾਤ ਵੇਲੇ ਭੇਜੇ ਇਕ ਪੱਤਰ ਵਿਚ ਸਮੁੱਚੇ ਖਾਲਸਾ ਪੰਥ ਖਾਸ ਕਰਕੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੁਕਮਰਾਨਾਂ ਤੋਂ ਸੁਚੇਤ ਰਹਿਣ ਤੇ ਆਪਣੇ ਕੌਮੀ ਫਰਜ਼ ਅਦਾ ਕਰਨ। ਉਨ੍ਹਾਂ 2017 ਦੀਆਂ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਚੋਣਾਂ ਵੇਲੇ ਹੁਕਮਰਾਨਾਂ ਨੂੰ ਸਬਕ ਸਿਖਾਉਣਾ ਵੀ ਸਾਡਾ ਮਿਸ਼ਨ ਹੋਣਾ ਚਾਹੀਦਾ ਹੈ।



## ਜਥੇਦਾਰਾਂ ਦੇ ਅਸਤੀਫੇ ਲਈ ਅੜੀਆਂ ਪੰਥਕ ਧਿਰਾਂ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫੀ ਰੱਦ ਕਰਨ ਦੇ ਫੈਸਲੇ ਪਿੱਛੋਂ ਵੀ ਪੰਥਕ ਜਥੇਬੰਦੀਆਂ ਜਥੇਦਾਰਾਂ ਦੇ ਅਸਤੀਫਿਆਂ 'ਤੇ ਅੜੀਆਂ ਹੋਈਆਂ ਹਨ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਡੇਰਾ ਮੁਖੀ ਨੂੰ ਮੁਆਫ ਕਰਨ ਦਾ ਫੈਸਲਾ ਲੈਣ ਤੇ ਫੈਸਲਾ ਰੱਦ ਕਰਨ ਦੌਰਾਨ ਜੋ ਕੁਝ ਵੀ ਵਾਪਰਿਆ ਹੈ, ਉਸ ਲਈ ਜਥੇਦਾਰ ਜ਼ਿੰਮੇਵਾਰ ਹਨ। ਇਸ ਲਈ ਉਨ੍ਹਾਂ ਨੂੰ ਆਪਣੇ ਅਹੁਦਿਆਂ ਉਤੇ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਸੰਤ ਸਮਾਜ ਨੇ ਇਕ ਮਤਾ ਪਾਸ ਕਰਕੇ ਜਥੇਦਾਰਾਂ ਨੂੰ ਨੈਤਿਕਤਾ ਦੇ ਆਧਾਰ ਉਤੇ ਅਸਤੀਫੇ ਦੇਣ ਦੀ ਮੰਗ ਕੀਤੀ ਹੈ।

ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਉਹ ਸਰਬੱਤ ਖਾਲਸਾ 10 ਨਵੰਬਰ ਨੂੰ ਸੱਦਣ ਦੇ ਆਪਣੇ ਫੈਸਲੇ ਉਤੇ ਕਾਇਮ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਿੰਘ ਸਾਹਿਬ ਵੱਲੋਂ ਆਪਣਾ ਫੈਸਲਾ ਰੱਦ ਕਰਨ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਇਕ ਹੀ ਫੈਸਲਾ ਦੋ ਵਾਰ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਹੈ ਤੇ ਕੌਮ ਅੰਦਰ ਬਖੇੜਾ ਖੜ੍ਹਾ ਕੀਤਾ ਹੈ। ਆਪਣਾ ਹੀ ਫੈਸਲਾ ਰੱਦ ਕਰਕੇ ਉਨ੍ਹਾਂ ਆਪ ਹੀ ਕੀਤਾ ਗੁਨਾਹ ਮੰਨ ਲਿਆ ਹੈ। ਤਖਤਾਂ ਦੇ ਸਿੰਘ ਸਾਹਿਬਾਨ ਨੂੰ ਤੁਰੰਤ ਅਹੁਦਿਆਂ ਤੋਂ ਅਸਤੀਫੇ ਦੇ ਕੇ ਪੰਜ ਪਿਆਰਿਆਂ ਅੱਗੇ ਪੇਸ਼ ਹੋਣਾ ਚਾਹੀਦਾ ਹੈ ਤੇ ਤਨਖਾਹ ਲਗਵਾਉਣੀ ਚਾਹੀਦੀ ਹੈ।

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨਾਂ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਇਸ ਫੈਸਲੇ ਨਾਲ ਪੰਥ ਨੂੰ ਰਾਹਤ ਜ਼ਰੂਰ ਮਿਲੀ ਹੈ, ਪਰ ਸੰਤੁਸ਼ਟੀ ਉਸ ਵੇਲੇ ਹੋਵੇਗੀ, ਜਦੋਂ ਅਜਿਹੇ ਗਲਤ ਫੈਸਲੇ ਲੈਣ ਵਾਲੇ ਜਥੇਦਾਰ ਆਪਣੀਆਂ ਪਦਵੀਆਂ ਤੋਂ ਅਸਤੀਫੇ ਦੇ ਦੇਣਗੇ। ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਦਾ ਫੈਸਲਾ ਖਾਲਸਾ ਪੰਥ ਦੀ ਜਿੱਤ ਹੈ। ਅਕਾਲੀ ਦਲ ਪੰਚ ਪ੍ਰਧਾਨੀ ਦੇ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਇਨ੍ਹਾਂ ਦੇ ਫੈਸਲਿਆਂ ਕਾਰਨ ਸਿੱਖ ਧਰਮ ਦਾ ਮਖੌਲ ਬਣਿਆ ਹੈ, ਜਿਸ ਕਾਰਨ ਇਹ ਧਾਰਮਿਕ ਅਪਰਾਧੀ ਹਨ। ਇਸ ਦੌਰਾਨ ਅਕਾਲੀ ਦਲ ਮਾਨ ਦੇ ਮੁਖੀ ਸਿਮਰਨਜੀਤ ਸਿੰਘ ਮਾਨ, ਜਰਨੈਲ ਸਿੰਘ ਸਖੀਰਾ, ਹਰਬੀਰ ਸਿੰਘ ਸੰਧੂ ਆਦਿ ਨੇ ਆਖਿਆ ਕਿ ਅਜਿਹੀ ਬੱਜਰ ਗਲਤੀ ਲਈ ਜਥੇਦਾਰਾਂ ਨੂੰ ਨੈਤਿਕ ਆਧਾਰ ਤੇ ਅਸਤੀਫੇ ਦੇਣੇ ਚਾਹੀਦੇ ਹਨ।



### ਸਿੱਖ ਜਥੇਬੰਦੀਆਂ ਸਰਬੱਤ ਖਾਲਸਾ ਉਤੇ ਕਾਇਮ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਸਰਬੱਤ ਖਾਲਸਾ 10 ਨਵੰਬਰ ਨੂੰ ਸੱਦਣ ਦੇ ਆਪਣੇ ਫੈਸਲੇ ਉਤੇ ਕਾਇਮ ਹਨ। ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ ਨੇ ਆਖਿਆ ਹੈ ਕਿ ਸਿੱਖ ਜਥੇਬੰਦੀਆਂ ਵੱਲੋਂ ਸਰਬੱਤ ਖਾਲਸਾ ਸੱਦਣ ਦਾ ਫੈਸਲਾ ਪਹਿਲਾਂ ਵਾਂਗ ਕਾਇਮ ਹੈ। ਸਰਬੱਤ ਖਾਲਸਾ ਪਹਿਲਾਂ ਨਿਰਧਾਰਤ ਮਿਤੀ ਨੂੰ ਅੰਮ੍ਰਿਤਸਰ ਵਿਚ ਹੀ ਹੋਵੇਗਾ, ਜਿਸ ਵਿਚ ਅਕਾਲ ਤਖਤ ਦੀ ਮਾਣ ਮਰਿਆਦਾ ਤੇ ਸਿਧਾਂਤਾਂ ਨੂੰ ਬਹਾਲ ਕਰਨ ਤੇ ਪੰਚ ਪ੍ਰਧਾਨੀ ਪ੍ਰਥਾ ਨੂੰ ਮਜ਼ਬੂਤ ਕਰਨ ਬਾਰੇ ਚਰਚਾ ਹੋਵੇਗੀ।

**Punjab Times**
**Established in 2000**
**16th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.
**All disputes subject to Chicago jurisdiction.**

# ਅਕਾਲ ਤਖਤ ਤੋਂ ਜਾਰੀ ਦੋ ਗੁਰਮਤਿਆਂ ਦਾ ਸੱਚ

**ਅੰਮ੍ਰਿਤਸਰ:** ਇਥੇ ਉਹ ਦੋਵੇਂ ਗੁਰਮਤੇ ਛਾਪੇ ਜਾ ਰਹੇ ਹਨ ਜਿਹੜੇ ਸ੍ਰੀ ਅਕਾਲ ਤਖਤ ਵੱਲੋਂ ਡੇਰਾ ਸਿਰਸਾ ਦੇ ਮੁਖੀ ਦੀ ਮੁਆਫੀ ਅਤੇ ਉਸ ਤੋਂ ਬਾਅਦ ਬਣੇ ਹਾਲਾਤ ਦੇ ਮੱਦੇਨਜ਼ਰ ਜਾਰੀ ਕੀਤੇ ਹੋਏ ਸਨ। ਇਨ੍ਹਾਂ ਗੁਰਮਤਿਆਂ ਦੀ ਸ਼ਬਦਾਵਲੀ ਵੀ ਗੌਲਣ ਵਾਲੀ ਹੈ।...

**ਗੁਰਮਤਾ**

ਅੱਜ ਮਿਤੀ 8 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਿਕ 24 ਸਤੰਬਰ 2015 ਨੂੰ ਦਫਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਹੋਈ। ਜਿਸ ਵਿਚ ਪਿਛਲੇ ਦਿਨੀਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਡੇਰਾ ਸਰਸਾ ਮੁਖੀ ਵੱਲੋਂ ਭੇਜੇ ਗਏ ਨੁਮਾਇੰਦਿਆਂ ਰਾਹੀਂ ਭੇਜੇ ਪੱਤਰ ਬਾਰੇ ਵੀਚਾਰ ਕੀਤੀ। ਜਿਸ ਵਿਚ ਪਿਛਲੇ ਸਮੇਂ ਦੌਰਾਨ 2007 ਵਿਚ ਉਠੇ ਵਿਵਾਦ ਕਾਰਣ ਜੋ ਪ੍ਰੀਵਾਰਿਕ ਅਤੇ ਭਾਈਚਾਰਕ ਸਾਂਝਾ ਟੁੱਟ ਚੁੱਕੀਆਂ ਸਨ, ਦਾ ਬੜੀ ਨਿਮਰਤਾ ਤੇ ਬੜੇ ਹਲੀਮੀ ਭਰੇ ਸ਼ਬਦਾਂ ਵਿਚ ਸਪੱਸ਼ਟੀਕਰਨ ਦਿੱਤਾ ਅਤੇ ਖਿਮਾਂ ਯਾਚਨਾ ਮੰਗੀ ਕਿ ਮੈਂ ਜੋ ਸਾਡੇ ਗੁਰੂ ਸਾਹਿਬਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨਕਲ ਕਰਨਾ ਤਾਂ ਦੂਰ ਦੀ ਗੱਲ ਅਸੀਂ ਕਦੇ ਅਜਿਹਾ ਕਰਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਅਸੀਂ ਨਕਲ ਕਿਵੇਂ ਕਰ ਸਕਦੇ ਹਾਂ। ਇਸ ਗੱਲ ਦਾ ਸਵਾਲ ਹੀ ਨਹੀਂ ਪੈਦਾ ਹੋ ਸਕਦਾ ਕਿ ਅਸੀਂ ਕਦੇ ਅਜਿਹਾ ਕਰਨ ਦਾ ਸੋਚਿਆ ਵੀ ਹੋਵੇ। ਅਸੀਂ ਆਪਣੇ ਆਪ ਨੂੰ ਕਿਸੇ ਸੰਤ, ਪੀਰ ਪੈਗੰਬਰ ਦੇ ਬਰਾਬਰ ਮੰਨਦੇ ਹੀ ਨਹੀਂ ਤਾਂ ਨਕਲ ਕਰਨ ਦੀ ਜੁਅਰਤ ਕਿਵੇਂ ਕਰ ਸਕਦੇ ਹਾਂ। ਜਿਸ 'ਤੇ ਪੰਜ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਵੱਲੋਂ ਪੰਥਕ ਰਵਾਇਤਾਂ ਅਨੁਸਾਰ ਗੁਰਮਤਿ ਦੀ ਰੋਸ਼ਨੀ ਵਿਚ ਬੜੀ ਦੀਰਘ ਵਿਚਾਰ ਕਰਨ ਉਪਰੰਤ ਭੇਜੇ ਗਏ ਖਿਮਾਂ ਯਾਚਨਾਂ ਪੱਤਰ ਅਤੇ ਸਪੱਸ਼ਟੀਕਰਨ ਨੂੰ ਪ੍ਰਵਾਨ ਕਰਦਿਆਂ ਅੱਗੋਂ ਲਈ ਹਦਾਇਤ ਕੀਤੀ ਗਈ ਹੈ ਕਿ ਡੇਰਾ ਮੁਖੀ ਵੱਲੋਂ ਕੋਈ ਵੀ ਅਜਿਹਾ ਸਵਾਂਗ ਨਾ ਕੀਤਾ ਜਾਵੇ, ਜਿਸ ਨਾਲ ਸਿੱਖ ਪੰਥ ਅਤੇ ਹੋਰ ਧਰਮਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ।

-ਇਕਬਾਲ ਸਿੰਘ, ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ); ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ; ਮੱਲ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ; ਗੁਰਮੁਖ ਸਿੰਘ, ਜਥੇਦਾਰ ਤਖ਼ਤ ਸਿੰਘ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ); ਰਾਮ ਸਿੰਘ, ਗ੍ਰੰਥੀ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ, ਹਜ਼ੂਰ ਸਾਹਿਬ (ਨਾਂਦੇੜ)।

***


**ਗੁਰਮਤਾ ਨੰ: 1**

ਡੇਰਾ ਸਿਰਸਾ ਮੁਖੀ ਸੌਦਾ ਅਸਾਧ ਦੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਭੇਜੇ ਖਿਮਾਂ ਜਾਚਨਾਂ ਸਪੱਸ਼ਟੀਕਰਨ 'ਤੇ ਵੀਚਾਰ ਕਰਕੇ ਜੋ ਗੁਰਮਤਾ 8 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਿਕ 24 ਸਤੰਬਰ 2015 ਨੂੰ ਕੀਤਾ ਗਿਆ ਸੀ, ਉਸ ਗੁਰਮਤੇ ਨੂੰ ਗੁਰੂ-ਪੰਥ ਵਿਚ ਪ੍ਰਵਾਨ ਨਹੀਂ ਕੀਤਾ ਗਿਆ।

ਸਮੂੰਹ ਖਾਲਸਾ ਪੰਥ ਦੀਆਂ ਭਾਵਨਾਵਾਂ ਨੂੰ ਬੜੀ ਬਰੀਕੀ ਨਾਲ ਵਿਚਾਰਦਿਆਂ ਮਿਤੀ 30 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਕ 16 ਅਕਤੂਬਰ 2015, ਦਿਨ ਸ਼ੁੱਕਰਵਾਰ ਨੂੰ ਪੰਜ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨਾਂ ਨੇ ਹੰਗਾਮੀ ਮੀਟਿੰਗ ਸੱਦ ਕੇ (ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਸਿੰਘ ਸਾਹਿਬ ਜਲਦੀ ਨਾ ਆ ਸਕਣ ਕਰਕੇ ਜਥੇਦਾਰ ਨਾਲ ਟੈਲੀਫੋਨ 'ਤੇ ਵਿਚਾਰ-ਵਟਾਂਦਰਾ ਕਰ ਕੇ ਸਹਿਮਤੀ ਬਣੀ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਨੂੰ ਸ਼ਾਮਲ ਕਰਕੇ ਮਿਤੀ 8 ਅੱਸੂ ਸੰਮਤ 547 ਮੁਤਾਬਕ 24 ਸਤੰਬਰ 2015 ਨੂੰ ਡੇਰਾ ਸਿਰਸਾ ਦੇ ਮੁਖੀ ਦੇ ਸਬੰਧ ਵਿਚ ਜੋ ਫੈਸਲਾ ਕੀਤਾ ਗਿਆ ਸੀ, ਮਿਤੀ 30 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਕ 16 ਅਕਤੂਬਰ 2015, ਦਿਨ ਸ਼ੁੱਕਰਵਾਰ ਨੂੰ 'ਰੱਦ ਕੀਤਾ' ਜਾਂਦਾ ਹੈ।

ਪੰਜ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਗੁਰੂ ਖਾਲਸਾ ਪੰਥ ਦੇ ਮਾਣ-ਸਨਮਾਨ ਵਾਸਤੇ ਹਮੇਸ਼ਾਂ ਤਤਪਰ ਹਨ।

-ਇਕਬਾਲ ਸਿੰਘ, ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ); ਗੁਰਬਚਨ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ; ਮੱਲ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ; ਗੁਰਮੁਖ ਸਿੰਘ, ਜਥੇਦਾਰ ਤਖ਼ਤ ਸਿੰਘ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ); ਰਘਬੀਰ ਸਿੰਘ ਗ੍ਰੰਥੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ।


ਸ੍ਰੀ ਅਕਾਲ ਤਖ਼ਤ ਸਾਹਿਬ
Sri Akal Takhat Sahib, Sri Amritsar (Pb.) India


ਸ੍ਰੀ ਅਕਾਲ ਤਖ਼ਤ ਸਾਹਿਬ
Sri Akal Takhat Sahib, Sri Amritsar (Pb.) India

*ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਗੁਰਮਤੇ।*

# ਬਾਦਲਾਂ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕੀ

*(ਸਫਾ ਇਕ ਦੀ ਬਾਕੀ)*

ਦੇ ਮੀਤ ਪ੍ਰਧਾਨ ਵਰਿੰਦਰ ਸਿੰਘ ਬਾਜਵਾ ਤੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਸਮੇਤ ਕਈ ਸੀਨੀਅਰ ਆਗੂਆਂ ਨੇ ਅਸਤੀਫੇ ਦੇ ਦਿੱਤੇ ਹਨ। ਪੰਜਾਬ ਭਰ ਦੀਆਂ ਪੰਚਾਇਤਾਂ ਵੀ ਸਮੂਹਿਕ ਅਸਤੀਫੇ ਦੇਣ ਦੀ ਤਿਆਰੀ ਕਰ ਰਹੀਆਂ ਹਨ।

ਬਹਿਬਲ ਪਿੰਡ ਵਿਚ ਪੁਲਿਸ ਦੀ ਗੋਲੀ ਨਾਲ ਦੋ ਸਿੱਖ ਨੌਜਵਾਨਾਂ ਦੀ ਮੌਤ ਬਾਰੇ ਅਕਾਲੀ ਦਲ ਕੋਈ ਵੀ ਸਟੈਂਡ ਲੈਣ ਤੋਂ ਕਸੂਤੀ ਸਥਿਤੀ ਵਿਚ ਹੈ। ਸਿੰਘ ਸਾਹਿਬਾਨ ਵੱਲੋਂ ਡੇਰਾ ਮੁਖੀ ਦੀ ਮੁਆਫੀ ਵਾਲਾ ਫੈਸਲਾ ਰੱਦ ਕਰ ਕੇ ਅਕਾਲੀ ਦਲ ਨੂੰ ਦੁਚਿੱਤੀ ਵਿਚ ਪਾ ਦਿੱਤਾ ਹੈ। ਅਕਾਲੀ ਦਲ ਦੀ ਕੋਰ ਕਮੇਟੀ ਵੀ ਸਿੰਘ ਸਾਹਿਬਾਨ ਦੇ ਫੈਸਲੇ ਦਾ ਸਵਾਗਤ ਜਾਂ ਵਿਰੋਧ ਕਰਨ ਦਾ ਫੈਸਲਾ ਨਹੀਂ ਲੈ ਸਕੀ। ਜੇ ਤਾਜ਼ਾ ਫੈਸਲੇ ਦਾ ਸਵਾਗਤ ਕੀਤਾ ਜਾਂਦਾ ਹੈ ਤਾਂ ਡੇਰਾ ਪ੍ਰੇਮੀਆਂ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ ਪਵੇਗਾ। ਸਰਕਾਰ ਉਤੇ ਸਵਾਲ ਉੱਠ ਰਹੇ ਹਨ ਕਿ ਡੇਰਾ ਪ੍ਰੇਮੀਆਂ ਨੇ ਡੇਰਾ ਮੁਖੀ ਦੀ ਫਿਲਮ ਖਾਤਰ ਰੇਲਾਂ ਰੋਕੀਆਂ, ਕਿਸਾਨਾਂ ਨੇ ਅੰਦੋਲਨ ਕੀਤਾ, ਪਰ ਗੋਲੀ ਨਹੀਂ ਚੱਲੀ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਸ਼ਾਂਤਮਈ ਸੰਘਰਸ਼ ਕਰ ਰਹੀ ਸਿੱਖ ਸੰਗਤ 'ਤੇ ਗੋਲੀ ਚਲਾਉਣ ਦੀ ਕੀ ਲੋੜ ਪੈ ਗਈ?

ਬੇਅਦਬੀ ਮਾਮਲੇ ਵਿਚ ਜਿਨ੍ਹਾਂ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਜ਼ਿਆਦਾਤਰ ਗੁਰੂ ਘਰਾਂ ਦੇ ਸੇਵਾਦਾਰ ਹਨ ਤੇ ਗੁਰੂ ਘਰਾਂ ਵਿਚ ਮੁਲਾਜ਼ਮ ਵਜੋਂ ਨਿਯੁਕਤੀਆਂ ਵਿਚ ਹੁੰਦੇ ਪੱਖਪਾਤ ਤੋਂ ਨਾਰਾਜ਼ ਸਨ। ਪਿੰਡ ਘਵੱਦੀ ਦੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਉਥੋਂ ਦੀ ਹੀ ਅੰਮ੍ਰਿਤਧਾਰੀ ਮਹਿਲਾ ਸੇਵਾਦਾਰ ਨੇ ਹੀ ਨੁਕਸਾਨ ਪਹੁੰਚਾਇਆ ਸੀ। ਉਹ ਆਪਣੇ ਲੜਕੇ ਹੱਥੋਂ ਗੁਰਦੁਆਰੇ ਦੀ ਪ੍ਰਧਾਨਗੀ ਜਾਣ ਕਾਰਨ ਖਾਸੀ ਨਾਰਾਜ਼ ਸੀ। ਇਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਉਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਹੀ ਇਕ ਮੁਲਾਜ਼ਮ ਜੱਗਾ ਸਿੰਘ ਨੇ ਇਸ ਕਰ ਕੇ ਹਮਲੇ ਕੀਤਾ ਸੀ ਕਿਉਂਕਿ ਉਹ ਕਮੇਟੀ ਵਿਚ ਪੱਕਾ ਹੋਣ ਲਈ ਹੋ ਰਹੀ ਖੱਜਲ ਖੁਆਰੀ ਤੋਂ ਨਾਰਾਜ਼ ਸੀ। ਇਹ ਜੱਗ ਜ਼ਾਹਿਰ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਪੂਰੀ ਤਰ੍ਹਾਂ ਬਾਦਲ ਪਰਿਵਾਰ ਦੀ ਮਰਜ਼ੀ ਚੱਲਦੀ ਹੈ। ਸ਼੍ਰੋਮਣੀ ਕਮੇਟੀ ਵਿਚ ਸਿਫਾਰਸ਼ੀ ਨਿਯੁਕਤੀਆਂ ਵੀ ਇਸ ਰੋਹ ਦਾ ਹਿੱਸਾ ਹਨ।

ਉਧਰ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਕਰਮਚਾਰੀਆਂ ਦਾ ਰੋਹ ਤੇ ਰੋਸ ਝੱਲਣਾ ਪਿਆ। ਕਰਮਚਾਰੀਆਂ ਨੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਮੌਕੇ ਉਨ੍ਹਾਂ ਦਾ ਵਿਰੋਧ ਕੀਤਾ। ਇਹ ਅਖੰਡ ਪਾਠ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦੇ ਪਸ਼ਚਾਤਾਪ, ਮਾਰੇ ਗਏ ਸਿੱਖਾਂ ਦੀ ਆਤਮਿਕ ਸ਼ਾਂਤੀ ਅਤੇ ਜ਼ਖ਼ਮੀ ਹੋਏ ਸਿੱਖਾਂ ਦੀ ਸਿਹਤਯਾਬੀ ਲਈ ਰਖਵਾਇਆ ਗਿਆ ਸੀ। ਸਮੂਹ ਕਰਮਚਾਰੀਆਂ ਨੇ ਡੀ.ਸੀ. ਦਫ਼ਤਰ ਤਕ ਰੋਸ ਮਾਰਚ ਕੀਤਾ ਤੇ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਵਿੱਤੀ ਮਦਦ ਦੇਣ ਵਾਸਤੇ ਆਪਣੀ ਦੋ ਦਿਨ ਦੀ ਤਨਖ਼ਾਹ ਦੇਣ ਦਾ ਐਲਾਨ ਕੀਤਾ।

**ਬਰਗਾੜੀ ਕਾਂਡ ਪਿਛੇ ਵਿਦੇਸ਼ੀ ਹੱਥ?**

**ਚੰਡੀਗੜ੍ਹ:** ਪੁਲਿਸ ਨੇ ਪਿੰਡ ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਸੁੱਟਣ ਦੀ ਘਟਨਾ ਦੇ ਦੋਸ਼ ਵਿਚ ਪਿੰਡ ਪੰਜਗਰਾਈਂ ਦੇ ਦੋ ਸਕੇ ਭਰਾਵਾਂ ਜਸਵਿੰਦਰ ਸਿੰਘ ਅਤੇ ਰੁਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਮੁਖੀ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਇਥੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਘਟਨਾ ਪਿੱਛੇ ਵਿਦੇਸ਼ 'ਚ ਬੈਠੇ ਵਿਅਕਤੀਆਂ ਦਾ ਹੱਥ ਹੈ। ਉਨ੍ਹਾਂ ਦਾਅਵਾ ਕੀਤਾ ਕਿ ਰੁਪਿੰਦਰ ਸਿੰਘ ਦਾ ਆਸਟਰੇਲੀਆ ਅਤੇ ਦੁਬਈ 'ਚ ਕੁੱਝ ਵਿਅਕਤੀਆਂ ਨਾਲ ਰਾਬਤਾ ਸੀ ਜਿਨ੍ਹਾਂ ਤੋਂ ਖਾਤਿਆਂ ਵਿਚ ਪੈਸੇ ਜਮ੍ਹਾਂ ਕਰਾਉਣ ਦੀ ਮੰਗ ਵੀ ਕੀਤੀ ਗਈ ਸੀ। ਰੁਪਿੰਦਰ ਸਿੰਘ ਨੇ ਕੁੱਝ ਮਹੀਨੇ ਪਹਿਲਾਂ ਹੀ ਅੰਮ੍ਰਿਤ ਛਕਿਆ ਹੈ।

**ਕਬੱਡੀ ਕੱਪ ਰੱਦ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਧਦੀਆਂ ਘਟਨਾਵਾਂ ਅਤੇ ਸੂਬੇ ਵਿਚ ਸਿੱਖ ਸੰਗਤਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਚਲਦਿਆਂ ਪੰਜਾਬ ਸਰਕਾਰ ਨੇ 14 ਤੋਂ 28 ਨਵੰਬਰ ਤਕ ਹੋਣ ਵਾਲਾ ਵਿਸ਼ਵ ਕਬੱਡੀ ਕੱਪ ਰੱਦ ਕਰ ਦਿੱਤਾ ਹੈ। ਇਹ ਐਲਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤਾ ਹੈ।

# ਕੈਨੇਡੀਅਨ ਚੋਣਾਂ ਵਿਚ ਛਾ ਗਏ ਪੰਜਾਬੀ

*(ਸਫਾ ਇਕ ਦੀ ਬਾਕੀ)*

ਗਿੱਲ, ਜਿੰਨੀ ਸਿਮਜ਼ ਤੇ ਨੈਨਾ ਗਰੇਵਾਲ ਸ਼ਾਮਲ ਹਨ। ਟਿਮ ਉੱਪਲ ਲਿਬਰਲ ਪਾਰਟੀ ਦੇ ਅਮਰਜੀਤ ਸੋਹੀ ਤੋਂ ਸਿਰਫ 80 ਵੋਟਾਂ ਨਾਲ ਹਾਰ ਗਏ। ਚੋਣਾਂ ਵਿਚ ਪੰਜ ਦਸਤਾਰਧਾਰੀ ਸਿੱਖ ਹਰਜੀਤ ਸੱਜਣ, ਰਾਜ ਗਰੇਵਾਲ, ਦਰਸ਼ਨ ਕੰਗ, ਨਵਦੀਪ ਬੈਂਸ ਤੇ ਰਣਦੀਪ ਸਰਾਏ ਜਿੱਤੇ ਹਨ। ਸੱਜਣ ਇਸ ਸਮੇਂ ਕੈਨੇਡੀਅਨ ਫੌਜ ਵਿਚ ਲੈਫਟੀਨੈਂਟ ਕਰਨਲ ਹਨ ਤੇ ਉਨ੍ਹਾਂ ਨੇ ਅਫਗਾਨਿਸਤਾਨ ਵਿਚ ਦੇਸ਼ ਦੀ ਫੌਜ ਵੱਲੋਂ ਲੜਾਈ ਲੜੀ ਹੈ। ਉਨ੍ਹਾਂ ਨੇ ਛੁੱਟੀ ਲੈ ਕੇ ਚੀਨੀ ਬਹੁ-ਗਿਣਤੀ ਵਾਲੇ ਇਲਾਕੇ ਵਿਚੋਂ ਚੋਣ ਜਿੱਤੀ ਹੈ। ਲਿਬਰਲ ਪਾਰਟੀ ਨੇ ਜਿਹੜੇ 20 ਭਾਰਤੀ ਕੈਨੇਡੀਅਨ ਚੋਣ ਮੈਦਾਨ ਵਿਚ ਉਤਾਰੇ ਸਨ ਉਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ। ਇਸ ਪਾਰਟੀ ਦੀ ਟਿਕਟ ਤੋਂ ਚੋਣ ਜਿੱਤਣ ਵਾਲੇ 15 ਪੰਜਾਬੀ ਹਨ ਤੇ ਕੰਜ਼ਰਵੇਟਿਵ ਪਾਰਟੀ ਤੋਂ ਚੋਣ ਜਿੱਤਣ ਵਾਲੇ ਦੋ ਪੰਜਾਬੀ ਦੀਪਕ ਓਬਰਾਏ ਤੇ ਜਤੀ ਸਿੱਧੂ ਹਨ। ਚੋਣਾਂ ਵਿਚ ਸਭ ਤੋਂ ਖਾਸ ਜਿੱਤ ਅੰਜੂ ਢਿੱਲੋਂ ਦੀ ਹੈ, ਜਿਨ੍ਹਾਂ ਨੇ ਫਰਾਂਸੀਸੀ ਬੋਲਦੇ ਇਲਾਕੇ ਵਿਚੋਂ ਸੀਟ ਕੱਢੀ ਹੈ। ਇਸ ਇਲਾਕੇ ਵਿਚ ਪੰਜਾਬੀਆਂ ਦੀ ਆਬਾਦੀ ਨਾਂਮਾਤਰ ਹੀ ਹੈ।

## ਲਿਬਰਲ ਪਾਰਟੀ ਨੇ ਸਿਰਜਿਆ ਇਤਿਹਾਸ

**ਟੋਰਾਂਟੋ:** ਕੈਨੇਡਾ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਲਈ ਪਈਆਂ ਵੋਟਾਂ ਵਿਚ ਲਿਬਰਲ ਪਾਰਟੀ ਨੇ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਹਰਾ ਕੇ ਇਤਿਹਾਸ ਸਿਰਜ ਦਿੱਤਾ ਹੈ। ਲਿਬਰਲ ਪਾਰਟੀ ਨੇ ਜਸਟਿਨ ਟਰੂਡੋ ਦੀ ਅਗਵਾਈ ਵਿਚ ਕੁੱਲ 338 ਸੀਟਾਂ ਵਿਚੋਂ 184 'ਤੇ ਕਬਜ਼ਾ ਕੀਤਾ ਹੈ। ਸਿੱਟੇ ਵਜੋਂ ਕੈਨੇਡਾ ਦੇ ਤਕਰੀਬਨ ਇਕ ਦਹਾਕੇ ਤੋਂ ਚਲੇ ਆ ਰਹੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਥਾਂ ਜਸਟਿਨ ਟਰੂਡੋ ਦਾ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਕੈਨੇਡਾ ਦੇ ਇਸ ਚੋਣ ਅਖਾੜੇ ਵਿਚ ਕੰਜ਼ਰਵੇਟਿਵ, ਨਿਊ ਡੈਮੋਕਰੈਟਿਕ ਪਾਰਟੀ ਅਤੇ ਲਿਬਰਲ ਪਾਰਟੀ ਆਪੋ ਆਪਣੀ ਕਿਸਮਤ ਅਜ਼ਮਾਉਣ ਲਈ ਆਹਮੋ-ਸਾਹਮਣੇ ਸਨ ਜਦੋਂਕਿ ਬਲਾਕ ਕਿਊਬੈਕਵਾ ਤੇ ਗਰੀਨ ਪਾਰਟੀ ਆਫ ਕੈਨੇਡਾ ਨੇ ਵੀ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਚੋਣ ਨਤੀਜਿਆਂ ਮੁਤਾਬਕ ਕੁੱਲ 338 ਸੀਟਾਂ ਵਿਚੋਂ ਲਿਬਰਲ ਪਾਰਟੀ ਨੂੰ 184, ਕੰਜ਼ਰਵੇਟਿਵ ਪਾਰਟੀ ਨੂੰ 99, ਨਿਊ ਡੈਮੋਕਰੈਟਿਕ ਪਾਰਟੀ ਨੂੰ 44, ਬਲਾਕ ਕਿਊਬੈਕਵਾ ਨੂੰ 10 ਅਤੇ ਗਰੀਨ ਪਾਰਟੀ ਨੂੰ ਸਿਰਫ ਇਕ ਸੀਟ ਮਿਲੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

## ਮਾਰੇ ਗਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਦੀ ਮਦਦ

**ਮੁਹਾਲੀ:** ਸਿੱਖ ਰਿਲੀਫ਼ ਯੂ.ਕੇ. ਨੇ ਪੁਲਿਸ ਫਾਇਰਿੰਗ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਸਿੰਘ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਅਖੰਡ ਕੀਰਤਨੀ ਜਥੇ ਦੇ ਮੁੱਖ ਬੁਲਾਰੇ ਅਤੇ ਸਿੱਖ ਰਿਲੀਫ਼ ਯੂ.ਕੇ. ਦੇ ਕੌਮੀ ਚੇਅਰਮੈਨ ਆਰ.ਪੀ. ਸਿੰਘ, ਵਾਲੰਟੀਅਰ ਪਰਮਿੰਦਰ ਸਿੰਘ ਅਮਲੋਹ, ਪ੍ਰੋ. ਮੇਹਰ ਸਿੰਘ ਮੱਲ੍ਹੀ ਤੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੀੜਤ ਪਰਿਵਾਰਾਂ ਨੂੰ ਇਹ ਰਾਸ਼ੀ ਮ੍ਰਿਤਕਾਂ ਦੀ ਅੰਤਿਮ ਅਰਦਾਸ ਮੌਕੇ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਲੁਧਿਆਣਾ ਦੇ ਅਪੋਲੋ ਹਸਪਤਾਲ ਅਤੇ ਡੀ.ਐਮ.ਸੀ. ਹਸਪਤਾਲ ਵਿਚ ਦਾਖ਼ਲ ਜ਼ਖ਼ਮੀਆਂ ਦਾ ਸਾਰਾ ਖਰਚਾ ਚੁੱਕਿਆ ਜਾਵੇਗਾ।

## ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਸਹਿਣਸ਼ੀਲਤਾ ਦਾ ਹੋਕਾ

**ਕੋਲਕਾਤਾ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਦਰਮਿਆਨ ਦੇਸ਼ ਵਾਸੀਆਂ ਨੂੰ ਸਹਿਣਸ਼ੀਲ ਹੋਣ ਤੇ ਵੱਖਰੇ ਵਿਚਾਰਾਂ ਦਾ ਸਨਮਾਨ ਕਰਨ ਦੀ ਮੁੜ ਅਪੀਲ ਕੀਤੀ ਹੈ। ਰਾਸ਼ਟਰਪਤੀ ਨੇ ਪੱਛਮੀ ਬੰਗਾਲ ਦੇ ਕਸਬਾ ਕਿਰਨਹਾਰ ਵਿਚ ਆਪਣੇ ਨਿਵਾਸ 'ਤੇ ਇਕ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਸਭਿਅਤਾ ਸਾਨੂੰ ਸਹਿਣਸ਼ੀਲ ਬਣਨ, ਮਤਭੇਦਾਂ ਨੂੰ ਕਬੂਲ ਕਰਨ ਅਤੇ ਵੱਖਰੇ ਵਿਚਾਰਾਂ ਦਾ ਸਨਮਾਨ ਕਰਨਾ ਸਿਖਾਉਂਦੀ ਹੈ।

## ਲਾਸ ਏਂਜਲਸ ਵਿਚ '1984 ਸਿੱਖ ਨਸਲਕੁਸ਼ੀ ਮਾਰਚ' 7 ਨਵੰਬਰ ਨੂੰ

**ਲਾਸ ਏਂਜਲਸ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖ ਫਾਰ ਜਸਟਿਸ (ਐਸ ਐਫ ਜੇ) ਦੇ ਸੱਦੇ ਉਤੇ 1984 ਦੇ ਸਿੱਖ ਵਿਰੋਧੀ ਹਿੰਸਾ ਦੇ ਪੀੜਤਾਂ ਦੇ ਸਨਮਾਨ ਵਜੋਂ 7 ਨਵੰਬਰ ਨੂੰ ਲਾਸ ਏਂਜਲਸ ਵਿਚ 'ਸਿੱਖ ਨਸਲਕੁਸ਼ੀ ਮਾਰਚ' ਕੀਤਾ ਜਾਵੇਗਾ। 1984 ਦੀ ਸਿੱਖ ਨਸਲਕੁਸ਼ੀ ਦੀ 31ਵੀਂ ਵਰ੍ਹੇਗੰਢ ਮੌਕੇ ਕਰਵਾਇਆ ਜਾ ਰਿਹਾ ਇਹ ਮਾਰਚ ਬੇਵਰਲੀ ਸੈਂਟਰ ਤੋਂ ਸ਼ੁਰੂ ਹੋ ਕੇ ਲਾਸ ਏਂਜਲਸ ਮਿਊਜ਼ੀਅਮ ਆਫ ਦੀ ਹੋਲੋਕਾਸਟ (ਐਲ ਏ ਐਮ ਓ ਟੀ ਐਚ) ਵਿਖੇ ਖਤਮ ਹੋਵੇਗਾ ਜਿਥੇ ਇਕ ਰੈਲੀ ਕੀਤੀ ਜਾਵੇਗੀ। ਰੈਲੀ ਵਿਚ ਨਸਲਕੁਸ਼ੀ ਬਾਰੇ ਵਿਦਵਾਨ 1984 ਦੇ ਪੀੜਤ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁੰਨ ਸੰਬੋਧਨ ਕਰਨਗੇ।

ਜਿਕਰਯੋਗ ਹੈ ਕਿ ਲਾਸ ਏਂਜਲਸ ਮਿਊਜ਼ੀਅਮ ਅਮਰੀਕਾ ਵਿਚ ਸਭ ਤੋਂ ਪੁਰਾਣਾ ਹੋਲੋਕਾਸਟ ਮਿਊਜ਼ੀਅਮ ਹੈ ਜਿਸ ਦੀ ਸਥਾਪਨਾ 1961 ਵਿਚ ਨਸਲਕੁਸ਼ੀ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕੀਤੀ ਗਈ ਸੀ। ਇਸ ਮਿਊਜ਼ੀਅਮ ਵਿਚ ਯਹੂਦੀਆਂ ਦੇ ਕਤਲੇਆਮ ਤੋਂ ਇਲਾਵਾ ਅਰਮੇਨੀਆ, ਕੰਬੋਡੀਆ ਤੇ ਰਵਾਂਡਾ ਦੇ ਨਸਲਕੁਸ਼ੀਆਂ ਬਾਰੇ ਵੀ ਅਹਿਮ ਜਾਣਕਾਰੀ ਮਿਲਦੀ ਹੈ।

ਐਸ ਐਫ ਜੇ ਦੇ ਡਾਇਰੈਕਟਰ ਅਮਰਦੀਪ ਸਿੰਘ ਨੇ ਕਿਹਾ ਕਿ ਭਾਰਤ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ 1984 ਦੇ ਕਤਲੇਆਮ ਨੂੰ ਦਿੱਲੀ ਤੱਕ ਹੀ ਸੀਮਤ ਦੰਗਿਆਂ ਦਾ ਰੂਪ ਦੇ ਕੇ ਵਿਸ਼ਵ ਭਾਈਚਾਰੇ ਨੂੰ ਜਾਣ-ਬੁਝ ਕੇ ਗੁੰਮਰਾਹ ਕੀਤਾ ਹੈ ਜਦ ਕਿ ਸਾਰੇ ਪੱਕੇ ਸਬੂਤ ਇਸ ਦੇ ਉਲਟ ਹਨ।

ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਵਲੋਂ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਬਾਰੇ ਸਾਰਾ ਵਿਸ਼ਵ ਜਾਣੇ। ਲਾਸ ਏਂਜਲਸ ਵਿਚ ਵੱਡੀ ਗਿਣਤੀ ਵਿਚ ਯਹੂਦੀ ਤੇ ਅਰਮੀਨੀਆ ਭਾਈਚਾਰੇ ਦੇ ਲੋਕ ਰਹਿੰਦੇ ਹਨ ਤੇ ਇਹ ਦੋਵੇਂ 20ਵੀਂ ਸਦੀ ਵਿਚ ਨਸਲਕੁਸ਼ੀ ਹਿੰਸਾ ਦਾ ਸ਼ਿਕਾਰ ਹੋ ਚੁੱਕੇ ਹਨ।

ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਭਾਰਤੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਸਯੁਕਤ ਰਾਸ਼ਟਰ ਦੀ ਜਾਂਚ ਚੋਂ ਬਚਣ ਲਈ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਮਜਬੂਰਨ ਨਸਲਕੁਸ਼ੀ ਐਲਾਨਣਾ ਪਿਆ ਸੀ ਕਿਉਂਕਿ ਐਸ ਐਫ ਜੇ ਨੇ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਵਿਚ ਭਾਰਤੀ ਸੰਸਦ ਮੈਂਬਰਾਂ ਦੀ ਸ਼ਮੂਲੀਅਤ ਬਾਰੇ ਸਬੂਤ ਪੇਸ਼ ਕੀਤੇ ਸਨ।

## ਅਮਰੀਕਾ 'ਚ ਅਬੂ ਹਮਜ਼ਾ ਦੇ ਸਹਿਯੋਗੀ ਨੂੰ ਕੈਦ

**ਨਿਊ ਯਾਰਕ:** ਇਸਲਾਮਕ ਪ੍ਰਚਾਰਕ ਅਬੂ ਹਮਜ਼ਾ ਦੇ ਫਰਮਾਨ ਉਤੇ ਅਮਰੀਕਾ ਵਿਚ ਅਲ-ਕਾਇਦਾ ਦਾ ਸਿਖਲਾਈ ਕੈਂਪ ਸਥਾਪਤ ਕਰਨ ਦਾ ਯਤਨ ਕਰਨ ਵਾਲੇ ਭਾਰਤੀ ਮੂਲ ਦੇ 41 ਸਾਲਾ ਬ੍ਰਿਟਿਸ਼ ਨਾਗਰਿਕ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਗੁਜਰਾਤੀ ਮੂਲ ਦੇ ਬ੍ਰਿਟਿਸ਼ ਨਾਗਰਿਕ ਹਾਰੂਨ ਅਸਵਤ ਨੇ ਇਸ ਸਾਲ ਮਾਰਚ ਵਿਚ ਅਤਿਵਾਦ ਸਬੰਧੀ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਉਸ ਨੇ 15 ਸਾਲ ਪਹਿਲਾਂ ਓਰੇਗਨ ਵਿਚ ਅਤਿਵਾਦੀ ਕੈਂਪ ਸਥਾਪਤ ਕਰਨ ਲਈ ਅਬੂ ਹਮਜ਼ਾ ਅਲ ਮਸਰੀ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਹਮਜ਼ਾ ਨੂੰ ਜਨਵਰੀ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ।

ਨਿਊ ਮੈਕਸੀਕੋ ਵਿਚ
ਸੈਲੂਨ 'ਤੇ ਥਰੈਡਿੰਗ ਵਗੈਰਾ ਕਰਨ ਲਈ
ਕੁੜੀਆਂ/ਔਰਤਾਂ ਦੀ ਲੋੜ ਹੈ
- ਜੇ ਕੰਮ ਨਹੀਂ ਵੀ ਆਉਂਦਾ ਤਾਂ ਉਨ੍ਹਾਂ ਨੂੰ ਅਸੀਂ ਵੀ ਸਿਖਾ ਦਿਆਂਗੇ
- ਚੰਗੀ ਤਨਖਾਹ
- ਉਨ੍ਹਾਂ ਦੇ ਇਥੇ ਸੈਟਲ ਹੋਣ ਵਿਚ ਵੀ ਮਦਦ ਕਰਾਂਗੇ ਬੇਸ਼ਕ ਉਨ੍ਹਾਂ ਦਾ ਪੂਰਾ ਪਰਿਵਾਰ ਵੀ ਨਾਲ ਹੋਵੇ
- ਅਸੀਂ ਉਨ੍ਹਾਂ ਦੀ ਕੋਈ ਹੋਰ ਜਾਬ ਲੱਭਣ ਵਿਚ ਵੀ ਮਦਦ ਕਰਾਂਗੇ


ਸੰਪਰਕ ਕਰੋ:
ਸੋਨੀਆ ਢੀਂਡਸਾ 505-470-7241
Email: soniadhindsa29@gmail.com

ਇੰਡੀਅਨ ਰੈਸਟੋਰੈਂਟ ਲਈ ਲੋੜ ਹੈ
ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਡਿਸ਼ਵਾਸ਼ਰ, ਦੀ ਲੋੜ ਹੈ
ਸੰਪਰਕ ਕਰੋ
ਫੋਨ: 850-510-3046
Looking for Cook, Tandooria and Dishwasher for Indian restaurant in Florida.
Please call: 850-510-3046
43-44

Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬਾਦਲ ਵਾਲੇ ਅਕਾਲੀ ਦਲ ਦੀ 'ਪੰਥਕ ਸਾਖ' ਦਾਅ ਉਤੇ ਲੱਗੀ



**ਚੰਡੀਗੜ੍ਹ:** ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਦੇਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੇ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਸਾਖ ਨੂੰ ਢਾਹ ਲਾਈ ਹੈ। ਅਕਾਲੀ ਦਲ ਅੰਦਰ ਹੀ ਇੰਨਾ ਰੋਸ ਵਧ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਪੰਚਾਇਤਾਂ ਨੇ ਅਸਤੀਫੇ ਦੇਣੇ ਸ਼ੁਰੂ ਕਰ ਦਿੱਤੇ ਹਨ। ਟਕਸਾਲੀ ਲੀਡਰਾਂ ਵਿਚ ਵੀ ਸਖਤ ਰੋਸ ਹੈ। ਹਾਕਮ ਪਾਰਟੀ ਨੂੰ ਖਤਰਾ ਮਹਿਸੂਸ ਹੋਣ ਲੱਗਿਆ ਹੈ ਕਿ ਪਾਰਟੀ ਵਿਚ ਵੱਡੇ ਪੱਧਰ ਉਤੇ ਬਗਾਵਤ ਹੋ ਸਕਦੀ ਹੈ। ਪਾਰਟੀ ਵੱਲੋਂ ਹਾਲ ਹੀ ਵਿਚ ਅਮਰੀਕਾ ਯੂਨਿਟ ਦੇ ਥਾਪੇ ਗਏ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਨੇ ਅਸਤੀਫਾ ਦੇ ਦਿੱਤਾ ਹੈ। ਵਿਦੇਸ਼ਾਂ ਵਿਚਲੇ ਕੁਝ ਹੋਰ ਅਹੁਦੇਦਾਰਾਂ ਵੱਲੋਂ ਵੀ ਪਾਰਟੀ ਛੱਡੀ ਜਾ ਸਕਦੀ ਹੈ। ਪੰਜਾਬ ਵਿਚ ਪਿਛਲੇ ਸਾਢੇ ਸੱਤ ਸਾਲਾਂ ਤੋਂ ਹਕੂਮਤ ਕਰ ਰਹੀ ਪਾਰਟੀ ਵਿਚੋਂ ਵੱਡੇ ਪੱਧਰ 'ਤੇ ਅਸਤੀਫਿਆਂ ਦਾ ਦੌਰ ਪਹਿਲੀ ਵਾਰੀ ਦੇਖਿਆ ਜਾ ਰਿਹਾ ਹੈ।

ਪੰਜਾਬ ਦੇ ਵਜ਼ੀਰਾਂ ਤੇ ਵਿਧਾਇਕਾਂ ਨੇ ਮਾਲਵਾ ਖੇਤਰ ਦੇ ਪਿੰਡਾਂ ਦੇ ਦੌਰੇ ਰੱਦ ਕਰ ਦਿੱਤੇ ਹਨ। ਕਿਸਾਨ ਧਿਰਾਂ ਨੇ ਪਹਿਲਾਂ ਹੀ ਹਾਕਮ ਧਿਰ ਦੇ ਆਗੂਆਂ ਨੂੰ ਘੇਰਨ ਦਾ ਐਲਾਨ ਕੀਤਾ ਹੋਇਆ ਹੈ। ਉਪਰੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਾਂਡ ਨੇ ਲੋਕਾਂ ਦੇ ਰੋਹ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਬਹੁਤੇ ਨੇਤਾ ਰਾਜਧਾਨੀ ਵਿਚ ਡੇਰੇ ਲਾਈ ਬੈਠੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਜਰਮਨੀ ਦੇ ਸਰਕਾਰੀ ਦੌਰੇ ਉਤੇ ਹਨ। ਹਾਕਮ ਧਿਰ ਦੇ ਵਿਧਾਇਕ ਮੁਆਵਜ਼ੇ ਦੇ ਚੈੱਕ ਤੇ ਸਾਈਕਲ ਵੰਡਣ ਵਾਸਤੇ ਕੁਝ ਪਿੰਡਾਂ ਵਿਚ ਜ਼ਰੂਰ ਨਿਕਲੇ ਸਨ, ਪਰ ਹੁਣ ਬਹਿਬਲ ਕਾਂਡ ਮਗਰੋਂ ਮੁਆਵਜ਼ੇ ਦੇ ਚੈੱਕ ਵੀ ਮਾਲ ਮਹਿਕਮੇ ਦੇ ਅਧਿਕਾਰੀ ਹੀ ਵੰਡ ਰਹੇ ਹਨ। ਮਾਨਸਾ ਤੋਂ ਵਿਧਾਇਕ ਪ੍ਰੇਮ ਮਿੱਤਲ ਹਲਕੇ ਵਿਚੋਂ ਗਾਇਬ ਹਨ। ਕੈਬਨਿਟ ਵਜ਼ੀਰ ਜਨਮੇਜਾ ਸਿੰਘ ਸੇਖੋਂ ਆਖਰੀ ਵਾਰ 13 ਅਕਤੂਬਰ ਨੂੰ ਆਪਣੇ ਹਲਕੇ ਦੇ ਕਈ ਪਿੰਡਾਂ ਵਿਚ ਮੁਆਵਜ਼ੇ ਦੇ ਚੈੱਕ ਵੰਡੇ ਸਨ। ਉਸ ਮਗਰੋਂ ਉਹ ਹਲਕੇ ਵਿਚੋਂ ਗਾਇਬ ਹੀ ਹਨ। ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਆਪਣੇ ਹਲਕੇ ਤੋਂ ਬਾਹਰ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸੰਕੋਚ ਨਾਲ ਵਿਚਰ ਰਹੇ ਹਨ। ਸੂਤਰਾਂ ਅਨੁਸਾਰ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਵੀ ਪੰਜਾਬ ਬੰਦ ਤੋਂ ਪਹਿਲਾਂ ਰਾਤ ਤਕਰੀਬਨ 9:30 ਵਜੇ ਤਿੰਨ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਅੰਮ੍ਰਿਤਸਰ ਲਈ ਰਵਾਨਾ ਹੋ ਗਏ ਸਨ। ਉਹ ਵੀ ਵਾਇਆ ਗੋਬਿੰਦਗੜ੍ਹ ਤੇ ਜਲੰਧਰ ਰਾਹੀਂ ਅੰਮ੍ਰਿਤਸਰ ਰਾਤ ਨੂੰ ਕਰੀਬ ਢਾਈ ਵਜੇ ਪੁੱਜੇ।

ਖ਼ੁਫੀਆ ਵਿੰਗ ਨੇ ਹਾਕਮ ਧਿਰ ਨੂੰ ਸੁਚੇਤ ਕਰ ਦਿੱਤਾ ਸੀ ਕਿ ਕੁਝ ਦਿਨ ਸੀਨੀਅਰ ਨੇਤਾ ਪਿੰਡਾਂ ਵਿਚ ਜਾਣ ਤੋਂ ਗੁਰੇਜ਼ ਕਰਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਪ੍ਰੋਗਰਾਮ ਬੰਦ ਪਏ ਹਨ। ਬਾਦਲ ਪਰਿਵਾਰ ਨੇ ਤਾਂ ਆਪਣੇ ਪਿੰਡ ਤੋਂ ਵੀ ਦੂਰੀ ਬਣਾਈ ਹੋਈ ਹੈ। ਪਿੰਡ ਬਾਦਲ ਵਿਚ ਸੁਰੱਖਿਆ ਵਧਾਈ ਗਈ ਹੈ, ਪਰ ਬਾਦਲ ਪਰਿਵਾਰ ਨੇ ਪਿੰਡ ਵਿਚ ਇਸੇ ਹਫਤੇ ਹੋਏ ਸਮਾਗਮ ਵਿਚ ਆਉਣ ਤੋਂ ਵੀ ਪਾਸਾ ਹੀ ਵੱਟ ਲਿਆ ਹੈ।

ਹਲਕਾ ਕੋਟਕਪੂਰਾ ਤੋਂ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਕਈ ਦਿਨਾਂ ਤੋਂ ਹਲਕੇ ਤੋਂ ਦੂਰ ਹਨ। ਬੰਦੀ ਸਿੱਖ ਸੰਘਰਸ਼ ਕਮੇਟੀ ਦੇ ਕਨਵੀਨਰ ਗੁਰਦੀਪ ਸਿੰਘ ਬਰਾੜ ਨੇ ਆਖਿਆ ਕਿ ਹਕੂਮਤ ਨੇ ਲੋਕ ਰੋਹ ਨੂੰ ਭਾਂਪ ਲਿਆ ਹੈ, ਜਿਸ ਕਰਕੇ ਹੁਣ ਉਹ ਕਿਹੜੇ ਮੂੰਹ ਨਾਲ ਪਿੰਡਾਂ ਵਿਚ ਆਉਣਗੇ।

## ਪੰਜਾਬ ਤੋਂ ਬਾਹਰ ਵੀ ਅਕਾਲੀ ਦਲ ਖਿਲਾਫ ਰੋਹ

**ਜਲੰਧਰ:** ਪੰਜਾਬ ਵਿਚ ਦਿਨੋਂ-ਦਿਨ ਬਦਲ ਰਹੇ ਸਿਆਸੀ ਹਾਲਾਤ ਦਾ ਦਿੱਲੀ ਦੀ ਸਿੱਖ ਰਾਜਨੀਤੀ ਉੱਪਰ ਸਿੱਧਾ ਅਸਰ ਪੈ ਰਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਸ਼ੰਟੀ ਨੇ ਬੀਤੇ ਦਿਨੀਂ ਇਸ਼ਾਰੇ ਨਾਲ ਬਾਦਲ ਧੜੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਕੁਝ ਸਿੱਖ ਆਗੂ ਆਪਣੀ ਸਿਆਸੀ ਥਾਂ ਬਣਾਉਣ ਲਈ ਪੰਜਾਬ ਦੀਆਂ ਘਟਨਾਵਾਂ ਦਾ ਸਿਆਸੀ ਲਾਹਾ ਲੈਣ ਦੀ ਤਾਕ ਵਿਚ ਹਨ, ਜਿਸ ਤੋਂ ਸੁਚੇਤ ਹੋਣਾ ਚਾਹੀਦਾ ਹੈ। ਇੰਦਜੀਤ ਸਿੰਘ ਮੌਂਟੀ ਵੱਲੋਂ ਬਾਦਲ ਧੜੇ ਤੋਂ ਅਸਤੀਫਾ ਦੇਣਾ ਵੀ ਇਸੇ ਨਜ਼ਰੀਏ ਤੋਂ ਸਥਾਨਕ ਸਿੱਖ ਘੋਖ ਰਹੇ ਹਨ। ਹਰਿਆਣਾ ਤੇ ਜੰਮੂ ਵਿਚ ਵੀ ਸਿੱਖਾਂ ਵੱਲੋਂ ਬਾਦਲ ਸਰਕਾਰ ਖਿਲਾਫ ਰੋਸ ਵਿਖਾਵੇ ਕੀਤੇ ਜਾ ਰਹੇ ਹਨ। ਜੰਮੂ ਵਿਚ ਯੂਨਾਈਟਡ ਸਿੱਖ ਕੌਂਸਲ ਨੇ ਪੰਜਾਬ ਸਰਕਾਰ ਖਿਲਾਫ ਮੁਜ਼ਾਹਰਾ ਕੀਤਾ ਹੈ। ਇਸ ਮੁਜ਼ਾਹਰੇ ਵਿਚ ਜੰਮੂ ਦੇ ਸਿੱਖ ਵੱਡੀ ਗਿਣਤੀ ਵਿਚ ਸ਼ਾਮਲ ਹੋਏ।

## ਮੁੱਖ ਮੰਤਰੀ ਬਾਦਲ ਦੇ ਨਾਂ ਖੁੱਲ੍ਹੀ ਚਿੱਠੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੀ ਖੁੱਲ੍ਹੀ ਚਿੱਠੀ ਵਿਚ ਕਿਹਾ ਹੈ ਕਿ ਜਿੰਨੇ ਧਰੋਹ ਉਹ ਸਿੱਖ ਜਗਤ ਨਾਲ ਕਮਾ ਰਹੇ ਨੇ ਤੇ ਧਾਰਮਿਕ ਅਵੱਗਿਆਵਾਂ ਕੀਤੀਆਂ ਹਨ, ਇਸ ਦੀ ਸਜ਼ਾ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮਿਲੇਗੀ। ਉਨ੍ਹਾਂ ਲਿਖਿਆ ਹੈ ਕਿ ਖਾਲਸਾ ਪੰਥ ਨੇ ਅੱਜ ਤੱਕ ਆਪਣੇ ਦੁਸ਼ਮਣਾਂ ਤੇ ਗਦਾਰਾਂ ਨੂੰ ਮੁਆਫ ਨਹੀਂ ਕੀਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਿੱਖਾਂ ਉਤੇ ਪੁਲਿਸ ਨੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਆਂ ਚਲਾਈਆਂ ਹਨ, ਇਹ ਕਿਹੋ ਜਿਹਾ ਇਨਸਾਫ ਹੈ ਤੇ ਕਿਹੋ ਜਿਹਾ ਰਾਜ ਪ੍ਰਬੰਧ ਹੈ। ਮੁੱਖ ਮੰਤਰੀ ਕੋਲ ਇਸ ਤੱਥ ਦਾ ਕੀ ਜਵਾਬ ਹੈ ਕਿ ਉਨ੍ਹਾਂ ਦੀ ਸਰਕਾਰ ਵੇਲੇ ਹੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਵਾਲੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ ਤੇ ਉਹ ਅਜਿਹੇ ਅਨਸਰਾਂ ਦੀ ਪੁਸ਼ਤਪਨਾਹੀ ਕਿਉਂ ਕਰਦੇ ਹਨ?

# ਗੁਰੂ ਘਰਾਂ ਦੀ ਸੁਰੱਖਿਆ ਲਈ ਪੁਖਤਾ ਪ੍ਰਬੰਧ ਕਰਨ ਦੀ ਹਦਾਇਤ

**ਅੰਮ੍ਰਿਤਸਰ:** ਗੁਰਦੁਆਰਿਆਂ ਵਿਚੋਂ ਪਾਵਨ ਸਰੂਪ ਚੋਰੀ ਹੋਣ, ਅੱਗ ਲੱਗਣ ਤੇ ਬੇਅਦਬੀ ਹੋਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਹਦਾਇਤ ਦਿੱਤੀ ਹੈ ਕਿ ਗੁਰੂ ਘਰਾਂ ਵਿਚ ਸੁਰੱਖਿਆ ਪੱਖੋਂ ਕੋਈ ਢਿੱਲ ਨਾ ਵਰਤੀ ਜਾਵੇ। ਮੁੱਖ ਸਕੱਤਰ ਹਰਚਰਨ ਸਿੰਘ ਨੇ ਕਿਹਾ ਕਿ ਹਰੇਕ ਗੁਰੂ ਘਰ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਤੇ ਇਸ ਵਿਚ ਕਿਸੇ ਕਿਸਮ ਦੀ ਢਿੱਲ ਨਾ ਵਰਤੀ ਜਾਵੇ।

ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦੀਆਂ ਵਾਪਰ ਰਹੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ ਤੇ ਇਨ੍ਹਾਂ ਦੀ ਰੋਕਥਾਮ ਲਈ ਸੁੱਖ-ਆਸਨ ਵਾਲੇ ਕਮਰੇ ਵਿਚ ਕਿਸੇ ਤਰ੍ਹਾਂ ਦੀ ਵੀ ਸਜਾਵਟੀ ਲੜੀ ਜਾਂ ਆਰਜ਼ੀ ਲਾਈਟ ਨਾ ਲਾਈ ਜਾਵੇ। ਸੁੱਖ-ਆਸਨ ਤੋਂ ਬਾਅਦ ਲਾਈਟਾਂ ਬੰਦ ਕਰ ਦਿੱਤੀਆਂ ਜਾਣ ਤਾਂ ਕਿ ਸ਼ਾਰਟ ਸਰਕਟ ਹੋਣ ਦੀ ਸੰਭਾਵਨਾ ਨਾ ਰਹੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਅੰਦਰਲੇ ਪ੍ਰਬੰਧ ਵਾਲੇ ਸਟਾਫ ਨੂੰ ਸੁਚੇਤ ਕੀਤਾ ਜਾਵੇ ਤੇ ਗੁਰਦੁਆਰਾ ਸਾਹਿਬ ਦੇ ਹਰੇਕ ਕਰਮਚਾਰੀ ਦਾ ਵਤੀਰਾ ਸੰਗਤ ਪ੍ਰਤੀ ਨਿਮਰਤਾ ਵਾਲਾ ਹੋਣਾ ਚਾਹੀਦਾ ਹੈ। ਹਰ ਕਰਮਚਾਰੀ ਸਥਾਨਕ ਗੁਰਦੁਆਰਾ ਸਾਹਿਬ ਦੇ ਇਤਿਹਾਸ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਜੇਕਰ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਮੈਨੇਜਰ ਉਸ ਸਮੱਸਿਆ ਦਾ ਹੱਲ ਕੱਢਣ ਦਾ ਪੂਰਾ ਯਤਨ ਕਰੇ।

## ਸੂਹ ਦੇਣ ਵਾਲੇ ਨੂੰ ਮਿਲੇਗਾ ਇਕ ਕਰੋੜ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਬਾਰੇ ਸੂਚਨਾ ਦੇਣ ਵਾਲੇ ਨੂੰ ਇਕ ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਘਟਨਾ ਬਾਰੇ ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਬਾਰੇ ਸੂਚਨਾ ਬਠਿੰਡਾ ਰੇਂਜ ਦੇ ਡੀ.ਆਈ.ਜੀ. ਰਣਬੀਰ ਸਿੰਘ ਖਟੜਾ ਨੂੰ ਫੋਨ ਨੰਬਰ 94172-13380 ਉਤੇ ਦਿੱਤੀ ਜਾਵੇ।

# ਸਿੰਘ ਸਭਾਵਾਂ ਵੱਲੋਂ ਅਕਾਲੀਆਂ ਤੇ ਜਥੇਦਾਰਾਂ ਦਾ ਬਾਈਕਾਟ

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੇ ਲੋਅਰਮੇਨਲੈਂਡ ਦੀਆਂ ਅੱਠ ਸਿੰਘ ਸਭਾਵਾਂ ਵੱਲੋਂ ਇਕੱਤਰਤਾ ਕਰਕੇ ਕਿਹਾ ਗਿਆ ਹੈ ਕਿ ਪੰਜਾਬ ਵਿਚ ਹੋਈਆਂ ਮੰਦ ਭਾਗੀਆਂ ਘਟਨਾਵਾਂ ਲਈ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਤਖਤ ਸਾਹਿਬਾਨ ਦੇ ਜਥੇਦਾਰ ਜ਼ਿੰਮੇਵਾਰ ਹਨ। ਇਸ ਲਈ ਸਰਬਸੰਮਤੀ ਨਾਲ ਅਕਾਲੀ ਆਗੂਆਂ, ਮੰਤਰੀਆਂ, ਵਿਧਾਇਕਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਤਖਤ ਸਾਹਿਬਾਨ ਦੇ ਜਥੇਦਾਰਾਂ ਦਾ ਪੂਰਨ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਵੀ ਐਲਾਨ ਕੀਤਾ ਗਿਆ ਹੈ ਇਨ੍ਹਾਂ ਵਿਚੋਂ ਕਿਸੇ ਦਾ ਵੀ ਇਥੋਂ ਦੇ ਕਿਸੇ ਗੁਰਦੁਆਰਾ ਸਾਹਿਬ ਵਿਚ ਨਾ ਤਾਂ ਸਵਾਗਤ ਕੀਤਾ ਜਾਏਗਾ ਤੇ ਨਾ ਹੀ ਸਟੇਜ ਤੋਂ ਬੋਲਣ ਦਿੱਤਾ ਜਾਏਗਾ। ਗੁਰਦੁਆਰਾ ਸਾਹਿਬਾਨ ਦੇ ਅਹੁਦੇਦਾਰਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿਸੇ ਵੀ ਹਾਲਤ ਵਿਚ ਸਹਿਣਯੋਗ ਨਹੀਂ ਤੇ ਇਹ ਸਾਰਾ ਕੁਝ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ। ਪੁਲਿਸ ਗੋਲੀਬਾਰੀ ਨਾਲ ਸ਼ਹੀਦ ਹੋਏ ਦੋਹਾਂ ਸਿੱਖਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਉਹ ਬਰਾਬਰ ਦੇ ਭਾਈਵਾਲ ਹਨ।

# ਵਰਿਆਮ ਸਿੰਘ ਦੀ ਰਿਹਾਈ ਬਾਰੇ 'ਸ਼ਾਬਾਸ਼' ਲੈਣਾ ਚਾਹੁੰਦੇ ਨੇ ਅਕਾਲੀ



**ਚੰਡੀਗੜ੍ਹ:** ਖਾਲਿਸਤਾਨ ਪੱਖੀ ਵਰਿਆਮ ਸਿੰਘ ਦੀ ਰਿਹਾਈ ਦਾ ਸਿਹਰਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਸਿਰ ਬੱਝਣ ਤੋਂ ਅਕਾਲੀ ਦਲ ਨੇ 'ਤਕਲੀਫ' ਮਹਿਸੂਸ ਕੀਤੀ ਹੈ।

ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨੇ ਸਿੱਧਾ ਰਾਜਨਾਥ ਸਿੰਘ ਦਾ ਧੰਨਵਾਦ ਕਰਦਿਆਂ ਬਾਕੀ ਕੈਦੀਆਂ ਨੂੰ ਵੀ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਧਰ, ਅਕਾਲੀ ਦਲ ਨੇ ਪ੍ਰੈਸ ਨੋਟ ਰਾਹੀਂ ਇਹ ਜਚਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਰਾਜਨਾਥ ਸਿੰਘ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਚਿੱਠੀ ਉਤੇ ਹੀ ਕਾਰਵਾਈ ਕੀਤੀ ਹੈ।

ਅਕਾਲੀ ਦਲ ਨੇ ਨਾਲ ਹੀ ਮੰਗ ਕੀਤੀ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਬਾਕੀ ਸਿੱਖ ਕੈਦੀਆਂ ਨੂੰ ਵੀ ਰਿਹਾਅ ਕੀਤਾ ਜਾਵੇ। ਇਸ ਤੋਂ ਇਲਾਵਾ ਕਾਲੀ ਸੂਚੀ 'ਤੇ ਨਜ਼ਰਸਾਨੀ ਕੀਤੀ ਜਾਵੇ। ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਦੇ ਨਾਂ ਹੇਠ ਜਾਰੀ ਪ੍ਰੈਸ ਨੋਟ ਵਿਚ ਕਿਹਾ ਗਿਆ ਹੈ, 'ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਚਿੱਠੀ ਉਤੇ ਕਾਰਵਾਈ ਕਰਦਿਆਂ ਟਾਡਾ ਅਧੀਨ ਕੈਦ ਭੋਗ ਰਹੇ ਵਰਿਆਮ ਸਿੰਘ ਦੀ ਰਿਹਾਈ ਲਈ ਕੇਂਦਰੀ ਮੰਤਰੀ ਰਾਜਨਾਥ ਸਿੰਘ ਦਾ ਸ਼ੁਕਰੀਆ।' ਕਾਬਲੇਗੌਰ ਹੈ ਕਿ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਚੁੱਪ-ਚੁਪੀਤੇ ਵਰਿਆਮ ਸਿੰਘ ਦੀ ਰਿਹਾਈ ਨੂੰ ਹਰੀ ਝੰਡੀ ਦੇ ਦਿੱਤੀ ਸੀ। ਅਕਾਲੀ ਦਲ ਨੂੰ ਇਸ ਬਾਰੇ ਅਖਬਾਰਾਂ ਵਿਚ ਖਬਰ ਪੜ੍ਹ ਕੇ ਹੀ ਪਤਾ ਲੱਗਾ। ਖਬਰਾਂ ਵਿਚ ਵੀ ਪੰਜਾਬ ਸਰਕਾਰ ਦਾ ਕਿਤੇ ਜ਼ਿਕਰ ਤੱਕ ਨਹੀਂ ਸੀ। ਇਸ ਦਾ ਇਹ ਪ੍ਰਭਾਵ ਗਿਆ ਕਿ ਇਹ ਰਿਹਾਈ ਕੇਂਦਰ ਸਰਕਾਰ ਨੇ ਕੀਤੀ ਹੈ।

# ਅਸਤੀਫਿਆਂ ਦੇ ਹੜ੍ਹ ਨਾਲ ਸ਼੍ਰੋਮਣੀ ਕਮੇਟੀ ਨੂੰ ਹੱਥਾਂ ਪੈਰਾਂ ਦੀ ਪਈ



**ਫਤਹਿਗੜ੍ਹ ਸਾਹਿਬ:** ਮੁਆਫੀ ਤੇ ਬੇਅਦਬੀ ਕਾਂਡ ਕਰ ਕੇ ਮੈਂਬਰਾਂ ਦੇ ਲਗਾਤਾਰ ਆ ਰਹੇ ਅਸਤੀਫਿਆਂ ਤੋਂ ਸ਼੍ਰੋਮਣੀ ਕਮੇਟੀ ਫਿਕਰਮੰਦ ਹੈ। ਰੋਸ ਵਜੋਂ ਤਕਰੀਬਨ ਦਰਜਨ ਕਮੇਟੀ ਮੈਂਬਰ ਅਸਤੀਫੇ ਦੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਕ ਤੋਂ ਬਾਅਦ ਇਕ ਮੀਟਿੰਗ ਕਰ ਕੇ ਮੈਂਬਰਾਂ ਨੂੰ ਵੀ ਇਕਜੁਟ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ। ਮੀਟਿੰਗ ਵਿਚ ਅਪੀਲ ਕੀਤੀ ਗਈ ਕਿ ਜਿਨ੍ਹਾਂ ਕਮੇਟੀ ਮੈਂਬਰਾਂ ਨੇ ਅਸਤੀਫੇ ਦਿੱਤੇ ਹਨ, ਉਹ ਆਪਣੇ ਅਸਤੀਫੇ ਤੁਰੰਤ ਵਾਪਸ ਲੈਣ। ਅੰਤ੍ਰਿੰਗ ਕਮੇਟੀ ਦੇ ਸਮੂਹ ਮੈਂਬਰਾਂ ਨੇ ਸਾਂਝੇ ਰੂਪ ਵਿਚ ਮਤਾ ਪਾਸ ਕੀਤਾ ਕਿ ਬਰਗਾੜੀ, ਬਹਿਬਲ ਤੇ ਕੋਟਕਪੂਰਾ ਚੌਕ ਵਿਚ ਸ਼ਾਂਤਮਈ ਤਰੀਕੇ ਨਾਲ ਰੋਸ ਧਰਨਾ ਦੇ ਰਹੀਆਂ ਸੰਗਤਾਂ ਉਤੇ ਜਿਸ ਢੰਗ ਨਾਲ ਪੁਲਿਸ ਵੱਲੋਂ ਅੰਨ੍ਹੇਵਾਹ ਲਾਠੀਚਾਰਜ, ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਤੇ ਬਿਨਾ ਵਜ੍ਹਾ ਗੋਲੀਆਂ ਚਲਾਈਆਂ ਗਈਆਂ ਹਨ, ਇਹ ਸਿੱਧੇ ਰੂਪ ਵਿਚ ਅਣਮਨੁੱਖੀ ਕਾਰਵਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਮੁੱਚੀ ਇਕੱਤਰਤਾ ਵੱਲੋਂ ਸਰਬ ਸੰਮਤੀ ਨਾਲ ਇਨ੍ਹਾਂ ਘਟਨਾਵਾਂ ਪ੍ਰਤੀ ਮਤਾ ਪਾਸ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਜਿਹੜੇ ਪੁਲਿਸ ਅਧਿਕਾਰੀਆ, ਕਰਮਚਾਰੀਆਂ ਨੇ ਇਹ ਕਾਰਾ ਕੀਤਾ ਹੈ, ਉਨ੍ਹਾਂ ਵਿਰੁੱਧ ਪਰਚੇ ਦਰਜ ਕਰਕੇ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਦੱਸਣਯੋਗ ਹੈ ਕਿ ਰੋਸ ਵਜੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਲਗਾਤਾਰ ਅਸਤੀਫੇ ਦਿੱਤੇ ਜਾ ਰਹੇ ਹਨ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਉੱਤਰ ਪ੍ਰਦੇਸ਼ ਤੋਂ ਮਨੋਨੀਤ ਮੈਂਬਰ ਚਰਨਜੀਤ ਸਿੰਘ ਜੱਸੋਵਾਲ, ਬਾਬਾ ਬੂਟਾ ਸਿੰਘ ਗੁਰਥੜੀ, ਬੀਬੀ ਰਾਜਿੰਦਰ ਕੌਰ, ਗੁਰਪ੍ਰੀਤ ਸਿੰਘ ਰੰਧਾਵਾ ਤੇ ਬਾਬਾ ਸੁਖਚੈਨ ਸਿੰਘ ਧਰਮਪੁਰਾ ਸ਼ਾਮਲ ਹਨ। ਇਸ ਤੋਂ ਪਹਿਲਾਂ ਮਹਿੰਦਰ ਸਿੰਘ ਹੁਸੈਨਪੁਰ, ਮੁਖਤਿਆਰ ਕੌਰ, ਗੁਰਪਾਲ ਸਿੰਘ ਗੋਰਾ, ਬਾਬਾ ਅਵਤਾਰ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਬੀਬੀ ਜਸਪਾਲ ਕੌਰ ਤੇ ਗੁਰਬਖਸ਼ ਸਿੰਘ ਖਾਲਸਾ ਮੈਂਬਰੀ ਤੋਂ ਅਸਤੀਫੇ ਦੇ ਗਏ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਮਦਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪਾਵਨ ਸਰੂਪ ਦੀ ਬੇਅਦਬੀ ਦੇ ਰੋਸ ਵਿਚ ਪਿੰਡ ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਗੁਰਜੀਤ ਸਿੰਘ ਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਦੇ ਵਾਰਸਾਂ ਨੂੰ ਦਸ-ਦਸ ਲੱਖ ਰੁਪਏ ਦੀ ਮਾਇਕ ਸਹਾਇਤਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਪੂਰੀ ਤਰ੍ਹਾਂ ਤਤਪਰ ਹੈ।

# ਸ਼੍ਰੋਮਣੀ ਕਮੇਟੀ ਨੇ ਵਿਸ਼ਵ ਪੰਜਾਬੀ ਸੰਮੇਲਨ ਟਾਲਿਆ

**ਅੰਮ੍ਰਿਤਸਰ:** ਮੁਆਫੀ ਤੇ ਬੇਅਦਬੀ ਕਾਂਡ ਕਰਕੇ ਲੋਕਾਂ ਦੇ ਰੋਹ ਨੂੰ ਵੇਖਦਿਆਂ ਸ਼੍ਰੋਮਣੀ ਕਮੇਟੀ ਨੇ ਵਿਸ਼ਵ ਪੰਜਾਬੀ ਸੰਮੇਲਨ ਅੱਗੇ ਪਾ ਦਿੱਤਾ ਹੈ। ਇਹ ਸੰਮੇਲਨ 23-24 ਅਕਤੂਬਰ ਨੂੰ ਹੋਣਾ ਸੀ, ਪਰ ਹੁਣ ਇਸ ਨੂੰ ਇਕ ਮਹੀਨੇ ਲਈ ਟਾਲ ਦਿੱਤਾ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਮੌਜੂਦਾ ਹਾਲਤ 'ਤੇ ਵਿਚਾਰ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਫਤਹਿਗੜ੍ਹ ਸਾਹਿਬ ਵਿਖੇ 23-24 ਅਕਤੂਬਰ ਨੂੰ ਰੱਖੇ 'ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ' ਨੂੰ ਇਕ ਮਹੀਨੇ ਲਈ ਅੱਗੇ ਪਾ ਦਿੱਤਾ ਗਿਆ ਹੈ। ਕਾਬਲੇਗੌਰ ਹੈ ਕਿ ਇਸ ਕਾਨਫਰੰਸ ਵਿਚ ਵਿਦੇਸ਼ਾਂ ਵਿਚੋਂ ਵੀ ਵਿਦਵਾਨਾਂ ਨੇ ਹਿੱਸਾ ਲੈਣਾ ਸੀ। ਸ਼੍ਰੋਮਣੀ ਕਮੇਟੀ ਨੂੰ ਖਦਸ਼ਾ ਸੀ ਕਿ ਇਸ ਮੰਚ ਨੂੰ ਵਿਰੋਧੀ ਵਿਚਾਰਾਂ ਵਾਲੇ ਵਰਤ ਸਕਦੇ ਹਨ। ਇਸ ਲਈ ਹਾਲਾਤ ਸ਼ਾਂਤ ਹੋਣ ਤੱਕ ਸੰਮੇਲਨ ਨੂੰ ਟਾਲ ਦਿੱਤਾ ਗਿਆ।

# ਸਰਬਜੀਤ ਦੇ ਪਰਿਵਾਰ ਬਾਰੇ ਛਿੜਿਆ ਵਿਵਾਦ

**ਚੰਡੀਗੜ੍ਹ:** ਪਾਕਿਸਤਾਨ ਦੀ ਕੋਟ ਲੱਖਪੱਤ ਜੇਲ੍ਹ ਵਿਚ ਕਤਲ ਕੀਤੇ ਗਏ ਸਰਬਜੀਤ ਸਿੰਘ ਦੀ ਭੈਣ ਦਲਵੀਰ ਕੌਰ ਉਤੇ ਮੁੜ ਸਵਾਲ ਉਠੇ ਹਨ। ਚੰਡੀਗੜ੍ਹ ਵਿਚ ਸਰਬਜੀਤ ਦੀ



ਸਕੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਬਲਜਿੰਦਰ ਕੌਰ ਨੇ ਕਿਹਾ ਹੈ ਕਿ ਦਲਵੀਰ ਕੌਰ, ਸਰਬਜੀਤ ਸਿੰਘ ਦੀ ਸਕੀ ਭੈਣ ਨਹੀਂ ਹੈ ਤੇ ਉਸ (ਦਲਵੀਰ ਕੌਰ) ਨੇ ਦੁਨੀਆਂ ਨੂੰ ਗੁੰਮਰਾਹ ਕਰਕੇ ਆਪਣੀ ਬੇਟੀ ਸਵਪਨਦੀਪ ਗਿੱਲ ਨੂੰ ਸਰਬਜੀਤ ਦੀ ਬੇਟੀ ਦੱਸ ਕੇ ਤਰਸ ਦੇ ਆਧਾਰ 'ਤੇ ਪੰਜਾਬ ਸਰਕਾਰ ਕੋਲੋਂ ਨਾਇਬ ਤਹਿਸੀਲਦਾਰ ਦੀ ਨੌਕਰੀ ਹਾਸਲ ਕੀਤੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਵਪਨਦੀਪ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ।

ਚੰਡੀਗੜ੍ਹ ਵਿਚ ਬਲਜਿੰਦਰ ਕੌਰ ਤੇ ਸਰਬਜੀਤ ਦੇ ਭਰਾ ਹੋਣ ਦਾ ਦਾਅਵਾ ਕਰਨ ਵਾਲੇ ਹਰਭਜਨ ਸਿੰਘ ਨੇ ਦੱਸਿਆ ਕਿ ਉਹ 10 ਭੈਣ ਭਰਾ ਸਨ, ਜਿਨ੍ਹਾਂ ਵਿਚੋਂ ਪੰਜ ਦੀ ਮੌਤ ਹੋ ਚੁੱਕੀ ਹੈ ਤੇ ਬਾਕੀ ਪੰਜ ਜਿਉਂਦੇ ਹਨ। ਉਨ੍ਹਾਂ ਦਸਤਾਵੇਜ਼ ਦਿਖਾਉਂਦੇ ਹੋਏ ਕਿਹਾ ਕਿ ਸਵਪਨਦੀਪ ਗਿੱਲ ਸਰਬਜੀਤ ਦੀ ਪੁੱਤਰੀ ਨਹੀਂ ਹੈ ਬਲਕਿ ਦਲਵੀਰ ਕੌਰ ਤੇ ਉਸ ਦੇ ਪਤੀ ਬਲਦੇਵ ਸਿੰਘ ਦੀ ਧੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਬਿਨਾਂ ਕਿਸੇ ਪੜਤਾਲ ਤੋਂ ਉਸ ਨੂੰ ਨੌਕਰੀ ਦੇ ਦਿੱਤੀ ਹੈ। ਸਰਬਜੀਤ ਦੀ ਪੁੱਤਰੀ ਪੂਨਮ ਅਟਵਾਲ ਹੈ ਤੇ ਸਰਬਜੀਤ ਦੀ ਵਿਧਵਾ ਸੁਖਪ੍ਰੀਤ ਕੌਰ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਬਜੀਤ ਦੇ ਪਰਿਵਾਰਕ ਰਿਸ਼ਤਿਆਂ ਦੀ ਪੜਤਾਲ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਦੱਸਣਯੋਗ ਹੈ ਕਿ ਪਾਕਿਸਤਾਨ ਦੀ ਕੋਟ ਲੱਖਪੱਤ ਜੇਲ੍ਹ ਵਿਚ ਸਰਬਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਤਰਸ ਦੇ ਆਧਾਰ ਉਤੇ ਉਸ ਦੀ ਬੇਟੀ ਸਵਪਨਦੀਪ ਗਿੱਲ ਨੂੰ ਸਰਕਾਰੀ ਨੌਕਰੀ ਦਿੱਤੀ ਸੀ।

## ਕਮਿਸ਼ਨ ਵੱਲੋਂ '84 ਦੇ ਗੁੜਗਾਓਂ ਪੀੜਤਾਂ ਦੀ ਸੁਣਵਾਈ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹਰਿਆਣੇ ਦੇ ਸ਼ਹਿਰ ਗੁੜਗਾਓਂ ਵਿਚ ਕਤਲ ਕੀਤੇ 47 ਸਿੱਖਾਂ ਤੇ ਸਾੜੇ ਗਏ 292 ਘਰਾਂ ਨਾਲ ਸਬੰਧਤ ਕੇਸਾਂ ਦੀ ਸੁਣਵਾਈ ਜਸਟਿਸ ਟੀ.ਪੀ. ਗਰਗ ਦੀ ਅਦਾਲਤ ਵਿਚ ਹਿਸਾਰ ਵਿਚ ਹੋਈ। ਸੁਣਵਾਈ ਵਿਚ ਡੀ.ਆਰ.ਓ. ਅਜੀਤ ਸਿੰਘ ਤੇ ਤਹਿਸੀਲਦਾਰ ਸੰਜੀਵ ਸਿੰਗਲਾ ਪੇਸ਼ ਹੋਏ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਪੀੜਤਾਂ ਨੂੰ 10 ਤੇ 90 ਹਜ਼ਾਰ ਦੀਆਂ ਦੋ ਕਿਸ਼ਤਾਂ ਵਿਚ ਮੁਆਵਜ਼ਾ ਰਾਸ਼ੀ ਦਿੱਤੀ ਜਾ ਚੁੱਕੀ ਹੈ।

ਸਰਕਾਰੀ ਸੂਚੀ ਨੂੰ ਕਮਿਸ਼ਨ ਸਾਹਮਣੇ ਰੱਖਿਆ ਤੇ ਕਿਹਾ ਕਿ ਜੋ ਮੁਆਵਜ਼ਾ ਕੇਂਦਰ ਨੇ ਮਨਜ਼ੂਰ ਕੀਤਾ ਸੀ, ਉਹ ਪਰਿਵਾਰਾਂ ਨੂੰ ਦਿੱਤਾ ਜਾ ਚੁੱਕਾ ਹੈ। ਉਹ ਹੋਰ ਕਿਸੇ ਕਾਰਵਾਈ ਬਾਰੇ ਕੋਈ ਪੁਖਤਾ ਸਬੂਤ ਪੇਸ਼ ਨਹੀਂ ਕਰ ਸਕੇ। ਜੱਜ ਨੇ ਪਟੌਦੀ ਦੇ ਕੇਸਾਂ ਲਈ ਸਰਕਾਰੀ ਧਿਰ ਨੂੰ ਜੁਆਬ ਦੇਣ ਲਈ 26 ਅਕਤੂਬਰ ਦੀ ਤਰੀਕ ਦੇ ਦਿੱਤੀ ਹੈ। ਅਦਾਲਤ ਦੀ ਕਾਰਵਾਈ ਸੁਣਨ ਉਚੇਚੇ ਤੌਰ 'ਤੇ ਪਹੁੰਚੇ ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਕਮਿਸ਼ਨ ਦੀ ਮਿਆਦ 30 ਸਤੰਬਰ ਨੂੰ ਪੂਰੀ ਹੋ ਚੁੱਕੀ ਹੈ।

ਇਹ ਸੁਣਵਾਈ ਕਮਿਸ਼ਨ ਨੇ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਕੇ ਲਗਾਈ। ਉਨ੍ਹਾਂ ਹਰਿਆਣਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਮਿਸ਼ਨ ਦੀ ਕਾਰਵਾਈ ਨੂੰ ਸੰਵਿਧਾਨਕ ਬਣਾਉਣ ਲਈ ਛੇ ਮਹੀਨੇ ਦਾ ਵਾਧਾ ਕਰੇ ਤਾਂ ਜੋ ਗੁੜਗਾਓਂ ਦੇ ਕੇਸਾਂ ਦਾ ਨਿਪਟਾਰਾ ਹੋ ਸਕੇ।

## ਪੰਜਾਬ ਨੇ ਅਮਰੀਕੀ ਸਫੀਰ ਕੋਲੋਂ ਮੰਗਿਆ ਸਹਿਯੋਗ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਮਰੀਕੀ ਸਫ਼ੀਰ ਰਿਚਰਡ ਵਰਮਾ ਪਾਸੋਂ ਸੂਬੇ ਵਿਚ ਸਿੱਖਿਆ, ਸਿਹਤ ਸੰਭਾਲ, ਖੇਤੀਬਾੜੀ ਤੇ ਫੂਡ ਪ੍ਰੋਸੈਸਿੰਗ, ਸੌਰ ਊਰਜਾ ਤੇ ਹੋਰ ਖੇਤਰਾਂ ਵਿਚ ਸਹਿਯੋਗ ਤੇ ਮਦਦ ਦੀ ਮੰਗ ਕੀਤੀ। ਅਮਰੀਕਾ ਦੇ ਰਾਜਦੂਤ ਨੇ ਮੁੱਖ ਮੰਤਰੀ ਨਿਵਾਸ ਉਤੇ ਸ. ਬਾਦਲ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਮੁੱਖ ਮੰਤਰੀ ਨੇ ਇਹ ਵਿਚਾਰ ਰੱਖੇ।

ਮੁੱਖ ਮੰਤਰੀ ਨੇ ਸ੍ਰੀ ਵਰਮਾ ਨੂੰ ਦੱਸਿਆ ਕਿ ਸੂਬੇ ਵਿਚ ਸਿੱਖਿਆ, ਸਿਹਤ ਸੰਭਾਲ, ਖੇਤੀਬਾੜੀ ਤੇ ਫੂਡ ਪ੍ਰੋਸੈਸਿੰਗ, ਸੌਰ ਊਰਜਾ ਤੇ ਹੋਰ ਖੇਤਰਾਂ ਦਾ ਵਿਸਥਾਰ ਕਰਨ ਦੀ ਅਥਾਹ ਸਮਰੱਥਾ ਹੈ ਤੇ ਵਿਸ਼ਵ ਬੈਂਕ ਦੀ ਹਾਲ ਹੀ ਵਿਚ ਆਈ ਰਿਪੋਰਟ ਵਿਚ 'ਵਪਾਰ ਕਰਨ ਲਈ ਆਸਾਨੀ' ਦੀ ਕੈਟਾਗਰੀ ਵਿਚ ਪੰਜਾਬ ਨੂੰ ਅੱਵਲ ਦਰਜਾ ਦਿੱਤਾ ਗਿਆ ਹੈ। ਉਨ੍ਹਾਂ ਨੇ ਅਮਰੀਕੀ ਰਾਜਦੂਤ ਪਾਸੋਂ 28 ਤੇ 29 ਅਕਤੂਬਰ ਨੂੰ ਮੁਹਾਲੀ ਵਿਖੇ ਕਰਵਾਏ ਜਾ ਰਹੇ ਦੋ ਰੋਜ਼ਾ ਨਿਵੇਸ਼ ਸੰਮੇਲਨ ਵਿਚ ਸ਼ਾਮਲ ਹੋਣ ਲਈ ਅਮਰੀਕਾ ਦੇ ਸਨਅਤਕਾਰਾਂ, ਉੱਦਮੀਆਂ ਤੇ ਵਪਾਰਕ ਮੁਖੀਆਂ ਦਾ ਇਕ ਉੱਚ ਪੱਧਰੀ ਵਫ਼ਦ ਭੇਜਣ ਲਈ ਸਹਿਯੋਗ ਵੀ ਮੰਗਿਆ।

ਸ੍ਰੀ ਵਰਮਾ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਖਿਤੇ ਦੇ ਲੋਕਾਂ ਖਾਸ ਤੌਰ ਉਤੇ ਪੰਜਾਬੀਆਂ ਦੀ ਸਹੂਲਤ ਲਈ ਜਲੰਧਰ ਤੇ ਚੰਡੀਗੜ੍ਹ ਵਿਚ ਅਮਰੀਕੀ ਕਾਂਸਲੇਟ ਦਫਤਰ ਖੋਲ੍ਹਣ ਦਾ ਮਾਮਲਾ ਉਠਾਉਣਗੇ ਕਿਉਂਕਿ ਅਮਰੀਕਾ ਤੇ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰਾ ਰਹਿ ਰਿਹਾ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ੍ਰੀ ਵਰਮਾ ਦਾ ਸਵਾਗਤ ਕਰਦਿਆਂ ਆਖਿਆ ਕਿ ਸ੍ਰੀ ਵਰਮਾ ਦੇ ਜੱਦੀ ਪਿੰਡ ਅੱਪਰਾ (ਜਲੰਧਰ) ਦੇ ਵਿਕਾਸ ਲਈ ਸੂਬਾ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਅਦਾਲਤ ਵੱਲੋਂ ਪੰਜਾਬ ਸਰਕਾਰ ਦੇ ਖਜ਼ਾਨੇ ਦੀ ਕੁਰਕੀ ਦੇ ਹੁਕਮ

**ਮੁਹਾਲੀ:** ਤਕਰੀਬਨ 25 ਸਾਲ ਪਹਿਲਾਂ ਐਸ.ਵਾਈ.ਐਲ. ਨਹਿਰ ਬਣਾਉਣ ਲਈ ਐਕਵਾਇਰ ਕੀਤੀ ਜ਼ਮੀਨ ਦਾ ਵਧਿਆ ਹੋਇਆ ਮੁਆਵਜ਼ਾ ਕਿਸਾਨਾਂ ਨੂੰ ਨਾ ਦੇਣ ਦੇ ਦੋ ਵੱਖ-ਵੱਖ ਮਾਮਲਿਆਂ ਵਿਚ ਅਦਾਲਤ ਨੇ ਪੰਜਾਬ ਸਰਕਾਰ ਦੇ ਖਜ਼ਾਨੇ ਦੇ ਮੁੱਖ ਹੈੱਡ ਨੰਬਰ-2052 ਦੀ ਕੁਰਕੀ ਦੇ ਹੁਕਮ ਦਿੱਤੇ ਹਨ।

ਇਸ ਹੈੱਡ ਨੰਬਰ ਤੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਤਨਖਾਹ ਹੀ ਮਿਲ ਸਕੇਗੀ, ਜਦੋਂਕਿ ਹੋਰ ਖਰਚ 'ਤੇ ਅਦਾਲਤ ਨੇ ਪੂਰੀ ਤਰ੍ਹਾਂ ਨਾਲ ਰੋਕ ਲਗਾ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਐਸ.ਵਾਈ.ਐਲ. ਨਹਿਰ ਬਣਾਉਣ ਲਈ ਸਾਲ 1990-91 ਵਿਚ ਪਿੰਡ ਮਾਣਕ ਮਾਜਰਾ ਦੇ ਵਸਨੀਕਾਂ ਬਲਦੇਵ ਸਿੰਘ, ਗੁਰਦੇਵ ਸਿੰਘ ਤੇ ਛੋਟਾ ਸਿੰਘ ਸਮੇਤ ਹੋਰ ਕਈਆਂ ਦੀ ਜ਼ਮੀਨ ਐਕਵਾਇਰ ਕੀਤੀ ਸੀ। ਕਿਸਾਨਾਂ ਨੂੰ ਪ੍ਰਤੀ ਏਕੜ ਜ਼ਮੀਨ ਬਦਲੇ 50 ਹਜ਼ਾਰ ਰੁਪਏ ਹਰਜਾਨਾ ਦਿੱਤਾ ਗਿਆ। ਮੁਆਵਜ਼ਾ ਘੱਟ ਮਿਲਣ ਨੂੰ ਲੈ ਕੇ ਕਿਸਾਨਾਂ ਨੇ ਰੋਪੜ ਅਦਾਲਤ ਦਾ ਦਰਵਾਜ਼ਾ ਖੜਕਾਇਆ ਤੇ ਅਦਾਲਤ ਨੇ ਕਿਸਾਨਾਂ ਦੇ ਪੱਖ ਵਿਚ ਫੈਸਲਾ ਸੁਣਾਉਂਦਿਆਂ ਪ੍ਰਤੀ ਏਕੜ ਇਕ ਲੱਖ ਰੁਪਏ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ। ਫਿਰ ਕਿਸਾਨ ਮੁਆਵਜ਼ਾ ਘੱਟ ਮਿਲਣ 'ਤੇ ਹਾਈਕੋਰਟ ਪਹੁੰਚੇ, ਹਾਈਕੋਰਟ ਨੇ ਸਾਲ 2012 ਵਿਚ ਮੁਆਵਜ਼ਾ ਵਧਾ ਕੇ ਦੋ ਲੱਖ ਰੁਪਏ ਕਰ ਦਿੱਤਾ, ਪਰ ਕਿਸਾਨਾਂ ਨੂੰ ਸਬੰਧਤ ਵਿਭਾਗ ਨੇ ਪੈਸੇ ਨਾ ਦਿੱਤੇ। ਇਸ ਪਿਛੋਂ 11 ਮਾਰਚ 2013 ਨੂੰ ਵਧੇ ਹੋਏ ਪੈਸੇ ਲੈਣ ਲਈ ਕਿਸਾਨਾਂ ਨੇ ਮੁਹਾਲੀ ਦੀ ਅਦਾਲਤ ਦਾ ਦਰਵਾਜ਼ਾ ਖੜਕਾਇਆ, ਜਿਸ 'ਤੇ ਅਦਾਲਤ ਨੇ ਉਕਤ ਹੁਕਮ ਜਾਰੀ ਕੀਤੇ ਹਨ।

## ਅਸਾਮ ਚੋਣਾਂ ਤੋਂ ਪਹਿਲਾਂ ਉਲਫਾ ਨਾਲ ਸਮਝੌਤੇ ਦੇ ਆਸਾਰ

**ਨਵੀਂ ਦਿੱਲੀ:** ਅਗਲੇ ਸਾਲ ਹੋਣ ਜਾ ਰਹੀਆਂ ਅਸਾਮ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਤੇ ਉਲਫਾ ਦੇ ਗੱਲਬਾਤ ਪੱਖੀ ਧੜੇ ਵਿਚਾਲੇ ਸ਼ਾਂਤੀ ਸਮਝੌਤਾ ਹੋ ਸਕਦਾ ਹੈ। ਇਸ ਸਮਝੌਤੇ ਨਾਲ ਗੜਬੜ ਗ੍ਰਸਤ ਇਸ ਉੱਤਰ-ਪੂਰਬੀ ਰਾਜ ਵਿਚ ਚਾਰ ਦਹਾਕਿਆਂ ਬਾਅਦ ਸ਼ਾਂਤੀ ਆਉਣ ਦੀ ਆਸ ਹੈ। ਕੇਂਦਰ ਸਰਕਾਰ ਦੇ ਨੁਮਾਇੰਦੇ ਪੀ.ਸੀ. ਹਲਦਰ ਤੇ ਉਲਫਾ ਧੜੇ ਦੇ 'ਚੇਅਰਮੈਨ' ਅਰਬਿੰਦ ਰਾਜਖੋਵਾ ਵੱਲੋਂ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ।

## Matrimonial

### ਕੰਨਿਆ ਦੀ ਲੋੜ ਹੈ

US Citizen well educated Sikh girl wanted for a Ghumiyar Amritdhari Sikh, Age 27, 5'-7", Engineer on Work Visa, living in Houston. Cast no bar. Contact, Ph: 281-253-3743 or e-mail: jasvirk.7812@gmail.com 43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510 557 6988 or raj@gfbontime.com 43-46

ਰਾਮਗੜੀਆ ਸਿੱਖ ਗਰੀਨ ਕਾਰਡ ਹੋਲਡਰ ਕੈਲੀਫੋਰਨੀਆ ਰਹਿੰਦੇ ਉਮਰ 24 ਸਾਲ, ਕੱਦ 5'-9", ਲੜਕੇ ਲਈ ਪੜ੍ਹੀ-ਲਿਖੀ ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਸੰਪਰਕ ਕਰੋ, ਫੋਨ: 707-386-3001 41-44

### ਵਰ ਦੀ ਲੋੜ ਹੈ

Looking for US/Canadian citizen Amrithdari Gursikh match for our Amrithdari Keski Dhari daughter, 30, 5'-2", masters in IT. Only Serious enquiries. Email details & photo at harjapneet@gmail.com.

ਸੁੰਦਰ, ਸੁਸ਼ੀਲ, 5'-2", 27 ਸਾਲ ਵਰਮਾ ਕੰਪਿਊਟਰ ਸਾਇੰਸ ਦਾ ਕੋਰਸ ਕਰਦੀ ਅਮੈਰਿਕਨ ਸਿਟੀਜ਼ਨ ਲੜਕੀ ਲਈ ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਵਰਕ/ਸਟੂਡੈਂਟ ਵੀਜ਼ੇ 'ਤੇ ਆਏ ਇੰਜੀਨੀਅਰ, ਡਾਕਟਰ, ਪੜ੍ਹੇ-ਲਿਖੇ ਅਤੇ ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 630-935-1857

ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




For a Free Demo of our new HD Cameras
Please Contact us: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

# ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਾਲਾਤ ਉਤੇ ਤਿੱਖੀ ਨਜ਼ਰ

**ਨਵੀਂ ਦਿੱਲੀ:** ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਫੈਲੇ ਲੋਕ ਰੋਹ ਨੂੰ ਦੇਖਦਿਆਂ ਕੇਂਦਰ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਹਾਲਾਤ 'ਤੇ ਚਿੰਤਾ ਜ਼ਾਹਰ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਾਂਤੀ ਬਹਾਲੀ ਲਈ ਲੋੜੀਂਦੇ ਸਖਤ ਕਦਮ ਚੁੱਕਣ ਦੀ ਹਦਾਇਤ ਕੀਤੀ ਹੈ। ਉਧਰ ਸਿੱਖ ਜਥੇਬੰਦੀਆਂ ਦੀ ਅਗਵਾਈ ਹੇਠ ਲੋਕਾਂ ਵੱਲੋਂ ਸੜਕਾਂ ਜਾਮ ਕਰਕੇ ਰਾਜ ਮਾਰਗਾਂ ਨੂੰ ਠੱਪ ਕੀਤਾ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਫੋਨ 'ਤੇ ਗੱਲਬਾਤ ਕਰਕੇ ਸੂਬੇ ਦੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਸ. ਬਾਦਲ ਨੂੰ ਕੇਂਦਰ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸ੍ਰੀ ਰਾਜਨਾਥ ਸਿੰਘ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸੂਬੇ ਦੇ ਹਾਲਾਤ ਤੋਂ ਜਾਣੂ ਕਰਾਇਆ ਤੇ ਸ. ਬਾਦਲ ਨਾਲ ਹੋਈ ਗੱਲਬਾਤ ਦੇ ਵੇਰਵੇ ਦਿੱਤੇ। ਸੂਤਰਾਂ ਨੇ ਕਿਹਾ ਕਿ ਸ੍ਰੀ ਰਾਜਨਾਥ ਸਿੰਘ ਨੇ ਮੁੱਖ ਮੰਤਰੀ ਨੂੰ ਗੱਲਬਾਤ ਦੌਰਾਨ ਦੱਸਿਆ ਕਿ ਕੇਂਦਰ ਸਰਕਾਰ ਪੰਜਾਬ ਦੇ ਹਾਲਾਤ ਤੋਂ ਫਿਕਰਮੰਦ ਹੈ। ਉਨ੍ਹਾਂ ਸ. ਬਾਦਲ ਨੂੰ ਕਿਹਾ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ। ਉਨ੍ਹਾਂ ਵਾਅਦਾ ਕੀਤਾ ਕਿ ਕੇਂਦਰ ਤਣਾਅ ਨੂੰ ਘਟਾਉਣ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਲਈ ਤਿਆਰ ਹੈ। ਉਧਰ, ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਮੋਗਾ, ਮਾਨਸਾ, ਸੰਗਰੂਰ, ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਤਰਨਤਾਰਨ, ਅਬੋਹਰ, ਹੁਸ਼ਿਆਰਪੁਰ, ਫਗਵਾੜਾ, ਪਟਿਆਲਾ ਤੇ ਹੋਰ ਥਾਵਾਂ ਉਤੇ ਧਰਨੇ ਦੇ ਕੇ ਲੋਕਾਂ ਨੇ ਆਵਾਜਾਈ ਠੱਪ ਕੀਤੀ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਆਪਣੀ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਨਾਲ ਗੱਲਬਾਤ ਕਰਕੇ ਸੂਬੇ ਦੀ ਸਥਿਤੀ ਦਾ ਜਾਇਜ਼ਾ ਲਿਆ। ਸ੍ਰੀ ਸ਼ਰਮਾ ਨੇ ਇਸ ਗੱਲਬਾਤ ਦੀ ਪੁਸ਼ਟੀ ਕੀਤੀ ਹੈ।



### ਸਰਕਾਰ ਨੂੰ ਅਸਥਿਰ ਕਰਨ ਦੀ ਚਾਲ: ਬਾਦਲ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਮੰਨਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਰਾਜ ਭਰ ਦੇ ਲੋਕਾਂ ਵਿਚ ਫੈਲੇ ਰੋਹ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਝੱਲਣਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਰਾਜਨੀਤਕ ਨੁਕਸਾਨ ਦੀ ਭਰਪਾਈ ਸਮਾਂ ਪਾ ਕੇ ਹੀ ਹੋ ਸਕਦੀ ਹੈ। ਕੁਝ ਵਿਦੇਸ਼ੀ ਸ਼ਕਤੀਆਂ ਤੇ ਰਾਜਸੀ ਪਾਰਟੀਆਂ ਅਕਾਲੀ-ਭਾਜਪਾ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੀਆਂ ਹਨ, ਪਰ ਅਸੀਂ ਅਮਨ ਸ਼ਾਂਤੀ ਹਰ ਕੀਮਤ 'ਤੇ ਕਾਇਮ ਰੱਖਣੀ ਹੈ। ਇਸ ਸੰਵੇਦਨਸ਼ੀਲ ਮੁੱਦੇ ਨਾਲ ਜੁੜੇ ਵਿਵਾਦਮਈ ਸਵਾਲਾਂ ਨੂੰ ਸ. ਬਾਦਲ ਨੇ ਆਪਣੇ ਸੁਭਾਅ ਮੁਤਾਬਕ ਟਾਲਣ ਦਾ ਯਤਨ ਤਾਂ ਕੀਤਾ, ਪਰ ਉਹ ਸਪੱਸ਼ਟ ਤੌਰ 'ਤੇ ਲਾਚਾਰ ਦਿਖਾਈ ਦੇ ਰਹੇ ਸਨ। ਮੁੱਖ ਮੰਤਰੀ ਵੱਲੋਂ ਦਿੱਤੇ ਸਵਾਲਾਂ ਦੇ ਜਵਾਬ ਵਿਚ ਇਸ ਬੇਹੱਦ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਦਾ ਹੱਲ ਦਿਖਾਈ ਨਹੀਂ ਦਿੱਤਾ। ਸਰਕਾਰ ਤੇ ਪਾਰਟੀ ਦੀ ਭੂਮਿਕਾ ਸਬੰਧੀ ਜਦੋਂ ਪੁੱਛਿਆ ਗਿਆ ਤਾਂ ਮੁੱਖ ਮੰਤਰੀ ਦੀਆਂ ਗੱਲਾਂ ਤੋਂ ਅਕਾਲੀ ਦਲ ਤੇ ਸਰਕਾਰ ਹਨੇਰੀ ਸੁਰੰਗ ਦੇ ਸਾਹਮਣੇ ਖੜ੍ਹੇ ਦਿਖਾਈ ਦੇ ਰਹੇ ਜਾਪਦੇ ਸਨ।

## ਕਬੱਡੀ ਕੱਪ ਦੀਆਂ ਤਿਆਰੀਆਂ 'ਚ ਜੁਟੀ ਪੰਜਾਬ ਸਰਕਾਰ

**ਬਠਿੰਡਾ:** ਪੰਜਾਬ ਦੇ ਲੋਕ ਨਾਜ਼ੁਕ ਦੌਰ ਵਿਚੋਂ ਲੰਘ ਰਹੇ ਹਨ, ਪਰ ਸਰਕਾਰ ਛੇਵੇਂ ਵਿਸ਼ਵ ਕਬੱਡੀ ਕੱਪ ਦੀ ਤਿਆਰੀ ਵਿਚ ਉਲਝੀ ਪਈ ਹੈ। ਖੇਡ ਵਿਭਾਗ ਨੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਦੇ ਪ੍ਰਬੰਧ ਵਾਸਤੇ ਟੈਂਡਰ ਖੋਲ੍ਹ ਦਿੱਤੇ ਹਨ। ਭਾਰਤ ਦੀ ਕਬੱਡੀ ਟੀਮ ਦੇ ਲੁਧਿਆਣਾ ਵਿਚ ਟਰਾਇਲ ਸ਼ੁਰੂ ਹੋ ਗਏ ਹਨ। ਭਾਰਤੀ ਟੀਮ ਦਾ ਮੈਨੇਜਰ ਤੇ ਹੋਰ ਸਿਆਸੀ ਆਗੂ ਕਬੱਡੀ ਕੱਪ ਦੇ ਸਿਲਸਿਲੇ ਵਿਚ ਵਿਦੇਸ਼ਾਂ ਵਿਚ ਗਏ ਹਨ। ਡਿਪਟੀ ਕਮਿਸ਼ਨਰਾਂ ਵੱਲੋਂ ਕਬੱਡੀ ਕੱਪ ਦੀ ਤਿਆਰੀ ਲਈ ਸਟੇਡੀਅਮਾਂ ਦੇ ਦੌਰੇ ਕੀਤੇ ਜਾ ਰਹੇ ਹਨ।

ਖੇਡ ਵਿਭਾਗ ਵੀ ਆਲਮੀ ਕੱਪ ਵਾਸਤੇ ਸਪਾਂਸਰ ਲੱਭਣ ਵਿਚ ਜੁਟਿਆ ਹੋਇਆ ਹੈ। ਖੇਡ ਵਿਭਾਗ ਵੱਲੋਂ 14 ਤੋਂ 28 ਨਵੰਬਰ ਤੱਕ ਵਿਸ਼ਵ ਕਬੱਡੀ ਕੱਪ ਕਰਾਇਆ ਜਾਣਾ ਹੈ। ਐਤਕੀਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ ਲਈ ਤਿੰਨ ਕੰਪਨੀਆਂ ਫੈਰਿਸਵੀਲ ਮੁੰਬਈ, ਟੱਚਵੁੱਡ ਦਿੱਲੀ ਤੇ ਪਰਸੈਪਟ ਦਿੱਲੀ ਨੇ ਪਹੁੰਚ ਕੀਤੀ ਹੈ। ਸਰਕਾਰ ਵੱਲੋਂ ਉਦਘਾਟਨੀ ਤੇ ਸਮਾਪਤੀ ਸਮਾਰੋਹਾਂ 'ਤੇ ਚਾਰ ਕਰੋੜ ਰੁਪਏ ਖਰਚੇ ਜਾਣੇ ਹਨ, ਜਿਸ ਵਿਚ ਬਾਲੀਵੁੱਡ ਸਿਤਾਰਿਆਂ ਦੀ ਰਾਸ਼ੀ ਵੀ ਸ਼ਾਮਲ ਹੈ।



ਵਿਸ਼ਵ ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਐਤਕੀਂ ਜਲਾਲਾਬਾਦ ਵਿਚ ਹੋਣੇ ਹਨ ਤੇ ਪਿੰਡ ਬਾਦਲ ਵਿਚ ਵੀ ਇਕ ਮੈਚ ਹੋਣਾ ਹੈ। ਡਿਪਟੀ ਕਮਿਸ਼ਨਰ ਫਾਜ਼ਿਲਕਾ ਨੇ ਕਬੱਡੀ ਕੱਪ ਦੀ ਤਿਆਰੀ ਬਾਰੇ ਅਧਿਕਾਰੀਆਂ ਨਾਲ ਦੋ ਮੀਟਿੰਗਾਂ ਕੀਤੀਆਂ ਹਨ। ਡੀ.ਸੀ. ਨੇ ਜਲਾਲਾਬਾਦ ਦੇ ਸਟੇਡੀਅਮ ਦਾ ਜਾਇਜ਼ਾ ਵੀ ਲਿਆ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਮਹਿਰਾਜ ਵਿਚ ਵੀ ਇਕ ਮੈਚ ਹੋਣਾ ਹੈ। ਡਿਪਟੀ ਕਮਿਸ਼ਨਰ ਨੇ ਪਿੰਡ ਮਹਿਰਾਜ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਹੈ। ਡੀ.ਸੀ. ਡਾ. ਬਸੰਤ ਗਰਗ ਨੇ ਕਿਹਾ ਕਿ ਕਬੱਡੀ ਕੱਪ ਦੀ ਮਿਤੀ ਵਿਚ ਬਦਲਾਅ ਦੀ ਕੋਈ ਸੂਚਨਾ ਨਹੀਂ ਆਈ ਹੈ, ਜਿਸ ਕਰਕੇ ਤਿਆਰੀ ਵਿੱਢ ਦਿੱਤੀ ਹੈ।

### ਕਾਲੀ ਸੂਚੀ ਬਾਰੇ ਓਹਲਾ ਰੱਖਣ ਦੇ ਦੋਸ਼

**ਨਵੀਂ ਦਿੱਲੀ:** ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਦੇ ਨਾਵਾਂ ਦੀ ਜਾਣਕਾਰੀ ਵਾਸਤੇ ਲਾਈ ਗਈ ਆਰ.ਟੀ.ਆਈ. ਦਾ ਜਵਾਬ ਨਾ ਦਿੱਤੇ ਜਾਣ ਦੇ ਰਵੱਈਏ ਨੂੰ ਕੇਂਦਰ ਸਰਕਾਰ ਦੀ ਦੋਹਰੀ ਮਾਨਸਿਕਤਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਾਰੀਆਂ ਆਰ.ਟੀ. ਆਈ. ਦੇ ਜਵਾਬ ਦੇਣ ਦੀ ਗੱਲ ਕਰਦੇ ਹਨ, ਪਰ ਦੂਜੇ ਪਾਸੇ ਗ੍ਰਹਿ ਮੰਤਰਾਲੇ ਵੱਲੋਂ ਕਾਲੀ ਸੂਚੀ ਵਿਚ ਸ਼ਾਮਲ ਸਿੱਖਾਂ ਦੇ ਨਾਂ ਦੱਸਣ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਵਿਦੇਸ਼ਾਂ ਵਿਚ ਮਜਬੂਰੀ ਕਾਰਨ ਕਾਨੂੰਨੀ ਤੌਰ 'ਤੇ ਸਿਆਸੀ ਪਨਾਹ ਲੈਣ ਵਾਲੇ ਸਿੱਖਾਂ ਦੇ ਨਾਂ ਦੱਸਣ ਨੂੰ ਕੇਂਦਰ ਸਰਕਾਰ ਖੁਫੀਆ ਜਾਣਕਾਰੀ ਸਮਝਦੀ ਹੈ ਤਾਂ ਫਿਰ ਭਾਰਤ ਵਿਚ ਚੋਰੀ ਛਿਪੇ ਰਹਿ ਰਹੇ ਪਾਕਿਸਤਾਨ, ਬੰਗਲਾ ਦੇਸ਼ ਤੇ ਨੇਪਾਲ ਦੇ ਨਾਗਰਿਕ, ਵੋਟਾਂ ਦੀ ਮਜਬੂਰੀ ਤਹਿਤ ਭਾਰਤੀ ਨਾਗਰਿਕ ਕਿਵੇਂ ਹੋ ਜਾਂਦੇ ਹਨ?



### ਭਾਜਪਾ ਨੇ ਰਾਖਵੇਂਕਰਨ ਬਾਰੇ ਬਦਲੇ ਸੁਰ

**ਪਟਨਾ:** ਬਿਹਾਰ ਵਿਧਾਨ ਸਭਾ ਚੋਣਾਂ ਨੂੰ ਉੱਚ ਜਾਤੀ ਬਨਾਮ ਪਛੜੀ ਜਾਤੀ ਬਣਾਉਣ ਲਈ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਅਨੁਸੂਚਿਤ ਜਾਤੀ, ਜਨਜਾਤੀ ਤੇ ਹੋਰ ਪਛੜੇ ਵਰਗਾਂ ਲਈ ਰਾਖਵੇਂਕਰਨ ਦੀ ਮੌਜੂਦਾ ਨੀਤੀ ਬਾਰੇ ਪ੍ਰਤੀਬੱਧ ਹੈ ਤੇ ਇਸ ਵਿਚ ਕਿਸੇ ਤਰ੍ਹਾਂ ਦੇ ਬਦਲਾਅ ਦੀ ਕੋਈ ਯੋਜਨਾ ਨਹੀਂ ਹੈ।

ਦੱਸਣਯੋਗ ਹੈ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵੱਲੋਂ ਰਾਖਵੇਂਕਰਨ ਦੀ ਸਮੀਖਿਆ ਬਾਰੇ ਦਿੱਤੇ ਬਿਆਨ ਬਾਅਦ ਭਾਜਪਾ ਲਈ ਮੁਸ਼ਕਲ ਖੜ੍ਹੀ ਹੋ ਗਈ ਹੈ। ਭਾਵੇਂ ਭਾਜਪਾ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਬਿਆਨ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ, ਪਰ ਇਸ ਦੇ ਬਾਵਜੂਦ ਨਿਤੀਸ਼ ਤੇ ਲਾਲੂ ਚੋਣ ਰੈਲੀਆਂ ਵਿਚ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਠਾ ਰਹੇ ਹਨ। ਭਾਜਪਾ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਤੇ ਪ੍ਰਧਾਨ ਮੰਤਰੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਰਾਖਵੇਂਕਰਨ ਦੀ ਮੌਜੂਦਾ ਨੀਤੀ ਬਰਕਰਾਰ ਰਹੇਗੀ। ਦੇਸ਼ ਵਿਚ ਪੈਦਾ ਹੋਏ 'ਅਸਹਿਣਸ਼ੀਲਤਾ ਵਾਲੇ ਮਾਹੌਲ' ਖਿਲਾਫ ਸਾਹਿਤਕਾਰਾਂ ਵੱਲੋਂ ਪੁਰਸਕਾਰ ਵਾਪਸ ਕੀਤੇ ਜਾਣ ਬਾਰੇ ਸ੍ਰੀ ਸ਼ਾਹ ਨੇ ਕਿਹਾ ਕਿ ਭਾਜਪਾ ਦਾ ਦਾਦਰੀ ਕਾਂਡ (ਉੱਤਰ ਪ੍ਰਦੇਸ਼) ਤੇ ਤਰਕਸ਼ੀਲ ਲੇਖਕ ਐਮ.ਐਮ. ਕਲਬੁਰਗੀ ਦੀ ਕਰਨਾਟਕ ਵਿਚ ਹੋਈ ਹੱਤਿਆ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਨ੍ਹਾਂ ਦੋਵੇਂ ਰਾਜਾਂ ਵਿਚ ਕ੍ਰਮਵਾਰ ਸਮਾਜਵਾਦੀ ਪਾਰਟੀ ਤੇ ਕਾਂਗਰਸ ਦੀ ਸਰਕਾਰ ਹੈ। ਨਿਤੀਸ਼ ਕੁਮਾਰ ਨੂੰ ਰਗੜੇ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਮੁੱਖ ਮੰਤਰੀ ਵੱਲੋਂ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਬਿਹਾਰ ਵਾਸੀਆਂ ਨੂੰ ਹਾਲੇ ਵੀ ਸਿੱਖਿਆ, ਸਿਹਤ ਸਹੂਲਤਾਂ ਤੇ ਰੁਜ਼ਗਾਰ ਲਈ ਹੋਰ ਸੂਬਿਆਂ ਵਿਚ ਜਾਣਾ ਪੈਂਦਾ ਹੈ।

### ਆਰਥਿਕ ਤੌਰ 'ਤੇ ਟੁੱਟੇ ਕਿਸਾਨ ਵੱਲੋਂ ਖੁਦਕੁਸ਼ੀ

**ਬੁਢਲਾਡਾ:** ਚਿੱਟੇ ਮੱਛਰ ਦੀ ਮਾਰ ਕਾਰਨ ਨਰਮੇ ਦੀ ਖਰਾਬ ਹੋਈ ਫਸਲ ਤੋਂ ਦੁਖੀ ਤੇ ਆਰਥਿਕ ਤੌਰ 'ਤੇ ਟੁੱਟ ਚੁੱਕੇ ਪਿੰਡ ਮੱਲ ਸਿੰਘ ਵਾਲਾ ਦਾ ਕਿਸਾਨ ਗੁਰਪ੍ਰੀਤ ਸਿੰਘ (28 ਸਾਲ) ਪੁੱਤਰ ਮਿੱਠੂ ਸਿੰਘ ਜ਼ਿੰਦਗੀ ਨੂੰ ਅਲਵਿਦਾ ਆਖ ਗਿਆ ਹੈ। ਉਸ ਨੇ ਛੇ ਕਨਾਲ ਵਿਚ ਨਰਮਾ ਬੀਜਿਆ ਸੀ, ਜੋ ਚਿੱਟੇ ਮੱਛਰ ਦੀ ਮਾਰ ਹੇਠ ਆ ਗਿਆ। ਫਸਲ ਮਰਨ ਤੋਂ ਦੁਖੀ ਇਸ ਗਰੀਬ ਕਿਸਾਨ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ।

## ਮੁਹਾਲੀ ਕੌਮਾਂਤਰੀ ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਸ਼ੁਰੂ

**ਚੰਡੀਗੜ੍ਹ:** ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਘਰੇਲੂ ਉਡਾਣਾਂ ਦੀ ਸ਼ੁਰੂਆਤ ਹੋ ਗਈ ਹੈ। ਹੁਣ ਪੁਰਾਣੇ ਟਰਮੀਨਲਾਂ ਤੋਂ ਫਲਾਈਟਾਂ ਬੰਦ ਹੋ ਗਈਆਂ ਹਨ ਤੇ ਨਵੇਂ ਟਰਮੀਨਲਾਂ ਤੋਂ ਉੱਡ ਰਹੀਆਂ ਹਨ। ਏਅਰਪੋਰਟ ਤੋਂ ਪਹਿਲੀ ਉਡਾਣ ਇੰਡੀਗੋ ਏਅਰਲਾਈਨ ਦੇ ਏ-320 ਹਵਾਈ ਜਹਾਜ਼ ਨੇ ਭਰੀ ਹੈ। ਏਅਰਪੋਰਟ ਦੀ ਰਸਮੀ ਸ਼ੁਰੂਆਤ ਹੋਣ ਕਾਰਨ ਸੀ.ਟੀ.ਯੂ. ਨੇ ਬੱਸ ਸੇਵਾ ਵੀ ਸ਼ੁਰੂ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਮੁਤਾਬਕ ਜਲਦ ਹੀ ਥਾਈਲੈਂਡ ਤੇ ਦੁਬਈ ਨੂੰ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ, ਪਰ ਪੱਛਮੀ ਦੇਸ਼ਾਂ ਲਈ ਇਹ ਸਹੂਲਤ ਅਗਲੇ ਸਾਲ ਤੱਕ ਮਿਲਣ ਦੀ ਸੰਭਾਵਨਾ ਹੈ। ਵਰਣਨਯੋਗ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਤੋਂ ਵਿਦੇਸ਼ਾਂ ਨੂੰ ਜਾਣ ਲਈ ਨਵੀਂ ਦਿੱਲੀ ਜਾਣਾ ਪੈਂਦਾ ਸੀ। ਚੰਡੀਗੜ੍ਹ ਹਵਾਈ ਅੱਡੇ ਤੋਂ ਸਿੱਧੀ ਉਡਾਣ ਸ਼ੁਰੂ ਹੋਣ ਸਮੇਂ ਵਿਦੇਸ਼ ਜਾਣ ਵਾਲਿਆਂ ਲਈ ਸਫਰ ਹੋਰ ਸੌਖਾ ਹੋ ਜਾਵੇਗਾ। ਮੁਹਾਲੀ ਦੇ ਇਸ ਕੌਮਾਂਤਰੀ ਏਅਰਪੋਰਟ ਦਾ ਰਸਮੀ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ। ਮੰਨਿਆ ਜਾ ਰਿਹਾ ਹੈ ਕਿ ਇਸ ਏਅਰਪੋਰਟ ਦੀ ਸ਼ੁਰੂਆਤ ਨਾਲ ਉੱਤਰੀ ਭਾਰਤੀ ਹੋਟਲ ਤੇ ਸੈਰ ਸਪਾਟਾ ਸਨਅਤ ਨੂੰ ਕਾਫੀ ਫਾਇਦਾ ਹੋਵੇਗਾ।



## ਵਾਲਮਾਰਟ ਨੇ ਭਾਰਤ 'ਚ ਕਰੋੜਾਂ ਡਾਲਰ ਦੀ ਰਿਸ਼ਵਤ ਦਿੱਤੀ: ਰਿਪੋਰਟ

**ਵਾਸ਼ਿੰਗਟਨ:** ਅਮਰੀਕਾ ਦੀ ਬਹੁ-ਰਾਸ਼ਟਰੀ ਪ੍ਰਚੂਨ ਕੰਪਨੀ ਵਾਲਮਾਰਟ 'ਤੇ ਸ਼ੱਕ ਹੈ ਕਿ ਉਸ ਨੇ ਭਾਰਤ ਵਿਚ ਕਰੋੜਾਂ ਰੁਪਏ ਦੀ ਰਿਸ਼ਵਤ ਦਿੱਤੀ ਹੈ।

ਅਮਰੀਕੀ ਮੀਡੀਆ ਦੀ 'ਵਾਲ ਸਟਰੀਟ ਜਨਰਲ' ਦੀ ਖਬਰ ਅਨੁਸਾਰ ਭਾਰਤ ਵਿਚ ਵਾਲਮਾਰਟ ਦੇ ਜਿਸ ਸ਼ੱਕੀ ਰਿਸ਼ਵਤ ਮਾਮਲੇ ਦਾ ਖੁਲਾਸਾ ਹੋਇਆ ਹੈ, ਉਸ ਅਨੁਸਾਰ ਕੰਪਨੀ ਵਿਚ ਛੋਟੇ ਅਹੁਦਿਆਂ 'ਤੇ ਕੰਮ ਕਰਨ ਵਾਲੇ ਸਥਾਨਕ ਕਰਮਚਾਰੀਆਂ ਨੂੰ ਥੋੜੀ-ਥੋੜੀ ਰਕਮ ਦਾ ਹਜ਼ਾਰਾਂ ਵਾਰ ਭੁਗਤਾਨ ਕੀਤਾ ਗਿਆ ਜੋ ਪੰਜ ਤੋਂ ਲੈ ਕੇ 200 ਡਾਲਰ ਤੱਕ ਸੀ। ਇਹ ਭੁਗਤਾਨ ਇਸ ਲਈ ਕੀਤਾ ਗਿਆ ਤਾਂ ਜੋ ਕਸਟਮ ਵਿਭਾਗ ਤੋਂ ਸਾਮਾਨ ਛੁਡਵਾਇਆ ਜਾ ਸਕੇ ਜਾਂ ਜ਼ਮੀਨ-ਜਾਇਦਾਦ ਸਬੰਧੀ ਮਨਜ਼ੂਰੀ ਲਈ ਜਾ ਸਕੇ। ਇਨ੍ਹਾਂ ਛੋਟੇ-ਛੋਟੇ ਭੁਗਤਾਨਾਂ ਦਾ ਜੋੜ ਕਰੋੜਾਂ ਡਾਲਰ ਬਣ ਜਾਂਦਾ ਹੈ। ਵਾਲਮਾਰਟ ਜਿਸ ਨੇ 2007 ਵਿਚ ਭਾਰਤੀ ਇੰਟਰਪ੍ਰਾਈਜਿਜ਼ ਲਿ. ਨਾਲ ਪ੍ਰਚੂਨ ਖੇਤਰ ਵਿਚ ਸੰਯੁਕਤ ਰੂਪ ਵਿਚ ਸਟੋਰ ਖੋਲ੍ਹਣ ਦੀ ਯੋਜਨਾ ਬਣਾਈ ਸੀ, ਨੂੰ 2013 ਵਿਚ ਰੱਦ ਕਰ ਦਿੱਤਾ ਸੀ ਤੇ ਭਾਰਤ ਵਿਚ ਸਿਰਫ ਥੋਕ ਵਿਕ੍ਰੇਤਾ ਬਣਨ ਦਾ ਫੈਸਲਾ ਕੀਤਾ ਸੀ

## ਮਗਨਰੇਗਾ ਵਾਲਾ ਪੈਸਾ ਕਢਵਾਉਣ 'ਚ ਅਸਫਲ ਰਹੀ ਪੰਜਾਬ ਸਰਕਾਰ

**ਚੰਡੀਗੜ੍ਹ:** ਰੁਜ਼ਗਾਰ ਗਰੰਟੀ ਵਜੋਂ ਸ਼ੁਰੂ ਹੋਈ ਦੁਨੀਆਂ ਦੀ ਸਭ ਤੋਂ ਵੱਡੀ ਯੋਜਨਾ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ ਯੋਜਨਾ (ਮਗਨਰੇਗਾ) ਨੂੰ ਲਾਗੂ ਕਰਨ ਦੇ ਮਾਮਲੇ ਵਿਚ ਪੰਜਾਬ ਪਛੜ ਗਿਆ ਹੈ। ਪੰਜਾਬ ਇਸ ਸਕੀਮ ਤਹਿਤ ਪਿਛਲੇ ਸਾਲ ਦੌਰਾਨ ਕੇਂਦਰ ਤੋਂ ਸਿਰਫ 247 ਕਰੋੜ ਹੀ ਪ੍ਰਾਪਤ ਕਰ ਸਕਿਆ ਹੈ ਜਦੋਂਕਿ ਇਸ ਰਾਹੀਂ 1000 ਕਰੋੜ ਤੋਂ ਵੀ ਵੱਧ ਪ੍ਰਾਪਤ ਹੋ ਸਕਦੇ ਹਨ। ਸਰਕਾਰ ਦੀ ਇਸ ਨਾਕਾਮੀ ਕਾਰਨ ਸੂਬੇ ਦੇ ਅਰਥਚਾਰੇ ਨੂੰ ਨੁਕਸਾਨ ਪਹੁੰਚਿਆ ਹੈ। ਇਸ ਹਕੀਕਤ ਨੂੰ ਕਿਸੇ ਹੋਰ ਨੇ ਨਹੀਂ ਬਲਕਿ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਖੁਦ ਮੰਨਿਆ ਹੈ।



ਸਰਕਾਰੀ ਤੰਤਰ ਦੀ ਮਗਨਰੇਗਾ ਬਾਰੇ ਬੇਰੁਖੀ ਦਾ ਆਲਮ ਇਹ ਹੈ ਕਿ ਲੋਕਾਂ ਨੂੰ ਪੂਰੀ ਜਾਣਕਾਰੀ ਦੇਣਾ ਤਾਂ ਦੂਰ ਦੀ ਗੱਲ ਹੈ ਬਲਕਿ ਅਜੇ ਤੱਕ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾ ਰਹੇ ਡੀ.ਸੀ., ਏ.ਡੀ.ਸੀ. (ਵਿਕਾਸ) ਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਤੱਕ ਨੂੰ ਕਾਨੂੰਨ ਤੇ ਇਸ ਦੇ ਤਹਿਤ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪੂਰੀ ਜਾਣਕਾਰੀ ਨਹੀਂ ਹੈ। ਅਧਿਕਾਰੀਆਂ ਦਾ ਇਹ ਰੁਖ਼ ਦੇਖ ਕੇ ਪੰਚਾਇਤ ਸਕੱਤਰ, ਪੰਚਾਇਤਾਂ ਤੇ ਹੋਰ ਸਬੰਧਤ ਜ਼ਿੰਮੇਵਾਰ ਲੋਕ ਵੀ ਇਸ ਯੋਜਨਾ ਨੂੰ ਬੋਝ ਦੀ ਤਰ੍ਹਾਂ ਦੇਖ ਰਹੇ ਹਨ। ਪੰਜਾਬ ਵਿਚ ਸਾਰੇ ਜ਼ਿਲ੍ਹਾ, ਤਹਿਸੀਲ ਤੇ ਪਿੰਡ ਪੱਧਰ ਉੱਤੇ ਮਗਨਰੇਗਾ ਤਹਿਤ ਕੰਮ ਦੀ ਮੰਗ, ਕੀਤੇ ਗਏ ਕੰਮ ਦੇ ਪੈਸੇ ਲੈਣ ਤੇ ਕੰਮ ਨਾ ਦੇਣ ਉਤੇ ਕਾਨੂੰਨੀ ਤੌਰ 'ਤੇ ਮਿਲਣ ਵਾਲੇ ਬੇਰੁਜ਼ਗਾਰੀ ਭੱਤੇ ਦੀ ਮੰਗ ਕਰਦੇ ਮੁਜ਼ਾਹਰੇ ਆਏ ਦਿਨ ਹੋ ਰਹੇ ਹਨ। ਮਗਨਰੇਗਾ ਦੇ ਪੈਸੇ ਦੇ ਘੋਟਾਲੇ ਅਧੀਨ ਕਈ ਬੀ.ਡੀ.ਪੀ.ਓ. ਤੇ ਹੋਰ ਅਧਿਕਾਰੀ ਭ੍ਰਿਸ਼ਟਾਚਾਰ ਦੇ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ। ਲੋਕ ਸਭਾ ਦੀ ਲੋਕ ਲੇਖਾ ਕਮੇਟੀ ਵੱਲੋਂ ਵੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਗਏ ਸਨ। ਪੰਜਾਬ ਦੀ ਪੇਂਡੂ ਅਰਥਵਿਵਸਥਾ ਡਿੱਕੇ-ਡੋਲੇ ਖਾ ਰਹੀ ਹੈ। ਖੇਤੀ ਅਰਥ ਵਿਵਸਥਾ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਹਿੱਸਾ 22 ਫੀਸਦੀ ਤੱਕ ਰਹਿ ਗਿਆ ਹੈ। ਸੱਠ ਫੀਸਦੀ ਦੇ ਕਰੀਬ ਆਬਾਦੀ ਪਿੰਡਾਂ ਵਿਚ ਰਹਿ ਰਹੀ ਹੈ ਤੇ ਸਮਾਜਿਕ, ਆਰਥਿਕ ਤੇ ਜਾਤੀਗਤ ਜਨਗਣਨਾ ਦੇ ਅਨੁਸਾਰ ਸੂਬੇ ਦੇ ਕੁੱਲ 32 ਲੱਖ ਪੇਂਡੂ ਪਰਿਵਾਰਾਂ ਵਿਚੋਂ 73 ਫੀਸਦੀ ਪੰਜ ਹਜ਼ਾਰ ਰੁਪਏ ਮਹੀਨੇ ਤੋਂ ਵੀ ਘੱਟ ਉੱਤੇ ਗੁਜ਼ਾਰਾ ਕਰ ਰਹੇ ਹਨ।

ਸਰਕਾਰੀ ਤੱਥਾਂ ਅਨੁਸਾਰ ਪੰਜਾਬ ਵਿਚ 31 ਫੀਸਦੀ ਕਿਸਾਨ ਪਰਿਵਾਰਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਮਜ਼ਦੂਰਾਂ ਤੇ ਛੋਟੇ ਕਿਸਾਨਾਂ ਨੂੰ ਮਿਲਾ ਕੇ ਵੀਹ ਲੱਖ ਤੋਂ ਵੱਧ ਪੇਂਡੂ ਪਰਿਵਾਰ ਮਗਨਰੇਗਾ ਦਾ ਲਾਭ ਉਠਾ ਸਕਦੇ ਹਨ।

# ‘84 ਮਾਮਲੇ ਬਾਰੇ ਕਲੋਜ਼ਰ ਰਿਪੋਰਟ ਰੱਦ ਕਰਨ ਦੀ ਮੰਗ

**ਨਵੀਂ ਦਿੱਲੀ:** ਸੀ.ਬੀ.ਆਈ. ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਦਿੱਤੀ ਕਲੀਨ ਚਿੱਟ ਦਾ ਪੀੜਤ ਧਿਰ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਤੇ ਮੰਗ ਕੀਤੀ ਗਈ ਕਿ ਅਦਾਲਤ ਇਸ ਕਲੋਜ਼ਰ ਰਿਪੋਰਟ ਨੂੰ ਨਾਮਨਜ਼ੂਰ ਕਰੇ।

ਕੜਕੜਡੂਮਾ ਦੀ ਅਦਾਲਤ ਵਿਚ ਨਵੰਬਰ 1984 ਨਾਲ ਜੁੜੇ ਮਾਮਲੇ ਵਿਚ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦਿੰਦੀ ਪ੍ਰੋਟੈਸਟ ਪਟੀਸ਼ਨ ‘ਤੇ ਵਧੀਕ ਚੀਫ ਮੈਟਰੋਪੋਲਿਟਨ ਮੈਜਿਸਟਰੇਟ ਐਸ. ਪੀ. ਐਸ. ਲਰੇਰੇ ਦੀ ਅਦਾਲਤ ਵਿਚ ਸੁਣਵਾਈ ਹੋਈ ਤੇ ਅਦਾਲਤ ਨੇ ਸੀ.ਬੀ.ਆਈ. ਤੋਂ ਪੁੱਛਿਆ ਕਿ ਜਗਦੀਸ਼ ਟਾਈਟਲਰ ਵਿਰੁੱਧ ਗਵਾਹਾਂ ਨੂੰ ਪੈਸੇ ਨਾਲ ਪ੍ਰਭਾਵਿਤ ਕਰਨ ਤੇ ਹਵਾਲਾ ਰਾਹੀਂ ਪੈਸੇ ਵਿਦੇਸ਼ ਭੇਜਣ ਬਾਰੇ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਨੂੰ ਲੈ ਕੇ ਜਾਂਚ ਏਜੰਸੀ ਨੇ ਕੀ ਕਾਰਵਾਈ ਕੀਤੀ ਹੈ? ਜ਼ਿਕਰਯੋਗ ਹੈ ਕਿ ਅਭਿਸ਼ੇਕ ਵਰਮਾ ਨਾਂ ਦੇ ਕਿਸੇ ਹੋਰ ਮਾਮਲੇ ਵਿਚ ਫਸੇ ਬੰਦੇ ਨੇ ਗਵਾਹੀ ਦਿੱਤੀ ਸੀ ਕਿ ਗਵਾਹ ਸੁਰਿੰਦਰ ਸਿੰਘ ਹੈੱਡ ਗ੍ਰੰਥੀ ਨੂੰ ਗਵਾਹੀ ਤੋਂ ਮੁਕਰਨ ਲਈ ਪੈਸੇ ਦਾ ਲੈਣ-ਦੇਣ ਹੋਇਆ ਸੀ ਤੇ ਉਸ ਦੇ ਪੁੱਤਰ ਨੂੰ ਵਿਦੇਸ਼ ਭੇਜਣ ਦਾ ਸੌਦਾ ਹੋਇਆ ਸੀ।

ਇਸ ਮਾਮਲੇ ਦੀ ਅਗਲੀ ਸੁਣਵਾਈ 28 ਅਕਤੂਬਰ ਨੂੰ ਹੋਵੇਗੀ ਜਿਸ ਵਿਚ ਸੀ.ਬੀ.ਆਈ. ਕਲੋਜ਼ਰ ਰਿਪੋਰਟ ਦੇ ਇਨ੍ਹਾਂ ਤੱਥਾਂ ਦੇ ਜਵਾਬ ਅਦਾਲਤ ਵਿਚ ਪੇਸ਼ ਕਰੇਗੀ। ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਮੰਗ ਕੀਤੀ ਸੀ ਕਿ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਜਾਣ ਕਿ ਟਾਈਟਲਰ ਖ਼ਿਲਾਫ਼ ਗਵਾਹਾਂ ਨੂੰ ਪ੍ਰਭਾਵਿਤ ਕਰਨ ਤੇ ਹਵਾਲਾ ਜ਼ਰੀਏ ਧਨ ਵਿਦੇਸ਼ ਭੇਜਣ ਦਾ ਮਾਮਲਾ ਦਰਜ ਕੀਤਾ ਜਾਵੇ।

# ਦਲਿਤ ਪਰਿਵਾਰ ਨੂੰ ਅੱਗ ਲਾਈ, ਦੋ ਬੱਚਿਆਂ ਦੀ ਮੌਤ

**ਫਰੀਦਾਬਾਦ:** ਕੁਝ ਸ਼ਰਾਰਤੀ ਅਨਸਰਾਂ ਨੇ ਦਲਿਤ ਪਰਿਵਾਰ ਨੂੰ ਅੱਗ ਲਗਾ ਦਿੱਤੀ ਜਿਸ ਦੌਰਾਨ ਦੋ ਬੱਚਿਆਂ ਦੀ ਮੌਤ ਹੋ ਗਈ ਜਦਕਿ ਉਨ੍ਹਾਂ ਦੇ ਮਾਤਾ ਪਿਤਾ ਗੰਭੀਰ ਰੂਪ ਵਿਚ ਝੁਲਸ ਗਏ। ਪੁਲਿਸ ਨੇ ਇਸ ਸਬੰਧੀ 11 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਦੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ-ਬੁੱਧਵਾਰ ਦੀ ਰਾਤ ਦੋ ਵਜੇ ਦਿੱਲੀ ਦੇ ਬਾਹਰੀ ਇਲਾਕੇ ਦੇ ਸੁਨਪੜ ਪਿੰਡ ਵਿਚ ਵਾਪਰੀ। ਹਮਲਾਵਰਾਂ ਨੇ ਘਰ ‘ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਜਿਸ ਵਿਚ ਢਾਈ ਸਾਲ ਦਾ ਵੈਭਵ ਅਤੇ ਉਸ ਦੀ 11 ਮਹੀਨਿਆਂ ਦੀ ਭੈਣ ਦਿਵਿਆ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਬੱਚਿਆਂ ਦੀ ਮਾਂ ਰੇਖਾ 70 ਫੀਸਦੀ ਸੜ ਗਈ ਹੈ ਤੇ ਉਸ ਨੂੰ ਇਲਾਜ ਲਈ ਦਿੱਲੀ ਲਿਜਾਇਆ ਗਿਆ ਹੈ ਜਦਕਿ ਉਨ੍ਹਾਂ ਦਾ ਪਿਤਾ ਜਿਤੇਂਦਰ ਵੀ ਪਰਿਵਾਰ ਨੂੰ ਬਚਾਉਂਦਿਆਂ ਝੁਲਸ ਗਿਆ ਹੈ। ਜਿਤੇਂਦਰ ਸਿੰਘ ਨੇ ਦੋਸ਼ ਲਾਇਆ ਕਿ ਹਮਲਾਵਰ ਰਾਜਪੂਤ ਜਾਤੀ ਤੋਂ ਸਨ ਅਤੇ ਅਕਤੂਬਰ ਵਿਚ ਉਨ੍ਹਾਂ ਨਾਲ ਉਸ ਦਾ ਝਗੜਾ ਹੋਇਆ ਸੀ ਜਿਸ ਮਗਰੋਂ ਕੇਸ ਵੀ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਇਸ ਮਾਮਲੇ ਵਿਚ ਸੁਨਪੜ ਦੇ ਵਸਨੀਕ ਬਲਵੰਤ ਸਿੰਘ ਅਤੇ ਉਸ ਦੇ ਲੜਕੇ ਧਰਮ ਸਿੰਘ ਸਮੇਤ 11 ਅਣਜਾਣ ਲੋਕਾਂ ਖ਼ਿਲਾਫ਼ ਕਤਲ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ।

# ਦਲਿਤ ਪਰਿਵਾਰ ਨੂੰ ਅੱਗ ਲਾਈ, ਦੋ ਬੱਚਿਆਂ ਦੀ ਮੌਤ

**ਫਰੀਦਾਬਾਦ:** ਕੁਝ ਸ਼ਰਾਰਤੀ ਅਨਸਰਾਂ ਨੇ ਦਲਿਤ ਪਰਿਵਾਰ ਨੂੰ ਅੱਗ ਲਗਾ ਦਿੱਤੀ ਜਿਸ ਦੌਰਾਨ ਦੋ ਬੱਚਿਆਂ ਦੀ ਮੌਤ ਹੋ ਗਈ ਜਦਕਿ ਉਨ੍ਹਾਂ ਦੇ ਮਾਤਾ ਪਿਤਾ ਗੰਭੀਰ ਰੂਪ ਵਿਚ ਝੁਲਸ ਗਏ। ਪੁਲਿਸ ਨੇ ਇਸ ਸਬੰਧੀ 11 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਦੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ-ਬੁੱਧਵਾਰ ਦੀ ਰਾਤ ਦੋ ਵਜੇ ਦਿੱਲੀ ਦੇ ਬਾਹਰੀ ਇਲਾਕੇ ਦੇ ਸੁਨਪੜ ਪਿੰਡ ਵਿਚ ਵਾਪਰੀ। ਹਮਲਾਵਰਾਂ ਨੇ ਘਰ ‘ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਜਿਸ ਵਿਚ ਢਾਈ ਸਾਲ ਦਾ ਵੈਭਵ ਅਤੇ ਉਸ ਦੀ 11 ਮਹੀਨਿਆਂ ਦੀ ਭੈਣ ਦਿਵਿਆ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਬੱਚਿਆਂ ਦੀ ਮਾਂ ਰੇਖਾ 70 ਫੀਸਦੀ ਸੜ ਗਈ ਹੈ ਤੇ ਉਸ ਨੂੰ ਇਲਾਜ ਲਈ ਦਿੱਲੀ ਲਿਜਾਇਆ ਗਿਆ ਹੈ ਜਦਕਿ ਉਨ੍ਹਾਂ ਦਾ ਪਿਤਾ ਜਿਤੇਂਦਰ ਵੀ ਪਰਿਵਾਰ ਨੂੰ ਬਚਾਉਂਦਿਆਂ ਝੁਲਸ ਗਿਆ ਹੈ। ਜਿਤੇਂਦਰ ਸਿੰਘ ਨੇ ਦੋਸ਼ ਲਾਇਆ ਕਿ ਹਮਲਾਵਰ ਰਾਜਪੂਤ ਜਾਤੀ ਤੋਂ ਸਨ ਅਤੇ ਅਕਤੂਬਰ ਵਿਚ ਉਨ੍ਹਾਂ ਨਾਲ ਉਸ ਦਾ ਝਗੜਾ ਹੋਇਆ ਸੀ ਜਿਸ ਮਗਰੋਂ ਕੇਸ ਵੀ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਇਸ ਮਾਮਲੇ ਵਿਚ ਸੁਨਪੜ ਦੇ ਵਸਨੀਕ ਬਲਵੰਤ ਸਿੰਘ ਤੇ ਉਸ ਦੇ ਲੜਕੇ ਧਰਮ ਸਿੰਘ ਸਮੇਤ 11 ਅਣਜਾਣ ਲੋਕਾਂ ਖ਼ਿਲਾਫ਼ ਕਤਲ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ।

# ਭਾਜਪਾ ਦਾ ਹਰਿਆਣਵੀ ਲਾਲ ਹੋਇਆ ਫੇਲ੍ਹ

**ਚੰਡੀਗੜ੍ਹ:** ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਨੇ ਸੱਤਾ ਵਿਚ ਆਉਣ ਵੇਲੇ ਸੂਬੇ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਸਨ ਤੇ 26 ਅਕਤੂਬਰ ਨੂੰ ਭਾਜਪਾ ਸਰਕਾਰ ਦਾ ਸੱਤਾ ਵਿਚ ਇਕ ਸਾਲ ਪੂਰਾ ਹੋ ਰਿਹਾ ਹੈ, ਪਰ ਇਸ ਦੇ ਜ਼ਿਆਦਾਤਰ ਵਾਅਦੇ ਲਾਰੇ ਹੀ ਰਹਿ ਗਏ ਹਨ। ਇਸ ਨੂੰ ਹਰ ਖੇਤਰ ਵਿਚ ਵਿਆਪਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਮਹਿੰਗਾਈ ਦੀ ਮਾਰ ਅਤੇ ਬਿਜਲੀ ਦਰਾਂ ਵਿਚ ਵਾਧੇ ਕਰ ਕੇ ਸੂਬੇ ਦੀ ਸਭ ਤੋਂ ਵੱਡੀ ਧਿਰ ਕਿਸਾਨੀ ਸਮੇਤ ਬਹੁਤੇ ਵਰਗ ਸਰਕਾਰ ਤੋਂ ਨਾਖੁਸ਼ ਹਨ। ਕੁਝ ਦਿਨ ਪਹਿਲਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਗਊ ਮਾਸ ਦੇ ਮੁੱਦੇ ‘ਤੇ ਵਿਵਾਦਪੂਰਨ ਬਿਆਨ ਦੇ ਕੇ ਇਕ ਹੋਰ ਸਿਰਦਰਦੀ ਸਹੇੜ ਲਈ ਹੈ।

ਮੁੱਖ ਮੰਤਰੀ ਖੱਟਰ ਨੇ ਸੱਤਾ ਸੰਭਾਲਦਿਆਂ ਐਲਾਨ ਕੀਤਾ ਸੀ ਕਿ ਸੂਬੇ ਦੀ ਫਿਜ਼ਾ ਬਦਲ ਕੇ ਰੱਖ ਦਿੱਤੀ ਜਾਵੇਗੀ ਪਰ ਸਰਕਾਰ ਬਣਦੇ ਸਾਰ ਕੌਮਾਂਤਰੀ ਕਾਰਨਾਂ ਬਾਸਮਤੀ ਦੀ ਦੁਰਗਤੀ ਸ਼ੁਰੂ ਹੋ ਗਈ। ਕਣਕ ਦੇ ਸੀਜ਼ਨ ‘ਚ ਬੇਮੌਸਮੇ ਮੀਂਹ ਨੇ ਫਸਲਾਂ ਦਾ ਵੱਡਾ ਨੁਕਸਾਨ ਕੀਤਾ। ਸਰਕਾਰ ਨੇ ਮੁਆਵਜ਼ੇ ਦਾ ਐਲਾਨ ਤਾਂ ਕੀਤਾ ਪਰ ਮੁਆਵਜ਼ਾ ਸਾਰਿਆਂ ਨੂੰ ਨਹੀਂ ਦਿੱਤਾ ਗਿਆ।

ਹੁਣ ਨਰਮੇ ਦੀ ਫਸਲ ਵੱਡੇ ਪੱਧਰ ‘ਤੇ ਬਰਬਾਦ ਹੋ ਗਈ ਹੈ। ਸਰਕਾਰ ਨੇ ਬੁਢਾਪਾ ਪੈਨਸ਼ਨ ਦੋ ਹਜ਼ਾਰ ਰੁਪਏ ਮਹੀਨਾ ਦੀ ਥਾਂ ਸਿਰਫ਼ ਦੋ ਸੌ ਰੁਪਏ ਮਹੀਨਾ ਵਾਧਾ ਕਰ ਕੇ ਹੀ ਕੰਮ ਚਲਾ ਲਿਆ ਹੈ ਤੇ ਇਸ ਕਰ ਕੇ ਸੂਬੇ ਦੇ ਬਜ਼ੁਰਗ ਸਰਕਾਰ ਤੋਂ ਔਖੇ ਹਨ। ਸਰਕਾਰ ਨੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਹਨ ਤੇ ਨਾ ਪੰਜਾਬ ਦੇ ਬਰਾਬਰ ਤਨਖਾਹ ਸਕੇਲ ਲਾਗੂ ਕੀਤੇ ਹਨ। ਸਿੱਖਿਆ ਦੇ ਖੇਤਰ ਲਈ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਲਾਗੂ ਕਰਨ ਦੀ ਥਾਂ ਸਿੱਖਿਆ ਦਾ ਭਗਵਾਂਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਰਕਾਰ ਨੇ ਪੰਚਕੂਲਾ ਤੋਂ ਕਾਲਾ ਅੰਬ ਤੱਕ ਸੜਕ ਦਾ ਨਾਂ ਗੁਰੂ ਗੋਬਿੰਦ ਸਿੰਘ ਮਾਰਗ ਰੱਖਣਾ ਸੀ ਪਰ ਸਾਲ ਪੂਰਾ ਹੋਣ ‘ਤੇ ਵੀ ਸਰਕਾਰ ਉਸ ਸੜਕ ਦਾ ਨਾਂ ਨਹੀਂ ਰੱਖ ਸਕੀ।

# ਫੌਜੀ ਵੱਲੋਂ 4 ਦੀ ਹੱਤਿਆ ਪਿਛੋਂ ਖੁਦਕੁਸ਼ੀ

**ਧੂਰੀ:** ਪਿੰਡ ਹਸਨਪੁਰ ਵਿਖੇ ਛੁੱਟੀ ਆਏ ਫ਼ੌਜੀ ਵੱਲੋਂ ਕੀਤੀ ਗੋਲੀਬਾਰੀ ਦੌਰਾਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਗੰਭੀਰ ਜ਼ਖਮੀ ਹੋ ਗਏ। ਇਸ ਦੇ ਨਾਲ ਹੀ ਫ਼ੌਜੀ ਜਗਦੀਪ ਸਿੰਘ ਨੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਕ ਫ਼ੌਜੀ ਜਗਦੀਪ ਸਿੰਘ ਕਰੀਬ ਤਿੰਨ ਮਹੀਨੇ ਪਹਿਲਾਂ ਛੁੱਟੀ ਕੱਟਣ ਆਪਣੇ ਪਿੰਡ ਆਇਆ ਹੋਇਆ ਸੀ ਅਤੇ ਉਸ ਦੀ ਆਪਣੀ ਭਰਜਾਈ ਨਾਲ ਕਿਸੇ ਘਰੇਲੂ ਕਲੇਸ਼ ਕਾਰਨ ਅਣਬਣ ਰਹਿੰਦੀ ਸੀ।

ਮੰਗਲਵਾਰ ਨੂੰ ਉਹਨੇ ਦੁਪਹਿਰੇ 12 ਕੁ ਵਜੇ ਆਪਣੀ ਦੁਨਾਲੀ ਨਾਲ ਅੰਨ੍ਹੇਵਾਹ ਗੋਲੀਬਾਰੀ ਕਰਦਿਆ ਆਪਣੀ ਵੱਡੀ ਭਰਜਾਈ ਗੁਰਪ੍ਰੀਤ ਕੌਰ, ਤਾਈ ਲਾਭ ਕੌਰ, ਤਾਏ ਦੇ ਪੋਤਰੇ ਹਰਮਨਦੀਪ ਸਿੰਘ ਅਤੇ ਕਰਨੈਲ ਕੌਰ ਨੂੰ ਮੌਕੇ ‘ਤੇ ਹੀ ਮਾਰ ਦਿੱਤਾ। ਇਸ ਗੋਲੀਬਾਰੀ ਦੌਰਾਨ ਜਗਦੀਪ ਸਿੰਘ ਦੇ ਤਾਏ ਦਾ ਲੜਕਾ ਹਰਜਿੰਦਰ ਸਿੰਘ, ਗੁਆਂਢੀ ਨਵਿੰਦਰ ਸਿੰਘ, ਗੁਰਮੀਤ ਕੌਰ ਅਤੇ ਤਰਸੇਮ ਸਿੰਘ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਧੂਰੀ ਵਿਖੇ ਲਿਆਂਦਾ ਗਿਆ। ਜ਼ਖਮੀਆਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਇਨ੍ਹਾਂ ਚਾਰਾਂ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਭੇਜ ਦਿੱਤਾ ਗਿਆ।

ਇਸ ਦੌਰਾਨ ਐਸ.ਐਸ.ਪੀ. (ਸੰਗਰੂਰ) ਪ੍ਰਿਤਪਾਲ ਸਿੰਘ ਥਿੰਦ ਅਤੇ ਹੋਰ ਅਫਸਰ ਮੌਕੇ ‘ਤੇ ਪੁੱਜੇ ਅਤੇ ਹਾਲਾਤ ਦਾ ਜਾਇਜ਼ਾ ਲਿਆ। ਕਿਹਾ ਜਾ ਰਿਹਾ ਹੈ ਕਿ ਚਾਰ ਕਤਲਾਂ ਤੋਂ ਬਾਅਦ ਜਗਦੀਪ ਸਿੰਘ ਕੋਠੇ ਉਤੇ ਚੜ੍ਹ ਕੇ ਲਲਕਾਰੇ ਮਾਰਨ ਲੱਗ ਪਿਆ ਸੀ ਅਤੇ ਪੁਲਿਸ ਵੱਲੋਂ ਘੇਰਾ ਪੈਣ ਤੋਂ ਬਾਅਦ ਉਸ ਨੇ ਖੁਦਕੁਸ਼ੀ ਕਰ ਲਈ।

# ਹੋਠੀ ਅਤੇ ਉਸ ਦੇ ਕਠਪੁਤਲੀ ਸੁਧਾਰਕਾਂ ਨੇ ਗੁਰਦੁਆਰਾ ਸੈਨ ਹੋਜ਼ੇ ’ਚ ਫੇਰ ਪਾਇਆ ਖਲਲ

ਐਤਵਾਰ 18 ਅਕਤੂਬਰ 2015 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪਿੰਡ ਬਰਗਾੜੀ ਦੇ ਦੋ ਸ਼ਹੀਦਾਂ ਦੇ ਪਰਿਵਾਰਾਂ ਦੀ ਆਰਥਕ ਸਹਾਇਤਾ ਲਈ ਸੰਗਤ ਵਲੋਂ ਮਾਇਆ ਇਕੱਠੀ ਕੀਤੀ ਜਾ ਰਹੀ ਸੀ, ਤਾਂ ਜਸਵੰਤ ਸਿੰਘ ਹੋਠੀ ਨੇ ਉਥੇ ਆ ਕੇ ਖੂਬ ਖਲਲ ਪਾਇਆ ਅਤੇ ਸੁਭਾਅ ਮੁਤਾਬਕ, ਤੰਦੂਰ ‘ਤੇ ਪੇਂਡੂ ਬੀਬੀਆਂ ਦੀ ਲੜਾਈ ਵਾਂਗ, ਕਰੀਬ ਅੱਧਾ ਘੰਟਾ ਬਾਹਾਂ ਖਲ੍ਹਾਰ ਕੇ ਏਨਾ ਖਲਲ ਮਚਾਇਆ ਕਿ ਸੰਗਤ ਨੂੰ ਬਣਦਾ ਦਾਨ ਦੇਣ ਤੋਂ ਵਾਂਝੇ ਕਰ ਦਿੱਤਾ। ਜਦੋਂਕਿ ਆਪ ਉਸ ਨੇ ਇੱਕ ਡਾਲਰ ਵੀ ਸ਼ਹੀਦਾਂ ਦੇ ਪਰਿਵਾਰਾਂ ਲਈ ਦਾਨ ਨਹੀਂ ਦਿੱਤਾ।

ਆਪੂ ਬਣੀ ਗੁਰਦੁਆਰਾ ਸੁਧਾਰ ਕਮੇਟੀ ਦਾ ਲੀਡਰ ਤਰਲੋਚਨ ਸਿੰਘ ਨਾਹਲ, ਜਿਹੜਾ ਬਹੁਤ ਬੁਰੀ ਤਰ੍ਹਾਂ ਪ੍ਰਬੰਧਕ ਕਮੇਟੀ ਦੀ ਚੋਣ ਹਾਰ ਚੁੱਕਾ ਹੈ, ਉਚੀ-ਉਚੀ ਚਿਲਾਉਂਦਾ ਅਤੇ ਸੰਗਤ ਨੂੰ ਪਰੇਸ਼ਾਨ ਕਰਦਾ ਰਿਹਾ। ਉਸ ਨੂੰ ਡਾਕਟਰ ਕਹਾਉਣ ਦਾ ਬੜਾ ਹੰਕਾਰ ਅਤੇ ਹਉਮੈ ਹੈ, ਇਸੇ ਕਰਕੇ ਗੁਰਦੁਆਰਾ ਫਰੀਮਾਂਟ ਅਤੇ ਗੁਰਦੁਆਰਾ ਸੈਨ ਹੋਜ਼ੇ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਸਵਾਲ ਹੈ ਕਿ ਉਸ ਨੂੰ ਕਿਹੜਾ ਸਮਝਾਵੇ ਕਿ ਸੰਗਤ ਉਸ ਨੂੰ ਅਤੇ ਉਸ ਦੇ ਸੁਭਾਅ ਨੂੰ ਉਕਾ ਹੀ ਪਸੰਦ ਨਹੀਂ ਕਰਦੀ।

ਸੰਗਤ ਜਾਣਦੀ ਹੈ ਕਿ ਜਸਵੰਤ ਸਿੰਘ ਹੋਠੀ ਅਤੇ ਤਰਲੋਚਨ ਸਿੰਘ ਨਾਹਲ ਸੰਗਤ ਵਲੋਂ ਗੁਰੂ ਘਰ ਲਈ ਚੱਲ ਰਹੇ ਕੰਮਾਂ ਵਿਚ ਅੜਿੱਕਾ ਪਾਉਣ ਦੇ ਆਦੀ ਹੋ ਚੁੱਕੇ ਹਨ। ਹੁਣ ਸਵਾਲ ਇਹ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਅਤੇ ਮਿਲਪੀਟਸ ਦੇ ਪਹਿਲੇ ਗੁਰਦੁਆਰੇ ਦੇ ਮੁਕਾਬਲੇ ਜਸਵੰਤ ਸਿੰਘ ਹੋਠੀ ਨੇ ਆਪਣਾ ਵੱਖਰਾ ਗੁਰਦੁਆਰਾ ਬਣਾ ਲਿਆ ਹੈ, ਤਾਂ ਫੇਰ ਗੁਰਦੁਆਰਾ ਸੈਨ ਹੋਜ਼ੇ ਦੀ ਸ਼ਾਂਤੀ ਭੰਗ ਕਰਨ ਲਈ ਵਾਰ ਵਾਰ ਸਾਰਾ ਟੱਬਰ ਲਿਆ ਕੇ ਕਿਉਂ ਖਲਲ ਪਾਉਂਦਾ ਹੈ? ਜਦੋਂ ਕਿ ਸੰਗਤ ਨੇ ਇਨ੍ਹਾਂ ਦੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਬੁਰੀ ਤਰ੍ਹਾਂ ਹਰਾਇਆ ਹੈ। ਇਸੇ ਤਰ੍ਹਾਂ ਸੁਧਾਰਕ ਜੋ ਆਪਣੇ ਘਰ ਨਹੀਂ ਸੰਭਾਲ ਸਕੇ, ਗੁਰਦੁਆਰੇ ਦਾ ਸੁਧਾਰ ਕਰਨ ਲਈ ਹੋਕਾ ਕਿਸ ਆਧਾਰ ’ਤੇ ਦਿੰਦੇ ਹਨ? ਇਸੇ ਕਾਰਨ ਲੰਗਰ ਵਿਚ ਸੰਗਤ ਤੋਂ ਕੜਛੀ-ਦਾਲ ਬਦਲੇ ਵੋਟ ਮੰਗਣ ਦੀ ਚੀਮੇ ਦੀ ਵੀ ਮਨਸਾ ਪੂਰੀ ਨਹੀਂ ਹੋਈ। ਇਨ੍ਹਾਂ ਸਾਰਿਆਂ ਸੁਧਾਰਕਾਂ ਦਾ ਮੁੱਖ ਸੇਵਾਦਾਰ ਗੁਰਮੇਲ ਸਿੰਘ ਬਾਠ, ਜਿਸ ਨੇ ਸ਼ਹੀਦ ਪਰਿਵਾਰਾਂ ਲਈ ਆਪ ਤਾਂ ਇੱਕ ਡਾਲਰ ਵੀ ਕੀ ਦੇਣਾ ਸੀ, ਸਗੋਂ ਹੋਰ ਸੰਗਤਾਂ ਨੂੰ ਵੀ ਰੋਕਦਾ ਦੇਖਿਆ ਗਿਆ ਅਤੇ ਚੋਣਾਂ ’ਚ ਹੋਈ ਹਾਰ ਦੇ ਹੇਰਵੇ ’ਚ ਉਚੀ-ਉਚੀ ਰੌਲਾ ਪਾਉਂਦਾ ਰਿਹਾ।

ਹੰਕਾਰ ਦਾ ਭਰਿਆ ਜਸਵੰਤ ਸਿੰਘ ਹੋਠੀ, ਦੋ ਮੈਂਬਰਾਂ ਦੀ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਣਿਆ ਪ੍ਰਧਾਨ, ਮਿਲਪੀਟਸ ਵਿਚ ਇਸ ਨੇ ਆਪਣਾ ਗੁਰਦੁਆਰਾ ਖੋਲ੍ਹਿਆ ਅਤੇ ਫੇਰ ਉਥੇ ਸਟੇਜ ਮਾਈਕ ’ਤੇ ਇਸ ਦਾ ਭੁੱਸ ਪੂਰਾ ਨਹੀਂ ਹੁੰਦਾ ਅਤੇ ਗੁਰਦੁਆਰਾ ਸੈਨ ਹੋਜ਼ੇ ਵਿਚ ਸਟੇਜ ’ਤੇ ਬੋਲਣ ਲਈ ਤਰਲੋਮੱਛੀ ਹੁੰਦਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਅੰਦਰ ਚੱਲ ਰਹੇ ਕੰਮਾਂ ਵਿਚ ਭਾਈਵਾਲ ਹੋਣ ਦੀ ਬਜਾਏ ਹਰ ਵੇਲੇ ਅੜਿੱਕਾ ਡਾਹੁਣ ਲਈ ਲੋਚਦਾ ਰਹਿੰਦਾ ਹੈ। ਗੁਰੂ ਘਰ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਾਧੀਆ ਕੁਆਲਿਟੀ ਦੀ ਫੋਟੋ, ਸ੍ਰੀ ਆਕਲ ਤਖਤ ਸਾਹਿਬ ਦੀ ਫੋਟੋ, ਦਿੱਲੀ ਦੰਗਿਆਂ ਦੀ ਫੋਟੋ ਅਤੇ ਮਾਤਾ ਖੀਵੀ ਦੀ ਫੋਟੋ ਲਾਉਣ ਲਈ ਤਿਆਰੀ ਕੀਤੀ ਜਾ ਰਹੀ ਸੀ, ਪਰ ਸ. ਹੋਠੀ ਅਤੇ ਉਸ ਦੀਆਂ ਕਠਪੁਤਲੀਆਂ ਤੇ ਸੁਧਾਰਕ ਆਪਣੇ ਅੜੀਅਲ ਸੁਭਾਅ ਅਨੁਸਾਰ ਗੁਰਦੁਆਰਾ ਸਾਹਿਬ ਅੰਦਰ ਗੁਰਦੁਆਰਾ ਕਮੇਟੀ ਖਿਲਾਫ ਖੂਬ ਨਾਹਰੇਬਾਜੀ ਕਰਨ ਪਿਛੋਂ ਬਿਨਾਂ ਕਿਸੇ ਤਰਤੀਬ ਤੋਂ ਸੰਤਾਂ ਦੀ ਛੋਟੀ ਫੋਟੋ ਲੰਗਰ ਹਾਲ ਵਿਚ ਲਾ ਕੇ ਇੰਜ ਖੁਸ਼ੀਆਂ ਮਨਾਉਂਦੇ ਵੇਖੇ ਗਏ ਜਿਵੇਂ ਕਿਤੇ ਜ਼ਮਰੌਦ ਦਾ ਮੋਰਚਾ ਜਿੱਤ ਕੇ ਆਏ ਹੋਣ। ਗੁਰੂ ਘਰ ਦੀ ਸੰਗਤ ਨੇ ਇਸ ਦਾ ਬਹੁਤ ਬੁਰਾ ਮਨਾਇਆ ਅਤੇ ਪ੍ਰਬੰਧਕ ਕਮੇਟੀ ਨੂੰ ਇਸ ਵਿਰੁਧ ਯੋਗ ਐਕਸ਼ਨ ਲੈਣ ਲਈ ਬੇਨਤੀ ਕੀਤੀ।

## ਸਾਧ ਸੰਗਤ ਨੂੰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪਾਂ ਸਾਰਿਆਂ ਨੇ ਰਲ ਮਿਲ ਕੇ ਦੁਨੀਆਂ ਦੇ ਇੰਨੇ ਵੱਡੇ ਆਕਾਰ ਦੇ ਗੁਰੂ ਘਰ ਦੀ ਖੂਬਸੂਰਤ ਇਮਾਰਤ ਦਾ ਵਧੀਆ ਤਰੀਕੇ ਨਾਲ ਘੱਟ ਤੋਂ ਘੱਟ ਖਰਚੇ ਵਿਚ ਨਿਰਮਾਣ ਕੀਤਾ ਹੈ, ਆਪਣੇ ਸਾਹਮਣੇ ਗੁਰੂ ਘਰ ਦੇ ਕਈ ਹੋਰ ਬੜੇ ਜਰੂਰੀ ਕੰਮ ਕਰਨ ਵਾਲੇ ਪਏ ਹਨ। ਆਓ, ਸਾਰੇ ਪਹਿਲਾਂ ਦੀ ਤਰ੍ਹਾਂ ਰਲ ਮਿਲ ਕੇ ਹੰਭਲਾ ਮਾਰੀਏ ਅਤੇ ਗੁਰਦੁਆਰਾ ਸਾਹਿਬ ਦੇ ਕੰਮਾਂ ਵਿਚ ਭਾਗ ਲੈ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਵਲੋਂ: ਭਾਈ ਭੁਪਿੰਦਰ ਸਿੰਘ ਢਿੱਲੋਂ (ਪ੍ਰਬੰਧਕ ਕਮੇਟੀ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ)**

Acvt.

ਪੰਜਾਬ ਟਾਈਮਜ਼

*ਸਨਿਚਰਵਾਰ, 24 ਅਕਤੂਬਰ 2015*

## ਪੰਜਾਬ ਅਤੇ 'ਮੋਦੀ ਦਾ ਮੰਡੇਲਾ'

ਪੰਜਾਬ ਦੇ ਕੁਝ ਸ਼ਹਿਰਾਂ ਵਿਚ ਅਰਧ-ਸੈਨਿਕ ਬਲਾਂ ਦੀਆਂ ਦਸ ਕੰਪਨੀਆਂ ਤਾਇਨਾਤ ਕਰ ਦਿੱਤੀ ਗਈਆਂ ਹਨ। ਨਾਲ ਹੀ ਪੁਲਿਸ ਨੇ ਪਾਵਨ ਬੀੜਾਂ ਦੀ ਬੇਅਦਬੀ ਦੇ ਸਿਲਸਿਲੇ ਵਿਚ ਵਿਦੇਸ਼ੀ ਹੱਥ ਹੋਣ ਬਾਰੇ ਸਬੂਤ ਵੀ ਪੇਸ਼ ਕਰ ਦਿੱਤੇ ਹਨ, ਭਾਵੇਂ ਮੀਡੀਆ ਨੇ ਇਸ ਬਾਰੇ ਕੁਝ ਕੁ ਇਤਰਾਜ਼ ਵੀ ਨਾਲ ਦੀ ਨਾਲ ਹੀ ਜ਼ਾਹਿਰ ਕਰ ਦਿੱਤੇ ਹਨ। ਅਜਿਹਾ ਉਸ ਸੂਬੇ ਵਿਚ ਹੋਇਆ ਹੈ ਜਿਸ ਦੀ ਕਮਾਨ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਕੋਲ ਹੈ। ਅਜੇ ਪਿਛਲੇ ਹਫਤੇ ਹੀ ਮੁਲਕ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਦੀ ਤੁਲਨਾ ਦੱਖਣੀ ਅਫਰੀਕਾ ਦੇ ਮਿਸਾਲੀ ਆਗੂ ਨੈਲਸਨ ਮੰਡੇਲਾ ਨਾਲ ਕੀਤੀ ਸੀ। ਮੰਡੇਲਾ ਨੇ ਨਸਲਪ੍ਰਸਤੀ ਖਿਲਾਫ ਜੂਝਦਿਆਂ 27 ਸਾਲ ਜੇਲ੍ਹ ਵਿਚ ਗੁਜ਼ਾਰੇ ਸਨ ਅਤੇ ਜਦੋਂ ਉਹ ਸੱਤਾ ਵਿਚ ਆਏ ਤਾਂ ਉਨ੍ਹਾਂ ਤਰਜੀਹੀ ਆਧਾਰ ਉਤੇ 'ਸੱਚ ਤੇ ਸੁਲ੍ਹਾ-ਸਫਾਈ ਕਮਿਸ਼ਨ' ਬਣਾਇਆ ਸੀ। ਇਸ ਕਮਿਸ਼ਨ ਵਿਚੋਂ ਲੰਘ ਕੇ ਹੀ ਦੱਖਣੀ ਅਫਰੀਕਾ ਜਮਹੂਰੀਅਤ ਦੀ ਗਲੀ ਵਿਚ ਵੜਿਆ ਸੀ। ਇਸ ਕਮਿਸ਼ਨ ਦਾ ਮੁੱਖ ਮਕਸਦ ਦੋਸ਼ੀਆਂ ਨੂੰ ਸਜ਼ਾ ਦੇਣਾ ਨਹੀਂ ਸੀ, ਸਗੋਂ ਜ਼ੁਲਮ ਕਰਨ ਵਾਲਿਆਂ ਅਤੇ ਮਜ਼ਲੂਮਾਂ ਨੂੰ ਸੱਚ ਦੇ ਸ਼ੀਸ਼ੇ ਅੱਗੇ ਖੜ੍ਹਨ ਲਈ ਪ੍ਰੇਰਨਾ ਸੀ। ਇਕ ਪਾਸੇ ਜ਼ੁਲਮ ਕਰਨ ਵਾਲਿਆਂ ਨੇ ਆਪਣੀ ਕੀਤੀ ਦਾ ਪਛਤਾਵਾ ਕਰਨਾ ਸੀ ਅਤੇ ਮਜ਼ਲੂਮਾਂ ਨੇ ਆਪਣਾ ਦਰਦ ਫਰੋਲਣਾ ਸੀ। ਇਸ ਕਮਿਸ਼ਨ ਨੇ ਬੁਰੀ ਤਰ੍ਹਾਂ ਜ਼ਖਮੀ ਹੋਏ ਦੱਖਣੀ ਅਫਰੀਕਾ ਨੂੰ ਲੀਹ ਉਤੇ ਪਾਉਣ ਵਿਚ ਵੱਡਾ ਰੋਲ ਨਿਭਾਇਆ। ਸੱਤਾ ਵਿਚ ਆਉਣ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪੰਜਾਬ ਅਤੇ ਪੰਜਾਬ ਨਾਲ ਹੋਈਆਂ ਜ਼ਿਆਦਤੀਆਂ ਦਾ ਲੇਖਾ-ਜੋਖਾ ਕਰਨ ਲਈ ਅਜਿਹਾ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਸੀ। ਬਾਦਲ ਦੇ ਐਲਾਨ ਮੁਤਾਬਕ, ਇਸ ਕਮਿਸ਼ਨ ਨੇ 1980ਵਿਆਂ ਵਿਚ ਪੰਜਾਬ ਦੇ ਕਾਲੇ ਦੌਰ ਲਈ ਜ਼ਿੰਮੇਵਾਰ ਆਗੂਆਂ ਅਤੇ ਧਿਰਾਂ ਦੀ ਨਿਸ਼ਾਨਦੇਹੀ ਕਰਨੀ ਸੀ। ਇਹ ਐਲਾਨ ਅਜੇ ਤੱਕ ਐਲਾਨ ਹੀ ਹੈ।

ਜੱਗ ਜਾਣਦਾ ਹੈ ਕਿ ਡੇਰਾ ਸਿਰਸਾ ਦੇ ਮੁਖੀ ਵੱਲੋਂ ਸਵਾਂਗ ਰਚਣ ਤੋਂ ਬਾਅਦ ਮਾਲਵੇ ਦੇ ਪਿੰਡਾਂ ਵਿਚ ਤਣਾਅ ਵਾਲੇ ਹਾਲਾਤ ਪੈਦਾ ਹੋ ਗਏ ਸਨ। ਇਸ ਤਣਾਅ ਨੂੰ ਘੱਟ ਕਰਨ ਦੀ ਥਾਂ 'ਮੋਦੀ ਦੇ ਮੰਡੇਲੇ' ਬਾਦਲ ਨੇ ਸਿੱਖ ਭਾਈਚਾਰੇ ਨੂੰ ਉਲਟਾ ਸ਼ਿਸ਼ਕੇਰਿਆ ਸੀ। ਨਤੀਜਾ ਸਿੱਖ ਭਾਈਚਾਰੇ ਅਤੇ ਡੇਰਾ ਪ੍ਰੇਮੀਆਂ ਵਿਚਕਾਰ ਹੋਰ ਤਣਾਅ ਵਧਣ ਵਿਚ ਨਿਕਲਿਆ। ਜ਼ਾਹਿਰ ਹੈ ਕਿ ਬਾਦਲ ਦੀ ਇਹ ਕਵਾਇਦ, ਨਿਰੋਲ ਵੋਟਾਂ ਦੀ ਸਿਆਸਤ ਕਰ ਕੇ ਸੀ। ਡੇਰਾ ਮੁਖੀ ਨੂੰ ਮੁਆਫੀ ਦੇਣ ਦੀ ਕਵਾਇਦ ਵੀ ਇਸੇ ਸਿਆਸਤ ਨਾਲ ਜੁੜੀ ਹੋਈ ਸੀ। ਪਹਿਲਾਂ ਬਾਦਲ ਨੇ ਡੇਰਾ ਮੁਖੀ ਤੋਂ ਬਦਲਾ ਲੈਣਾ ਸੀ ਜਿਸ ਦੇ ਪੈਰੋਕਾਰਾਂ ਨੇ ਚੋਣਾਂ ਵਿਚ ਕਾਂਗਰਸ ਨੂੰ ਵੋਟਾਂ ਪਾਈਆਂ ਸਨ। ਹੁਣ ਸਾਰਾ ਨਾਟਕ ਇਸੇ ਡੇਰੇ ਦੀਆਂ ਵੋਟਾਂ ਹਾਸਲ ਕਰਨ ਲਈ ਕੀਤਾ ਗਿਆ। ਡੇਰਾ ਮੁਖੀ ਦੇ ਸਵਾਂਗ ਕਾਰਨ ਸਮਾਜ ਅੰਦਰ ਜਿਹੜਾ ਪਾਟਕ ਪੈ ਗਿਆ ਸੀ ਅਤੇ ਜੋ ਲਗਾਤਾਰ ਵਧਦਾ ਹੀ ਗਿਆ ਸੀ, ਕਿਉਂਕਿ ਇਸ ਨੂੰ ਘੱਟ ਕਰਨਾ ਬਾਦਲ ਦੇ ਏਜੰਡੇ ਉਤੇ ਹੀ ਨਹੀਂ ਸੀ। ਹੁਣ ਤਾਂ ਕਿਸੇ ਵੀ ਧਿਰ ਨੂੰ ਕੋਈ ਭੁਲੇਖਾ ਨਹੀਂ ਰਹਿ ਗਿਆ ਕਿ ਡੇਰੇ ਬਾਰੇ ਕੀਤਾ ਨਾਟਕ ਸਿੱਧਾ ਵੋਟਾਂ ਦੀ ਸਿਆਸਤ ਨਾਲ ਹੀ ਸਬੰਧਤ ਸੀ। ਇਹ ਸਾਰਾ ਕੁਝ ਉਸ ਸਖਸ਼ ਦੀ ਅਗਵਾਈ ਹੇਠ ਹੋਇਆ ਜਿਸ ਨੂੰ ਮੁਲਕ ਦਾ ਪ੍ਰਧਾਨ ਮੰਤਰੀ, ਨੈਲਸਨ ਮੰਡੇਲਾ ਆਖ ਰਿਹਾ ਹੈ; ਜਿਸ ਨੇ ਪੰਜ ਸਾਲ ਸੱਤਾ ਵਿਚ ਰਹਿਣ ਤੋਂ ਬਾਅਦ ਆਪੇ ਗੱਦੀ ਤਿਆਗ ਦਿੱਤੀ ਸੀ।

ਅੱਜ ਬਾਦਲਾਂ ਕੋਲ ਸੱਤਾ ਹੈ। ਇਨ੍ਹਾਂ ਕੋਲ ਸਰਕਾਰ ਹੈ ਅਤੇ ਇਸ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਮੋਹਰੀ ਸੰਸਥਾਵਾਂ ਉਤੇ ਵੀ ਇਹ ਕਾਬਜ਼ ਹੈ। ਇਸ ਨੇ ਆਪਣੇ ਹੀਲਿਆਂ-ਵਸੀਲਿਆਂ ਰਾਹੀਂ ਇਹ ਸਿੱਧ ਕਰ ਹੀ ਦੇਣਾ ਹੈ ਕਿ ਪੰਜਾਬ ਵਿਚ ਹੋਈਆਂ ਤਾਜ਼ਾ ਘਟਨਾਵਾਂ ਵਿਚ ਵਿਦੇਸ਼ ਦਾ ਹੱਥ ਹੈ। ਗ੍ਰਿਫਤਾਰ ਕੀਤੇ ਦੋ ਨੌਜਵਾਨ ਇਸੇ ਸਿਲਸਿਲੇ ਦੀ ਹੀ ਕੜੀ ਹੈ। ਉਂਜ ਇਕ ਲਿਹਾਜ਼ ਨਾਲ ਹੈ ਵੀ ਸੱਚ; ਕਿਉਂਕਿ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਨੇ ਜਿਸ ਤਰ੍ਹਾਂ ਸੱਤਾਧਾਰੀ ਅਕਾਲੀ ਦਲ ਨੂੰ ਪੰਜਾਬ ਵਿਚ ਖਦੇੜਿਆ ਹੈ, ਉਸ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਵਿਦੇਸ਼ਾਂ ਵਿਚ ਹੀ ਹੋਈ ਸੀ। ਵਿਦੇਸ਼ ਗਏ ਸੱਤਾਧਾਰੀ ਆਗੂਆਂ ਨੂੰ ਸਿੱਖ ਭਾਈਚਾਰੇ ਦੇ ਨਾਰਾਜ਼ ਹਿੱਸੇ ਨੇ ਬੋਲਣ ਤੱਕ ਨਹੀਂ ਸੀ ਦਿੱਤਾ। ਸੱਤਾਧਾਰੀਆਂ ਖਿਲਾਫ ਲੋਕਾਂ ਵਿਚ ਰੋਹ ਅਤੇ ਰੋਸ ਹਰ ਸੀਮਾ ਪਾਰ ਕਰ ਗਿਆ ਸੀ। ਉਸ ਸਮੇਂ ਤਾਂ ਅਕਾਲ ਤਖਤ ਤੋਂ ਡੇਰਾ ਮੁਖੀ ਨੂੰ ਮੁਆਫ ਕਰਨ ਵਾਲਾ ਗੁਰਮਤਾ ਵੀ ਨਹੀਂ ਸੀ ਪਾਸ ਕੀਤਾ ਗਿਆ। ਅਕਾਲ ਤਖਤ ਵੱਲੋਂ ਗੁਰਮਤਾ ਪਾਉਣ ਤੋਂ ਬਾਅਦ ਤਾਂ ਸੱਤਾਧਾਰੀਆਂ ਖਿਲਾਫ ਗੁੱਸੇ ਦੀ ਲਹਿਰ ਹੋਰ ਉਚੀ ਉਠਣ ਲੱਗ ਪਈ ਜੋ ਆਖਰਕਾਰ ਭਾਂਬੜ ਬਣ ਗਈ ਅਤੇ ਇਸ ਨੂੰ ਕਾਬੂ ਕਰਨ ਲਈ ਹੁਣ ਅਰਧ-ਸੈਨਿਕ ਬਲ ਤਾਇਨਾਤ ਕਰਨੇ ਪਏ ਹਨ। ਇਨ੍ਹਾਂ ਦੋਹਾਂ ਮਾਮਲਿਆਂ ਬਾਰੇ ਅਕਾਲੀ ਦਲ ਦੀ ਭਾਈਵਾਲ ਤੇ ਕੇਂਦਰ ਵਿਚ ਸੱਤਾਧਾਰੀ ਪਾਰਟੀ- ਭਾਜਪਾ, ਅਜੇ ਤੱਕ ਚੁੱਪ ਹੈ। ਬਾਦਲ ਦੇ ਕਹਿਣ 'ਤੇ ਕੇਂਦਰ ਨੇ ਤੁਰੰਤ ਅਰਧ-ਸੈਨਿਕ ਬਲ ਤਾਇਨਾਤ ਕਰ ਦਿੱਤੇ ਹਨ। ਇਹ ਪੰਜਾਬ ਲਈ ਸ਼ੁਭ ਸ਼ਗਨ ਨਹੀਂ। ਦੱਖਣੀ ਅਫਰੀਕਾ ਦੇ ਨੈਲਸਨ ਮੰਡੇਲਾ ਨੇ ਸਮਾਜ ਦੀ ਬਿਹਤਰੀ ਖਾਤਰ 'ਸੱਚ ਤੇ ਸੁਲ੍ਹਾ-ਸਫਾਈ ਕਮਿਸ਼ਨ' ਬਣਾ ਕੇ ਇਕ ਕਦਮ ਅਗਾਂਹ ਵੱਲ ਪੁੱਟਿਆ ਸੀ, 'ਮੋਦੀ ਦੇ ਮੰਡੇਲੇ' ਬਾਦਲ ਨੇ ਸਿਰਫ ਵੋਟਾਂ ਵਾਲੀ ਸਿਆਸਤ ਵੱਲ ਜਾਣਾ ਹੀ ਠੀਕ ਜਾਣਿਆ। 'ਮੋਦੀ ਦੇ ਮੰਡੇਲੇ' ਬਾਰੇ ਫੈਸਲਾ ਹੁਣ ਲੋਕਾਂ ਨੇ ਕਰਨਾ ਹੈ। ਔਖ ਦੀ ਇਸ ਘੜੀ 'ਚ ਹੁਣ ਇਕ ਵਾਰ ਫਿਰ, ਸਭ ਦੀਆਂ ਨਜ਼ਰਾਂ ਵਿਰੋਧ ਕਰ ਰਹੇ ਲੋਕਾਂ ਦੀ ਅਗਵਾਈ ਕਰਨ ਵਾਲਿਆਂ ਉਤੇ ਲੱਗੀਆਂ ਹੋਈਆਂ ਹਨ। ਪਹਿਲਾਂ ਡੇਰਾ ਮੁਖੀ ਤੇ ਹੁਣ ਬੇਅਦਬੀ ਦੇ ਮਸਲੇ 'ਤੇ ਸਿੱਖ ਭਾਈਚਾਰਾ ਆਪਮੁਹਾਰੇ ਸੜਕਾਂ ਉਤੇ ਨਿਕਲ ਆਇਆ ਸੀ। ਉਨ੍ਹਾਂ ਦੇ ਦਰਦ, ਰੋਹ ਤੇ ਰੋਸ ਨੂੰ ਦਿਸ਼ਾ ਦੇਣਾ ਲੀਡਰਸ਼ਿਪ ਦਾ ਕੰਮ ਹੈ। ਅੱਜ ਦੀ ਘੜੀ ਇਨ੍ਹਾਂ ਲੀਡਰਾਂ ਲਈ ਅਜ਼ਮਾਇਸ਼ ਦੀ ਘੜੀ ਹੈ। ਇਨ੍ਹਾਂ ਨੂੰ ਹੁਣ ਦਿਖਾਉਣਾ ਪਵੇਗਾ ਕਿ ਇਹ ਸੱਤਾਧਾਰੀਆਂ ਤੋਂ ਕਿਸ ਲਿਹਾਜ਼ ਨਾਲ ਵੱਖਰੇ ਹਨ ਤੇ ਪੰਜਾਬ ਬਾਰੇ ਕਿੰਨੇ ਦਿਆਨਤਦਾਰ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਘੜਾ ਪਾਪ ਦਾ ਭਰਿਆ!*

ਵਰ੍ਹੇ ਬੀਤ ਗਏ ਕਪਟ ਦੇ ਆਸਰੇ 'ਤੇ, ਗੱਲਾਂ ਕਰਦਿਆਂ ਮੀਸਣੀਆਂ ਮਿੱਠੀਆਂ ਜੀ।
ਰਾਜ ਭਾਗ ਦੇ ਨਸ਼ੇ 'ਚ ਰਹਿੰਦਿਆਂ ਨੂੰ, ਵਾਪਸ ਆਉਣ ਲਈ ਆਈਆਂ ਨੇ ਚਿੱਠੀਆਂ ਜੀ।
ਦਗੇਬਾਜ਼ ਜੋ ਕੌਮ ਨੂੰ ਵੇਚ ਦਿੰਦੇ, ਵੇਲੇ ਅੰਤ ਦੇ ਗਿਣਦੇ ਨੇ ਗਿੱਟੀਆਂ ਜੀ।
ਨਗਮੇ ਸਦਾ ਨਾ ਬੁਲਬੁਲਾਂ ਗਾਉਣ ਬਾਗੀਂ, ਸਦਾ ਰਹਿੰਦੀਆਂ ਮੌਜਾਂ ਨਾ ਡਿੱਠੀਆਂ ਜੀ।
ਥੋੜ੍ਹਾ ਬਹੁਤ ਜੋ ਸੱਚ ਦਾ 'ਭਰਮ' ਪਾਵੇ, ਝੂਠ ਬੋਲਿਆ ਓਨਾ ਕੁ ਪੁੱਗਦਾ ਐ।
ਸੱਚ ਜਾਪਦਾ ਕਥਨ ਇਹ ਹੋਣ ਲੱਗਾ, ਘੜਾ ਪਾਪ ਦਾ ਭਰ ਕੇ ਹੀ ਡੁੱਬਦਾ ਐ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸੰਗਤ ਸੰਗ ਵਿਚਾਰ

ਪੰਜਾਬ ਦੇ ਹਾਲਾਤ ਰੱਬ ਨਾਲੋਂ ਵੀ ਗੁੰਝਲਦਾਰ ਬੁਝਾਰਤ ਬਣੇ ਹੋਏ ਹਨ। ਅਕਾਲ ਤਖ਼ਤ ਤੋਂ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਸਪਸ਼ਟੀਕਰਨ ਦੇ ਜੁਆਬ ਵਿਚ ਦਿੱਤੀ ਮੁਆਫ਼ੀ ਉਤੇ ਸੁਆਲ ਹੋਏ ਤਾਂ ਹਾਲਾਤ ਮੁਤਾਬਕ ਸਿੰਘ ਸਾਹਿਬਾਨ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ। ਇਸੇ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆਏ ਤਾਂ ਰੋਹ ਸੜਕਾਂ ਉਤੇ ਉਬਾਲੇ ਖਾਣ ਲੱਗਿਆ। ਕੋਟਕਪੂਰਾ ਵਿਚ ਦੋ ਮੁਜ਼ਾਹਰਾਕਾਰੀ ਪੁਲਿਸ ਦੀ ਗੋਲੀ ਨਾਲ ਮਾਰੇ ਗਏ। ਇਹਤਿਆਤੀ ਗ੍ਰਿਫ਼ਤਾਰੀਆਂ ਦਾ ਦੌਰ ਲਗਾਤਾਰ ਜਾਰੀ ਹੈ। ਹਰ ਰੋਜ਼ ਸੜਕਾਂ ਅਤੇ ਬਾਜ਼ਾਰ ਬੰਦ ਕਰਵਾਉਣ ਦਾ ਰੁਝਾਨ ਚੱਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਭੌਰ ਨੇ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੁਖਦੇਵ ਸਿੰਘ ਭੌਰ ਸਮੇਤ ਇੱਕ ਦਰਜਨ ਤੋਂ ਜ਼ਿਆਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਮੁਕਾਮੀ ਪੱਧਰ ਦੇ ਆਗੂਆਂ ਦਾ ਪਾਰਟੀ ਤੋਂ ਕਿਨਾਰਾ ਕਰਨਾ ਜਾਰੀ ਹੈ। ਮੁਜ਼ਾਹਰਾਕਾਰੀਆਂ ਨੇ ਦੋ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਉਤੇ ਹਮਲਾ ਕੀਤਾ। ਕਾਂਗਰਸ ਦੇ ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਵਿਧਾਨ ਸਭਾ ਤੋਂ ਅਸਤੀਫ਼ਾ ਦਿੱਤਾ ਹੈ। ਰੋਸ ਮੁਜ਼ਾਹਰਿਆਂ ਤੋਂ ਬਾਅਦ ਹੁਣ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਕੁਝ ਹੋਰ ਥਾਈਂ ਨੀਮ-ਫ਼ੌਜੀ ਦਸਤੇ ਤਾਇਨਾਤ ਕਰ ਦਿੱਤੇ ਗਏ ਹਨ। ਤਲਵਾਰਾਂ ਲਹਿਰਾਉਣ ਉਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸੇ ਦੌਰਾਨ ਪੰਜਾਬ ਪੁਲਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਪੰਜ ਮਾਮਲੇ ਸੁਲਝਾ ਲੈਣ ਦਾ ਦਾਅਵਾ ਕੀਤਾ ਹੈ।



ਦਲਜੀਤ ਅਮੀ
ਫੋਨ: +91-97811-21873

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਰੋਹ ਜਾਗਣਾ ਸੁਭਾਵਿਕ ਹੈ। ਇਸ ਬੇਅਦਬੀ ਦੀ ਨਿਖੇਧੀ, ਨਿਰਪੱਖ ਜਾਂਚ ਅਤੇ ਢੁਕਵੀਂ ਕਾਰਵਾਈ ਦੇ ਮਾਮਲੇ ਸਾਫ਼ ਹਨ। ਇਨ੍ਹਾਂ ਉਤੇ ਮੁਜ਼ਾਹਰਾਕਾਰੀਆਂ ਤੋਂ ਲੈ ਕੇ ਸਰਕਾਰ ਅਤੇ ਨਿਰਪੱਖ ਤਬਕੇ ਤੱਕ ਸਹਿਮਤੀ ਹੈ ਕਿ ਇਹ ਨਿਖੇਧੀ, ਜਾਂਚ ਅਤੇ ਢੁਕਵੀਂ ਕਾਰਵਾਈ ਤਾਂ ਹੋਣੀ ਹੀ ਚਾਹੀਦੀ ਹੈ। ਇਸੇ ਦੌਰਾਨ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ ਸਰਬਤ ਖ਼ਾਲਸਾ ਕਰਨ ਦਾ ਸੱਦਾ ਦਿੱਤਾ ਜਾ ਚੁੱਕਿਆ ਹੈ। ਹੁਣ ਸਰਬਤ ਖ਼ਾਲਸਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਵੀ ਜੁੜ ਗਿਆ ਹੈ। ਇਸ ਵੇਲੇ ਮੁਜ਼ਾਹਰਾਕਾਰੀਆਂ ਵਿਚ ਰੋਸ ਦੀ ਭਾਵਨਾ ਇੰਨੀ ਭਾਰੂ ਹੈ ਕਿ ਕੋਈ ਸੰਵਾਦ ਮੁਸ਼ਕਲ ਜਾਪਦਾ ਹੈ। ਅਫ਼ਵਾਹਾਂ ਦਾ ਬਾਜ਼ਾਰ ਇੰਨਾ ਗਰਮ ਹੈ ਕਿ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਜਤਿੰਦਰ ਔਲਖ ਨੂੰ ਦੱਸਣਾ ਪਿਆ ਕਿ ਸ਼ਹਿਰ ਵਿਚ ਕਰਫ਼ਿਊ ਨਹੀਂ ਹੈ ਅਤੇ ਫ਼ੌਜ ਤਾਇਨਾਤ ਨਹੀਂ ਕੀਤੀ ਗਈ।

ਦੂਜੇ ਪਾਸੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਕਰਨੈਲ ਸਿੰਘ ਪੀਰਮੁਹੰਮਦ ਅਤੇ ਦਮਦਮੀ ਟਕਸਾਲ ਨੂੰ ਸਪਸ਼ਟੀਕਰਨ ਦੇਣਾ ਪਿਆ ਕਿ ਉਨ੍ਹਾਂ ਨੇ ਲੰਘੇ ਸੋਮਵਾਰ ਨੂੰ ਪੰਜਾਬ ਬੰਦ ਦਾ ਸੱਦਾ ਨਹੀਂ ਦਿੱਤਾ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ ਵਿਚ ਸਿੱਖ ਪ੍ਰਚਾਰਕਾਂ ਨੇ ਹਰ ਜ਼ਿਲ੍ਹੇ ਵਿਚ ਰੋਜ਼ਾਨਾ ਤਿੰਨ ਘੰਟੇ ਬੰਦ ਕਰਨ ਦਾ ਸੱਦਾ ਦਿੱਤਾ ਤਾਂ ਸਿਮਰਨਜੀਤ ਸਿੰਘ ਮਾਨ ਨੇ ਇਸ ਸੱਦੇ ਨੂੰ ਰੱਦ ਕਰ ਦਿੱਤਾ। ਕੋਟਕਪੂਰੇ ਵਿਚ ਮੁਜ਼ਾਹਰੇ ਦੀ ਅਗਵਾਈ ਕਰਨ ਵਾਲੇ ਧਰਮ ਪ੍ਰਚਾਰਕ ਪੰਥਪ੍ਰੀਤ ਸਿੰਘ ਨੂੰ ਮੁਜ਼ਾਹਰਾਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ। ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੋਟਕਪੂਰੇ ਵਿਚ ਕਿਹਾ ਹੈ ਕਿ ਸੰਘਰਸ਼ ਦੀ ਸਾਂਝੀ ਵਿਉਂਤਬੰਦੀ 25 ਸਤੰਬਰ ਨੂੰ ਮਾਰੇ ਗਏ ਨੌਜਵਾਨਾਂ ਦੇ ਭੋਗ ਉਤੇ ਬਣਾਈ ਜਾਵੇਗੀ, ਪਰ ਉਦੋਂ ਤੱਕ ਆਪੋ-ਆਪਣਾ ਸੰਘਰਸ਼ ਜਾਰੀ ਰਹੇਗਾ।

ਇਨ੍ਹਾਂ ਹਾਲਾਤ ਵਿਚ ਤਿੰਨ ਪੱਖ ਅਹਿਮ ਹਨ। ਇਸ ਰੋਹ ਦੀ ਮੰਗ ਕੀ ਬਣਦੀ ਹੈ? ਇਸ ਰੋਹ ਵਿਚ ਡੇਰਾ ਸੱਚਾ ਸੌਦਾ ਦੇ ਨਾਲ ਜੁੜੇ ਦੋਵੇਂ ਗੁਰਮਤਿਆਂ (ਮੁਆਫ਼ੀ ਅਤੇ ਮੁਆਫ਼ੀ ਰੱਦ ਕਰਨ ਵਾਲਾ) ਦੀ ਕੀ ਭੂਮਿਕਾ ਹੈ? ਇਸ ਰੋਹ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਇਲਾਵਾ ਹੋਰ ਕਿਹੜੇ ਮਸਲੇ ਪੇਸ਼ ਹੁੰਦੇ ਹਨ?

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ ਤੋਂ ਪਹਿਲਾਂ ਡੇਰਾ ਮੁਖੀ ਨੂੰ ਮੁਆਫ਼ ਕਰਨ ਦਾ ਮਸਲਾ ਭਖ ਗਿਆ ਸੀ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਦਰ ਬਾਗ਼ੀ ਸੁਰਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸੁਆਲ ਕਰਨੇ ਸ਼ੁਰੂ ਕਰ ਦਿੱਤੇ ਸਨ। ਕਿਸਾਨ-ਮਜ਼ਦੂਰਾਂ ਦੀ ਰੇਲ ਰੋਕੂ ਕਾਰਨ ਦਬਾਅ ਵਿਚ ਆਈ ਪੰਜਾਬ ਸਰਕਾਰ ਨੇ ਗ਼ਲਤ ਸਿਆਸੀ ਚਾਲ ਚੱਲ ਦਿੱਤੀ ਸੀ। ਪੰਥਕ ਜਥੇਬੰਦੀਆਂ ਨੇ ਸਿੰਘ ਸਾਹਿਬਾਨ ਦੇ ਗ਼ਲਤ ਫ਼ੈਸਲੇ ਅਤੇ ਸਿਆਸੀ ਦਖ਼ਲਅੰਦਾਜ਼ੀ ਦੇ ਮਾਮਲਿਆਂ ਨਾਲ ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਸੀ। ਇਸੇ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਆ ਗਿਆ ਅਤੇ ਉਪਰੋਥਲੀ ਸੱਤ ਥਾਂਵਾਂ ਤੋਂ ਇੱਕੋ ਖ਼ਬਰ ਆਈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਲੱਗੀ ਠੇਸ ਨਾਲ ਰੋਹ ਦੀ ਲਹਿਰ ਫੈਲ ਗਈ। ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਜਾਂ ਗੁਰੂ ਗ੍ਰੰਥ ਸਾਹਿਬ ਦੀ ਸੋਚ ਨੂੰ ਲਾਗੂ ਕਰਨ ਦੇ ਮਾਮਲਿਆਂ ਵਿਚ ਹਜ਼ਾਰ ਰਾਵਾਂ ਹੋ ਸਕਦੀਆਂ ਹਨ, ਪਰ ਬੇਅਦਬੀ ਦਾ ਮਾਮਲਾ ਸਭ ਨੂੰ ਪੋਂਹਦਾ ਹੈ।

ਬੇਅਦਬੀ ਦੀ ਠੇਸ ਨਾਲ ਸ਼੍ਰੋਮਣੀ ਕਮੇਟੀ ਦੇ ਉਨ੍ਹਾਂ ਮੈਂਬਰਾਂ ਨੂੰ ਰੋਸ ਜ਼ਾਹਿਰ ਕਰਨ ਦਾ ਢੁਕਵਾਂ ਮੌਕਾ ਮਿਲ ਗਿਆ ਜੋ ਪ੍ਰੇਸ਼ਾਨ ਹੋਣ ਦੇ ਬਾਵਜੂਦ ਸਿਆਸੀ ਦਖ਼ਲਅੰਦਾਜ਼ੀ ਖ਼ਿਲਾਫ਼ ਬੋਲਣ ਤੋਂ ਕਤਰਾਉਂਦੇ ਸਨ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਉਨ੍ਹਾਂ ਆਗੂਆਂ ਨੂੰ ਵੀ ਰੋਹ ਜ਼ਾਹਿਰ ਕਰਨ ਦਾ ਮੌਕਾ ਮਿਲ ਗਿਆ ਜੋ ਪਾਰਟੀ ਉਤੇ ਬਾਦਲ ਪਰਿਵਾਰ ਦੇ ਗ਼ਲਬੇ ਦੀ ਮਾਰ ਵਿਚ ਆ ਕੇ ਵੀ ਚੁੱਪ ਸਨ। ਇਸ ਨਾਲ ਮੁਕਾਮੀ ਪੱਧਰ ਉਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨਾਲ ਜੁੜੇ ਸਿਆਸੀ ਸੁਆਲਾਂ ਨੂੰ ਧਰਮ ਦੇ ਬਾਣੇ ਵਿਚ ਸਿਆਸੀ ਆਵਾਜ਼ ਮਿਲ ਗਈ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਬੇਅਦਬੀ ਦੇ ਨਾਮ ਉਤੇ ਮੁਜ਼ਾਹਰਾਕਾਰੀਆਂ ਨੇ ਜੁਆਬਤਲਬੀ ਸ਼ੁਰੂ ਕਰ ਦਿੱਤੀ ਤਾਂ ਉਨ੍ਹਾਂ ਉਤੇ ਆਪਣੀ ਪਾਰਟੀ ਖ਼ਿਲਾਫ਼ ਬਗ਼ਾਵਤ ਕਰਨ ਦੀ ਮਜਬੂਰੀ ਆਣ ਪਈ। ਇਹ ਮਾਮਲਾ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਦੇ ਪ੍ਰਬੰਧਕੀ ਹੁਨਰ ਖ਼ਿਲਾਫ਼ ਅੰਦਰ ਨੱਪੇ ਖ਼ਰੂਦ ਨੂੰ ਬਗ਼ਾਵਤ ਵਿਚ ਬਦਲਣ ਦਾ ਪਹਿਲਾਂ ਮੌਕਾ ਬਣ ਗਿਆ।

ਇਹ ਰੋਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਸਿਆਸਤ ਦੇ ਘੇਰੇ ਤੋਂ ਕਿਤੇ ਮੋਕਲੀ ਭਾਵਨਾ ਜੁੜਿਆ ਹੋਇਆ ਹੈ। ਇਸ ਰੋਹ ਨੂੰ ਸਿਆਸੀ ਮੌਕੇ ਵਜੋਂ ਵੀ ਵੇਖਿਆ ਜਾ ਰਿਹਾ ਹੈ ਜਿਸ ਦੀ ਝਲਕ ਵਿਦੇਸ਼ਾਂ ਵਿਚ ਚੱਲਦੇ ਪੰਜਾਬੀ ਚੈਨਲਾਂ ਅਤੇ ਅਖ਼ਬਾਰਾਂ ਤੋਂ ਲੈ ਕੇ ਇੰਟਰਨੈੱਟ ਮੀਡੀਆ ਉਤੇ ਦੇਖਿਆ ਜਾ ਸਕਦਾ ਹੈ। ਇਸ ਰੋਹ ਵਿਚ ਮੁਜ਼ਾਹਰਾਕਾਰੀਆਂ ਨੂੰ ਜੋੜਨ ਵਾਲੀ ਤੰਦ ਗੁਰੂ ਗ੍ਰੰਥ ਸਾਹਿਬ ਅਤੇ ਬੇਅਦਬੀ ਵਿਚੋਂ ਉਪਜਦੀ ਠੇਸ ਹੈ। ਹੁਣ ਤੱਕ ਦੇ ਮੁਜ਼ਾਹਰਿਆਂ ਤੋਂ ਸਾਫ਼ ਹੈ ਕਿ ਇਸ ਤੰਦ ਦਾ ਕਿਸੇ ਸਿਆਸੀ ਟੀਚੇ ਤੱਕ ਸਾਂਝੀ ਰਹਿਣਾ ਮੁਸ਼ਕਲ ਹੈ। ਬੇਅਦਬੀ ਕਾਰਨ ਉਠਿਆ ਆਪਮੁਹਾਰਾ ਰੋਹ ਕਿਸੇ ਦੇ ਕਾਬੂ ਵਿਚ ਨਹੀਂ ਹੈ। ਪਹਿਲਾਂ ਤੋਂ ਬੇਭਰੋਸਗੀ ਦਾ ਸ਼ਿਕਾਰ ਪੰਥਕ ਧਿਰਾਂ ਆਪਣੀ ਹੋਂਦ ਜਤਾ ਰਹੀਆਂ ਹਨ, ਪਰ ਇਸ ਰੋਹ ਨੂੰ ਕਿਸੇ ਸਿਆਸੀ ਤਣ-ਪੱਤਣ ਤੱਕ ਲਿਜਾਣਾ ਉਨ੍ਹਾਂ ਦੇ ਵਸੋਂ ਬਾਹਰੀ ਗੱਲ ਹੈ। ਬੇਭਰੋਸਗੀ ਦਾ ਆਲਮ ਇਹ ਹੈ ਕਿ ਇਸ ਰੋਹ ਦੇ ਮਾਮਲੇ ਵਿਚ ਕਿਸੇ ਦੀ ਦਲੀਲ ਸੁਣੇ ਜਾਣ ਦੀ ਸੰਭਾਵਨਾ ਵੀ ਨਹੀਂ ਹੈ। ਇਸ ਬੇਅਦਬੀ ਪਿੱਛੇ ਹਰ ਤਰ੍ਹਾਂ ਦੀ ਦਲੀਲ ਵੱਖ ਵੱਖ ਤਬਕਿਆਂ ਰਾਹੀਂ ਪੇਸ਼ ਹੋ ਰਹੀ ਹੈ। ਕਾਂਗਰਸ ਤੋਂ ਲੈ ਕੇ ਕੇਂਦਰ ਸਰਕਾਰ, ਸੂਬਾ ਸਰਕਾਰ ਤੋਂ ਲੈ ਕੇ ਖ਼ੁਫ਼ੀਆ ਏਜੰਸੀਆਂ, ਪੰਜਾਬ ਪੁਲਿਸ ਤੋਂ ਲੈ ਕੇ ਅੰਦਰੂਨੀ ਸ਼ਰਾਰਤੀਆਂ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਤੋਂ ਲੈ ਕੇ ਡੇਰੇ ਨਾਲ ਜੋੜ ਕੇ ਸਾਜ਼ਿਸ਼ਾਂ ਦੀਆਂ ਧਾਰਨਾਵਾਂ ਪੇਸ਼ ਹੋ ਰਹੀਆਂ ਹਨ। ਜ਼ਿਆਦਾਤਰ ਧਾਰਨਾਵਾਂ ਪਿੱਛੇ ਪਹਿਲਾਂ ਤੋਂ ਤੈਅ ਸਿਧਾਂਤਕਾਰੀ ਅਤੇ ਇਲਜ਼ਾਮ ਦੇ ਘੇਰੇ ਵਿਚ ਆਈਆਂ ਧਿਰਾਂ ਦੀ ਪੁਰਾਣੀ ਕਾਰਗੁਜ਼ਾਰੀ ਦੇ ਹਵਾਲੇ ਦਿੱਤੇ ਜਾ ਸਕਦੇ ਹਨ। ਰੋਹ ਵਿਚ ਸ਼ਾਮਿਲ ਸਾਰੀਆਂ ਜਥੇਬੰਦੀਆਂ, ਪ੍ਰਚਾਰਕਾਂ ਅਤੇ ਆਪਮੁਹਾਰੇ ਆਏ ਮੁਜ਼ਾਹਰਾਕਾਰੀਆਂ ਨੂੰ ਕੋਈ ਵੀ ਸਬੂਤ ਕਿਸੇ ਇੱਕ ਧਾਰਨਾ ਉਤੇ ਯਕੀਨ ਨਹੀਂ ਕਰਵਾ ਸਕਦਾ।

ਬੇਭਰੋਸਗੀ ਅਤੇ ਠੇਸ ਦਾ ਜਮ੍ਹਾਂਜੋੜ ਇਸ ਹੱਦ ਤੱਕ ਤਾਰੀ ਹੈ ਕਿ ਪੰਥ ਵਿਰੋਧੀ, ਸਿੱਖ ਵਿਰੋਧੀ, ਗੱਦਾਰ, ਦਲਾਲ ਅਤੇ ਵਿਕ ਜਾਣ ਦੇ ਵਿਸ਼ੇਸ਼ਣ ਹਰ ਕਿਸੇ ਲਈ ਤਿਆਰ ਹਨ। ਇਨ੍ਹਾਂ ਹਾਲਾਤ ਵਿਚ ਰੋਹ ਦਾ ਹਿੱਸਾ ਬਣਨ ਵਾਲਾ ਹਰ ਆਗੂ ਕਿਸੇ ਵੀ ਜ਼ਿੰਮੇਵਾਰੀ ਨੂੰ ਓਟਣ ਤੋਂ ਗੁਰੇਜ਼ ਕਰੇਗਾ। ਰੋਹ ਨੂੰ ਕਿਸੇ ਸਿਆਸੀ ਟੀਚੇ ਤੱਕ ਲਿਜਾਣ ਦੀ ਹਰ ਦਾਅਵੇਦਾਰੀ ਸਿਆਸੀ ਮੌਕਾਪ੍ਰਸਤੀ ਕਹਾਵੇਗੀ। ਆਪਣੀ ਸਿਆਸੀ ਅਹਿਮੀਅਤ ਗੁਆ ਚੁੱਕੀਆਂ ਧਿਰਾਂ ਲਈ ਇਹ ਹਾਲਾਤ ਮੌਕਾ ਵੀ ਹਨ ਅਤੇ ਸੰਕਟ ਵੀ। ਇਸੇ ਕਾਰਨ ਇਸ ਰੋਹ ਦੇ ਬੇਕਾਬੂ ਹੋ ਜਾਣ ਦੇ ਖ਼ਦਸ਼ੇ ਹਨ। ਜਲੰਧਰ ਵਿਚ ਦੁਕਾਨਦਾਰਾਂ ਅਤੇ ਮੁਜ਼ਾਹਰਾਕਾਰੀਆਂ ਵਿਚਲਾ ਟਕਰਾਅ ਮੌਜੂਦਾ ਰੋਹ ਦੇ ਇਸੇ ਖ਼ਾਸੇ ਦੀ ਸ਼ਨਾਖ਼ਤ ਕਰਦਾ ਹੈ।

ਇਸ ਰੋਹ ਨਾਲ ਵਫ਼ਾਦਾਰੀਆਂ ਚਾਕ ਕਰ ਕੇ ਆਵਾਜ਼ ਹਾਸਲ ਕਰਨ ਵਾਲੇ ਸਿਆਸੀ ਮੁੱਦਿਆਂ ਦਾ ਕੀ ਬਣੇਗਾ? ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ੇ ਦੇਣ ਵਾਲੇ ਆਗੂਆਂ ਦਾ ਕੀ ਬਣੇਗਾ? ਉਨ੍ਹਾਂ ਦੇ ਮੁੱਦਿਆਂ ਦਾ ਕੀ ਹੋਵੇਗਾ? ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਦੀਆਂ ਗ਼ੈਰ-ਹੁਕਮਰਾਨ ਫਾੱਟਾਂ, ਦਮਦਮੀ ਟਕਸਾਲ, ਸੰਤ ਸਮਾਜ, ਪ੍ਰਚਾਰਕਾਂ ਅਤੇ ਆਪਮੁਹਾਰੇ ਆਏ ਮੁਜ਼ਾਹਰਾਕਾਰੀਆਂ ਦੀ ਤਸੱਲੀ ਕਿਸ ਤਰ੍ਹਾਂ ਹੋ ਸਕਦੀ ਹੈ? ਜਿਹੜੇ ਸਿਆਸਤਦਾਨ ਅਤੇ ਵਿਦਵਾਨ ਠੇਸ ਦੀ ਹੀ ਸਿਆਸਤ ਕਰਦੇ ਹਨ, ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਨਿਖੇਧੀ, ਜਾਂਚ ਅਤੇ ਢੁਕਵੀਂ ਕਾਰਵਾਈ ਨਾਲ ਕਿਵੇਂ ਸੰਤੁਸ਼ਟ ਹੋ ਸਕਦੇ ਹਨ? ਜਦੋਂ ਹੁਕਮਰਾਨ ਸਮੇਤ ਸਾਰੀਆਂ ਸਿਆਸੀ ਧਿਰਾਂ ਇਸ ਰੋਹ ਦੇ ਸਿਆਸੀ ਨਫ਼ੇ-ਨੁਕਸਾਨ ਬਾਬਤ ਸੋਚ ਰਹੀਆਂ ਹਨ, ਤਾਂ ਬੇਅਦਬੀ ਦੀ ਠੇਸ ਨੂੰ ਮੁਖ਼ਾਤਬ ਕੌਣ ਹੈ ਭਲਾ? ਜੇ ਬੇਭਰੋਸਗੀ ਦੇ ਹਾਲਾਤ ਨਾਲ ਜੁੜੇ ਖ਼ਦਸ਼ਿਆਂ ਤੋਂ ਪੰਜਾਬ ਬਚ ਗਿਆ, ਤਾਂ ਸ਼ਾਇਦ ਸਿਆਸੀ 'ਬਗ਼ਾਵਤਾਂ' ਗੁਰਦੁਆਰਾ ਪ੍ਰਬੰਧ ਵਿਚ ਕੁਝ ਸੁਧਾਰ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਥੋੜ੍ਹੀ-ਬਹੁਤੀ ਜਮਹੂਰੀਅਤ ਬਹਾਲ ਕਰ ਸਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤਾਂ ਰੋਜ਼ ਕੀਤੀ ਜਾਂਦੀ ਅਰਦਾਸ ਵਿਚ ਹੀ ਨਿਹਤ ਹੈ। ਵਿਵੇਕ ਦਾਨ, ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਕੀਤੀ ਜਾਂਦੀ ਅਰਦਾਸ ਵਿਚ ਜੁੜੀ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਪਹੁੰਚੀ ਠੇਸ ਨੂੰ ਮਲ੍ਹਮ ਲਗਾਉਣ ਦੇ ਸਮਰੱਥ ਹੈ। ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਅਤੇ ਮੁੜ ਕੇ ਅਜਿਹਾ ਹੋਣ ਤੋਂ ਰੋਕਣ ਲਈ ਕੀਤੀਆਂ ਪੇਸ਼ਬੰਦੀਆਂ ਦਾ ਕੋਈ ਨਕਸ਼ਾ ਤਾਂ ਤੈਅ ਕਰਨਾ ਹੀ ਪੈਣਾ ਹੈ। ਇਹ ਸੋਚ-ਵਿਚਾਰ ਅਤੇ ਦਲੀਲ ਵਿਚ ਪਏ ਬਿਨਾਂ ਨਹੀਂ ਹੋਣਾ।

***ਜੇ ਬੇਭਰੋਸਗੀ ਦੇ ਹਾਲਾਤ ਨਾਲ ਜੁੜੇ ਖ਼ਦਸ਼ਿਆਂ ਤੋਂ ਪੰਜਾਬ ਬਚ ਗਿਆ, ਤਾਂ ਸ਼ਾਇਦ ਸਿਆਸੀ 'ਬਗ਼ਾਵਤਾਂ' ਗੁਰਦੁਆਰਾ ਪ੍ਰਬੰਧ ਵਿਚ ਕੁਝ ਸੁਧਾਰ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਥੋੜ੍ਹੀ-ਬਹੁਤੀ ਜਮਹੂਰੀਅਤ ਬਹਾਲ ਕਰ ਸਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਤਾਂ ਰੋਜ਼ ਕੀਤੀ ਜਾਂਦੀ ਅਰਦਾਸ ਵਿਚ ਹੀ ਨਿਹਤ ਹੈ। ਵਿਵੇਕ ਦਾਨ, ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਕੀਤੀ ਜਾਂਦੀ ਅਰਦਾਸ ਵਿਚ ਜੁੜੀ ਸੰਗਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਪਹੁੰਚੀ ਠੇਸ ਨੂੰ ਮਲ੍ਹਮ ਲਗਾਉਣ ਦੇ ਸਮਰੱਥ ਹੈ।***

# ਚੇਤਨਾ ਅਤੇ ਚਿੰਤਨ ਤੋਂ ਟੁੱਟ ਰਿਹਾ ਪੰਜਾਬ

ਨੀਤਸ਼ੇ ਨੇ ਲਿਖਿਆ ਸੀ ਕਿ ਜਦੋਂ ਕੋਈ ਖ਼ੁਦ ਨੂੰ ਆਗਿਆ ਦੇਣ ਦੇ ਸਮਰੱਥ ਨਾ ਹੋਵੇ, ਤਾਂ ਉਸ ਨੂੰ ਦੂਜੇ ਆਗਿਆ ਦੇਣ ਲੱਗ ਪੈਂਦੇ ਹਨ। ਦੂਜੇ ਉਦੋਂ ਹੀ ਆਗਿਆ ਦਿੰਦੇ ਹਨ ਜਦੋਂ ਸਾਹਮਣੇ ਵਾਲਾ ਸੀਸਹੀਣ ਹੋ ਜਾਂਦਾ ਹੈ। ਹੁਣ ਪੰਜਾਬ ਵੀ ਇਸੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸੀਸ ਦੇ ਮਹਾਤਮ ਨੂੰ ਸੰਸਾਰ ਪੱਧਰ 'ਤੇ ਪਹੁੰਚਾਉਣ ਵਾਲਾ ਪੰਜਾਬ ਅੱਜ ਖ਼ੁਦ ਸੀਸਹੀਣ ਹੋ ਰਿਹਾ ਹੈ। ਉਂਜ, ਪੰਜਾਬ ਤਲਵਾਰਾਂ ਤੇ ਖੰਡਿਆਂ ਤੋਂ ਪਹਿਲਾਂ, ਸ਼ਬਦ ਦੀ ਧਰਤੀ ਹੈ ਜਿਥੇ ਸ਼ਬਦ ਗੁਰੂ ਹੈ ਅਤੇ ਗੁਰੂ ਮੱਥੇ ਵਿਚ ਵਾਸ ਕਰਦਾ ਹੈ। ਸ਼ਬਦ ਨੇ ਚੇਤਨਾ ਅਤੇ ਸੰਵੇਦਨਾ ਦਾ ਰਾਹ ਖੋਲ੍ਹਣਾ ਹੁੰਦਾ ਹੈ ਅਤੇ ਸੰਵਾਦ-ਦਰ-ਸੰਵਾਦ ਇਹ ਪਰਵਾਹ ਚਲਦਾ ਹੈ। ਜਦੋਂ ਚੇਤਨਾ ਤੋਂ ਲੈ ਕੇ ਸੰਵਾਦ ਦਾ ਮਾਰਗ ਖੁੱਲ੍ਹਦਾ ਹੈ, ਤਦ ਸਮਾਜਕ, ਸਭਿਆਚਾਰ, ਆਰਥਿਕ, ਸਿਆਸੀ ਤੇ ਸ਼ਖ਼ਸੀ ਅੰਤਰ-ਵਿਰੋਧਾਂ ਦਾ ਹੱਲ ਵੀ

**ਹਰਪ੍ਰੀਤ ਸਿੰਘ**
ਫੋਨ: +91-94643-15244

ਦਿਖਾਈ ਦੇਣ ਲੱਗ ਪੈਂਦਾ ਹੈ, ਪਰ ਚੇਤਨਾ ਤੇ ਚਿੰਤਨ ਤੋਂ ਟੁੱਟ ਕੇ ਨੀਮ-ਬੇਹੋਸ਼ ਹੋ ਜਾਣਾ ਆਪਣੇ ਆਪ ਨੂੰ ਨੀਲਾਮ ਕਰਨ ਦੇ ਬਰਾਬਰ ਹੈ।

ਚੇਤਨਾ ਦਾ ਕੋਈ ਫਾਰਮੂਲਾ ਨਹੀਂ ਹੁੰਦਾ ਅਤੇ ਨਾ ਹੀ ਇਹ ਕੋਈ ਬਾਜ਼ਾਰੂ ਵਸਤ ਹੈ। ਇਹ ਬਾਹਰੀ ਅਤੇ ਅੰਦਰੂਨੀ ਵਿਰੋਧਾਂ ਦੀ ਸਾਰਥਿਕ ਉਪਜ ਹੈ ਜਿਸ ਨੇ ਅੱਖਾਂ ਨੂੰ ਸਾਜ਼ਗਾਰ ਕਰਨਾ ਤੇ ਦ੍ਰਿਸ਼ਟੀ ਦੇਣੀ ਹੁੰਦੀ ਹੈ ਅਤੇ ਸਿਰ ਨੂੰ ਪੈਰਾਂ ਨਾਲ ਸੁਰਬੱਧ ਕਰਨਾ ਹੁੰਦਾ ਹੈ। ਨਹੀਂ ਤਾਂ ਲੋਕ ਕਥਾਵਾਂ 'ਚ ਜਿਸਮ ਦੇ ਅੰਗਾਂ ਦੇ ਅਲੱਗ ਅਲੱਗ ਹੋਣ ਵਾਲੇ ਵਾਕਿਆਤ ਸੱਚ ਹੋ ਸਕਦੇ ਹਨ। ਬੁੱਤਾਂ ਤੋਂ ਲੈ ਕੇ ਮਸ਼ੀਨਾਂ ਬਣਨ ਤਕ ਸੰਵੇਦਨਾ, ਚੇਤਨਾ ਅਤੇ ਚਿੰਤਨ ਗੈਰ-ਹਾਜ਼ਰ ਹੋ ਜਾਂਦਾ ਹੈ। ਇਨ੍ਹਾਂ ਦੀ ਗੈਰ-ਹਾਜ਼ਰੀ ਦਰਬਾਰਾਂ ਨੂੰ ਭਾਉਂਦੀ ਹੈ। ਉਨ੍ਹਾਂ ਨੂੰ ਪਿਆਦੇ ਚਾਹੀਦੇ ਹਨ। ਨੇਤਰਹੀਣ ਸੈਨਿਕ, ਪੈਰਹੀਣ ਦੌੜਾਕ, ਸੀਸਹੀਣ ਚਿੰਤਕ ਉਨ੍ਹਾਂ ਦੇ ਲਈ ਲਾਹੇਵੰਦ ਹਨ। ਦਰਬਾਰਾਂ ਨੂੰ ਗੁੰਗੇ-ਬੋਲੇ, ਅੰਨ੍ਹੇ-ਲੰਗੜੇ ਮਰਿਆਂ ਤੋਂ ਵਧੇਰੇ ਮੁਹੱਬਤ ਯੋਗ ਲੱਗਦੇ ਹਨ। ਅਪਾਹਜ ਕੇਂਦਰਾਂ ਦੀ ਸਿਆਸਤ ਇਨ੍ਹਾਂ ਆਸਰੇ ਸਿਰੇ ਚੜ੍ਹਦੀ ਹੈ।

ਅੱਜ ਸਾਰਾ ਪੰਜਾਬ ਅਪਾਹਜ ਹੋ ਚੁੱਕਿਆ ਹੈ। ਹੁਣ ਇਹ ਭਰਮ ਤਾਂ ਟੁੱਟ ਹੀ ਗਿਆ ਹੈ ਕਿ ਪੰਜਾਬ ਸੰਸਾਰ ਦਾ ਅਤਿ-ਖੁਸ਼ਹਾਲੀ ਭਰਪੂਰ ਤੰਦਰੁਸਤ ਤੇ ਚੜ੍ਹਦੀ ਕਲਾ ਵਾਲਾ ਕੋਈ ਖੇਤਰ ਹੈ ਜਿਥੋਂ ਦੇ ਗਠੀਲੇ ਗੱਭਰੂ ਤੇ ਮੁਟਿਆਰਾਂ ਪੈਰਾਂ ਦੀ ਅੱਡੀ ਨਾਲ ਕੋਹ-ਕਾਫ ਦੀਆਂ ਚੋਟੀਆਂ ਹਿਲਾਉਣ ਦਾ ਮਾਦਾ ਰੱਖਦੇ ਸਨ ਅਤੇ ਸਾਂਦਲ ਬਾਰਾਂ ਦੇ ਜਾਏ, ਅਕਬਰਾਂ ਨੂੰ ਅੱਖਾਂ ਦਿਖਾ ਦਿੰਦੇ ਸਨ। ਹੁਣ ਤਾਂ ਪੰਜਾਬ ਜੰਡ 'ਤੇ ਟੰਗੇ ਖਾਲੀ ਤਰਕਸ਼ ਜਿਹਾ ਹੋ ਗਿਆ ਹੈ ਜਿਸ ਦੇ ਸਾਰੇ ਤੀਰ ਚਲਾ ਦਿੱਤੇ ਗਏ ਹੋਣ ਜਾਂ ਫਿਰ ਤੋੜ ਦਿੱਤੇ ਗਏ ਹੋਣ। ਹਾਂ, ਤੀਰ ਘੜੇ ਵੀ ਜਾ ਸਕਦੇ ਹਨ ਤੇ ਤਰਕਸ਼ ਜੰਡ 'ਤੋਂ ਉਤਾਰੀ ਵੀ ਜਾ ਸਕਦੀ ਹੈ।

ਪੰਜਾਬ ਨੂੰ ਇਹ ਗੱਲ ਆਪਣੇ ਇਤਿਹਾਸ ਤੋਂ ਸਿੱਖ ਲੈਣੀ ਚਾਹੀਦੀ ਹੈ ਕਿ ਇਸ ਦੇ ਰਹਿਬਰਾਂ ਦੇ ਮੂੰਹ ਨੂੰ ਇਸ ਦਾ ਹੀ ਲਹੂ ਲੱਗਿਆ ਹੈ। ਇਸ ਧਰਤੀ ਦੇ ਪੁੱਤਾਂ ਦੇ ਸਿਰ ਸਜੀਆਂ ਦਸਤਾਰਾਂ ਇਥੋਂ ਦੇ ਹਾਕਮ ਹੀ ਮਿੱਟੀ 'ਚ ਮਿਲਾਉਂਦੇ ਰਹੇ ਹਨ। ਸਿਰਾਂ ਦੇ ਮੁੱਲ ਤਾਰ ਕੇ ਵੀ ਚੜ੍ਹਦੀਕਲਾ ਵਿਚ ਰਹਿਣ ਵਾਲੇ ਇਸ ਧਰਤ ਦੇ ਜਾਏ ਧਰਤੀ ਅਤੇ ਦਸਤਾਰ ਦੇ ਬੇਪੱਤ ਹੋਣ 'ਤੇ ਵੀ ਭੋਰਿਆਂ ਦੀ ਤਲਾਸ਼ 'ਚ ਹਨ। ਭੋਰੇ ਜੋ ਕਿਸੇ ਗੁਪਤ ਰਾਹ ਦੁਆਰਾ ਕਿਸੇ ਸ਼ਾਹੀ ਦਰਬਾਰਾਂ ਦੇ ਪੈਰਾਂ ਵਿਚ ਖੁੱਲ੍ਹਦੇ ਹਨ। ਹਨੇਰੇ ਵਿਚ ਸਿਰਫ਼ ਮੂੰਹ ਲੁਕ ਸਕਦੇ ਹਨ, ਮਨਸੂਬੇ ਨਹੀਂ। ਹੁਣ ਮੂੰਹ ਅਤੇ ਮਨਸੂਬੇ ਰਲਗੱਡ ਹੋਣ ਲੱਗੇ ਹਨ।

ਜ਼ਰਖੇਜ਼ ਧਰਤ ਦੀ ਫ਼ਸਲ ਉਸ ਦੀ ਔਲਾਦ ਹੁੰਦੀ ਹੈ ਜਿਸ ਨੇ ਧਰਤੀ ਦਾ ਭਾਰ ਚੁੱਕਣਾ ਅਤੇ ਵੰਡਣਾ ਹੁੰਦਾ ਹੈ, ਅਣਗਾਹੇ ਰਾਹ ਮੰਜ਼ਿਲਾਂ ਵਿਚ ਬਦਲਣੇ ਹੁੰਦੇ ਹਨ, ਫ਼ਲਕ ਨੂੰ ਜ਼ਮੀਨ ਨਾਲ ਮਿਲਾਉਣਾ ਹੁੰਦਾ ਹੈ, ਇੱਕੋ ਵੇਲੇ ਭਾਈ ਘਨ੍ਹੱਈਆ ਬਣਨਾ ਹੁੰਦਾ ਹੈ ਅਤੇ ਨਾਲੋ-ਨਾਲ ਬਾਬਾ ਦੀਪ ਸਿੰਘ ਵੀ। ਇੱਕੋ ਵੇਲੇ ਸਰਾਭਾ ਵੀ ਤੇ ਭਗਤ ਸਿੰਘ ਵੀ।

ਮਿੱਠੇ ਜ਼ਹਿਰਾਂ ਨੂੰ ਸੀਨੇ 'ਚ ਉਤਾਰ ਕੇ ਆਪਣੀਆਂ ਜੜ੍ਹਾਂ ਪੁੱਟ ਰਹੇ ਗੱਭਰੂ ਹੌਲੀ ਹੌਲੀ ਖ਼ੁਰ ਰਹੇ ਹਨ। ਬਿਗਾਨਿਆਂ ਦੀ ਬੀਨ 'ਤੇ ਮੇਲ੍ਹਦੇ ਨੌਜਵਾਨ ਆਪਣੇ ਮੌਲਿਕ ਗਿਆਨ/ਸੂਝ ਤੋਂ ਕੋਰੇ ਹੋ ਕੇ 'ਚਿੱਟੇ' ਵਿਚ ਮੂੰਹ ਕਾਲਾ ਕਰਵਾ ਰਹੇ ਹਨ। ਚਿੱਟਾ ਹੋਵੇ ਜਾਂ ਕਾਲਾ, ਹੁਣ ਲੂ-ਲੂ ਵਿਚ ਗੁਲਾਮੀ ਦਾ ਬੀਅ ਬਣ ਕੇ ਉਭਰ ਚੁੱਕਾ ਹੈ। ਕਠਪੁਤਲੀ ਦੀ ਡੋਰ ਦਰਬਾਰਾਂ/ਮਹਿਲਾਂ 'ਚੋਂ ਨਿਕਲਦੀ ਹੈ, ਪਾਰਦਰਸ਼ੀ ਬਣ ਕੇ ਸਫੇਦਪੋਸ਼ੀ ਦੇ ਪੋਚੇ ਚੜ੍ਹਦੀ ਹੈ। ਧਰਤੀ ਦਾ ਸੌਦਾ ਕਰਨ ਵਾਲੇ ਸੌਦਾਗਰਾਂ ਦੇ ਰਿਸ਼ਤੇ ਬੇਸ਼ੱਕ ਦਿੱਲੀ ਤੋਂ ਪਾਰ ਵੀ ਹਨ, ਪਰ ਇਹ ਉਹ ਧਰਤੀ ਹੈ ਜਿਸ ਦੇ ਜ਼ੱਰੇ ਜ਼ੱਰੇ ਵਿਚ ਬਗਾਵਤਾਂ ਸਨ ਤੇ ਇਨ੍ਹਾਂ ਬਗਾਵਤਾਂ ਦੀ ਪੈਰਵੀ ਕਰਦੇ ਸ਼ਬਦ ਸਨ, ਸਹਿਜਤਾ ਸੀ। ਹੁਣ ਗੰਧਲੇ ਵੇਲਿਆਂ ਦੀ ਸਿਆਸਤ ਇਸ ਰੁੱਖ ਦੀਆਂ ਆਂਦਰਾਂ ਫਰੋਲ ਰਹੀ ਹੈ। ਧੀਮੀ ਗਤੀ 'ਚ ਇਸ ਦਾ ਜ਼ਹਿਰ ਪੂਰੇ ਪੰਜਾਬ ਵਿਚ ਫੈਲ ਰਿਹਾ ਹੈ।

ਬੌਧਿਕ ਕੰਗਾਲੀ ਦੇ ਦੌਰ 'ਚੋਂ ਗੁਜ਼ਰ ਰਹੇ ਪੰਜਾਬ ਅੰਦਰ ਗਾਇਕ, ਗੀਤਕਾਰ, ਫ਼ਿਲਮਕਾਰ ਸ਼ਬਦਾਂ ਦੇ ਦੇਸ਼ ਦੇ ਜਾਏ ਹੋ ਕੇ ਆਪਣੇ ਬੇਸਾਜ਼-ਬੇਰਾਗ ਟੋਲਿਆਂ ਰਾਹੀਂ ਸਭਿਆਚਾਰਕ ਪ੍ਰਦੂਸ਼ਣ ਫੈਲਾ ਰਹੇ ਹਨ। ਇੱਕ ਪਾਸੇ ਗੱਲ ਬੰਦੂਕ ਤੋਂ ਸ਼ੁਰੂ ਹੁੰਦੀ ਹੈ ਤੇ ਜ਼ਮੀਨ/ਔਰਤ ਦੇ ਕਬਜ਼ੇ 'ਤੇ ਮੁੱਕ ਜਾਂਦੀ ਹੈ। ਦੂਜੇ ਪਾਸੇ ਗੱਲ ਭੋਗਮਈ/ਵਿਲਾਸਮਈ ਪਿਆਰ ਦੇ ਤਸ਼ੱਦਦ ਤੋਂ ਸ਼ੁਰੂ ਹੋ ਕੇ ਨਿੱਜੀ ਰੁਦਨ ਵਿਚ ਡੁੱਬ ਜਾਂਦੀ ਹੈ। ਤੀਜੇ ਪਾਸੇ ਗੱਲ 'ਬਹੁਤਾ ਸੋਚੀਂ ਨਾ' ਤੋਂ ਲੈ ਕੇ ਸੁਲਫੇ ਦੇ ਕੌੜੇ ਧੂੰਏਂ ਵਿਚ ਗੁਆਚ ਜਾਂਦੀ ਹੈ। ਮੰਡੀ ਡੁੱਬ ਅਤੇ ਗੁਆਚ ਚੁੱਕੇ ਵਪਾਰੀਆਂ ਨੂੰ ਗਾਇਕ, ਗੀਤਕਾਰਾਂ ਦੇ ਰੂਪ ਵਿਚ ਪੇਸ਼ ਕਰਦੀ ਹੈ। ਜਗੀਰਾਂ ਬਦਲੇ ਜ਼ਮੀਰਾਂ ਵੇਚਣ ਵਾਲੇ ਵਿੰਗੀ ਧੌਣ ਨਾਲ ਸਿੱਧੀ ਗੱਲ ਕਰਨ ਦਾ ਭਰਮ ਪੇਸ਼ ਕਰਦੇ ਹਨ। ਸਭਿਆਚਾਰਕ ਹੇਰਵੇ, ਵਿਰਾਸਤੀ ਚਿਹਨਾਂ ਅਤੇ ਜਗੀਰੂ ਰੁਚੀਆਂ ਤੋਂ ਉਲਾਰ ਹੋ ਕੇ ਜਸ਼ਨ ਮਨਾਉਣ ਅਤੇ ਸਥਾਪਿਤ ਕਰਨ ਦੀ ਸਾਜ਼ਿਸ਼ ਚੱਲ ਰਹੀ ਹੈ। ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਕਰ ਕੇ ਕਦੇ ਵਿਰਸੇ ਨੂੰ ਹੋਕਾ ਦੇ ਕੇ ਵੇਚਿਆ ਜਾਂਦਾ ਹੈ। ਕਦੇ ਪਰਵਾਸ 'ਚ ਪਏ ਪੰਜਾਬ ਨੂੰ ਲੇਰਾਂ ਪਾ ਕੇ ਵਾਪਿਸ ਬੁਲਾਇਆ ਜਾਂਦਾ ਹੈ ਤੇ ਕਦੇ ਪਰਵਾਸੀ ਜੀਵਨ ਦੀ ਦੁਖਦੀ ਰਗ ਨੂੰ ਮਾਇਆ 'ਚ ਤਬਦੀਲ ਕੀਤਾ ਜਾਂਦਾ ਹੈ। ਮੰਡੀ ਨੂੰ ਦੁੱਲਾ ਭੱਟੀ, ਬੁੱਲ੍ਹੇ ਸ਼ਾਹ ਤੇ ਭਗਤ ਸਿੰਘ ਨੂੰ ਵੇਚ ਕੇ ਮੁਨਾਫ਼ਾ ਕਮਾਉਣਾ ਆਉਂਦਾ ਹੈ। ਇਸ ਕਰ ਕੇ ਨਾ ਤਾਂ ਕੋਈ ਅਕਬਰ ਦੀ ਅੱਖ 'ਚ ਅੱਖ ਪਾ ਗੱਲ ਕਰਨ ਦੀ ਜੁਅਰਤ ਕਰਦਾ ਹੈ, ਨਾ ਬੁੱਲ੍ਹੇ ਵਾਂਗ 'ਪਵਿੱਤਰ ਮਰਿਆਦਾਵਾਂ' ਨੂੰ ਹੁੱਜਤਾਂ ਕਰਦਾ ਹੈ ਤੇ ਨਾ ਹੀ ਭਗਤ ਸਿੰਘ ਦੀ ਪੈੜ 'ਚ ਪੈੜ ਪਾ ਤੁਰਨ ਦਾ ਹੀਆ ਕਰਦਾ ਹੈ, ਕਿਉਂਕਿ ਦੋਗਲੇ ਕਿਰਦਾਰਾਂ ਦਾ ਆਪਣਾ ਕੋਈ ਮਰਕਜ਼ ਨਹੀਂ ਹੁੰਦਾ ਜਿੱਥੋਂ ਉਹ ਚਾਨਣ ਲੈ ਸਕਣ ਤੇ ਵੰਡ ਸਕਣ। ਇਸ ਕਰ ਕੇ ਪੰਜਾਬ ਦੀ ਕੰਗਾਲੀ 'ਚ ਬੌਧਿਕਤਾ ਤੇ ਵਿਦਵਤਾ ਦੇ ਅਲੰਬਰਦਾਰ ਲੇਖਕਾਂ/ਅਧਿਆਪਕਾਂ/ਪ੍ਰੋਫੈਸਰਾਂ ਦੀ ਖ਼ਾਮੋਸ਼ੀ ਵੀ ਕਈ ਸੁਆਲ ਖੜ੍ਹੇ ਕਰਦੀ ਹੈ। ਜੇ ਕੋਈ ਚੀਕ-ਬੁਲਬੁਲੀ ਉੱਠਦੀ ਵੀ ਹੈ ਤਾਂ ਉਹ ਆਟੇ 'ਚ ਲੂਣ ਦੇ ਬਰਾਬਰ ਹੈ। ਚੇਤਨਾ ਅਤੇ ਸੰਵੇਦਨਾ ਦੇ ਬੌਧਿਕ ਤਜਰਬਿਆਂ ਦੇ ਮਾਹਿਰ ਚਿੰਤਕ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਸਿਧਾਂਤਕ ਅਮਲਾਂ ਰਾਹੀਂ ਵੱਡੇ ਵਿਦਿਆਰਥੀ ਤਬਕੇ ਨੂੰ ਦਿਸ਼ਾਬੱਧ ਕਰਨਾ ਹੁੰਦਾ ਹੈ, ਪਰ ਉਹ ਆਪ ਹੀ ਦਿਸ਼ਾਹੀਣ ਹਨ ਜਾਂ ਕੀਤੇ ਜਾ ਰਹੇ ਹਨ, ਕਿਉਂਕਿ ਸਲਤਨਤ ਨੂੰ 'ਸੁਚੇਤ ਅਤੇ ਸਿਆਣੇ' ਬੰਦੇ ਤੋਂ ਭੈਅ ਹੁੰਦਾ ਹੈ।




*ਪੰਜਾਬ ਅਪਾਹਜ ਹੋ ਚੁੱਕਿਆ ਹੈ। ਹੁਣ ਇਹ ਭਰਮ ਤਾਂ ਟੁੱਟ ਹੀ ਗਿਆ ਹੈ ਕਿ ਪੰਜਾਬ ਸੰਸਾਰ ਦਾ ਅਤਿ-ਖੁਸ਼ਹਾਲੀ ਭਰਪੂਰ ਤੰਦਰੁਸਤ ਤੇ ਚੜ੍ਹਦੀ ਕਲਾ ਵਾਲਾ ਕੋਈ ਖੇਤਰ ਹੈ ਜਿਥੋਂ ਦੇ ਗਠੀਲੇ ਗੱਭਰੂ ਤੇ ਮੁਟਿਆਰਾਂ ਪੈਰਾਂ ਦੀ ਅੱਡੀ ਨਾਲ ਕੋਹ-ਕਾਫ ਦੀਆਂ ਚੋਟੀਆਂ ਹਿਲਾਉਣ ਦਾ ਮਾਦਾ ਰੱਖਦੇ ਸਨ ਅਤੇ ਸਾਂਦਲ ਬਾਰਾਂ ਦੇ ਜਾਏ ਅਕਬਰਾਂ ਨੂੰ ਅੱਖਾਂ ਦਿਖਾ ਦਿੰਦੇ ਸਨ। ਹੁਣ ਤਾਂ ਪੰਜਾਬ ਜੰਡ 'ਤੇ ਟੰਗੇ ਖਾਲੀ ਤਰਕਸ਼ ਜਿਹਾ ਹੋ ਗਿਆ ਹੈ ਜਿਸ ਦੇ ਸਾਰੇ ਤੀਰ ਚਲਾ ਦਿੱਤੇ ਗਏ ਹੋਣ ਜਾਂ ਫਿਰ ਤੋੜ ਦਿੱਤੇ ਗਏ ਹੋਣ।*

ਆਪਣੇ ਇਤਿਹਾਸ 'ਤੇ ਮਾਣ ਕਰਨਾ ਚੰਗੀ ਗੱਲ ਹੈ, ਪਰ ਸਿਰਫ਼ ਮਾਣ ਕਰ ਕੇ ਜਸ਼ਨ 'ਚ ਲਿਪਤ ਰਹਿਣਾ ਬੁਜ਼ਦਿਲੀ ਵੀ ਹੁੰਦੀ ਹੈ। ਪੰਜਾਬ ਸ਼ਾਨਾਮੱਤੇ ਇਤਿਹਾਸ ਦੇ ਬੱਕਰੇ ਬੁਲਾ ਕੇ ਘੂਕ ਸੌਂਦਾ ਰਿਹਾ ਹੈ ਤੇ ਆਪਣੇ ਗੌਰਵਮਈ ਵਿਰਸੇ ਨੂੰ 'ਹਵੇਲੀਆਂ' ਵਿਚ ਟੰਗਦਾ ਰਿਹਾ ਹੈ ਜੋ ਹੁਣ ਮੰਡੀ ਦੀ ਵਸਤ 'ਚ ਖਪਤਕਾਰੀ ਰੁਚੀਆਂ ਲਈ ਭੂ-ਹੇਰਵੇ ਵਜੋਂ ਪਰੋਸੀ ਜਾ ਰਹੀ ਹੈ। ਵਿਰਾਸਤ ਅਤੇ ਇਤਿਹਾਸ ਦੇ ਨਾਮ ਉਪਰ ਪੰਜਾਬ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ, ਕਿਉਂਕਿ ਦਰਬਾਰ ਜਾਣਦਾ ਹੈ ਕਿ ਕਿਰਪਾਨ ਨੂੰ ਮਿਆਨ ਵਿਚ ਤੇ 'ਸੂਰਜ' ਨੂੰ ਕੀਮਤੀ ਰੁਮਾਲਿਆਂ ਵਿਚ ਰੱਖਣਾ ਵਧੇਰੇ ਖ਼ਤਰਨਾਕ ਨਹੀਂ ਹੁੰਦਾ- ਸਿਜਦਾ ਕਰੋ ਸੰਵਾਦ ਨਹੀਂ। ਘੁੰਮਦਾ ਚਰਖਾ ਤੇ ਵਲੈਤੀ ਤਰਜ਼ 'ਤੇ ਠੁਮਕੇ ਮਾਰਦੀ ਤੂੰਬੀ ਨਸ਼ਿਆਏ ਆਲਮ ਨੂੰ ਹੋਰ ਨਸ਼ੀਲਾ ਕਰਦੀ ਜਾ ਰਹੀ ਹੈ। ਜਿਥੇ ਇੱਕ ਪਾਸੇ ਗਹਿਰੀ ਬੇਹੋਸ਼ੀ ਵੰਡੀ ਜਾਂਦੀ ਹੈ, ਦੂਜੇ ਪਾਸੇ ਸੰਗੀਤ ਨੂੰ ਸਭਿਆਚਰਕ ਹੇਰਵੇ ਦੀ ਪੁੱਠ ਚਾੜ੍ਹ ਕੇ ਵੇਚਣਾ ਸੌਖਾ ਹੋ ਜਾਂਦਾ ਹੈ।

ਜ਼ਿਹਨੀ ਪ੍ਰਦੂਸ਼ਣ ਦੇ ਨਾਲ ਨਾਲ ਵਾਤਾਵਰਨ 'ਚ ਫੈਲੇ ਗੰਧਲੇਪਣ ਨੇ ਪਿਛਲੇ ਕਈ ਸਾਲਾਂ ਤੋਂ ਵੱਧ ਨੁਕਸਾਨ ਕੀਤਾ ਹੈ। ਧਰਤੀ ਹੇਠਲੇ ਪਾਣੀ, ਜੀਵ-ਜੰਤ, ਰੁੱਖਾਂ, ਪੌਦਿਆਂ ਦੇ ਹੋ ਰਹੇ ਘਾਣ ਨਾਲ ਜਿੱਥੇ ਕੁਦਰਤੀ ਸੰਤੁਲਨ 'ਚ ਵਿਗਾੜ ਆਇਆ ਹੈ, ਉਥੇ ਬੰਦੇ ਦੀ ਹੋਂਦ, ਉਸ ਦੇ ਵਰਤਮਾਨ ਤੇ ਭਵਿੱਖ ਉਪਰ ਕਈ ਸੰਕਟਮਈ ਪ੍ਰਸ਼ਨ ਖੜ੍ਹੇ ਕੀਤੇ ਹਨ। ਮੌਸਮੀ ਤਬਦੀਲੀਆਂ, ਸੋਕੇ, ਵੱਧ ਮੀਂਹ, ਭਿੰਨ ਭਿੰਨ ਤਰ੍ਹਾਂ ਦੀਆਂ ਬਿਮਾਰੀਆਂ ਪੰਜਾਬ ਦੇ ਚਿਹਰੇ 'ਤੇ ਕਈ ਪ੍ਰਕਾਰ ਦੇ ਦਾਗ਼ ਛੱਡ ਰਹੀਆਂ ਹਨ।

ਇਸ ਧੁੰਧੂਕਾਰੇ ਦੇ ਸੰਕਟ ਨਾਲੋਂ ਵਧੇਰੇ ਤ੍ਰਾਸਦਿਕ ਹਾਲਤ ਇਹ ਹੈ ਕਿ ਪੰਜਾਬ ਚਿੰਤਨ-ਮਨਨ ਅਤੇ ਪੁਸਤਕ ਸਭਿਆਚਾਰ ਤੋਂ ਗੁਰੇਜ਼ ਕਰਦਾ ਰਿਹਾ ਹੈ, ਜਦੋਂਕਿ ਕਿਸੇ ਵੀ ਮੁਲਕ ਦੀ ਮੁਕਤੀ ਲਈ ਕਿਤਾਬ/ਗਿਆਨ/ਚਿੰਤਨ ਲਾਜ਼ਮੀ ਮਾਰਗ ਹੁੰਦੇ ਹਨ। ਕੇਵਲ ਘੱਲੂਘਾਰਿਆਂ ਜਾਂ ਕਤਲਾਂ ਨਾਲ ਹੀ ਕੌਮਾਂ ਖ਼ਤਮ ਨਹੀਂ ਹੁੰਦੀਆਂ, ਸਗੋਂ ਕੌਮਾਂ ਕੋਲੋਂ ਸੋਚਣ, ਵਿਚਾਰਨ, ਸੰਵਾਦ ਕਰਨ ਅਤੇ ਲੜਨ ਦੀ ਲਗਨ ਖੋਹ ਲੈਣ ਨਾਲ ਵੀ ਇਹ ਖ਼ਤਮ ਹੁੰਦੀਆਂ ਹਨ। ਅੰਤ ਵਿਚ ਪੰਜਾਬ ਦੇ ਨਾਮ ਦੁਸ਼ਯੰਤ ਕੁਮਾਰ ਦਾ ਸ਼ਿਅਰ ਹੈ:

ਤੁਮ੍ਹਾਰੇ ਪਾਉਂ ਕੇ ਨੀਚੇ
ਕੋਈ ਜ਼ਮੀਨ ਨਹੀਂ।
ਕਮਾਲ ਯਹ ਹੈ ਕਿ ਫਿਰ ਭੀ
ਤੁਮ੍ਹੇਂ ਯਕੀਨ ਨਹੀਂ।

# ਪੰਜਾਬ ਦੀ ਲੀਡਰਸ਼ਿਪ ਤੇ ਭਰੋਸੇ ਦੇ ਸੰਕਟ

ਪੰਜਾਬ ਅੱਜ ਕੱਲ੍ਹ ਬੇਭਰੋਸਗੀ ਦੇ ਆਲਮ ਵਿਚ ਹੈ। ਸੂਬੇ ਦੀ ਸਿਆਸੀ, ਧਾਰਮਿਕ ਅਤੇ ਸਮਾਜਕ ਲੀਡਰਸ਼ਿਪ ਭਰੋਸੇ ਦੇ ਸੰਕਟ ਨਾਲ ਜੂਝ ਰਹੀ ਹੈ। ਸੁਰੱਖਿਆ ਦਸਤਿਆਂ ਵਿਚ ਘਿਰੇ ਅਤੇ ਕੈਦੀਆਂ ਵਾਂਗ ਵਿਚਰ ਰਹੇ ਆਗੂਆਂ ਨੂੰ ਉਨ੍ਹਾਂ ਲੋਕਾਂ ਤੋਂ ਹੀ ਡਰ ਮਹਿਸੂਸ ਹੋਣ ਲੱਗਾ ਹੈ ਜਿਨ੍ਹਾਂ ਦੇ ਸਹਾਰੇ ਉਨ੍ਹਾਂ ਉਚੀਆਂ ਪਦਵੀਆਂ ਹਾਸਲ ਕੀਤੀਆਂ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ੁਦ ਨੂੰ ਕੰਪਨੀ ਦਾ ਸੀ.ਈ.ਓ. ਅਤੇ ਸਿਆਸੀ ਤੌਰ ਉਤੇ ਵੋਟ ਪ੍ਰਬੰਧਨ ਰਾਹੀਂ ਚੋਣਾਂ ਜਿੱਤਣ ਦੇ ਮਾਹਿਰ ਕਹਾਉਣ ਵਿਚ ਮਾਣ ਮਹਿਸੂਸ ਕਰਦਾ ਹੈ। ਇਸੇ ਕਰ ਕੇ ਲੋਕਾਂ ਦੀਆਂ ਭਾਵਨਾਵਾਂ ਅਤੇ ਪਾਰਟੀ ਦੇ ਫ਼ੈਸਲਿਆਂ ਵਿਚ ਵੀ ਆਪਣੇ ਹੀ

**ਹਮੀਰ ਸਿੰਘ**
ਫੋਨ: +91-82888-35707

ਆਗੂਆਂ ਦੀ ਭਾਗੀਦਾਰੀ ਉਨ੍ਹਾਂ ਦੀ ਸਿਆਸੀ ਜੀਵਨ ਜਾਚ ਦਾ ਹਿੱਸਾ ਨਹੀਂ ਬਣ ਸਕੀ।

ਪੰਜਵੀਂ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਹਮੇਸ਼ਾ ਸੰਗਤ ਦਰਸ਼ਨ ਨੂੰ ਤਰਜੀਹ ਦਿੰਦੇ ਹਨ, ਪਰ ਹੁਣ ਪਿੰਡ ਪਿੰਡ ਇਕੱਠੀ ਹੋ ਰਹੀ ਸੰਗਤ ਦੇ ਦਰਸ਼ਨ ਕਰਨ ਤੋਂ ਉਹ ਵੀ ਕਤਰਾ ਰਹੇ ਹਨ। ਜੱਗ ਜ਼ਾਹਿਰ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਉਤੇ ਬਾਦਲ ਪਰਿਵਾਰ ਦੀ ਮਰਜ਼ੀ ਚੱਲਦੀ ਹੈ। ਕਾਂਗਰਸ ਦੇ ਆਗੂ ਆਪਣੀ ਹਾਈ ਕਮਾਨ ਦੇ ਉਠ ਦਾ ਬੁੱਲ੍ਹ ਡਿੱਗਣ ਦੇ ਇੰਤਜ਼ਾਰ ਵਿਚ ਹਨ। ਪੰਜਾਬ ਵਿਚ ਤੀਜੀ ਧਿਰ ਵਜੋਂ ਉਭਰ ਰਹੀ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਆਗੂ ਵੀ ਦਿੱਲੀ ਹਾਈਕਮਾਨ ਦੇ ਸੂਬੇਦਾਰਾਂ ਵਾਂਗ ਵਿਚਰਦੇ ਨਜ਼ਰ ਆਉਂਦੇ ਹਨ। ਹੋਰ ਧਿਰਾਂ ਆਪਣੇ ਸੀਮਤ ਦਾਇਰੇ ਕਾਰਨ ਫਿਲਹਾਲ ਸਿਆਸੀ ਉਮੀਦ ਬੰਨ੍ਹਾਉਣ ਦੇ ਕਾਬਲ ਨਹੀਂ ਹੋਈਆਂ। ਸੜਕਾਂ ਰੋਕ ਕੇ ਬੈਠੀ ਸੰਗਤ ਉਤੇ ਕਿਸੇ ਦੀ ਅਪੀਲ ਦਾ ਅਸਰ ਦਿਖਾਈ ਨਹੀਂ ਦੇ ਰਿਹਾ, ਬਲਕਿ ਲੋਕ ਰੋਹ ਨੂੰ ਦੇਖਦਿਆਂ ਸਥਾਨਕ ਆਗੂਆਂ ਨੇ ਆਪਣੀ ਹੋਂਦ ਬਚਾਈ ਰੱਖਣ ਲਈ ਅਸਤੀਫ਼ਿਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿਚ ਚਿੱਟੇ ਮੱਛਰ ਦੇ ਹਮਲੇ ਕਾਰਨ ਨਰਮੇ ਦੀ ਬਰਬਾਦੀ, ਬਾਸਮਤੀ 1509 ਦਾ ਸਾਧਾਰਨ ਝੋਨੇ ਜਿੰਨਾ ਵੀ ਭਾਅ ਨਾ ਮਿਲਣ, ਗੰਨੇ ਦਾ ਦੂਜਾ ਸੀਜ਼ਨ ਆਉਣ ਦੇ ਬਾਵਜੂਦ ਪਹਿਲੇ ਦਾ ਬਕਾਇਆ ਅਦਾ ਨਾ ਹੋਣ ਕਰ ਕੇ ਪਹਿਲਾਂ ਹੀ ਕਰਜ਼ ਜਾਲ ਵਿਚ ਫਸੇ ਕਿਸਾਨ ਦੀ ਰੀੜ੍ਹ ਦੀ ਹੱਡੀ ਟੁੱਟ ਚੁੱਕੀ ਹੈ। ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕਿਸਾਨ ਜਥੇਬੰਦੀਆਂ ਨੇ 18 ਸਤੰਬਰ ਤੋਂ ਪਹਿਲਾਂ ਲਗਾਤਾਰ ਡੀ.ਸੀ. ਦਫਤਰਾਂ ਸਾਹਮਣੇ ਧਰਨੇ ਅਤੇ ਬਾਅਦ ਵਿਚ ਛੇ ਦਿਨ ਤਕ ਰੇਲਾਂ ਰੋਕੀ ਰੱਖੀਆਂ, ਤਾਂ ਕਿਤੇ ਜਾ ਕੇ ਪੰਜਾਬ ਸਰਕਾਰ ਨੇ ਗੱਲਬਾਤ ਸ਼ੁਰੂ ਕੀਤੀ। ਇਹ ਗੱਲਬਾਤ ਵੀ ਬੇਸਿੱਟਾ ਰਹੀ। ਇਸੇ ਦੌਰਾਨ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਫਿਲਮ 'ਐਮ.ਐਸ.ਜੀ.-2' ਨੂੰ ਪੰਜਾਬ ਦੇ ਸਿਨੇਮਾ ਘਰਾਂ ਵਿਚ ਲਗਵਾਉਣ ਦੀ ਮੰਗ ਨੂੰ ਲੈ ਕੇ ਡੇਰਾ ਪ੍ਰੇਮੀ ਰੇਲਾਂ ਰੋਕ ਕੇ ਬੈਠ ਗਏ ਅਤੇ ਫਿਰ ਦੋ ਤਿੰਨ ਦਿਨ ਬਾਅਦ ਅਚਾਨਕ ਆਪਣੇ ਘਰਾਂ ਨੂੰ ਚਲੇ ਗਏ। 24 ਸਤੰਬਰ ਨੂੰ ਪੰਜ ਸਿੰਘ ਸਾਹਿਬਾਨ ਨੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਣ ਕਰ ਕੇ ਮਈ 2007 ਵਿਚ ਡੇਰੇ ਦੇ ਸਮਾਜਕ ਬਾਈਕਾਟ ਬਾਰੇ ਜਾਰੀ ਹੁਕਮਨਾਮਾ ਵਾਪਸ ਲੈ ਲਿਆ। ਇਹ ਫ਼ੈਸਲਾ ਅਜਿਹੇ ਗੁਪਤ ਤਰੀਕੇ ਨਾਲ ਲਿਆ ਗਿਆ ਜਿਸ ਨੂੰ ਸਿੱਖ ਸੰਗਤ ਨੇ ਪ੍ਰਵਾਨ ਨਹੀਂ ਕੀਤਾ। ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਵੱਲੋਂ ਜਥੇਦਾਰਾਂ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਸਰਬੱਤ ਖ਼ਾਲਸਾ ਬੁਲਾਉਣ ਦਾ ਫ਼ੈਸਲਾ ਕਰ ਲਿਆ। ਤਖ਼ਤਾਂ ਦੇ ਜਥੇਦਾਰਾਂ ਨੂੰ ਖ਼ਤਰਾ ਮਹਿਸੂਸ ਕਰਦਿਆਂ ਵੱਧ ਤੋਂ ਵੱਧ ਸੁਰੱਖਿਆ ਗਾਰਡ ਦੇ ਦਿੱਤੇ। ਉਨ੍ਹਾਂ ਤਖ਼ਤਾਂ ਉਤੇ ਹੋਣ ਵਾਲੇ ਜਨਤਕ ਸਮਾਗਮਾਂ ਤੋਂ ਵੀ ਦੂਰੀ ਬਣਾ ਲਈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਡੇਰਾ ਮੁਖੀ ਦੇ ਮਾਮਲੇ ਬਾਰੇ ਕੀਤੇ ਫ਼ੈਸਲੇ ਨੂੰ ਲਾਗੂ ਕਰਨ ਲਈ ਆਪਣੀ ਪੂਰੀ ਤਾਕਤ ਝੋਕ ਦਿੱਤੀ। ਸ਼੍ਰੋਮਣੀ ਕਮੇਟੀ ਵੱਡੇ ਵੱਡੇ ਇਸ਼ਤਿਹਾਰ ਦੇ ਕੇ ਸਿੱਖਾਂ ਨੂੰ ਜਥੇਦਾਰਾਂ ਦੀ ਗੱਲ ਮੰਨਣ ਦੀ ਅਪੀਲ ਕਰਦੀ ਰਹੀ, ਪਰ ਸਭ ਕੁਝ ਬੇਅਸਰ ਹੋ ਕੇ ਰਹਿ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਬੀੜ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਵਿਚੋਂ ਪਹਿਲੀ ਜੂਨ ਨੂੰ ਚੋਰੀ ਹੋਈ ਸੀ। ਪਿੰਡ ਦੇ ਲੋਕਾਂ ਨੇ ਐਫ.ਆਈ.ਆਰ. ਵੀ ਦਰਜ ਕਰਵਾਈ ਅਤੇ ਡੀ.ਸੀ. ਦਫ਼ਤਰ ਸਾਹਮਣੇ ਧਰਨੇ ਵੀ ਦਿੱਤੇ, ਪਰ ਪੁਲਿਸ ਦੋਸ਼ੀਆਂ ਨੂੰ ਫੜਨ ਵਿਚ ਨਾਕਾਮ ਰਹੀ। ਚੌਦਾਂ ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਚੋਰੀ ਹੋਈ ਬੀੜ ਦੇ ਬਰਗਾੜੀ ਪਿੰਡ ਵਿਚ ਮਿਲੇ ਖਿੱਲਰੇ ਪੱਤਰਿਆਂ ਦੀ ਸੂਚਨਾ ਨੇ ਪਹਿਲਾਂ ਹੀ ਨਿਰਾਸ਼ ਅਤੇ ਮਾਨਸਿਕ ਪੀੜਾ ਵਿਚੋਂ ਗੁਜ਼ਰ ਰਹੀ ਸਿੱਖ ਸੰਗਤ ਦਾ ਗੁੱਸਾ ਜੰਗਲ ਦੀ ਅੱਗ ਵਾਂਗ ਫੈਲਾਉਣ ਦਾ ਕੰਮ ਕੀਤਾ। ਦੋ ਦਿਨ ਬਾਅਦ ਕੋਟਕਪੂਰਾ ਵਿਖੇ ਪੁਲਿਸ ਦੀ ਗੋਲੀ ਨਾਲ ਦੋ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਇਸ ਤੋਂ ਬਾਅਦ ਪੂਰਾ ਸਿਸਟਮ ਤਹਿਸ ਨਹਿਸ ਹੋਇਆ ਦਿਖਾਈ ਦੇ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਸੰਗਤ ਦੀ ਆਸਥਾ ਦੇ ਨਾਲ ਨਾਲ ਇਹ ਲੰਮੇ ਸਮੇਂ ਤੋਂ ਵਧੀਕੀਆਂ ਦਾ ਸ਼ਿਕਾਰ ਅਤੇ ਲਾਚਾਰੀ ਮਹਿਸੂਸ ਕਰ ਰਹੇ ਲੋਕਾਂ ਅੰਦਰ ਪੈਦਾ ਹੋਏ ਲਾਵੇ ਦੇ ਫੁੱਟਣ ਦਾ ਸੰਕੇਤ ਹੈ। ਲੋਕ ਰੋਹ ਅਕਾਲੀ ਦਲ ਦੇ ਨੁਮਾਇੰਦਿਆਂ ਵੱਲ ਵੀ ਸੇਧਤ ਹੋ ਗਿਆ। ਅਜਿਹੇ ਮਾਹੌਲ ਵਿਚ ਅਕਾਲੀ ਦਲ ਨੂੰ ਅੰਦਰੂਨੀ ਬਗ਼ਾਵਤ ਦਾ ਡਰ ਸਤਾਉਣ ਲੱਗਿਆ। ਡਰ ਅਤੇ ਵਿਚਾਰਗੀ ਦੇ ਮਾਹੌਲ ਵਿਚ ਜਥੇਦਾਰਾਂ ਨੇ ਡੇਰਾ ਮੁਖੀ ਨੂੰ ਦਿੱਤੀ ਮੁਆਫ਼ੀ ਦਾ ਫ਼ੈਸਲਾ ਵਾਪਸ ਲੈ ਲਿਆ।

ਇਹ ਦਲੀਲ ਆਪਣੇ ਆਪ ਵਿਚ ਵਜ਼ਨਦਾਰ ਹੈ ਕਿ ਡੇਰਾ ਪ੍ਰੇਮੀਆਂ ਨੇ ਰੇਲਾਂ ਰੋਕੀਆਂ, ਕਿਸਾਨਾਂ ਨੇ ਰੇਲਾਂ ਰੋਕੀਆਂ, ਪਰ ਗੋਲੀ ਨਹੀਂ ਚੱਲੀ। ਸਿੱਖ ਸੰਗਤਾਂ ਉਤੇ ਪੁਲਿਸ ਨੇ ਗੋਲੀ ਕਿਉਂ ਚਲਾਈ? ਚਰਚਾ ਇਹ ਵੀ ਹੈ ਕਿ ਕਿਸਾਨ ਅੰਦੋਲਨ ਰਾਹੀਂ ਪੰਜਾਬ ਸਰਕਾਰ ਡੇਰਾ ਮੁਖੀ ਦੀ ਮੁਆਫ਼ੀ ਵਾਲੇ ਫ਼ੈਸਲੇ ਕਾਰਨ ਪੈਦਾ ਰੋਸ ਦੇ ਮਾਮਲੇ ਨੂੰ ਲਮਕਾ ਕੇ ਹੱਲ ਕਰਨਾ ਚਾਹੁੰਦੀ ਸੀ। ਦੂਜਾ ਪਾਸਾ ਇਹ ਵੀ ਹੈ ਕਿ ਸਿੱਖਾਂ ਦੇ ਭਾਵੁਕ ਮੁੱਦੇ ਰਾਹੀਂ ਕਿਸਾਨਾਂ ਦੇ ਸੰਕਟ ਨੂੰ ਨਜ਼ਰਅੰਦਾਜ਼ ਕਰਨ ਦੀ ਰਣਨੀਤੀ ਅਪਣਾਈ ਜਾ ਰਹੀ ਹੈ। ਇਨ੍ਹਾਂ ਗਿਣਤੀਆਂ ਮਿਣਤੀਆਂ ਨਾਲ ਬਹੁਤ ਵਾਰ ਸਿਆਸੀ ਚਾਲ ਕਾਮਯਾਬ ਵੀ ਹੁੰਦੀ ਹੈ ਅਤੇ ਮਿਸ਼ਨ-2017 ਵਿਚ ਰੁੱਝੀਆਂ ਪਾਰਟੀਆਂ ਇਸ ਤੋਂ ਅੱਗੇ ਜਾਣਾ ਵੀ ਨਹੀਂ ਚਾਹੁੰਦੀਆਂ। ਲੋਕਾਂ ਦੇ ਜਜ਼ਬਾਤ, ਦਰਦ ਅਤੇ ਮੁੱਦਿਆਂ ਬਾਰੇ ਨਿੱਠ ਕੇ ਚਰਚਾ ਕਰਨਾ ਅਤੇ ਉਨ੍ਹਾਂ ਦਾ ਹੱਲ ਤਲਾਸ਼ਣਾ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਨਹੀਂ ਰਿਹਾ। ਇਸੇ ਕਰ ਕੇ ਸਿਆਸੀ ਖੇਤਰ ਵਿਚ ਧਨ, ਬਾਹੂਬਲ ਅਤੇ ਨਸ਼ਿਆਂ ਰਾਹੀਂ ਪਰਿਵਾਰਕ ਕਬਜ਼ਾ ਜਮਾਉਣ, ਅੰਨ੍ਹੇ ਮੁਨਾਫ਼ੇ ਉਤੇ ਆਧਾਰਤ ਕਾਰਪੋਰੇਟ ਵਿਕਾਸ ਮਾਡਲ ਅਪਨਾਉਣ ਅਤੇ ਆਜ਼ਾਦ ਖ਼ਿਆਲ ਮਨੁੱਖ ਦੇ ਬਜਾਇ ਚਾਪਲੂਸ ਕਿਸਮ ਦਾ ਸਭਿਆਚਾਰ ਪੈਦਾ ਕਰਨ ਦੇ ਰੁਝਾਨ ਦੇ ਕਾਰਨ ਲੋਕਾਂ ਅੰਦਰ ਲਾਵਾ ਵਿਸਫੋਟਕ ਹੱਦ ਤਕ ਇਕੱਠਾ ਹੋ ਗਿਆ ਹੈ।

ਬੇਭਰੋਸਗੀ ਦਾ ਇਹ ਮਾਹੌਲ ਤਰਲ ਲਾਵੇ ਵਰਗਾ ਹੁੰਦਾ ਹੈ। ਜਿੱਧਰ ਵੀ ਰਾਹ ਮਿਲੇ, ਉਸੇ ਪਾਸੇ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਅਜਿਹੇ ਮੌਕੇ ਗੰਭੀਰ ਸੰਵਾਦ ਦੀ ਲੋੜ ਹੈ ਜੋ ਇਹ ਦੇਖੇ ਕਿ ਗੁਰੂਆਂ ਦੇ ਨਾਮ ਉਤੇ ਵੱਸਦੇ ਪੰਜਾਬ ਤੋਂ ਹਰ ਕੋਈ ਉਜੜ ਕਿਉਂ ਜਾਣਾ ਚਾਹੁੰਦਾ ਹੈ? ਲੋਕਾਂ ਦੇ ਧੀਆਂ-ਪੁੱਤ ਵਿਦੇਸ਼ ਜਾਣ ਲਈ ਗੁਰੂ ਘਰਾਂ ਵਿਚ ਉਜਾੜੇ ਦੀਆਂ ਅਰਦਾਸਾਂ ਕਰਵਾ ਰਹੇ ਹਨ। ਇਸ ਧਰਤੀ ਤੋਂ ਉਨ੍ਹਾਂ ਦਾ ਜੀਅ ਲੱਗਣੋਂ ਕਿਉਂ ਬੰਦ ਹੋ ਗਿਆ ਹੈ? ਨਿਰਾਸ਼ਤਾ ਦੇ ਮਾਹੌਲ ਨੂੰ ਬਦਲਣ ਦੀ ਬਜਾਇ ਉਹ ਨਸ਼ੇ ਦੀ ਗਹਿਰੀ ਦਲਦਲ ਵਿਚ ਕਿਉਂ ਫਸ ਗਏ? ਕਿਰਤ ਦੀ ਅਹਿਮੀਅਤ ਕਿਉਂ ਉੱਡ-ਪੁੱਡ ਚੁੱਕੀ ਹੈ? ਸਿਆਸੀ ਮੰਚ ਉਤੇ ਕੁਝ ਪਰਿਵਾਰਾਂ ਨੂੰ ਕਬਜ਼ਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਵੰਡ ਕੇ ਛਕਣ ਦੇ ਉਪਦੇਸ਼ ਦੀ ਧਰਤੀ ਦੇ ਲੋਕ ਸਵਾਰਥੀ ਕਿਉਂ ਹੁੰਦੇ ਜਾ ਰਹੇ ਹਨ? ਇਨ੍ਹਾਂ ਸੁਆਲਾਂ ਦਾ ਹੱਲ, ਬਦਲਵੇਂ ਵਿਕਾਸ ਮਾਡਲ ਦੀ ਤਲਾਸ਼ 'ਚੋਂ ਨਿਕਲੇਗਾ। ਕੇਵਲ ਮਿਸ਼ਨ-2017, ਭਾਵ ਪੰਜ ਸਾਲ ਬਾਅਦ ਇੱਕ ਦਿਨ ਵੋਟ ਪਾਉਣ ਵਰਗੀ ਜਮਹੂਰੀਅਤ ਇਸ ਦਾ ਹੱਲ ਨਹੀਂ ਕਰ ਸਕਦੀ, ਬਲਕਿ ਰੋਜ਼ ਦੇ ਮਾਮਲਿਆਂ ਵਿਚ ਫ਼ੈਸਲਾ ਕਰਨ ਦੀ ਪ੍ਰਕਿਰਿਆ ਵਿਚ ਲੋਕਾਂ ਦੀ ਹਿੱਸੇਦਾਰੀ ਵਾਲੀ ਜਮਹੂਰੀਅਤ ਦੀ ਲੋੜ ਪਵੇਗੀ। ਦੇਖਣਾ ਇਹ ਹੈ ਕਿ ਕੀ ਇਹ ਵੱਡਾ ਅੰਦੋਲਨ ਸਹੀ ਦਿਸ਼ਾ ਵਿਚ ਤਾਕਤਾਂ ਦੇ ਸਮੀਕਰਨ ਬਦਲਣ ਦਾ ਸਬੱਬ ਬਣੇਗਾ, ਜਾਂ ਇਹ ਮਹਿਜ਼ ਵਕਤੀ ਵਰਤਾਰਾ ਬਣ ਕੇ ਰਹਿ ਜਾਵੇਗਾ?

# ਗੁਰਮਤਾ ਬਨਾਮ ਮਨਮਤਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

"ਡੇਰਾ ਸਿਰਸਾ ਮੁਖੀ ਸੌਦਾ ਅਸਾਧ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਭੇਜੇ ਖਿਮਾ ਜਾਚਨਾ ਸਪੱਸ਼ਟੀਕਰਨ 'ਤੇ ਵਿਚਾਰ ਕਰਕੇ ਮੁਆਫੀਨਾਮੇ ਦਾ ਜੋ ਗੁਰਮਤਾ 8 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਿਕ 24 ਸਤੰਬਰ 2015 ਨੂੰ ਕੀਤਾ ਗਿਆ ਸੀ, ਉਸ ਗੁਰਮਤੇ ਨੂੰ ਗੁਰੂ-ਪੰਥ ਵਿਚ ਪ੍ਰਵਾਨ ਨਹੀਂ ਸੀ ਕੀਤਾ ਗਿਆ।

ਸਮੂਹ ਖਾਲਸਾ ਪੰਥ ਦੀਆਂ ਭਾਵਨਾਵਾਂ ਨੂੰ ਬੜੀ ਬਾਰੀਕੀ ਨਾਲ ਵਿਚਾਰਦਿਆਂ ਮਿਤੀ 30 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਕ 16 ਅਕਤੂਬਰ 2015, ਦਿਨ ਸ਼ੁੱਕਰਵਾਰ ਨੂੰ ਪੰਜ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨਾਂ ਨੇ ਹੰਗਾਮੀ ਮੀਟਿੰਗ ਸੱਦ ਕੇ (ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਸਿੰਘ ਸਾਹਿਬ ਜਲਦੀ ਨਾ ਆ ਸਕਣ ਕਰਕੇ ਜਥੇਦਾਰ ਨਾਲ ਟੈਲੀਫੋਨ 'ਤੇ ਵਿਚਾਰ-ਵਟਾਂਦਰਾ ਕਰ ਕੇ ਸਹਿਮਤੀ ਬਣੀ) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਿੰਘ ਸਾਹਿਬ ਨੂੰ ਸ਼ਾਮਲ ਕਰਕੇ ਮਿਤੀ 8 ਅੱਸੂ ਸੰਮਤ 547 ਮੁਤਾਬਕ 24 ਸਤੰਬਰ 2015 ਨੂੰ ਡੇਰਾ ਸਿਰਸਾ ਦੇ ਮੁਖੀ ਦੇ ਸਬੰਧ ਵਿਚ ਜੋ ਫੈਸਲਾ ਕੀਤਾ ਗਿਆ ਸੀ, ਮਿਤੀ 30 ਅੱਸੂ ਸੰਮਤ ਨਾਨਕਸ਼ਾਹੀ 547 ਮੁਤਾਬਕ 16 ਅਕਤੂਬਰ 2015, ਸ਼ੁੱਕਰਵਾਰ ਨੂੰ 'ਰੱਦ ਕੀਤਾ' ਜਾਂਦਾ ਹੈ।

ਪੰਜ ਤਖਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਂਰਾਜ ਅਤੇ ਗੁਰੂ ਖਾਲਸਾ ਪੰਥ ਦੇ ਮਾਣ-ਸਨਮਾਨ ਵਾਸਤੇ ਹਮੇਸ਼ਾਂ ਤਤਪਰ ਹਨ।"

ਸ੍ਰੀ ਅਕਾਲ ਤਖਤ ਦੇ ਲੈਟਰ-ਪੈਡ 'ਤੇ ਛਪੇ ਇਸ 'ਗੁਰਮਤਾ ਨੰ: 1' ਦੇ ਹੇਠਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਚਾਰ ਹੋਰ ਜਥੇਦਾਰਾਂ ਦੇ ਪੰਜਾਬੀ ਵਿਚ ਦਸਤਖਤ ਹਨ। ਇਨ੍ਹਾਂ ਵਿਚ ਇਕਬਾਲ ਸਿੰਘ ਪਟਨਾ ਸਾਹਿਬ, ਗਿਆਨੀ ਗੁਰਮੁਖ ਸਿੰਘ ਸਾਬੋ ਕੀ ਤਲਵੰਡੀ, ਭਾਈ ਮੱਲ ਸਿੰਘ ਸ੍ਰੀ ਕੇਸਗੜ੍ਹ ਸਾਹਿਬ ਤੇ ਭਾਈ ਰਘਬੀਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸ਼ਾਮਲ ਹਨ। ਇਸ ਤੋਂ ਬਾਅਦ ਹੁਣ ਪੜ੍ਹੋ ਆਹ ਲਿਖਤ:

"...ਦੇਸ਼ ਵਿਦੇਸ਼ ਦੀਓ ਸਿੱਖ ਸੰਗਤੋ ਜੀ, ਦਾਸਾਂ ਵੱਲੋਂ ਗੁਰ ਫਤਹਿ! ਅੱਜ ਦਿਲ ਕਰ ਆਇਆ ਕਿ ਤੁਹਾਡੇ ਨਾਲ ਦਿਲ ਖੋਲ੍ਹ ਕੇ 'ਅੰਦਰਲੀਆਂ ਗੱਲਾਂ' ਕਰ ਲਈਏ। ਸਟੇਜਾਂ ਉਪਰ ਜੋ ਕੁਝ ਅਸੀਂ ਬੋਲਦੇ ਹਾਂ, ਜਾਂ ਜੋ ਕੁਝ ਟੀ.ਵੀ./ਅਖਬਾਰਾਂ ਵਿਚ ਸਾਡੇ ਮੂੰਹੋਂ ਨਿਕਲਿਆ ਦਿਖਾਇਆ ਜਾਂਦਾ ਹੈ, ਉਹ ਸਾਰਾ ਕੁਝ ਸਾਡੇ ਬੁੱਲ੍ਹਾਂ ਵਿਚੋਂ ਜ਼ਰੂਰ ਨਿਕਲਿਆ ਹੋਇਆ ਹੁੰਦਾ ਹੈ, ਪਰ ਅਸਲ ਵਿਚ 'ਸਾਡਾ' ਤਾਂ ਉਹਦੇ ਵਿਚ ਕੁਝ ਵੀ ਨਹੀਂ ਹੁੰਦਾ, ਗੁਰੂ ਮਹਾਰਾਜ ਨੇ ਤਾਂ ਅਕਾਲ ਪੁਰਖ ਵੱਲੋਂ ਇਸ਼ਾਰਾ ਕਰਦਿਆਂ ਫਰਮਾਇਆ ਹੋਇਆ ਹੈ ਕਿ 'ਜਿਉ ਬੋਲਾਵਹਿ ਤਿਉ ਬੋਲਹ ਸੁਆਮੀ...॥' ਪਰ ਸਾਨੂੰ 'ਬੁਲਾਉਣ ਵਾਲੇ' ਸਾਡੇ 'ਸੁਆਮੀ' ਬਣੇ ਹੋਏ ਨੇ ਸਿੱਖ ਸਿਆਸਤਦਾਨ।

ਸਿਰਫ ਤੇ ਸਿਰਫ ਆਪਣਾ ਉਲੂ ਸਿੱਧਾ ਰੱਖਣ ਲਈ ਜਿਹੋ ਜਿਹੇ ਸ਼ਬਦ ਉਹ ਸਾਡੇ ਮੂੰਹੋਂ ਕਢਵਾਉਣਾ ਚਾਹੁਣ, ਉਹੀ ਲਫਜ਼-ਬਾ-ਲਫਜ਼, ਅਸੀਂ ਸਿੱਖ ਸੰਗਤਾਂ ਦੇ ਨਾਂ 'ਸੰਦੇਸ਼ਾਂ' ਦੇ ਰੂਪ ਵਿਚ ਬੋਲ ਦਿਆ ਕਰਦੇ ਹਾਂ। ਜਦ ਉਹ ਹੁਕਮਨਾਮਾ ਕਢਵਾਉਣਾ ਚਾਹੁਣ, ਆਪਾਂ ਢਿੱਲ ਨਹੀਂ ਕਰਦੇ। ਇਸੇ ਤਰ੍ਹਾਂ ਉਨ੍ਹਾਂ ਦੀਆਂ ਸਿਆਸੀ ਇਛਾਵਾਂ ਦੇ ਰਾਹ 'ਚ ਰੋੜੇ ਅਟਕਾਉਣ ਵਾਲਿਆਂ ਨੂੰ ਅਸੀਂ ਮਾਲਕਾਂ ਦਾ ਹੁਕਮ ਮੰਨ ਕੇ ਪੰਥ ਵਿਚੋਂ ਛੇਕਣ ਦਾ ਸਭ ਤੋਂ ਵੱਡਾ ਕੁਹਾੜਾ ਵੀ ਚਲਾ ਲੈਂਦੇ ਹਾਂ। ਛੇਕ-ਛੇਕਈਏ ਦੀ ਪ੍ਰਕਿਰਿਆ ਕਦੀ ਕਦੀ ਸਾਨੂੰ 'ਮਾਲਾ-ਮਾਲ' ਵੀ ਕਰ ਦਿੰਦੀ ਹੈ, ਕਿਉਂਕਿ ਛੇਕੇ ਜਾਣ ਦੇ ਬ੍ਰਹਮ ਅਸਤਰ ਤੋਂ ਡਰਦੀਆਂ ਕਈ ਮੋਟੀਆਂ ਅਸਾਮੀਆਂ, ਸਾਡੇ ਨਾਲ ਮੇਜ਼ ਥੱਲਿਓਂ ਦੀ ਕੀਤਾ ਜਾਣ ਵਾਲਾ 'ਸੌਦਾ' ਵੀ ਕਰ ਲੈਂਦੀਆਂ ਹਨ। ਅੜਿੱਕੇ ਆਇਆ ਸ਼ਿਕਾਰ ਵੀ ਖੁਸ਼ ਤੇ ਅਸੀਂ ਵੀ ਅਨੰਦ ਪ੍ਰਸੰਨ!

ਹਾਂ, ਜਿਸ ਕਿਸੇ 'ਅਭਾਗੇ' ਬਾਰੇ ਸਾਨੂੰ ਉਤੋਂ ਹੁਕਮ ਹੁੰਦਾ ਹੈ ਕਿ ਫਲਾਣੇ ਸਿਹੁੰ ਨੂੰ ਹਰ ਹਾਲ ਛੇਕਣਾ ਹੀ ਛੇਕਣਾ ਹੈ ਪੰਥ ਵਿਚੋਂ, ਉਹ ਫਿਰ ਭਾਵੇਂ ਸਪਸ਼ਟੀਕਰਨ ਦੇ ਪੁਲੰਦੇ ਲੈ ਕੇ ਅਕਾਲ ਤਖਤ ਮੋਹਰੇ ਵੀ ਆ ਕੇ ਬਹਿ ਜਾਵੇ ਜਾਂ ਫਿਰ ਉਹਦੇ ਹਮਾਇਤੀ, ਵਿਚ ਵਿਚਾਲੇ ਦਾ ਰਾਹ ਕੱਢ ਲੈਣ ਦੀਆਂ ਸਿਫਾਰਸ਼ਾਂ ਕਰਨ, ਅਸੀਂ ਨਹੀਂ ਫਿਰ ਇਕ ਵੀ ਸੁਣਦੇ ਕਿਸੇ ਦੀ। ਸੌ ਤਰ੍ਹਾਂ ਦੇ ਆਨੇ-ਬਹਾਨੇ ਬਣਾ ਕੇ ਆਪਣੇ ਸੁਆਮੀਆਂ ਦੀ ਮਨਸ਼ਾ ਪੂਰੀ ਕਰ ਦੇਈਦੀ ਹੈ।

ਹੁਣ ਆਹ ਉਪਰੋਕਤ ਗੁਰਮਤੇ ਦੇ ਪਿਛੋਕੜ ਦੀ ਸੁਣ ਲਓ। ਬੀਤੇ ਸਤੰਬਰ ਮਹੀਨੇ ਦੀ 22-23 ਤਰੀਕ ਨੂੰ ਮਾਲਕਾਂ ਦੇ ਹਰਕਾਰੇ ਨੇ ਸਾਨੂੰ ਕਿਹਾ ਕਿ 2007 ਵਾਲੇ ਹੁਕਮਨਾਮੇ ਨੂੰ ਅਣਡਿੱਠ ਕਰ ਕੇ ਸੌਦਾ ਸਾਧ ਨੂੰ ਮੁਆਫ ਕਰ ਦੇਣ ਵਾਲਾ ਗੁਰਮਤਾ ਪਾਸ ਕਰ ਦਿਉ। ਅਸੀਂ ਹਮੇਸ਼ਾ ਵਾਂਗ ਸਿਰ ਨਿਵਾ ਕੇ ਸਤਿ ਬਚਨ ਕਹਿੰਦਿਆਂ ਹੰਗਾਮੀ ਮੀਟਿੰਗ ਬੁਲਾ ਲਈ। ਮੀਡੀਏ ਵਿਚ ਸ਼ੁਰਲੀ ਇਹ ਛੱਡ'ਤੀ ਕਿ ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਵਿਚਾਰ-ਵਟਾਂਦਰਾ ਕਰਨਾ ਹੈ। ਲਉ ਜੀ, ਇਸ ਕੈਲੰਡਰ ਦੇ ਪ੍ਰਸੰਸਕ ਅਤੇ ਸਿੱਖਾਂ ਦੀ ਵਿਲੱਖਣ ਹਸਤੀ ਦੇ ਪ੍ਰਚਾਰਕ ਜਦੋਂ ਖੁਸ਼ ਹੋ ਰਹੇ ਸਨ, ਅਸੀਂ ਪਟਾਰੀ ਵਿਚੋਂ ਹੋਰ ਹੀ ਸੱਪ ਕੱਢ ਮਾਰਿਆ। ਸੌਦੇ ਬਾਬੇ ਵਾਲੇ ਜਿਸ ਮੁਆਫੀਨਾਮੇ ਉਤੇ ਸਾਡੇ ਦਸਤਖਤ ਕਰਵਾਏ ਗਏ, ਉਸ ਉਤੇ ਹੋਰ ਗੱਲਾਂ ਦੇ ਨਾਲ ਨਾਲ ਇਹ ਸ਼ਬਦ '...ਪੰਥਕ ਰਵਾਇਤਾਂ ਅਨੁਸਾਰ ਗੁਰਮਤਿ ਦੀ ਰੋਸ਼ਨੀ ਵਿਚ ਬੜੀ ਦੀਰਘ ਵਿਚਾਰ ਕਰਨ ਉਪਰੰਤ ਖਿਮਾਂ-ਜਾਚਨਾ ਪੱਤਰ ਨੂੰ ਪ੍ਰਵਾਨ ਕਰਦਿਆਂ...' ਲਿਖੇ ਦੇਖ ਕੇ ਸਾਨੂੰ ਪੱਕਾ ਯਕੀਨ ਹੋ ਗਿਆ ਕਿ ਪਹਿਲਾਂ ਵਾਂਗ ਹੀ ਸੰਗਤਾਂ ਨੇ ਸਾਡਾ ਹੁਕਮ ਖਿੜੇ ਮੱਥੇ ਮੰਨ ਲੈਣਾ ਹੈ। ਸਾਡੀਆਂ ਤਾਜ਼ੀਆਂ ਗਰਮ ਤੇ ਭਾਰੀਆਂ ਹੋਈਆਂ ਜੇਬਾਂ ਨੇ ਸਾਡਾ ਯਕੀਨ ਹੋਰ ਪੱਕਾ ਕਰ ਦਿੱਤਾ।

ਪਰ 'ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ' ਵਾਲੀ ਗੱਲ ਹੋ ਗਈ। ਚਾਰੇ ਪਾਸੇ ਭੜਥੂ ਪੈ ਗਿਆ... ਤਰਥੱਲੀ ਹੀ ਮਚ ਗਈ। ਰੱਬ ਹੀ ਜਾਣੇ ਕਿ ਸਾਡੇ ਉਤਲਿਆਂ ਦੀਆਂ ਕੋਈ 'ਭੇਤ ਭਰੀਆਂ ਇਛਾਵਾਂ' ਪੂਰੀਆਂ ਵੀ ਹੋ ਗਈਆਂ ਹੋਣਗੀਆਂ; ਲੇਕਿਨ ਸੌਦੇ ਬਾਬੇ ਨੂੰ ਰਿਝਾਉਣ ਵਾਲਾ ਫਾਂਡਾ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ। ਸਾਡੇ ਕੁਝ ਸਿੰਘ ਸਾਹਿਬਾਨ ਦੇ ਨੇੜਲੇ ਰਿਸ਼ਤੇਦਾਰਾਂ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਨਾਲੋਂ ਸਬੰਧ ਹੀ ਤੋੜ ਲਏ। ਇਕ ਜਣੇ ਦੇ ਕਿਸੇ ਨਿਹੰਗ ਸਿੰਘ ਨੇ ਕਿਰਪਾਨ ਹੀ ਕੱਢ ਮਾਰੀ। ਫੇਸਬੁੱਕ ਉਪਰ ਤਾਂ ਸਾਡਾ ਜਲੂਸ ਨਿਕਲਿਆ ਸੋ ਨਿਕਲਿਆ। ਸਾਡੇ ਫੋਨਾਂ ਉਪਰ ਉਹ ਗਾਲ-ਮੰਦਾ ਬੋਲਿਆ ਗਿਆ ਕਿ ਸਾਨੂੰ ਫੋਨ ਬੰਦ ਕਰ ਕੇ ਅੰਦਰੀਂ ਵੜਨਾ ਪਿਆ। ਸਾਡੇ ਘਰਾਂ ਮੋਹਰੇ ਵੀ ਸਿੱਖਾਂ ਦੀਆਂ ਭੀੜਾਂ ਆਉਣ ਲੱਗੀਆਂ। ਬੁਰੇ ਫਸੇ ਅਸੀਂ। ਸਾਡੇ ਨਾਲ ਤਾਂ ਉਹ ਗੱਲ ਹੋਈ, ਅਖੇ ਕੀਤੀਆਂ ਦੁੱਲੇ ਦੀਆਂ, ਪੇਸ਼ ਲੱਧੀ ਦੇ ਆਈਆਂ।

ਸਾਡੇ ਸਿਆਸੀ ਚੌਧਰੀਆਂ ਨੇ ਸਾਡੀ 'ਸਰਬ-ਉਚਤਾ' ਦੀ ਬਥੇਰੀ ਡੌਂਡੀ ਪਿੱਟੀ, ਲੱਖਾਂ ਦੇ ਇਸ਼ਤਿਹਾਰ ਛਪਵਾਏ ਅਤੇ ਹਰ ਮੰਚ 'ਤੇ ਸਾਡੀ 'ਮਹਾਨਤਾ' ਦੀਆਂ ਘੋੜੀਆਂ ਗਾਈਆਂ, ਡਰਾਵੇ ਵੀ ਦਿੱਤੇ, ਪਰ ਲੋਕਾਂ ਨੇ 'ਨੰਨਾ' ਹੀ ਫੜ ਲਿਆ। ਸਾਡੀਆਂ ਅੰਦਰ ਵੜਿਆਂ ਦੀਆਂ ਕੰਬਦੀਆਂ ਲੱਤਾਂ ਦੀ ਮਾਲਸ਼ ਕਰਵਾਉਣ ਲਈ, ਦਿੱਲਿਓਂ ਰਖੇਲਾਂ ਮੰਗਵਾਈਆਂ ਗਈਆਂ ਅਤੇ ਸਾਡੇ ਸੁੱਕਦੇ ਜਾਂਦੇ ਬੁੱਲ੍ਹ ਤਰ ਕਰਨ ਲਈ, ਸ਼੍ਰੋਮਣੀ ਕਮੇਟੀ ਦੇ 'ਹੰਗਾਮੀ ਇਜਲਾਸ' ਦੇ ਨਾਂ ਥੱਲੇ ਚਮਚੇ ਵੀ ਇਕੱਠੇ ਕੀਤੇ ਗਏ, ਪਰ ਹਾਲਾਤ ਬਦ ਤੋਂ ਬਦਤਰ ਹੀ ਹੁੰਦੇ ਗਏ। ਜਿਵੇਂ ਕਿਤੇ 'ਚੋਰ ਦੇ ਸੌ ਦਿਨ' ਮੁੱਕ ਗਏ ਹੋਣ ਅਤੇ ਸਾਧ ਦਾ ਇਕ ਦਿਨ ਆਣ ਪਹੁੰਚਿਆ ਹੋਵੇ। ਵਿਰੋਧ ਲਗਾਤਾਰ ਵਧਦਾ ਜਾਂਦਾ ਦੇਖ ਕੇ ਸਾਨੂੰ ਬਾਡੀਗਾਰਡ ਦੇ ਦਿੱਤੇ। ਖੁੱਡੇ ਵਿਚ ਤਾੜੇ ਹੋਏ ਕੁੱਕੜਾਂ ਵਰਗੀ ਹਾਲਤ ਹੋਣ ਨਾਲ ਸਾਡੀ 'ਲਿਫਾਫਾ ਉਗਰਾਹੀ' ਉਕਾ ਹੀ ਬੰਦ ਹੋ ਗਈ। ਸਾਨੂੰ ਖਿਝ ਵੀ ਚੜ੍ਹੇ ਕਿ ਆਪ ਤਾਂ ਡੁੱਬਾ ਬਾਹਮਨਾ, ਜਜ਼ਮਾਨ ਵੀ ਗਾਲੇ।

ਲੋਕਾਂ ਵਿਚ ਰੋਹ ਪ੍ਰਚੰਡ ਹੋ ਗਿਆ। ਜਿਹੜੇ ਸ਼੍ਰੋਮਣੀ ਕਮੇਟੀ ਮੈਂਬਰ ਕਦੇ ਮਾਲਕਾਂ ਮੋਹਰੇ ਉਚਾ ਸਾਹ ਨਹੀਂ ਸੀ ਲੈਂਦੇ, ਉਨ੍ਹਾਂ ਵਿਚੋਂ ਕਈ 'ਜ਼ਮੀਰ ਜਾਗਣ' ਦਾ ਪ੍ਰਗਟਾਵਾ ਕਰਦਿਆਂ ਅਸਤੀਫੇ ਦੇਣ ਲੱਗ ਪਏ। ਵਿਦੇਸ਼ੀ ਸਿੱਖਾਂ ਵੱਲੋਂ ਅੰਗਾਰਿਆਂ ਵਾਂਗ ਭਖਦੀ ਬਿਆਨਬਾਜ਼ੀ ਹੋਣ ਲੱਗ ਪਈ। ਚਹੁੰ ਕੂੰਟਾਂ ਵਿਚ ਪਸਰਿਆ ਰੋਹ ਤਾੜਦਿਆਂ ਚੰਡੀਗੜ੍ਹੋਂ ਚੱਲਿਆ ਹਰਕਾਰਾ ਫਿਰ ਸਾਡੇ ਸਿਰ 'ਤੇ ਆ ਖੜ੍ਹਾ ਹੋਇਆ। ਦੇ'ਤਾ ਗਲ ਵਿਚ 'ਗੂਠਾ... ਕਰੋ ਹੰਗਾਮੀ ਮੀਟਿੰਗ... ਕਰ ਦਿਉ ਪਹਿਲੇ ਵਾਲਾ 'ਗੁਰਮਤਾ' ਰੱਦ! ਬਾਹਰ ਸਾਨੂੰ 'ਸਰਬ-ਉਚ' ਦੱਸਣ ਵਾਲਿਆਂ ਨੇ ਸਾਡੇ ਕੋਲੋਂ ਨੌਕਰਾਂ ਵਾਂਗੂੰ 'ਆਪਣਾ ਕੰਮ' ਕਰਵਾ ਲਿਆ। ਜਿਵੇਂ ਬੀਤੇ 24 ਸਤੰਬਰ ਨੂੰ ਟਾਈਪ ਕੀਤੇ-ਕਰਾਏ ਉਤੇ, ਸਾਡੀਆਂ ਘੁੱਗੀਆਂ ਮਰਵਾ ਕੇ ਮੁਆਫੀਨਾਮੇ ਵਾਲਾ 'ਗੁਰਮਤਾ' ਬਣਾਇਆ ਗਿਆ ਸੀ, ਉਸੇ ਤਰ੍ਹਾਂ ਉਹ ਰੱਦ ਕਰਵਾ ਦਿੱਤਾ।

...ਕੀ ਕਰੀਏ ਭਾਈ ਸੰਗਤੇ! ਆਖਰ ਅਸੀਂ ਵੀ ਦੁਨੀਆਂਦਾਰ ਹਾਂ! ਅਸੀਂ ਵੀ ਚਾਹਤ ਰੱਖਦੇ ਹਾਂ ਕਿ ਸਾਡੇ ਮੁੰਡਿਆਂ ਦੇ ਵੀ ਫਾਈਵ ਸਟਾਰ ਹੋਟਲ ਹੋਣ ਅਤੇ ਉਨ੍ਹਾਂ ਦੇ ਬਿਜਨਸ ਚੱਲਣ...ਸਾਡੀ ਵੀ ਸਰਕਾਰੇ-ਦਰਬਾਰੇ ਸੱਦ-ਪੁੱਛ ਹੋਵੇ।...ਆਪ ਦੇ ਸਿੰਘ ਸਾਹਿਬਾਨ!

***

ਲਓ ਜੀ, ਇਸ ਲੇਖ ਦੇ ਮੁੱਢ ਵਿਚ 'ਗੁਰਮਤਾ' ਲਿਖਿਆ ਗਿਆ ਅਤੇ ਬਾਅਦ ਵਿਚ 'ਮਨਮਤਾ'। ਇਹ ਨਿਰਣਾ ਪਾਠਕ ਕਰਨ ਕਿ ਸੱਚਾਈ ਕਿਸ ਵਿਚ ਹੈ!

# ਹੋਰ ਵੀ ਬੁਰਾ ਹੋਇਆ

ਹਾਰਮੋਨੀਅਮ ਨਾਲ ਛੈਣੇ, ਮ੍ਰਿਦੰਗ, ਖੜਤਾਲਾਂ ਆਪਣੀਆਂ ਲੈਆਂ, ਤਾਲਾਂ ਨਾਲ ਸਰਗੋਸ਼ੀਆਂ ਕਰਦੀਆਂ ਅਤੇ ਕੀਰਤਨ ਹੁੰਦਾ, ਪੰਥ ਮੇਰੇ ਦੀਆਂ ਗੂੰਜਾਂ, ਜੁਗੋ ਜੁਗ ਪੈਂਦੀਆਂ ਰਹਿਣਗੀਆਂ।

ਇਨ੍ਹੀਂ ਦਿਨੀਂ ਪੰਥ ਖਾਲਸਾ ਬਾਰੇ ਤਖਤਾਂ ਦੇ ਜਥੇਦਾਰਾਂ ਬਾਰੇ, ਸ਼੍ਰੋਮਣੀ ਕਮੇਟੀ ਮੈਂਬਰਾਂ, ਅਕਾਲੀ ਦਲ ਦੇ ਜਥੇਦਾਰਾਂ ਅਤੇ ਵਿਦਵਾਨਾਂ ਦੇ ਬਿਆਨ ਇੰਨੇ ਛਪੇ ਕਿ ਸਮਝੋਂ ਬਾਹਰ ਹੋ ਗਏ।

ਹਰਪਾਲ ਸਿੰਘ ਪੰਨੂ


ਫੋਨ: 91-94642-51454

ਨਾ ਕਿਸੇ ਨੂੰ ਚਿੱਤ ਨਾ ਚੇਤੇ, ਆਸ ਨਾ ਉਮੀਦ, ਮੰਗ ਨਾ ਇੱਛਾ। ਖਬਰ ਪੜ੍ਹੀ ਕਿ ਪੰਜ ਤਖਤਾਂ ਦੇ ਸਿੰਘ ਸਾਹਿਬਾਨ ਨੇ ਹੰਗਾਮੀ ਮੀਟਿੰਗ ਕਰਕੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮਾਫ ਕਰ ਦਿੱਤਾ ਹੈ ਅਤੇ 2007 ਵਾਲਾ ਹੁਕਮਨਾਮਾ ਵਾਪਸ ਲੈ ਲਿਆ ਹੈ। ਜਥੇਦਾਰਾਂ ਨੇ ਅਕਾਲ ਤਖਤ ਦੇ ਇਸ ਫੈਸਲੇ 'ਤੇ ਖੁਸ਼ੀਆਂ ਪ੍ਰਗਟਾਈਆਂ, ਵਧਾਈ ਸੰਦੇਸ਼ ਛਪਵਾਏ ਅਤੇ ਬਿਆਨ ਦਾਗੇ, "ਸ੍ਰੀ ਅਕਾਲ ਤਖਤ ਦੀ ਸਰਵੁੱਚਤਾ ਹੋਰ ਉਚੀ ਹੋਈ।" ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਸਰਵੁਚਤਾ ਹੋਰ ਉਚੀ ਵੀ ਹੋ ਜਾਇਆ ਕਰਦੀ ਹੈ, ਠੀਕ ਉਸੇ ਤਰ੍ਹਾਂ ਜਿਵੇਂ ਕੋਈ ਦਾਅਵਾ ਕਰੇ ਕਿ ਮੈਂ ਰਬੜ ਵਾਂਗ ਖਿਚ ਕੇ ਰੱਬ ਦਾ ਕੱਦ ਵਧਾ ਦਿੱਤਾ ਹੈ।

ਜਦੋਂ ਡੇਰਾ ਪ੍ਰੇਮੀ ਪੰਥ ਵਿਚੋਂ ਛੇਕੇ ਗਏ ਸਨ, ਉਦੋਂ ਵੀ ਅਕਾਲ ਤਖਤ ਦੀ ਵਡਿੱਤਣ ਹੋਈ। ਜਦੋਂ ਬਖਸ਼ ਦਿੱਤੇ ਉਦੋਂ ਵੀ ਸੋਹਲੇ ਗਾਏ। ਹੁਣ ਤੀਜੀ ਵਾਰ ਮਾਫੀ ਦਾ ਫੈਸਲਾ ਵਾਪਸ ਲੈ ਕੇ ਅਕਾਲ ਤਖਤ ਦੀ ਸਰਵੁਚਤਾ ਤੀਜੀ ਵਾਰ ਉਚੀ ਕਰ ਦਿੱਤੀ।

ਕਮਾਈ ਕਰਨ ਗਿਆ ਗਰੀਬ ਮਰਾਸੀ ਸਾਲ ਬਾਅਦ ਪਰਦੇਸੋਂ ਆਇਆ ਤਾਂ ਪਿੰਡ ਦੀ ਜੂਹ ਵਿਚ ਦਾਖਲ ਹੁੰਦਿਆ ਖੈਰ ਸੁੱਖ ਪੁੱਛਣ ਲੱਗਾ। ਗੁਆਂਢੀ ਨੇ ਦੱਸਿਆ, ਤੇਰੀ ਔਰਤ ਕਿਸੇ ਨਾਲ ਦੌੜ ਗਈ। ਮਰਾਸੀ ਨੇ ਕਿਹਾ, ਬੁਰਾ ਹੋਇਆ। ਉਸ ਬੰਦੇ ਨੇ ਫੇਰ ਦੱਸਿਆ, ਪਰ ਦਾਂ ਮਹੀਨਿਆਂ ਬਾਅਦ ਵਾਪਸ ਆ ਗਈ। ਮਰਾਸੀ ਨੇ ਕਿਹਾ, ਹੋਰ ਵੀ ਬੁਰਾ ਹੋਇਆ।

ਡੇਰਾ ਮੁਖੀ ਨੂੰ ਅਚਾਨਕ ਖਿਮਾ ਮਿਲੀ ਤਾਂ ਸਿੱਖ ਜਗਤ ਵਿਚ ਰੋਸ ਦੀ ਜ਼ਬਰਦਸਤ ਲਹਿਰ ਪੈਦਾ ਹੋਈ। ਇਹ ਦੱਸ ਦਈਏ ਕਿ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਜਾਵਾਂ ਦੇਣ ਵਾਸਤੇ ਨਹੀਂ ਹਨ। ਇਥੇ ਅਰਦਾਸ ਕਰਨ ਵਾਲਿਆਂ ਦੇ ਗੁਨਾਹ ਬਖਸ਼ੇ ਜਾਂਦੇ ਹਨ। ਪਾਠਕਾਂ ਨੂੰ ਯਾਦ ਹੋਵੇਗਾ ਕਿ ਰਾਹੁਲ ਗਾਂਧੀ ਮੱਥਾ ਟੇਕਣ ਆਇਆ ਸੀ, ਲੰਗਰ ਛਕ ਕੇ ਗਿਆ ਸੀ। ਉਸ ਵਲੋਂ ਕੀਤੀ ਇਹ ਤੀਰਥ-ਯਾਤਰਾ ਸਲਾਹੀ ਗਈ ਸੀ। ਪਰ ਮਾਫ ਕਰਨ ਦੇ ਵਿਧੀ ਵਿਧਾਨ ਹੋਇਆ ਕਰਦੇ ਹਨ। ਭੁੱਖ ਲੱਗਣ 'ਤੇ ਖਾਣਾ ਮੂੰਹ ਵਿਚੋਂ ਦੀ ਪੇਟ ਅੰਦਰ ਜਾਇਆ ਕਰਦਾ ਹੈ, ਕੰਨਾਂ ਵਿਚ ਬੁਰਕੀਆਂ ਪਾ ਕੇ ਨਹੀਂ।



ਖਿਮਾ ਮਿਲਣ ਪਿਛੋਂ ਡੇਰਾ ਮੁਖੀ ਦਾ ਦਿਲਚਸਪ ਬਿਆਨ ਛਪਿਆ, ਅਕਾਲ ਤਖਤ ਸੁਪਰੀਮ ਹੈ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਅਕਾਲ ਤਖਤ ਦਾ ਹੁਕਮ ਖੁਸ਼ੀ ਨਾਲ ਮੰਨਣ। ਬਿਆਨ ਪੜ੍ਹ ਕੇ ਹਾਸਾ ਆਇਆ। ਸਿੱਖਾਂ ਨੂੰ ਹੁਣ ਤੱਕ ਪਤਾ ਨਹੀਂ ਸੀ ਕਿ ਅਕਾਲ ਤਖਤ ਦਾ ਹੁਕਮ ਮੰਨੀਦਾ ਹੁੰਦਾ ਹੈ। ਡੇਰਾ ਮੁਖੀ ਨੇ ਸੁਪਰੀਮ ਕਹਿ ਦਿੱਤਾ ਫੇਰ ਤਾਂ ਸੁਪਰੀਮ ਹੀ ਹੋਏਗਾ!

ਡੇਰਾ ਮੁਖੀ ਨੂੰ ਛੇਕਣ ਪਿਛੋਂ ਜਿਨ੍ਹਾਂ ਨਾਮਵਰ ਸ਼ਖਸੀਅਤਾਂ ਨੇ ਤਖਤ-ਜਥੇਦਾਰਾਂ ਨੂੰ ਵਧਾਈਆਂ ਦਿੱਤੀਆਂ ਸਨ, ਉਨ੍ਹਾਂ ਗੱਜ ਵੱਜ ਕੇ ਉਦੋਂ ਫੇਰ ਵਧਾਈਆਂ ਦਿੱਤੀਆਂ ਜਦੋਂ ਖਿਮਾ ਹੋ ਗਈ। ਮਿਰਜਾ ਦਾਗ ਦਾ ਦਾ ਇਹ ਸ਼ੇਅਰ ਸ਼ਾਇਦ ਇਨ੍ਹਾਂ ਵਾਸਤੇ ਸੀ,

ਜਲਵਾ ਗਰੀ ਕਾ ਖੰਜਰ<br>
ਦੋਨੋਂ ਤਰਹ ਚਲਾਇਆ।<br>
ਪਰਦਾ ਉਠਾ ਕੇ ਮਾਰਾ,<br>
ਪਰਦਾ ਗਿਰਾ ਕੇ ਮਾਰਾ।

ਅਸੀਂ ਤਾਂ ਹਲਾਲ ਹੋਣ ਵਾਸਤੇ ਹੀ ਬੈਠੇ ਹਾਂ, ਚਿਹਰੇ ਤੋਂ ਪਰਦਾ ਚੁੱਕਿਆ ਗਿਆ ਤਾਂ ਜ਼ਖਮੀ, ਪਰਦਾ ਕਰ ਲਿਆ ਤਾਂ ਮਰਨ ਕਿਨਾਰੇ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਇਕ ਇਕ ਕਰਕੇ ਅਸਤੀਫੇ ਦੇਣ ਲੱਗੇ। ਹੰਗਾਮੀ ਮੀਟਿੰਗ ਬੁਲਾਈ ਗਈ ਜਿਸ ਵਿਚ ਅਕਾਲ ਤਖਤ ਵਲੋਂ ਜਾਰੀ ਮਾਫੀਨਾਮੇ ਦੀ ਪ੍ਰੋੜ੍ਹਤਾ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਡੀ ਹੈ ਕਿ ਅਕਾਲ ਤਖਤ? ਸ਼੍ਰੋਮਣੀ ਕਮੇਟੀ ਪਹਿਲੋਂ ਮਾਫੀਨਾਮੇ ਦਾ ਮਤਾ ਪਾਉਂਦੀ ਫੇਰ ਅਕਾਲ ਤਖਤ ਅੱਗੇ ਅਰਜ਼ ਕਰਦੀ ਕਿ ਡੇਰਾ ਮੁਖੀ ਨੂੰ ਖਿਮਾ ਕੀਤਾ ਜਾਏ ਤੇ ਤਖਤ ਸਾਹਿਬਾਨ ਖਿਮਾ ਕਰ ਦਿੰਦੇ। ਫੇਰ ਇਹ ਘਟਨਾਕ੍ਰਮ ਸਹੀ ਲੱਗਦਾ। ਜਦੋਂ ਅਕਾਲ ਤਖਤ ਫੈਸਲਾ ਕਰ ਚੁੱਕਾ ਸੀ ਕਿ ਡੇਰਾ ਮੁਖੀ ਨੂੰ ਮਾਫ ਕਰ ਦਿੱਤਾ ਤਾਂ ਸ਼੍ਰੋਮਣੀ ਕਮੇਟੀ ਵਲੋਂ ਉਸ ਫੈਸਲੇ ਦੀ ਪ੍ਰੋੜ੍ਹਤਾ ਕਰਨ ਦੀ ਕੀ ਤੁੱਕ?

ਖਬਰ ਪੜ੍ਹੀ ਕਿ ਲੀਡਰਾਂ ਅਤੇ ਵਜੀਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ ਕਿ ਉਹ ਤਖਤਾਂ ਦੇ ਜਥੇਦਾਰਾਂ ਨੂੰ ਧਰਵਾਸ ਦੇਣ, ਹੌਸਲਾ ਅਫਜਾਈ ਕਰਨ। ਅਜਿਹਾ ਕਰਨਾ ਇਸ ਲਈ ਜਰੂਰੀ ਹੋ ਗਿਆ ਕਿ ਸਿੰਘ ਸਾਹਿਬਾਨ ਆਪੋ ਆਪਣੇ ਘਰਾਂ ਦੇ ਬੂਹਿਓਂ ਬਾਹਰ ਨਿਕਲਣ ਤੋਂ ਹਟ ਗਏ ਸਨ। ਦੋ ਦੋ ਜਿਪਸੀਆਂ ਦੇ ਕੇ ਸੁਰੱਖਿਆ ਹੋਰ ਵਧਾ ਦਿੱਤੀ ਪਰ ਸਿੰਘ ਸਾਹਿਬਾਨ ਜਾਣ ਤਾਂ ਕਿਥੇ ਜਾਣ? ਡੇਰਾ ਪ੍ਰੇਮੀਆਂ ਵਲੋਂ ਸਿੰਘ ਸਾਹਿਬਾਨ ਨੂੰ ਕੋਈ ਖਤਰਾ ਨਹੀਂ, ਸਿੱਖਾਂ ਪਾਸੋਂ ਖਤਰਾ ਹੈ ਤਾਂ ਉਹ ਕਿਨ੍ਹਾਂ ਦੇ ਸਿੰਘ ਸਾਹਿਬਾਨ ਹਨ?

ਸੋਸ਼ਲ ਮੀਡੀਆ ਵਿਚ ਡੇਰਾ ਮੁਖੀ ਸਿਰਸਾ ਦੀ ਇੰਟਰਵਿਊ ਦੇਖੀ। ਡੇਰਾ ਮੁਖੀ ਕਹਿ ਰਿਹਾ ਸੀ, ਮੇਰੇ ਪਾਸ ਮੁਹਤਬਰ ਅਕਾਲੀ ਲੀਡਰ ਆਏ ਤੇ ਕਿਹਾ ਕਿ ਚਿੱਠੀ ਲਿਖ ਦਿਓ, ਖਿਮਾ ਮਿਲ ਜਾਏਗੀ। ਚਿੱਠੀ ਲਿਖ ਦਿੱਤੀ, ਉਨ੍ਹਾਂ ਨੇ ਸੋਧਾਂ ਕੀਤੀਆਂ। ਮੈਂ ਸੋਧੀ ਹੋਈ ਚਿੱਠੀ 'ਤੇ ਦਸਤਖਤ ਕਰ ਦਿੱਤੇ। ਅਖਬਾਰ-ਨਵੀਸ ਨੇ ਪੁੱਛਿਆ, ਤੁਸੀਂ ਅਕਾਲ ਤਖਤ 'ਤੇ ਪੇਸ਼ ਕਿਉਂ ਨਾ ਹੋਏ? ਡੇਰਾ ਮੁਖੀ ਦਾ ਉੱਤਰ ਸੀ, ਉਹ ਮੁਹਤਬਰ ਬੰਦੇ ਸਨ। ਉਨ੍ਹਾਂ ਨੇ ਮੈਨੂੰ ਕਿਹਾ, ਗੁਰੂ ਜੀ ਪੇਸ਼ ਹੋਣ ਦੀ ਲੋੜ ਹੀ ਨਹੀਂ। ਜੇ ਕਹਿੰਦੇ ਮੈਂ ਪੇਸ਼ ਹੋ ਜਾਂਦਾ।

16 ਅਕਤੂਬਰ ਨੂੰ ਸਿੰਘ ਸਾਹਿਬਾਨ ਨੇ ਦਿੱਤਾ ਗਿਆ ਮਾਫੀਨਾਮਾ ਵਾਪਸ ਲੈ ਲਿਆ ਤਾਂ 18 ਅਕਤੂਬਰ ਨੂੰ ਡੇਰਾ ਮੁਖੀ ਦਾ ਬਿਆਨ ਛਪਿਆ, ਹੁਕਮਨਾਮਾ ਬਦਲੇ ਜਾਣ ਤੋਂ ਡੇਰਾ ਮੁਖੀ ਹੈਰਾਨ। ਡੇਰਾ ਮੁਖੀ ਨੇ ਕਿਹਾ ਹੈ ਕਿ ਧਰਮ ਵਿਚ ਜੋ ਗੱਲ ਕਹਿ ਦਿੱਤੀ ਜਾਂਦੀ ਹੈ, ਅਟੱਲ ਹੁੰਦੀ ਹੈ ਪਰ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਮਾਫੀਨਾਮਾ ਵਾਪਸ ਲੈ ਲਿਆ। ਇਸ ਮਾਮਲੇ ਵਿਚ ਰਾਜਨੀਤੀ ਹੋ ਰਹੀ ਹੈ, ਜੋ ਚੰਗੀ ਗੱਲ ਨਹੀਂ।

ਇਕ ਸਦੀ ਪਹਿਲਾਂ ਸਿੰਘ ਸਭਾ ਲਹਿਰ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ। ਸਿੱਖਾਂ ਨੇ ਫੈਸਲਾ ਕੀਤਾ ਕਿ ਸੰਤ ਅਤਰ ਸਿੰਘ ਪਾਸੋਂ ਸ਼ੁਕਰਾਨੇ ਦੀ ਅਰਦਾਸ ਕਰਵਾਈਏ। ਕਾਰਵਾਂ ਅੰਮ੍ਰਿਤਸਰੋਂ ਮਸਤੂਆਣੇ ਵੱਲ ਤੁਰ ਪਿਆ। ਸੰਤ ਜੀ ਨੂੰ ਕਿਹਾ ਕਿ ਮਹੰਤ ਗੁਰਦੁਆਰਿਆਂ ਵਿਚੋਂ ਕੱਢ ਦਿੱਤੇ ਹਨ। ਸ਼ੁਕਰਾਨੇ ਦੀ ਅਰਦਾਸ ਕਰੋ। ਸੰਤ ਜੀ ਨੇ ਕਿਹਾ, ਅਕਾਲੀਆਂ ਦੇ ਕਹਿਣ 'ਤੇ ਮਹੰਤ ਗੁਰਦੁਆਰਿਆਂ ਵਿਚੋਂ ਚਲੇ ਗਏ ਤਾਂ ਇਸ ਦਾ ਮਤਲਬ ਹੋਇਆ ਉਹ ਚੰਗੇ ਸਨ। ਗੁਰਦੁਆਰਿਆਂ ਵਿਚੋਂ ਤੁਹਾਨੂੰ ਕੱਢਣਾ ਬਹੁਤ ਔਖਾ ਕੰਮ ਹੋਵੇਗਾ।

## ਭਖਦੀ ਗੱਲ

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਹੁਣ ਇਹ ਮੇਰਾ ਪੰਜਾਬ ਹੈ!*

ਰੁੱਸੀਆਂ ਪੌਣਾਂ ਲੱਗਦੀਆਂ, ਰੁੱਸਦੇ ਜਾਂਦੇ ਖਾਬ,<br>
ਆਪਣੇ ਹੀ ਗਲ ਲੱਗ ਕੇ, ਲੱਗਾ ਰੋਣ ਪੰਜਾਬ।<br>
ਹਾੜੇ ਤੁਸਾਂ ਨੇ ਸੁਣੇ ਨਾ, ਕੰਨਾਂ ਵਿਚ ਸੀ ਰੂੰ,<br>
ਹਾਕਮੋ ਕਿਉਂ ਹੁਣ ਰੋਵਦੇ, ਦੇ ਗੋਡਿਆਂ ਵਿਚ ਮੂੰਹ।<br>
ਜਿੱਧਰ ਵੇਖੋ ਹੋ ਰਿਹਾ, ਰਾਜਨੀਤੀ ਦਾ ਛੱਲ,<br>
ਅੱਜ ਨ੍ਹੀਂ ਸਾਂਭਿਆ ਜਾ ਰਿਹਾ, ਕੀ ਹੋਵੇਗਾ ਕੱਲ੍ਹ?<br>
ਨਾ ਖਿਲਾਰੋ ਨਫਰਤਾਂ, ਨਾ ਪਾਵੋ ਵੇ ਲੀਕ,<br>
ਗੀਤਾ, ਵੇਦ, ਕੁਰਾਨ ਦੀ, ਸੁਣੋ ਨਿਕਲਦੀ ਚੀਕ।<br>
ਬੰਦਿਆਂ ਨੇ ਹੈ ਕਰ ਲਈ, ਬੰਦਿਆਂ ਵੱਲ ਨੂੰ ਕੰਧ,<br>
ਮੱਸਿਆ ਵਾਲੀ ਰਾਤ ਨੂੰ, ਮੂਰਖ ਲੱਭਣ ਚੰਦ।<br>
ਮੌਸਮ ਖੁਸ਼ਗਵਾਰ ਨਹੀਂ, ਨਹੀਂ ਸੁਹਾਣੀ ਰੁੱਤ,<br>
ਮਾਂਵਾਂ ਬੈਠੀਆਂ ਲਾ ਕੇ, ਹਿੱਕ ਨਾਲ ਆਪਣੇ ਪੁੱਤ।<br>
ਕਿਸ ਤੋਂ ਦੁਨੀਆਂ ਡਰ ਰਹੀ, ਕਿਸ ਤੋਂ ਆਵੇ ਭੈਅ,<br>
ਹੁਣ ਪਹਿਚਾਣੋ ਚਤਰ ਨੂੰ, ਜਿਹਦੀ ਲੱਗਦੀ ਸ਼ਹਿ।<br>
ਦਰਿਆਵਾਂ ਵਿਚ ਵਹਿਣ ਨਹੀਂ, ਸੁੱਕੀ ਪਈ ਜ਼ਮੀਨ,<br>
ਅੱਥਰੂ ਥੋੜੇ ਖੁਸ਼ਕ ਨੇ, ਖੂਨ ਕਮੀਨੇ ਪੀਣ।<br>
ਅਰਜਨ ਕੋਲ ਕਮਾਨ ਨਹੀਂ, ਨਾ ਭੱਥੇ ਵਿਚ ਤੀਰ,<br>
'ਭੌਰੇ' ਮਰੇ ਮਨੁੱਖਤਾ, ਕਿੱਦਾਂ ਬੰਨ੍ਹੀਏ ਧੀਰ।

# ਪੰਜਾਬ ਤੇਰੇ ਅਸਮਾਨ 'ਤੇ ਮੁੜ ਇੱਲਾਂ ਭੌਂਦੀਆਂ ਨੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਮੌਕਾ ਵੱਡੀ ਚਿੰਤਾ ਦਾ ਹੈ। ਚਿੰਤਾ ਸਿੱਖ ਧਰਮ ਦੀਆਂ ਉਚੀਆਂ ਪਦਵੀਆਂ ਉਤੇ ਸੁਸ਼ੋਭਿਤ ਛੋਟੇ ਕਿਰਦਾਰ ਵਾਲੇ ਲੋਕਾਂ ਨੇ ਪੈਦਾ ਕੀਤੀ ਹੈ। ਜਿਨ੍ਹਾਂ ਲੋਕਾਂ ਨੇ ਪੰਜਾਬ ਵਿਚ ਬਾਰਾਂ ਸਾਲ ਲੰਮੀ ਉਹ ਸਾੜ੍ਹ-ਸਤੀ ਵੇਖੀ ਸੀ, ਜਿਸ ਦਾ ਇੱਕ ਕਾਂਡ ਆਪਰੇਸ਼ਨ ਬਲਿਊ ਸਟਾਰ, ਦੂਸਰਾ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਦਾ ਕਤਲੇਆਮ ਅਤੇ ਤੀਜਾ ਆਪਰੇਸ਼ਨ ਬਲੈਕ ਥੰਡਰ ਸੀ। ਉਸ ਪਿੱਛੋਂ ਦੇ ਕਈ ਸਾਲ ਹਉਕੇ ਭਰਦਿਆਂ ਗੁਜ਼ਾਰੇ ਸਨ, ਉਨ੍ਹਾਂ ਲਈ ਉਸ ਮੋੜ ਵੱਲ ਦਾ ਝਉਲਾ ਵੀ ਸਾਹ ਸੁਕਾਉਣ ਨੂੰ ਕਾਫੀ ਹੈ। ਇਹ ਝਉਲਾ ਬੀਤੇ ਹਫਤੇ ਨੇ ਪਾ ਦਿੱਤਾ ਹੈ। ਜ਼ਾਹਰਾ ਤੌਰ 'ਤੇ ਇਹ ਸਾਰਾ ਖਿਲਾਰਾ ਧਾਰਮਿਕ ਆਗੂਆਂ ਦੀ ਗਲਤੀ ਨਾਲ ਪਿਆ, ਪਰ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਕਿ ਇਸ ਦੀ ਜੜ੍ਹ ਅਸਲ ਵਿਚ ਸਿਆਸੀ ਲੋੜਾਂ ਦੇ ਚੰਡੀਗੜ੍ਹ ਪਏ ਗਮਲਿਆਂ ਵਿਚ ਹੈ। ਸਿਆਸੀ ਲੋੜਾਂ ਨੇ ਪੰਜਾਬ ਅਤੇ ਇਸ ਦੇ ਲੋਕਾਂ ਦਾ ਪਹਿਲਾਂ ਵੀ ਬਹੁਤ ਨੁਕਸਾਨ ਕੀਤਾ ਹੈ, ਹੁਣ ਵੀ ਕਰਨ ਤੁਰ ਪਈਆਂ ਹਨ। ਧਾਰਮਿਕ ਪਦਵੀਆਂ ਦੇ ਸਵਾਮੀ ਆਪਣੇ ਕਿਰਦਾਰ ਦੇ ਹਲਕੇਪਣ ਕਰ ਕੇ ਸਿਆਸੀ ਆਗੂਆਂ ਦੇ ਹੱਥਾਂ ਦਾ ਖਿਡੌਣਾ ਬਣਦੇ ਆਏ ਤੇ ਬਣ ਵੀ ਰਹੇ ਹਨ ਕਿ ਉਹ ਵੀ ਹੁਣ ਪਦਵੀਆਂ ਨਾਲੋਂ ਪਰਿਵਾਰਕ ਹਿਤਾਂ ਨੂੰ ਪਹਿਲ ਦੇਣ ਲੱਗ ਪਏ ਹਨ।

ਕਿਸੇ ਵੀ ਹੋਰ ਗੱਲ ਤੋਂ ਪਹਿਲਾਂ ਅਸੀਂ ਇਹ ਸਾਫ ਕਰ ਦੇਈਏ ਕਿ ਡੇਰਾ ਸੱਚਾ ਸੌਦਾ ਨਾਲ ਸਾਡਾ ਕੋਈ ਮੋਹ ਵੀ ਨਹੀਂ ਤੇ ਕੋਈ ਵਿਰੋਧ ਵੀ ਨਹੀਂ। ਅਸੀਂ ਬੀਤੇ ਕਾਲੇ ਦੌਰ ਦਾ ਚੇਤਾ ਰੱਖਦਿਆਂ ਇਹ ਨਹੀਂ ਚਾਹੁੰਦੇ ਕਿ ਸਿੱਖਾਂ ਅਤੇ ਸੱਚੇ ਸੌਦੇ ਵਾਲਿਆਂ ਦਾ ਟਕਰਾਅ ਹੋਵੇ। ਭਾਰਤ ਦੇ ਸਭ ਤੋਂ ਮੋਹਰੇ ਜਾਂਦੇ ਪੰਜਾਬ ਨੂੰ ਅੱਗੇ ਇਨ੍ਹਾਂ ਟਕਰਾਵਾਂ ਨੇ ਬਾਕੀਆਂ ਤੋਂ ਪਿੱਛੇ ਕਰ ਛੱਡਿਆ ਹੈ, ਹੁਣ ਹੋਰ ਰਿਸਕ ਨਹੀਂ ਲੈਣਾ ਚਾਹੀਦਾ। ਜਦੋਂ ਨਿਰੰਕਾਰੀ ਸੰਪਰਦਾ ਵਾਲਿਆਂ ਨਾਲ ਇਹੋ ਜਿਹਾ ਗੇੜ ਸ਼ੁਰੂ ਹੋਇਆ ਸੀ, ਅਸੀਂ ਉਦੋਂ ਵੀ ਇਸ ਦੇ ਖਿਲਾਫ ਸਾਂ। ਹੁਣ ਵੀ ਦੁਵੱਲਾ ਸਮਝੌਤਾ ਹੋ ਜਾਵੇ ਤਾਂ ਬੁਰਾ ਨਹੀਂ। ਬੁਰੀ ਗੱਲ ਤਾਂ ਇਹ ਹੈ ਕਿ ਸਿਆਸੀ ਲੋੜਾਂ ਪੁਆੜੇ ਪਾਈ ਜਾਂਦੀਆਂ ਹਨ।

ਆਜ਼ਾਦੀ ਤੋਂ ਬਾਅਦ ਦੇ ਦੌਰ ਵਿਚ ਇਸ ਖੇਡ ਦੀ ਸ਼ੁਰੂਆਤ ਪੰਜਾਬੀ ਸੂਬੇ ਦੇ ਨਾਂ ਉਤੇ ਸਿੱਖ ਸੂਬਾ ਮੰਗਣ ਦੀ ਲਹਿਰ ਤੋਂ ਮੰਨ ਸਕਦੇ ਹਾਂ। ਉਸ ਦੌਰ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਲੀਡਰਸ਼ਿਪ ਨਾਲ ਏਨਾ ਟਕਰਾਅ ਵਧ ਗਿਆ ਕਿ 1956 ਵਿਚ ਅੰਮ੍ਰਿਤਸਰ ਵਿਚ ਕਾਂਗਰਸ ਦੇ ਕੌਮੀ ਸਮਾਗਮ ਮੌਕੇ ਅਕਾਲੀਆਂ ਨੇ ਵਿਰੋਧ ਦਾ ਜਲੂਸ ਕੱਢਿਆ ਸੀ। ਸਿਰਫ ਇੱਕ ਸਾਲ ਲੰਘਿਆ ਤਾਂ ਉਹੋ ਕਾਂਗਰਸ ਅਤੇ ਉਹੋ ਅਕਾਲੀ ਆਗੂ ਏਨੇ ਇੱਕ-ਮਿੱਕ ਹੋ ਗਏ ਕਿ ਅਕਾਲੀ ਦਲ ਨੇ ਆਪਣਾ ਚੋਣ ਨਿਸ਼ਾਨ 'ਪੰਜਾ' ਛੱਡ ਕੇ ਕਾਂਗਰਸ ਦੇ 'ਦੋ ਬਲਦਾਂ ਦੀ ਜੋੜੀ' ਵਾਲੇ ਨਿਸ਼ਾਨ ਉਤੇ ਉਨ੍ਹਾਂ ਨਾਲ ਮਿਲ ਕੇ ਚੋਣਾਂ ਲੜੀਆਂ ਸਨ। ਉਦੋਂ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰੀ ਕਾਂਗਰਸੀ ਵਿਧਾਇਕ ਵਜੋਂ ਜਿੱਤ ਸਕਿਆ ਸੀ। ਸਰਕਾਰ ਵੀ ਸਾਂਝੀ ਬਣਾਈ, ਪਰ ਜਦੋਂ ਵੇਖਿਆ ਕਿ ਮੰਤਰੀ ਬਣ ਗਏ ਅਕਾਲੀ ਆਗੂ ਆਪਣੀ ਲੀਡਰਸ਼ਿਪ ਨੂੰ ਮਿਲਦੇ ਮਾਲ ਦੀ ਹਿੱਸਾ-ਪੱਤੀ ਨਹੀਂ ਦਿੰਦੇ ਤਾਂ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਵਿਰੋਧ ਦਾ ਝੰਡਾ ਚੁਕ ਕੇ 'ਮੈਂ ਮਰਾਂ, ਪੰਥ ਜੀਵੇ' ਵਾਲਾ ਨਾਹਰਾ ਚੁੱਕ ਲਿਆ ਸੀ। ਇਸ ਤੋਂ ਬਾਅਦ ਮਰਨ-ਵਰਤ ਰੱਖਣ ਤੇ ਛੱਡਣ ਦਾ ਬੇਸ਼ਰਮ ਗੇੜ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਿਹ ਸਿੰਘ ਦੇ ਨਿਜੀ ਟਕਰਾਅ ਵਿਚ ਇੱਕ-ਦੂਸਰੇ ਦੇ ਮਾਂ-ਬਾਪ ਨੌਲਣ ਤੱਕ ਲੈ ਗਿਆ ਤੇ ਇਸੇ ਵਿਚੋਂ ਗਰਮ ਨਾਹਰੇ ਦੇ ਕੇ ਇੱਕ-ਦੂਸਰੇ ਤੋਂ ਅੱਗੇ ਨਿਕਲਣ ਦੀ ਖੇਡ 'ਦਿੱਲੀ ਦਰਬਾਰ' ਨਾਲ ਟੱਕਰ ਦੇ ਰਾਹ ਵੱਲ ਲੈ ਗਈ ਸੀ।

ਦੂਸਰਾ ਦੌਰ ਨਿਰੰਕਾਰੀ ਸੰਪਰਦਾ ਨਾਲ ਟਕਰਾਅ ਦਾ ਸੀ। ਅਕਾਲੀ ਦਲ ਦੇ ਦੋਵੇਂ ਧੜੇ ਹੀ ਨਿਰੰਕਾਰੀਆਂ ਨਾਲ ਨੇੜ ਦਾ ਵੋਟਾਂ ਵੇਲੇ ਲਾਭ ਲੈਂਦੇ ਰਹੇ, ਪਰ ਜਦੋਂ ਉਨ੍ਹਾਂ ਦੀਆਂ ਵੋਟਾਂ ਅਕਾਲੀਆਂ ਦੀ ਥਾਂ ਕਾਂਗਰਸ ਨੂੰ ਭੁਗਤ ਗਈਆਂ ਤਾਂ ਸਿੱਖਾਂ ਨੂੰ ਉਨ੍ਹਾਂ ਦੇ ਖਿਲਾਫ ਭੜਕਾ ਦਿੱਤਾ। ਜਿਹੜਾ ਕਾਲਾ ਦੌਰ ਪੰਜਾਬ ਦਾ ਲੋਕਾਂ ਨੇ ਬਾਰਾਂ ਸਾਲ ਹੰਢਾਇਆ, ਉਸ ਦੀ ਸ਼ੁਰੂਆਤ ਇਸੇ ਸਿਆਸੀ ਚਲਿੱਤਰ ਤੋਂ ਹੋਈ ਸੀ ਤੇ ਪੰਜਾਬ ਦੇ ਲੋਕ ਉਦੋਂ ਅੰਨ੍ਹੀ ਗਲੀ ਵਿਚ ਠੇਡੇ ਖਾਣ ਲਈ ਤੋਰ ਦਿੱਤੇ ਗਏ ਸਨ। ਹੁਣ ਉਹੋ ਨਿਰੰਕਾਰੀ ਉਸੇ ਪੰਜਾਬ ਵਿਚ ਆਰਾਮ ਨਾਲ ਆਪਣੇ ਸਮਾਗਮ ਕਰੀ ਜਾਣ ਤਾਂ ਕਿਸੇ ਤਰ੍ਹਾਂ ਦੀ ਕੋਈ ਕੁੜਿੱਤਣ ਪੈਦਾ ਹੁੰਦੀ ਨਹੀਂ ਵੇਖੀ ਜਾਂਦੀ। ਚਲੋ ਇਹ ਵੀ ਸ਼ੁਕਰ ਹੈ।

ਜਿਵੇਂ ਬੱਚਾ ਕਦੀ ਕਿਸੇ ਖਿਡੌਣੇ ਨਾਲ ਕੁਝ ਚਿਰ ਖੇਡ ਕੇ ਅੱਕ ਜਾਂਦਾ ਹੈ ਤੇ ਫਿਰ ਨਵਾਂ ਚਾਹੁੰਦਾ ਹੈ, ਅਕਾਲੀਆਂ ਦੀ ਲੀਡਰਸ਼ਿਪ ਵੀ ਇਹੋ ਕਰਦੀ ਹੈ। ਉਹ ਕਾਲਾ ਦੌਰ ਮੁੱਕ ਜਾਣ ਪਿੱਛੋਂ ਜਦੋਂ ਰਾਜ ਮਿਲਿਆ ਤਾਂ ਬਾਬਾ ਪਿਆਰਾ ਸਿੰਘ ਭਨਿਆਰਾਂ ਵਾਲੇ ਦੇ ਖਿਲਾਫ ਝੰਡਾ ਚੁੱਕ ਲਿਆ, ਜਿਸ ਕੋਲ ਇਹ ਸਾਰੇ ਲੋਕ ਪਹਿਲਾਂ ਆਪ ਜਾਇਆ ਕਰਦੇ ਸਨ। ਉਸ ਦੇ ਖਿਲਾਫ ਕੇਸ ਬਣੇ ਤੇ ਪੁਲਿਸ ਦਾ ਦਬਾਅ ਪਵਾ ਕੇ ਉਸ ਦੇ ਚੇਲਿਆਂ ਤੋਂ ਪਿੰਡਾਂ ਦੀਆਂ ਸੱਥਾਂ ਵਿਚ ਮੁਆਫੀ ਮੰਗਵਾਉਣ ਦੇ ਉਸ਼ਟੰਡ ਹੁੰਦੇ ਰਹੇ। ਫਿਰ ਉਹ ਮੁੱਦਾ ਠੰਢਾ ਪੈ ਗਿਆ। ਉਸ ਪਿੱਛੋਂ ਨੂਰ ਮਹਿਲ ਦੇ ਡੇਰਾ ਦਿਵਿਆ ਜਯੋਤੀ ਦੇ ਖਿਲਾਫ ਝੰਡਾ ਚੁੱਕ ਕੇ ਸਿੱਖਾਂ ਨੂੰ ਭੜਕਾ ਦਿੱਤਾ। ਉਦੋਂ ਤੱਕ ਸੱਚੇ ਸੌਦੇ ਦੀ ਕੋਈ ਗਲਤ ਗੱਲ ਵੀ ਪਤਾ ਲੱਗੇ ਤਾਂ ਅਕਾਲੀ ਆਗੂਆਂ ਨੇ ਕਦੀ ਇਸ ਦਾ ਵਿਰੋਧ ਨਹੀਂ ਸੀ ਕੀਤਾ। ਡੇਰਾ ਸੱਚਾ ਸੌਦਾ ਬਾਰੇ ਵਿਰੋਧ ਕਰਦੀ ਪਹਿਲੀ ਕਲਮ ਅਸੀਂ ਚੁੱਕੀ ਸੀ। ਸਾਡਾ ਮਕਸਦ ਡੇਰੇ ਦਾ ਵਿਰੋਧ ਕਰਨਾ ਨਹੀਂ, ਉਸ ਨਾਲ ਜੁੜੇ ਹੋਏ ਆਗੂਆਂ ਦੀਆਂ ਆਪ-ਹੁਦਰੀਆਂ ਦਾ ਵਿਰੋਧ ਕਰਨਾ ਸੀ। ਅਕਾਲੀ ਆਗੂ ਉਨ੍ਹਾਂ ਤੋਂ ਵੋਟਾਂ ਲੈਂਦੇ ਹੋਣ ਕਰ ਕੇ ਚੁੱਪ ਸਨ। ਮਾਲਵੇ ਦੇ ਇੱਕ ਕਸਬੇ ਦੇ ਇੱਕ ਪੱਤਰਕਾਰ ਨੇ ਕੋਈ ਖਬਰ ਲਾ ਦਿੱਤੀ, ਸੱਚੇ ਸੌਦੇ ਵਾਲੇ ਉਸ ਨੂੰ ਕੁੱਟਦੇ ਹੋਏ ਥਾਣੇ ਲੈ ਕੇ ਗਏ ਤੇ ਉਸ ਤੋਂ ਜਦੋਂ ਮੁਆਫੀ ਮੰਗਵਾਈ ਗਈ, ਉਦੋਂ ਸ਼੍ਰੋਮਣੀ ਕਮੇਟੀ ਦਾ ਇੱਕ ਮੈਂਬਰ ਅਤੇ ਅਕਾਲੀ ਦਲ ਨਾਲ ਸਬੰਧਤ ਕਈ ਆਗੂ ਵੀ ਡੇਰੇ ਵਾਲਿਆਂ ਦੀ ਹਮਾਇਤ ਵਿਚ ਪੱਤਰਕਾਰ ਦੇ ਵਿਰੁਧ ਖੜੇ ਸਨ।

ਰੇੜਕਾ ਉਸ ਡੇਰੇ ਨਾਲ ਉਦੋਂ ਪਿਆ, ਜਦੋਂ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਡੇਰੇ ਦੇ ਮੁਖੀ ਨੇ ਗੱਲ ਤਾਂ ਬਾਦਲ ਬਾਪ-ਬੇਟੇ ਨਾਲ ਕੀਤੀ, ਪਰ ਲੁਕਵੀਂ ਅੱਖ ਕੈਪਟਨ ਅਮਰਿੰਦਰ ਸਿੰਘ ਨਾਲ ਮਿਲੀ ਹੋਣ ਕਰ ਕੇ ਵੋਟਾਂ ਉਸ ਨੂੰ ਪੁਆ ਦਿੱਤੀਆਂ। ਕੁਝ ਦਿਨ ਪਿੱਛੋਂ ਉਸ ਡੇਰੇ ਵਿਚ ਇੱਕ ਸਮਾਗਮ ਹੋਇਆ, ਜਿਸ ਵਿਚ ਜਾਮੇ-ਇੰਸਾਂ ਦੀ ਰੀਤ ਸ਼ੁਰੂ ਕਰਨ ਦੇ ਨਾਂ ਉਤੇ ਉਹ ਕੁਝ ਕੀਤਾ ਗਿਆ, ਜਿਸ ਬਾਰੇ ਸਿੱਖ ਇਹ ਕਹਿੰਦੇ ਹਨ ਕਿ ਦਸਵੇਂ ਗੁਰੂ ਸਾਹਿਬ ਦਾ ਸਵਾਂਗ ਰਚਾ ਕੇ ਉਨ੍ਹਾਂ ਦਾ ਮਨ ਦੁਖਾਇਆ ਗਿਆ ਹੈ। ਇਸ ਬਾਰੇ ਗੱਲ ਲੁਕੀ ਨਹੀਂ ਸੀ ਰਹੀ, ਅਗਲੇ ਦਿਨ ਬਾਹਰ ਆ ਗਈ ਸੀ। ਫਿਰ ਉਸ ਡੇਰੇ ਨਾਲ ਸਾਰੇ ਸਬੰਧ ਤੋੜਨ ਦਾ ਹੁਕਮਨਾਮਾ ਜਾਰੀ ਕਰਵਾ ਦਿੱਤਾ ਗਿਆ ਤੇ ਫਿਰ ਇਹ ਵੀ ਹੁਕਮਨਾਮਾ ਜਾਰੀ ਹੋ ਗਿਆ ਕਿ ਉਨ੍ਹਾਂ ਦਾ ਕੋਈ ਡੇਰਾ ਪੰਜਾਬ ਵਿਚ ਨਹੀਂ ਚੱਲਣ ਦਿੱਤਾ ਜਾਵੇਗਾ। ਇਹ ਸਭ ਕੁਝ ਇਸ ਰਾਜ ਦੀ ਅਗਵਾਈ ਕਰਦੀ ਧਿਰ ਦੀ ਰਾਜਸੀ ਲੋੜ ਲਈ ਕੀਤਾ ਗਿਆ।

ਹੁਣ ਜਦੋਂ ਉਸੇ ਡੇਰੇ ਨਾਲ ਸਮਝੌਤੇ ਦਾ ਰਾਹ ਕੱਢਿਆ ਗਿਆ ਹੈ, ਇਹ ਉਸੇ ਸਿਆਸੀ ਢੰਗ ਨਾਲ ਕੱਢਣ ਦਾ ਇਸ ਤਰ੍ਹਾਂ ਯਤਨ ਕੀਤਾ ਗਿਆ, ਜਿਵੇਂ ਰਾਜ ਕਰਨ ਵਾਲਿਆਂ ਤੋਂ ਬਿਨਾਂ ਬਾਕੀ ਲੋਕ ਕੁਝ ਨਾ ਸਮਝਦੇ ਹੋਣ। ਸਾਬਕਾ ਪਾਰਲੀਮੈਂਟ ਮੈਂਬਰ ਰਾਜਦੇਵ ਸਿੰਘ ਖਾਲਸਾ ਦੀ ਜਿਹੜੀ ਪ੍ਰੈਸ ਕਾਨਫਰੰਸ ਕੁਝ ਅਖਬਾਰਾਂ ਵਿਚ ਛਪਣ ਪਿੱਛੋਂ ਡੇਰੇ ਨੂੰ ਮੁਆਫੀ ਦਾ ਗੁਰਮਤਾ ਵਾਪਸ ਲੈਣ ਦਾ ਫੈਸਲਾ ਕਾਹਲੀ ਵਿਚ ਕੀਤਾ ਹੈ, ਉਸ ਦਾ ਖੰਡਨ ਕਿਸੇ ਅਕਾਲੀ ਲੀਡਰ ਜਾਂ ਜਥੇਦਾਰ ਨੇ ਨਹੀਂ ਕੀਤਾ। ਰਾਜਦੇਵ ਸਿੰਘ ਪਹਿਲਾਂ ਕੱਟੜਪੰਥੀ ਧਿਰਾਂ ਵੱਲੋਂ ਪਾਰਲੀਮੈਂਟ ਦਾ ਮੈਂਬਰ ਬਣਿਆ ਸੀ ਤੇ ਹੁਣ ਆਰ ਐਸ ਐਸ ਨਾਲ ਜੁੜਦੀ ਰਾਸ਼ਟਰੀ ਸਿੱਖ ਸੰਗਤ ਦਾ ਆਗੂ ਹੈ। ਉਸ ਮੁਤਾਬਕ ਸੱਚਾ ਸੌਦਾ ਡੇਰੇ ਨਾਲ ਨਵੇਂ ਸਮਝੌਤੇ ਦੀ ਗੱਲ ਮੁੰਬਈ ਵਿਚ ਫਿਲਮ ਸਟਾਰ ਅਕਸ਼ੈ ਕੁਮਾਰ ਦੇ ਘਰ ਸਿਰੇ ਚੜ੍ਹੀ ਅਤੇ ਇਸ ਦਾ ਮੁੱਢਲਾ ਹਿੱਸਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਅਗਲੀਆਂ ਵਿਧਾਨ ਸਭਾ ਚੋਣਾਂ ਮੌਕੇ ਵੋਟਾਂ ਵਾਲੀ ਸਹਿਮਤੀ ਦਾ ਸੀ। ਜਦੋਂ ਸਭ ਕੁਝ ਤੈਅ ਹੋ ਗਿਆ ਤਾਂ ਉਥੇ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਹਵਾਈ ਜਹਾਜ਼ ਰਾਹੀਂ ਬੁਲਾਇਆ ਅਤੇ ਸਮਝੌਤੇ ਦੀ ਲਿਖਤ ਉਥੇ ਬਣਾਈ ਗਈ। ਦੋ ਵਾਰੀ ਲਿਖਤ ਲਿਖ ਕੇ ਬਦਲੀ ਗਈ ਤੇ ਫਿਰ ਉਸ ਪੁਰਾਣੀ ਲਿਖਤ ਨੂੰ ਮੰਨ ਲੈਣ ਦਾ ਸਮਝੌਤਾ ਹੋ ਗਿਆ, ਜਿਹੜੀ ਛੇ ਸਾਲ ਪਹਿਲਾਂ ਸਾਬਕਾ ਪਾਰਲੀਮੈਂਟ ਮੈਂਬਰ ਤਰਲੋਚਨ ਸਿੰਘ ਰਾਹੀਂ ਇੱਕ ਵਾਰੀ ਆਈ ਅਤੇ ਰੱਦ ਕਰ ਦਿੱਤੀ ਗਈ ਸੀ। ਤਰਲੋਚਨ ਸਿੰਘ ਨੇ ਬਿਆਨ ਦੇ ਦਿੱਤਾ ਹੈ ਕਿ 'ਡੇਰਾ ਮੁਖੀ ਵੱਲੋਂ ਇਹ ਮਾਫੀਨਾਮਾ ਤਾਂ 6 ਸਾਲ ਪਹਿਲਾਂ ਲਿਖ ਕੇ ਭੇਜਿਆ ਗਿਆ ਸੀ, ਪਰ ਉਸ ਸਮੇਂ ਪਤਾ ਨਹੀਂ ਕਿਉਂ ਸਿੰਘ ਸਾਹਿਬਾਨ ਨੇ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ...ਮੇਰੇ ਯਤਨਾਂ ਨਾਲ ਪੰਜ ਧਰਮਾਂ ਦੀਆਂ ਅਹਿਮ ਸਖਸ਼ੀਅਤਾਂ ਡੇਰਾ ਮੁਖੀ ਦਾ ਹੂਬਹੂ ਹੁਣ ਵਾਲੀ ਸ਼ਬਦਾਵਲੀ ਵਾਲਾ ਮਾਫੀਨਾਮਾ ਲੈ ਕੇ ਸਿੰਘ ਸਾਹਿਬ ਨੂੰ ਮਿਲੀਆਂ ਸਨ। ...ਜੇ ਉਦੋਂ ਇਹ ਮਾਫੀਨਾਮਾ ਪ੍ਰਵਾਨ ਹੋ ਜਾਂਦਾ ਤਾਂ ਇੰਨੇ ਸਾਲ ਕਾਇਮ ਰਹੀ ਟਕਰਾਅ ਵਾਲੀ ਸਥਿਤੀ ਤੋਂ ਪੰਥ ਬਚ ਸਕਦਾ ਸੀ।'

ਅਸੀਂ ਨਹੀਂ ਜਾਣਦੇ ਕਿ ਰਾਜਦੇਵ ਸਿੰਘ ਦੀ ਇਹ ਅਕਸ਼ੈ ਕੁਮਾਰ ਵਾਲੀ ਕਹਾਣੀ ਕਿੰਨੀ ਕੁ ਸੱਚੀ ਹੈ, ਪਰ ਸਾਡੀ ਰਾਏ ਵਿਚ ਢੰਗ ਹੀ ਗਲਤ ਵਰਤਿਆ ਗਿਆ, ਪੰਜਾਬ ਦੇ ਅਮਨ ਦਾ ਰਾਹ ਕੱਢਣਾ ਗਲਤ ਨਹੀਂ ਸੀ। ਮਾੜੀ ਗੱਲ ਇਹ ਹੋਈ ਹੈ ਕਿ ਇਸ ਵਾਰ ਸਮਝੌਤਾ ਕਰਨ ਲਈ ਕੀਤੀ ਗਈ ਇਸ ਬੇਢੰਗੀ ਚੁਸਤੀ ਦੇ ਨਾਲ ਸਿੱਖ ਸੰਸਥਾਵਾਂ ਵੀ ਭੜਕ ਉਠੀਆਂ ਸਨ ਅਤੇ ਮਾਹੌਲ ਇੱਕ ਦਮ ਤਣਾਓ ਵਾਲਾ ਬਣਨ ਲੱਗ ਪਿਆ ਸੀ।

ਜਦੋਂ ਵੀਰਵਾਰ 15 ਅਕਤੂਬਰ ਨੂੰ ਰਾਜਦੇਵ ਸਿੰਘ ਖਾਲਸਾ ਨੇ ਇਹ ਸਾਰਾ ਕੁਝ ਖੋਲ੍ਹ ਦਿੱਤਾ, ਇਸ ਨਾਲ ਕਈ ਲੋਕ ਕਸੂਤੇ ਫਸ ਗਏ। ਗਿਆਨੀ ਗੁਰਮੁਖ ਸਿੰਘ ਦੀ ਸਥਿਤੀ ਪਹਿਲਾਂ ਹੀ ਏਨੀ ਮਾੜੀ ਸੀ ਕਿ ਪਰਿਵਾਰ ਦੇ ਲੋਕ ਵੀ ਉਸ ਨਾਲ ਬੋਲਣ ਨੂੰ ਤਿਆਰ ਨਹੀਂ ਸਨ। ਮਾਲਵੇ ਵਿਚ ਕਿਸਾਨ ਮੋਰਚੇ ਸਮੇਤ ਕਈ ਗੱਲਾਂ ਕਾਰਨ ਪੰਜਾਬ ਵਿਚ ਰਾਜ ਦੀ ਅਗਵਾਈ ਕਰਦੀ ਧਿਰ ਲਈ ਸਥਿਤੀ ਏਨੀ ਮਾੜੀ ਹੋ ਗਈ ਸੀ ਕਿ ਵਿਧਾਇਕ ਅਤੇ ਮੰਤਰੀ ਪਿੰਡਾਂ ਦੇ ਕੋਲੋਂ ਲੰਘਦੇ ਤ੍ਰਹਿਕਦੇ ਸਨ। ਅਕਾਲੀ ਦਲ ਦੀ ਕਮਾਨ ਹੁਣ ਬਾਪੂ ਕੋਲ ਨਹੀਂ, ਜਿਸ ਕੋਲ ਅੱਧੀ ਸਦੀ ਰਾਜ-ਕਾਜ ਸੰਭਾਲਣ ਦਾ ਤਜਰਬਾ ਹੈ। ਇਸ ਦੀ ਕਮਾਨ ਇਸ ਵਕਤ ਉਸ ਦੇ ਪੁੱਤਰ ਦੇ ਹੱਥ ਹੈ, ਜਿਹੜਾ ਆਪਣੇ ਨਾਲ ਕਿਤਾਬਾਂ ਦੀਆਂ ਪੰਡਾਂ ਨਾਲ ਭਰੇ ਹੋਏ ਸਿਰਾਂ ਵਾਲੇ ਲੋਕਾਂ ਦੀ ਇਹੋ ਜਿਹੀ ਟੀਮ ਲਈ ਫਿਰਦਾ ਹੈ, ਜਿਨ੍ਹਾਂ ਨੂੰ ਸਮਾਜੀ ਵਿਹਾਰ ਦੀ ਸੂਝ ਨਹੀਂ ਤੇ ਸਿਆਸੀ ਸਮਝ ਵੀ ਕੋਈ ਨਹੀਂ। ਰਾਜੀਵ ਗਾਂਧੀ ਦੇ ਰਾਜ ਵੇਲੇ ਇੱਕ ਵਾਰ ਕੇਂਦਰ ਦੇ ਇੱਕ ਕਾਂਗਰਸੀ ਆਗੂ ਨੇ ਕਿਹਾ ਸੀ ਕਿ ਦੂਨ ਸਕੂਲ ਦੇ ਜਿਹੜੇ ਗਰੈਜੂਏਟਾਂ ਨਾਲ ਰਾਜੀਵ ਗਾਂਧੀ ਰਾਜ ਕਰਨਾ ਚਾਹੁੰਦਾ ਹੈ, ਉਹ ਕਾਂਗਰਸ ਨੂੰ ਡੋਬ ਦੇਣਗੇ। ਹੁਣ ਪੰਜਾਬ ਵਿਚ ਇਹ ਕਿਹਾ ਜਾਣ ਲੱਗਾ ਹੈ ਕਿ ਸਨੋਵਰ ਸਕੂਲ ਦੇ ਗਰੈਜੂਏਟਾਂ ਦੀ ਜਿਹੜੀ ਟੀਮ ਇਸ ਵਕਤ ਪੰਜਾਬ ਪ੍ਰਸ਼ਾਸਨ ਉਤੇ ਸੁਪਰ-ਪ੍ਰਸ਼ਾਸਨ ਵਾਂਗ ਭਾਰੂ ਹੋਈ ਪਈ ਹੈ, ਤਜਰਬੇ ਅਤੇ ਸਮਾਜੀ ਵਿਹਾਰ ਦੀ ਸੂਝ ਤੋਂ ਸੱਖਣੀ ਇਹ ਟੀਮ ਇਸ ਰਾਜ ਅਤੇ ਹਾਕਮ ਪਾਰਟੀ ਦਾ ਨੁਕਸਾਨ ਕਰੇਗੀ।

ਇਹ ਸੋਚਣਾ ਜ਼ਰੂਰੀ ਨਹੀਂ ਕਿ ਅਕਾਲੀ ਦਲ ਦਾ ਭਵਿੱਖ ਕੀ ਹੋਵੇਗਾ, ਪਰ ਪੰਜਾਬ ਵਿਚ ਵੱਸਦੇ ਲੋਕਾਂ ਦਾ ਭਵਿੱਖ ਕੀ ਹੋਣਾ ਚਾਹੀਦਾ ਹੈ ਜਾਂ ਹੋ ਸਕਦਾ ਹੈ, ਇਹ ਚਿੰਤਾ ਨਹੀਂ ਛੱਡੀ ਜਾ ਸਕਦੀ। ਪੰਜਾਬ ਦੇ ਲੋਕਾਂ ਨੂੰ ਅੱਖਾਂ ਅਤੇ ਕੰਨ ਖੁੱਲ੍ਹੇ ਰੱਖਣੇ ਹੋਣਗੇ। ਜਿਹੜੀਆਂ ਘਟਨਾਵਾਂ ਇਸ ਵੇਲੇ ਪੰਜਾਬ ਵਿਚ ਹੋ ਰਹੀਆਂ ਹਨ ਤੇ ਜਿਨ੍ਹਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਭੜਕ ਰਹੀਆਂ ਹਨ, ਇਹ ਪੈਂਤੀ ਸਾਲ ਪਿੱਛੇ ਦੀ ਯਾਦ ਦਿਵਾ ਰਹੀਆਂ ਹਨ, ਜਦੋਂ ਧਾਰਮਿਕ ਅਸਥਾਨਾਂ ਵਿਚ ਬੇਹੁਰਮਤੀ ਦੀਆਂ ਘਟਨਾਵਾਂ ਨਾਲ ਪਿਆ ਵਿਗਾੜ ਗਰੀਬ ਦੇ ਕੁੜਤੇ ਦੇ ਲੰਗਾਰ ਵਾਂਗ ਵਧਦਾ ਗਿਆ ਸੀ। ਪੰਜਾਬ, ਤੂੰ ਆਪਣੀ ਖੈਰ ਮੰਗ, ਤੇਰੇ ਅਸਮਾਨ ਉਤੇ ਇੱਕ ਵਾਰ ਫਿਰ ਇੱਲਾਂ ਭੌਂਦੀਆਂ ਜਾਪਦੀਆਂ ਨੇ।

Punjab Times
Punjabtimes1@gmail.com




Flat Rate Funding Group

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁਧ ਅਮਰੀਕੀ ਸਿੱਖਾਂ 'ਚ ਜ਼ਬਰਦਸਤ ਰੋਸ

**ਸ਼ਿਕਾਗੋ (ਬਿਊਰੋ):** ਪੰਜਾਬ ਦੇ ਜ਼ਿਲਾ ਫਰੀਦਕੋਟ ਦੇ ਪਿੰਡ ਬਰਗਾੜੀ ਵਿਚ ਸ਼ਰਾਰਤੀ ਅਨਸਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਗਈ ਬੇਹੁਰਮਤੀ ਅਤੇ ਇਸ ਪਿਛੋਂ ਰੋਸ ਪ੍ਰਗਟਾ ਰਹੇ ਅਮਨਮਈ ਸ਼ਰਧਾਲੂਆਂ 'ਤੇ ਪੁਲਿਸ ਵਲੋਂ ਚਲਾਈ ਗਈ ਗੋਲੀ ਵਿਰੁਧ ਵਿਆਪਕ ਰੋਸ ਹੈ।



ਦੁੱਖ ਦੀ ਗੱਲ ਤਾਂ ਇਹ ਹੈ ਕਿ ਅਜਿਹੀਆਂ ਘਟਨਾਵਾਂ ਹੋਰ ਵੀ ਕਈ ਥਾਈਂ ਵਾਪਰ ਗਈਆਂ ਹਨ। ਇਸ ਤੋਂ ਇਲਾਵਾ ਸਿੰਘ ਸਾਹਿਬਾਨ ਵਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਪਹਿਲਾਂ ਮੁਆਫੀ ਦਿੱਤੇ ਜਾਣ ਅਤੇ ਫਿਰ ਅਚਾਨਕ ਇਹ ਮੁਆਫੀਨਾਮਾ ਰੱਦ ਕਰਕੇ ਅਕਾਲ ਤਖਤ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਪ੍ਰਤੀ ਨਾਰਾਜ਼ਗੀ ਹੈ। ਵੱਖ ਵੱਖ ਥਾਂਈਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵਲੋਂ ਇਸ ਸਬੰਧੀ ਰੋਸ ਮਤੇ ਪਾਸ ਕੀਤੇ ਜਾ ਰਹੇ ਹਨ।

ਇਸੇ ਦੌਰਾਨ ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਫਰੀਦਕੋਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘੋਰ ਨਿੰਦਾ ਕੀਤੀ ਅਤੇ ਇਸ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਜਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਸ਼ਾਂਤਮਈ ਮੁਜਾਹਰਾ ਕਰ ਰਹੇ ਸਿੰਘਾਂ 'ਤੇ ਲਾਠੀਚਾਰਜ ਕੀਤਾ ਅਤੇ ਗੋਲੀਆਂ ਦਾ ਮੀਂਹ ਵਰ੍ਹਾਇਆ।

ਇਸ ਸਬੰਧੀ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਅਕਾਲੀ ਆਗੂਆਂ, ਸ਼੍ਰੋਮਣੀ ਕਮੇਟੀ ਤੇ ਅਕਾਲੀ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਤਖਤਾਂ ਦੇ ਜਥੇਦਾਰਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ, ਕਿਸੇ ਨੂੰ ਵੀ ਗੁਰੂਘਰ ਦੀ ਸਟੇਜ 'ਤੇ ਬੋਲਣ ਨਹੀਂ ਦਿਤਾ ਜਾਵੇਗਾ। ਇਕ ਹੋਰ ਮਤੇ ਰਾਹੀਂ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ ਕੀਤੀ ਗਈ।

**ਪੀ ਸੀ ਐਸ ਵਲੋਂ ਨਿਖੇਧੀ:** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਨੇ ਵੀ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਵਿਰੁਧ ਰੋਸ ਪ੍ਰਗਟਾ ਰਹੇ ਸ਼ਰਧਾਲੂ ਸਿੱਖਾਂ ਉਪਰ ਪੁਲਿਸ ਵਲੋਂ ਚਲਾਈ ਗਈ ਗੋਲੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੰਸਥਾ ਦੀ ਇਕ ਮੀਟਿੰਗ ਉਪਰੰਤ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਸੀਂ ਪੰਜਾਬ ਵਿਚ ਇਸ ਘਟਨਾ ਵਿਰੁਧ ਅਮਨਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਆਪਣੇ ਭੈਣਾਂ-ਭਰਾਵਾਂ ਦੇ ਨਾਲ ਹਾਂ। ਜਿਨ੍ਹਾਂ ਨੇ ਸਿੱਖ ਕੌਮ ਲਈ ਕੁਰਬਾਨੀਆਂ ਕੀਤੀਆਂ, ਸਾਡੇ ਮਨਾਂ ਵਿਚ ਉਨ੍ਹਾਂ ਪ੍ਰਤੀ ਬੇਹੱਦ ਸਤਿਕਾਰ ਹੈ ਅਤੇ ਅਸੀਂ ਉਨ੍ਹਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ। ਇਸ ਦੁੱਖ ਦੀ ਘੜੀ ਸਿੱਖ ਕੌਮ ਨੂੰ ਇਕ ਜੁੱਟ ਹੋਣਾ ਚਾਹੀਦਾ ਹੈ।

**ਮਿਲਵਾਕੀ:** ਗੁਰਦੁਆਰਾ ਓਕ ਕਰੀਕ, ਜਿਥੇ ਕਿ ਸੰਨ 2012 ਵਿਚ ਇਕ ਸਿਰਫਿਰੇ ਜਨੂੰਨੀ ਨੇ ਅੰਨੇਵਾਹ ਗੋਲੀ ਚਲਾ ਕੇ ਪੰਜ ਸ਼ਰਧਾਲੂਆਂ ਦੀ ਹੱਤਿਆ ਕਰ ਦਿੱਤੀ ਸੀ, ਦੀ ਪ੍ਰਬੰਧਕ ਕਮੇਟੀ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਉਤੇ ਡੂੰਘਾ ਅਫਸੋਸ ਜਾਹਿਰ ਕਰਦਿਆਂ ਕਿਹਾ ਹੈ ਕਿ ਇਸ ਘਟਨਾ ਨੇ ਸਿੱਖ ਹਿਰਦਿਆਂ ਨੂੰ ਬਹੁਤ ਭਾਰੀ ਠੇਸ ਪਹੁੰਚਾਈ ਹੈ। ਕਮੇਟੀ ਨੇ ਸਿੱਖ ਸਾਹਿਬਾਨ ਵਲੋਂ ਪਹਿਲਾਂ ਸੌਦਾ ਸਾਧ ਨੂੰ ਮੁਆਫੀਨਾਮਾ ਦੇਣ ਅਤੇ ਫਿਰ ਅਚਾਨਕ ਵਾਪਸ ਲਏ ਜਾਣ ਉਤੇ ਅਫਸੋਸ ਜਾਹਿਰ ਕਰਦਿਆਂ ਕਿਹਾ ਹੈ ਕਿ ਇਸ ਨਾਲ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਠੇਸ ਪਹੁੰਚੀ ਹੈ। ਕਮੇਟੀ ਨੇ ਇਹ ਵੀ ਫੈਸਲਾ ਲਿਆ ਕਿ ਇਸ ਸਭ ਕਾਸੇ ਨੂੰ ਧਿਆਨ ਵਿਚ ਰੱਖਦਿਆਂ ਆਉਣ ਵਾਲੇ ਸਮੇਂ ਵਿਚ ਕਿਸੇ ਸਿਆਸੀ ਆਗੂ ਨੂੰ ਗੁਰਦੁਆਰਾ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾਵੇਗਾ।

### ਕੈਲੀਫੋਰਨੀਆ ਦੀਆਂ ਸਿੱਖ ਸਭਾਵਾਂ ਦੀ ਮੀਟਿੰਗ

## ਬਾਦਲ ਨੂੰ ਗਰਦਾਨਿਆ ਪੰਥ ਦਾ ਗੱਦਾਰ

### ਬਾਦਲਕਿਆਂ ਤੇ ਜਥੇਦਾਰਾਂ ਦੇ ਮੁਕੰਮਲ ਬਾਈਕਾਟ ਦਾ ਫੈਸਲਾ

**ਸਟਾਕਟਨ (ਬਿਊਰੋ):** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਉਪਰੰਤ ਅਮਨਮਈ ਰੋਸ ਮੁਜ਼ਾਹਰਾ ਕਰਦੀਆਂ ਸੰਗਤਾਂ ਉਪਰ ਪੁਲਿਸ ਵਲੋਂ ਗੋਲੀਆਂ ਚਲਾ ਕੇ ਅਤੇ ਲਾਠੀ ਚਾਰਜ ਕਰਕੇ ਦੋ ਸਿੱਖ ਨੌਜਵਾਨਾਂ ਹਲਾਕ ਕਰਨ ਤੇ ਕਈਆਂ ਨੂੰ ਜ਼ਖਮੀ ਕਰਨ ਅਤੇ ਸ੍ਰੀ ਅਕਾਲ



ਤਖਤ ਦੀਆਂ ਮਾਣਮੱਤੀਆਂ ਪਰੰਪਰਾਵਾਂ ਦੇ ਬਾਦਲ ਦਲ ਵਲੋਂ ਕੀਤੇ ਜਾ ਰਹੇ ਘਾਣ ਵਿਰੁਧ ਰੋਸ ਪ੍ਰਗਟਾਉਂਦਿਆਂ ਕੈਲੀਫੋਰਨੀਆ ਦੀਆਂ 54 ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ



ਸਭਾਵਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਦਾ ਗੱਦਾਰ ਗਰਦਾਨਦਿਆਂ ਬਾਦਲਕਿਆਂ ਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ ਹੈ।

ਇਸ ਸਬੰਧੀ ਮਤਾ ਲੰਘੇ ਸਨਿਚਰਵਾਰ ਇਥੇ ਗਦਰੀ ਬਾਬਿਆਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਸੱਦੀ ਗਈ ਇਸ ਪੰਥਕ ਕਾਨਫਰੰਸ ਵਿਚ ਪਾਸ ਕੀਤਾ ਗਿਆ। ਇਸ ਮੌਕੇ ਸਿੱਖ ਗੁਰਦੁਆਰਿਆਂ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਡੂੰਘੀ ਵਿਚਾਰ ਚਰਚਾ ਤੋਂ ਬਾਅਦ ਕਈ ਇਤਿਹਾਸਕ ਮਤੇ ਪਾਸ ਕੀਤੇ। ਬਾਦਲ ਦਲੀਆਂ ਨਾਲ ਰੋਟੀ ਬੇਟੀ ਦੀ ਸਾਂਝ ਤੋੜਨ ਅਤੇ ਉਨ੍ਹਾਂ ਦੇ ਮੁਕੰਮਲ ਬਾਈਕਾਟ ਸਬੰਦੀ ਮਤੇ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਜਥੇਦਾਰਾਂ ਨੂੰ ਮੁਢੋਂ ਰੱਦ ਕੀਤਾ ਗਿਆ। ਇਕ ਹੋਰ ਮਤੇ ਰਾਹੀਂ 10 ਨਵੰਬਰ ਨੂੰ ਅੰਮ੍ਰਿਤਸਰ ਵਿਚ ਹੋ ਰਹੇ ਸਰਬੱਤ ਖਾਲਸੇ ਵਿਚ ਆਪਣੇ ਨੁਮਾਇੰਦੇ ਭੇਜ ਕੇ ਨਵੇਂ ਜਥੇਦਾਰ ਚੁਣਨ ਦਾ ਫੈਸਲਾ ਕੀਤਾ ਗਿਆ। ਚੌਥੇ ਮਤੇ ਵਿਚ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਲਗਾਤਾਰ ਹੋ ਰਹੀ ਬੇਹੁਰਮਤੀ ਸਬੰਧੀ ਚੱਲ ਰਹੇ ਸੰਘਰਸ਼ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਫੈਸਲਾ ਲਿਆ ਗਿਆ। ਪੰਜਵੇਂ ਮਤੇ ਵਿਚ ਸਿੱਖਾਂ ਦੀ ਅੰਤਰ-ਰਾਸ਼ਟਰੀ ਪੱਧਰ ਦੀ ਇੱਕ ਜਥੇਬੰਦੀ ਬਣਾਉਣ ਦਾ ਉਪਰਾਲਾ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਬਾਦਲ ਦਲ ਵੱਲੋਂ ਕਰਵਾਏ ਜਾਂਦੇ ਕਬੱਡੀ ਕੱਪ ਅਤੇ ਬਾਦਲ ਦਲ ਦੇ ਇਸ਼ਤਿਹਾਰ ਲਾਉਣ ਵਾਲੀਆਂ ਅਖਬਾਰਾਂ ਦੇ ਬਾਈਕਾਟ ਦਾ ਵੀ ਸੱਦਾ ਦਿੱਤਾ ਗਿਆ।

ਇਸ ਇਕੱਠ ਵਿਚ ਸੰਗਤਾਂ ਦਾ ਜੋਸ਼ ਵੇਖਣ ਹੀ ਵਾਲਾ ਸੀ। ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ 'ਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਬੁਲਾਰਿਆਂ ਨੇ ਬਾਦਲ ਨੂੰ ਪੰਥ ਦੇ ਗੱਦਾਰ ਗਰਦਾਨਦਿਆਂ ਆਖਿਆ ਕਿ ਉਹ ਸਿੱਖੀ ਦੇ ਬੂਟੇ ਨੂੰ ਤਬਾਹ ਕਰਨ ਲਈ ਪੰਥ ਦੋਖੀਆਂ ਦੇ ਕੁਹਾੜੇ ਦਾ ਦਸਤਾ ਬਣਿਆ ਹੋਇਆ ਹੈ। ਉਪਰੰਤ ਗੁਰਦੁਆਰਾ ਸਹਿਬਾਨ ਅਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇੱਕ ਵੱਖਰੇ ਹਾਲ ਵਿਚ ਮੀਟਿੰਗ ਕਰਕੇ ਮਤਿਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਸੰਗਤਾਂ ਮੀਟਿੰਗ ਵਿਚ ਲਏ ਜਾਣ ਵਾਲੇ ਫੈਸਲਿਆਂ ਦਾ ਕਈ ਘੰਟੇ ਇੰਤਜ਼ਾਰ ਕਰਦੀਆਂ ਰਹੀਆਂ। ਪੜ੍ਹ ਕੇ ਸੁਣਾਏ ਗਏ ਮਤਿਆਂ ਨੂੰ ਸਮੂਹ ਸੰਗਤਾਂ ਨੇ ਜੈਕਾਰਿਆਂ ਨਾਲ ਪ੍ਰਵਾਨਗੀ ਦਿੱਤੀ। ਖਾਲਿਸਤਾਨ ਜਿੰਦਾਬਾਦ ਦੇ ਨਾਹਰਿਆਂ ਨਾਲ ਇਕੱਤਰਤਾ ਦੀ ਸਮਾਪਤੀ ਹੋਈ।

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਰਵਿਦਾਸ ਸਭਾ ਰਿਓਲਿੰਡਾ ਦੀ ਪ੍ਰਬੰਧਕ ਕਮੇਟੀ ਨੇ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ੍ਹ ਕੇ ਇਸ ਦੀ ਬੇਅਦਬੀ ਕੀਤੇ ਜਾਣ ਨੂੰ ਅਤਿ ਘਿਣਾਉਣੀ ਹਰਕਤ ਕਰਾਰ ਦਿੰਦਿਆਂ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਭ ਦਾ ਸਾਂਝਾ ਹੈ ਅਤੇ ਅਜਿਹਾ ਕੁਕਰਮ ਕਰਨ ਵਾਲਿਆਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਅਜਿਹੇ ਹੀ ਵਿਚਾਰ ਬੇਗਮਪੁਰਾ ਐਜੂਕੇਸ਼ਨ ਐਂਡ ਕਲਚਰਲ ਸੁਸਾਇਟੀ ਵਲੋਂ ਮਹਿੰਦਰ ਸਿੰਘ ਧਾਮੀ ਨੇ ਪ੍ਰਗਟਾਏ ਹਨ।

## ਆਈ ਐਨ ਓ ਸੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀ ਨਿਖੇਧੀ

**ਨਿਊ ਯਾਰਕ (ਬਿਊਰੋ):** ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ ਨੇ ਪੰਜਾਬ ਵਿਚ ਹੋ ਰਹੀਆਂ ਹੋ ਰਹੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਜ਼ਿਲਾ ਫਰੀਦਕੋਟ ਦੇ ਪਿੰਡ ਬਰਗਾੜੀ ਦੇ ਇਕ ਇਤਿਹਾਸਕ ਗੁਰਦੁਆਰੇ ਵਿਚੋਂ ਗੁਰੂ ਗ੍ਰੰਥ ਸਾਹਿਬ



ਦੀਆਂ ਬੀੜਾਂ ਚੁੱਕ ਕੇ ਉਨ੍ਹਾਂ ਦੇ ਪੱਤਰੇ ਪਾੜ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੇ ਜਾਣ ਦੀ ਘਟਨਾ ਪਿਛੋਂ ਹੋਰ ਕਈ ਥਾਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ।

ਇਥੇ ਰਿਚਮੰਡ ਹਿੱਲ ਦੇ ਤੰਦੂਰੀ ਹੱਟ ਰੈਸਟੋਰੈਂਟ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਪਾਰਟੀ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਇਸ ਘਟਨਾ ਉਤੇ ਜ਼ੋਰਦਾਰ ਰੋਸ ਪ੍ਰਗਟਾਉਂਦਿਆਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਨ ਲਈ ਪ੍ਰਸ਼ਾਸਨ ਫੌਰਨ ਕਾਰਵਾਈ ਕਰੇ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਸਕੱਤਰ ਜਨਰਲ ਹਰਬਚਨ ਸਿੰਘ ਨੇ ਕਿਹਾ ਕਿ ਪਿੰਡ ਬਹਿਬਲ ਕਲਾਂ ਵਿਚ ਇਸ ਬੇਹੁਰਮਤੀ ਵਿਰੁਧ ਅਮਨਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਲੋਕਾਂ ਉਪਰ ਬਿਨਾਂ ਕਿਸੇ ਅਦਾਲਤੀ ਹੁਕਮ ਤੋਂ ਪੁਲਿਸ ਵਲੋਂ ਗੋਲੀ ਚਲਾ ਕੇ ਦੋ ਵਿਅਕਤੀਆਂ ਨੂੰ ਮਾਰ ਦਿਤੇ ਜਾਣ ਅਤੇ ਕਈਆਂ ਨੂੰ ਜ਼ਖਮੀ ਕਰਨ ਦਿੱਤੇ ਜਾਣ ਦੀ ਜਿੰਨੀ ਵੀ ਨਿਖੇਧੀ ਕੀਤੀ ਜਾ ਸਕੇ, ਥੋੜ੍ਹੀ ਹੈ।

ਪਾਰਟੀ ਦੇ ਚੇਅਰਮੈਨ ਜਾਰਜ ਅਬਰਾਹਮ ਨੇ ਇਸ ਘਟਨਾਕ੍ਰਮ ਉਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਇਸ ਸੰਵੇਦਨਸ਼ੀਲ ਮੁੱਦੇ ਉਤੇ ਸਭ ਨੂੰ ਤਹੱਮਲ ਤੋਂ ਕੰਮ ਲੈਣ ਦੀ ਅਪੀਲ ਕੀਤੀ।

ਪ੍ਰੈਸ ਕਾਨਫਰੰਸ ਵਿਚ ਪਾਰਟੀ ਦੇ ਪੰਜਾਬ ਚੈਪਟਰ ਦੇ ਪ੍ਰਧਾਨ ਤੇਜਿੰਦਰ ਸਿੰਘ ਗਿੱਲ, ਹਰਿਆਣਾ ਚੈਪਟਰ ਦੇ ਪ੍ਰਧਾਨ ਸਵਰਨ ਸਿੰਘ ਤੋਂ ਇਲਾਵਾ ਐਗਜ਼ੈਕਟਿਵ ਕਮੇਟੀ ਮੈਂਬਰ ਜਸਵਿੰਦਰ ਸਿੰਘ ਨਵਾਂ ਸ਼ਹਿਰ ਅਤੇ ਸਮੁੱਚੀ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ ਐਸ ਏ ਨੇ ਇਸ ਹਿਰਦੇਵੇਦਕ ਘਟਨਾ ਉਤੇ ਚਿੰਤਾ ਜ਼ਾਹਰ ਕਰਦਿਆਂ ਪ੍ਰਸ਼ਾਸਨ ਉਪਰ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਲਈ ਜ਼ੋਰ ਪਾਇਆ।

ਜਿਨ੍ਹਾਂ ਹੋਰ ਪਾਰਟੀ ਮੈਂਬਰਾਂ ਨੇ ਇਸ ਘਟਨਾ ਵਿਰੁਧ ਰੋਸ ਪ੍ਰਗਟਾਇਆ ਹੈ, ਉਨ੍ਹਾਂ ਵਿਚ ਵਾਈਸ ਚੇਅਰਮੈਨ ਜ਼ੈਚ ਥੋਮਸ, ਖਜ਼ਾਨਚੀ ਜੋਸ ਜਾਰਜ, ਐਗਜ਼ੈਕਟਿਵ ਕਮੇਟੀ ਮੈਂਬਰ ਵੀ ਬੀ ਸ਼ਰਮਾ, ਸਾਬਕਾ ਪ੍ਰਧਾਨ ਜੁਨੈਦ ਕਾਜ਼ੀ, ਕੇਰਲਾ ਚੈਪਟਰ ਦੇ ਮੁਖੀ ਯੂ ਏ ਨਸੀਰ ਅਤੇ ਡਾ. ਲੀਨੋ ਥਾਮਸ ਸ਼ਾਮਲ ਹਨ।

ਇਸੇ ਦੌਰਾਨ ਨਿਊ ਯਾਰਕ ਟਰਾਈ ਸਟੇਟ ਏਰੀਏ ਦੇ ਬਹੁਤ ਸਾਰੇ ਪਤਵੰਤੇ ਸਿੱਖ ਆਗੂਆਂ ਨੇ ਇਸ ਮੰਦਭਾਗੀ ਘਟਨਾ ਉਪਰ ਰੋਸ ਪ੍ਰਗਟਾਇਆ ਹੈ ਜਿਨ੍ਹਾਂ ਵਿਚ ਬਾਬੂ ਜੋਗਿੰਦਰ ਸਿੰਘ ਮਿਆਣੀ, ਮਨਮੋਹਨ ਸਿੰਘ ਪੂਨੀ, ਤਰਸੇਮ ਸਿੰਘ, ਜਗਜੀਤ ਸਿੰਘ ਦਸੂਹਾ, ਸਤੀਸ਼ ਸ਼ਰਮਾ ਅਤੇ ਗੁਰਮੀਤ ਸਿੰਘ ਸ਼ਾਮਲ ਹਨ।

## ਬੇਅਦਬੀ ਦੀਆਂ ਘਟਨਾਵਾਂ ਲਈ ਜਿੰਮੇਵਾਰ ਅਨਸਰਾਂ ਖਿਲਾਫ਼ ਸਖਤ ਕਾਰਵਾਈ ਦੀ ਮੰਗ

**ਸੈਨ ਹੋਜ਼ੇ (ਬਿਊਰੋ):** ਪਿਛਲੇ ਕੁਝ ਹਫਤਿਆਂ ਦੌਰਾਨ ਪਿੰਡ ਬਰਗਾੜੀ ਅਤੇ ਹੋਰ ਥਾਵਾਂ ਤੇ ਸ਼ਰਾਰਤੀ ਅਨਸਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੇ ਜਾਣ ਦੀ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਭ ਵਸੀਲੇ ਵਰਤ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਨਸਰਾਂ ਨੂੰ ਤੁਰੰਤ ਫੜ੍ਹ ਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।


ਇਥੇ ਜਾਰੀ ਇਕ ਬਿਆਨ ਵਿਚ ਕਮੇਟੀ ਨੇ ਸਮੂਹ ਧਾਰਮਿਕ ਅਦਾਰਿਆਂ ਨੂੰ ਅੱਗੋਂ ਤੋਂ ਸਾਵਧਾਨ ਰਹਿਣ ਦੀ ਬੇਨਤੀ ਕੀਤੀ ਹੈ ਤਾਂ ਜੋ ਅਜਿਹੀ ਮੰਦਭਾਗੀ ਘਟਨਾ ਮੁੜ ਨਾ ਵਾਪਰੇ।

ਕਮੇਟੀ ਨੇ ਆਪਣੇ ਬਿਆਨ ਵਿਚ ਆਖਿਆ ਹੈ ਕਿ ਇਹ ਗੱਲ ਹੋਰ ਵੀ ਮੰਦਭਾਗੀ ਹੈ ਕਿ ਗੁਰੂ ਮਹਾਰਾਜ ਦੀ ਬੇਹੁਰਮਤੀ ਪ੍ਰਤੀ ਸ਼ਾਂਤੀ ਨਾਲ ਰੋਸ ਪ੍ਰਗਟ ਕਰ ਰਹੇ ਗੁਰੂ ਕੇ ਸਿੱਖਾਂ ਉਪਰ ਪੰਜਾਬ ਪੁਲਿਸ ਨੇ ਨਾ ਸਿਰਫ ਤਸ਼ੱਦਦ ਕੀਤਾ ਸਗੋਂ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿਤਾ ਅਤੇ ਕਈਆਂ ਨੂੰ ਜ਼ਖਮੀ ਕਰ ਦਿਤਾ। ਪੰਜਾਬ ਸਰਕਾਰ ਜਿੰਨੀ ਜਲਦੀ ਹੋ ਸਕੇ, ਗੋਲੀ ਚਲਾਉਣ ਲਈ ਜਿੰਮੇਵਾਰ ਪੁਲਿਸ ਅਫਸਰਾਂ ਖਿਲਾਫ ਮੁਕਦਮਾ ਦਰਜ ਕਰੇ ਅਤੇ ਸਖਤ ਤੋਂ ਸਖਤ ਸਜਾ ਦਿਵਾਵੇ।

## ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਨਿੰਦਾ

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਨੇ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਘਟਨਾ 'ਤੇ ਅਮਨਮਈ ਢੰਗ ਨਾਲ ਰੋਸ ਪ੍ਰਗਟਾ ਰਹੀ ਸੰਗਤ 'ਤੇ ਪੰਥਕ ਕਹਾਉਣ ਵਾਲੀ ਸਰਕਾਰ ਦੇ ਰਾਜ ਵਿਚ ਪੁਲਿਸ ਵਲੋਂ ਲਾਠੀ ਚਾਰਜ ਕਰਨਾ ਤੇ ਗੋਲੀਆਂ ਚਲਵਾਉਣੀਆਂ ਬੇਹਦ ਸ਼ਰਮਨਾਕ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਹਰ ਇਨਸਾਨ ਦਾ ਹਿਰਦਾ ਵਲੂੰਧਰਿਆ ਗਿਆ।

ਸੰਸਥਾ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਤਖਤਾਂ ਦੇ ਜਥੇਦਾਰ ਵਲੋਂ ਪਹਿਲਾਂ ਸਿਰਸੇ ਵਾਲੇ ਸੌਦਾ ਸਾਧ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ ਕੀਤੇ ਜਾਣਾ ਅਤੇ ਫਿਰ ਸੰਗਤ ਦੇ ਰੋਸ ਨੂੰ ਵੇਖਦਿਆ ਸਿਆਸੀ ਆਕਿਆਂ ਦੇ ਕਹਿਣ 'ਤੇ ਹੁਕਮਨਾਮਾ ਵਾਪਸ ਲੈਣਾ, ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ।


ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ
1984 ਸਿੱਖ ਨਸਲਕੁਸ਼ੀ
ਮਾਰਚ
ਨਵੰਬਰ 7, ਲਾਸ ਏਂਜਲਸ
1984 SIKH GENOCIDE
HIMACHAL PRADESH
HARYANA
RAJASTHAN
UTTAR PRADESH
GUJARAT
MADHYA PRADESH
JHARKHAND
WEST BENGAL
TRIPURA
CHATTISGARH
ORISSA
MAHARAHTRA
ANDHRA PRADESH
KARNATAKA
TAMIL NADU
KERALA
ਸਿੱਖਾਂ ਦਾ ਕਤਲੇਆਮ 30,000+
ਸਿੱਖ ਬੇਘਰ 300,000+
ਮਿਤੀ ਅਤੇ ਸਮਾਂ:
ਨਵੰਬਰ 7, 2015 - 11 AM - 3 PM
ਮਾਰਚ ਦਾ ਰਸਤਾ
ਬੇਵੇਰਲੀ ਸੈਂਟਰ ਤੋਂ ਹੋਲੋਕਾਸਟ, ਮਿਊਜ਼ੀਅਮ ਤੱਕ
ਸਮਰਥਕ
ਜਾਰੀ ਕਰਤਾ ਅਵਤਾਰ ਪੰਨੂ 718-207-1394, ਅਮਰਦੀਪ ਸਿੰਘ 510-828-8352, ਬਲਜਿੰਦਰ ਬਾਜਵਾ 916-796-5316, ਬਲਜਿੰਦਰ ਸਿੰਘ 206-327-7160, ਗੁਰਦੀਪ ਸਿੰਘ 408-590-4204, ਜਾਫ਼ੀ ਸਿੰਘ 661-378-6837, ਜਗਜੀਤ ਸਿੰਘ 408-223-9900, ਜਸਬੀਰ ਸਿੰਘ 510-417-0185, ਕੁਲਵਿੰਦਰ ਸਿੰਘ 630-863-8686, ਮੋਹਦਿਰ ਸਿੰਘ 510-780-6023, ਮੇਜਰ ਸਿੰਘ 209-649-4625, ਸੁਖਵਿੰਦਰ ਸਿੰਘ 408-583-7712, ਸਤਪ੍ਰੀਤ ਸਿੰਘ 209-513-7823, ਸਾਬਾ ਸਿੰਘ 206-714-8943, ਸਰਬਜੀਤ ਸਿੰਘ 916-753-6052, ਸੱਬੀ ਸਿੰਘ 530-682-6370
ਸਿਖਸ ਫਾਰ ਜਸਟਿਸ
SIKHS FOR JUSTICE
www.referendum2020.org
ਸਿਖਸ ਫਾਰ ਜਸਟਿਸ
SIKHS FOR JUSTICE

# ਦੇਬੀ ਮਖਸੂਸਪੁਰੀ ਨੇ ਫਰਿਜ਼ਨੋ ਵਿਚ ਲਾਈਆਂ ਖੂਬ ਰੌਣਕਾਂ

**ਫਰਿਜ਼ਨੋ (ਬਿਊਰੋ):** ਸਾਫ-ਸੁਥਰੀ ਗਾਇਕੀ ਤੇ ਸ਼ਾਇਰੀ ਦੇ ਅਲੰਬਰਦਾਰ ਦੇਬੀ ਮਖਸੂਸਪੁਰੀ ਨੇ ਇਥੇ ਬੰਬੇ ਬਿਜਨਸ ਪਾਰਕ ਵਿਚ ਲੰਘੇ ਸਨਿਚਰਵਾਰ ਨੂੰ ਸ਼ਾਮੀਂ ਪੰਜ ਵਜੇ ਤੋਂ ਹੋਏ ਸ਼ੋਅ ਦੌਰਾਨ ਆਪਣੇ ਨਵੇਂ-ਪੁਰਾਣੇ ਗੀਤਾਂ ਨਾਲ ਐਸਾ ਰੰਗ ਬੰਨਿਆ ਕਿ ਕਰੀਬ ਤਿੰਨ ਘੰਟੇ ਸਰੋਤੇ ਮੰਤਰ ਮੁਗਧ ਹੋਏ ਸੁਣਦੇ ਰਹੇ। ਕਈਆਂ ਨੇ ਭੰਗੜਾ ਪਾ ਕੇ ਖੂਬ ਅਨੰਦ ਮਾਣਿਆ। ਬਬਲਾ ਮਲੂਕਾ ਅਤੇ ਪੰਜਾਬ ਤੋਂ ਆਏ ਗਾਇਕ ਜਸਦੇਵ ਯਮਲੇ ਨੇ ਵੀ ਪਰਿਵਾਰਕ ਗੀਤਾਂ ਅਤੇ ਸ਼ੇਅਰੋ ਸ਼ਾਇਰੀ ਨਾਲ ਆਪਣੀ ਹਾਜ਼ਰੀ ਲੁਆਈ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਅਤੇ ਪਾਲ ਧਾਲੀਵਾਲ ਨੇ ਬਾਖੂਬੀ ਕੀਤਾ।

ਇਸ ਸ਼ੋਅ ਵਿਚ ਔਰਤਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਪੰਜਾਬ ਤੋਂ ਆਏ ਬੀ ਡੀ ਪੀ ਓ ਬਲਜੀਤ ਕੌਰ ਢਿੱਲੋਂ ਦਾ ਵਿਸ਼ੇਸ਼ ਸਨਮਾਨ ਚਰਨਜੀਤ ਸਿੰਘ ਬਾਠ, ਚੇਅਰਮੈਨ ਜਗਰਾਜ ਸਿੰਘ ਦੌਧਰ, ਜਸਪਾਲ ਸਿੰਘ ਬਿਲਾਸਪੁਰ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਕੀਤਾ ਗਿਆ।

ਇਸ ਸ਼ੋਅ ਲਈ ਕੋਈ ਟਿਕਟ ਨਹੀਂ ਸੀ। ਪਾਰਕਿੰਗ ਦਾ ਵੀ ਮੁਫਤ ਪ੍ਰਬੰਧ ਸੀ। ਚਾਹ ਅਤੇ ਪਕੌੜਿਆਂ ਦੇ ਲੰਗਰ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਨਾਜ਼ਰ ਸਿੰਘ ਸਹੋਤਾ, ਰਛਪਾਲ ਸਹੋਤਾ, ਹਾਕਮ ਸਿੰਘ ਢਿੱਲੋਂ, ਪਾਲੀ ਥਾਂਦੀ, ਬਬਲਾ ਸਰਪੰਚ, ਬਿੱਟੂ ਕੁਸਾ ਅਤੇ ਵਿੱਕੀ ਹੀਰ ਆਦਿ ਸਿਰ ਜਾਂਦਾ ਹੈ।

ਹੋਰ ਸਹਿਯੋਗੀ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਰਾਣਾ ਟੁਟ (ਟੁਟ ਬ੍ਰਦਰਜ਼), ਬੌਬੀ ਸਿੱਧੂ, ਮਿੰਟੂ ਧਾਲੀਵਾਲ, ਰਾਜ ਧਾਲੀਵਾਲ, ਭਰਪੂਰ ਬਰਾੜ, ਗੋਲਡੀ ਲੁਬਾਣਾ, ਰਣਜੀਤ ਘੋਤੜਾ, ਬਲਵੀਰ ਬੁਟਰ, ਭੋਲਾ ਐਨ ਕੇ ਆਰ ਐਸ ਟਰੱਕਿੰਗ, ਸਤਿਨਾਮ ਸਿੰਘ, ਐਸ ਐਮ ਬ੍ਰਦਰਜ਼, ਸਟੀਵ, ਖੁਸ਼ ਧਾਲੀਵਾਲ, ਪ੍ਰੀਤ ਬਰੌਡਵੇਅ ਲਿਕਰ, ਨਿੱਕ ਢਿੱਲੋਂ, ਕੁਲਵਿੰਦਰ ਤੇ ਦਵਿੰਦਰ ਢਿੱਲੋਂ, ਗੁਰਿੰਦਰ ਸਿੰਘ, ਕਰਮ ਸੰਘਾ, ਮੰਦਰ ਰੋਮਾਣਾ, ਪਰਮਜੀਤ, ਨਿਰਮਲ ਧਨੌਲਾ ਅਤੇ ਕੁਲਵੰਤ ਧਾਲੀਆਂ (ਗਲੋਬਲ ਪੰਜਾਬ ਟੀ.ਵੀ.) ਸ਼ਾਮਲ ਸਨ।



















# ਸਹਾਇਤਾ ਸੰਸਥਾ ਦੀ ਸਹਾਇਤਾ ਲਈ ਫੰਡ ਰੇਜ਼ਰ

**ਫਰਿਜ਼ਨੋ (ਬਿਊਰੋ):** ਸਥਾਨਕ ਲੋਕ ਭਲਾਈ ਸੰਸਥਾ 'ਸਹਾਇਤਾ' ਲਈ ਇਕ ਫੰਡ ਰੇਜ਼ਰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਤਾਜ ਰੰਧਾਵਾ ਅਤੇ ਪੀ.ਸੀ.ਏ. ਦੇ ਉਦਮ ਸਦਕਾ ਕੀਤਾ ਗਿਆ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।


ਵੱਡੀ ਗਿਣਤੀ ਵਿਚ ਪਹੁੰਚੇ ਪੰਜਾਬੀਆਂ ਨੇ ਦਸਵੰਧ ਕੱਢ ਕੇ ਹਜ਼ਾਰਾਂ ਡਾਲਰ ਸਹਾਇਤਾ ਸੰਸਥਾ ਦੀ ਝੋਲੀ ਪਾਏ। ਜ਼ਿਕਰਯੋਗ ਹੈ ਕਿ ਸਹਾਇਤਾ ਸੰਸਥਾ 2004 ਵਿਚ ਹੋਂਦ ਵਿਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿਚ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ।

ਸਮਾਗਮ ਦੀ ਸ਼ੁਰੂਆਤ ਆਸ਼ਾ ਸ਼ਰਮਾ ਨੇ ਸ਼ਭ ਨੂੰ ਜੀ ਆਇਆਂ ਆਖ ਕੇ ਕੀਤੀ। ਉਪਰੰਤ ਡਾ. ਹਰਕੇਸ਼ ਸੰਧੂ ਨੇ ਸੰਸਥਾ ਦੇ ਇਤਿਹਾਸ ਬਾਰੇ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਪਾਸੋਂ ਅਨਾਥ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਸੁਣ ਕੇ ਹਰ ਅੱਖ ਨਮ ਹੋ ਗਈ। ਭਾਰਤ ਤੋਂ ਆਏ ਮੇਜ਼ਰ ਡਾ. ਸੁਰਿੰਦਰ ਪੂਨੀਆ ਨੇ ਸੰਸਥਾ ਵਲੋਂ ਜੰਮੂ ਕਸ਼ਮੀਰ 'ਚ ਚਲਾਏ ਜਾ ਰਹੇ 'ਸਹਾਇਤਾ ਅਭਿਆਨ' ਬਾਰੇ ਜਾਣਕਾਰੀ ਦਿੱਤੀ। ਡਾ. ਰਜਿੰਦਰ ਸਿੰਘ ਜੋ ਇਕੱਲੇ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ 'ਚੋਂ ਲੋੜਵੰਦ ਲੋਕਾਂ ਦੀ ਮਦਦ ਕਰ ਰਹੇ ਹਨ, ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਹੋਰ ਬੁਲਾਰਿਆਂ 'ਚ ਵਨੀਤ ਝੱਜ, ਜਗਦੀਪ ਸਹੋਤਾ, ਰਾਜ ਬਡਵਾਲ ਤੇ ਪ੍ਰਵਾਜ਼ ਆਦਿ ਸ਼ਾਮਲ ਸਨ।

ਇਸ ਮੌਕੇ ਅੰਮ੍ਰਿਤ ਧਾਲੀਵਾਲ ਅਤੇ ਬਿੰਦਰ ਸਰਾਭਾ ਨੇ ਹਾਸਰਸ ਕਵੀਸ਼ਰੀ ਪੇਸ਼ ਕਰਕੇ ਖੂਬ ਰੰਗ ਬੰਨਿਆ। ਗਾਇਕ ਬੱਬੂ ਗੁਰਪਾਲ ਨੇ ਇੱਕ ਗੀਤ 'ਮਾਂ ਮੈਨੂੰ ਪੜ੍ਹਨੇ ਦਾ ਚਾਅ' ਗਾ ਕੇ ਹਾਜ਼ਰੀ ਲੁਆਈ। ਇਸ ਮੌਕੇ ਆਸ਼ਾ ਸ਼ਰਮਾ ਅਤੇ ਤਾਜ ਰੰਧਾਵਾ ਦਾ ਸਹਾਇਤਾ ਸੰਸਥਾ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਪੀ.ਸੀ.ਏ. ਮੈਂਬਰਾਂ ਨੇ ਅੱਠ ਹਜ਼ਾਰ ਡਾਲਰ ਦਾ ਚੈਕ ਸਹਾਇਤਾ ਸੰਸਥਾ ਨੂੰ ਭੇਟ ਕੀਤਾ।





















ਬੱਬੂ ਗੁਰਪਾਲ ਗੀਤ ਪੇਸ਼ ਕਰਦਿਆਂ





## ਸੀਰੀਆਈ ਹਮਲਿਆਂ 'ਚ 40 ਆਈ.ਐਸ. ਅਤਿਵਾਦੀ ਮਰੇ

**ਬੈਰੂਤ:** ਹਮਾਅ ਸੂਬੇ ਵਿਚ ਇਸਲਾਮਿਕ ਅਸਟੇਟ ਦੇ ਲੜਾਕਿਆਂ ਦੇ ਕਾਫਲੇ 'ਤੇ ਕੀਤੇ ਗਏ ਹਵਾਈ ਹਮਲਿਆਂ ਵਿਚ ਆਈ.ਐਸ. ਦੇ 40 ਅਤਿਵਾਦੀ ਮਾਰੇ ਗਏ।

# ਟਰੱਕਰ ਹਰਜਿੰਦਰ ਸਿੰਘ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਬੈਸਟ ਅਮੈਰਿਕਾ ਟਰੱਕ ਸ਼ੋਅ ਵਿਚ ਹਿੱਸਾ ਲੈਣ ਵਾਲੇ ਯੂਬਾ ਸਿੱਟੀ ਦੇ ਟਰੱਕਰ ਹਰਜਿੰਦਰ ਸਿੰਘ ਦਾ ਪਿਛਲੇ ਦਿਨੀਂ ਫਰਿਜ਼ਨੋ ਨਿਵਾਸੀ ਅਮੋਲਕ ਸਿੱਧੂ (ਐਨ ਕੇ ਆਰ ਐਸ ਟਰੱਕਿੰਗ) ਅਤੇ ਗੋਪੀ ਗਿੱਲ ਤੇ ਭਿੰਦੇ (ਵੈਸਟਰਨ ਟਰੱਕ ਐਂਡ ਟਰੇਲਰ ਸ਼ਾਪ) ਵੱਲੋਂ 2100 ਡਾਲਰ




ਅਤੇ ਟਰਾਫ਼ੀ ਨਾਲ ਸਨਮਾਨ ਕੀਤਾ ਗਿਆ। ਅਮੋਲਕ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਇਨਾਮ ਹਰਜਿੰਦਰ ਸਿੰਘ ਨੂੰ ਮਿਹਨਤ ਅਤੇ ਲਗਨ ਨਾਲ ਟਰੱਕ ਸ਼ਿੰਗਾਰ ਕੇ ਟਰੱਕ ਸ਼ੋਆਂ 'ਚੋਂ ਨੰਬਰ ਚੱਕਣ ਲਈ ਦਿੱਤਾ ਗਿਆ ਹੈ। ਇਸ ਤਰ੍ਹਾਂ ਉਸ ਨੇ ਪੰਜਾਬੀ ਭਾਈਚਾਰੇ ਦਾ ਨਾਂ ਹੋਰ ਭਾਈਚਾਰਿਆਂ ਵਿਚ ਰੌਸ਼ਨ ਕੀਤਾ ਹੈ। ਹਰਜਿੰਦਰ ਸਿੰਘ ਨੇ ਕਿਹਾ ਕਿ ਇਸ ਮਾਣ-ਸਨਮਾਨ ਨਾਲ ਉਨ੍ਹਾਂ ਨੂੰ ਬੜਾ ਹੌਸਲਾ ਮਿਲਿਆ ਹੈ ਅਤੇ ਅੱਗੋਂ ਵੀ ਉਹ ਟਰੱਕ ਨੂੰ ਹੋਰ ਸ਼ਿੰਗਾਰ ਕੇ ਟਰੱਕ ਸ਼ੋਆਂ ਵਿਚ ਹਿੱਸਾ ਲੈਂਦਾ ਰਹੇਗਾ।



*ਬਲਜੀਤ ਕੌਰ ਢਿੱਲੋਂ (ਬੀ ਡੀ ਪੀ ਓ) ਮੌੜ ਮੰਡੀ ਆਪਣੀ ਫਰਿਜ਼ਨੋ ਫੇਰੀ ਦੌਰਾਨ ਪੱਤਰਕਾਰ ਨੀਟਾ ਮਾਛੀਕੇ ਦੇ ਘਰ ਪਹੁੰਚੇ, ਜਿਥੇ ਮਾਛੀਕੇ ਪਰਿਵਾਰ ਨੇ ਉਨ੍ਹਾਂ ਨੂੰ ਜੀ ਆਇਆਂ ਆਖੀ ਤੇ ਨੀਟਾ ਮਾਛੀਕੇ ਦੀਆਂ ਦੋ ਪੁਸਤਕਾਂ 'ਜਾਗਦੇ ਰਹੋ ਦਾ ਹੋਕਾ' ਅਤੇ 'ਸ਼ਹੀਦ ਏ ਆਜ਼ਮ ਭਗਤ ਸਿੰਘ' ਉਨ੍ਹਾਂ ਨੂੰ ਭੇਟ ਕੀਤੀਆਂ।*

# ਵਿਪਸਾ ਦਾ ਸਾਲਾਨਾ ਸਮਾਗਮ 29 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਦਾ ਸਾਲਾਨਾ ਸਮਾਗਮ 29 ਨਵੰਬਰ ਨੂੰ ਇਥੇ ਇੰਡੀਆ ਅਵਨ ਵਿਚ ਬਾਅਦ ਦੁਪਹਿਰ ਹੋਵੇਗਾ। ਪੰਜਾਬੀ ਸਭਿਆਚਾਰ, ਸਾਹਿਤ ਤੇ ਸੰਗੀਤ ਨਾਲ ਸੰਜੋਏ ਇਸ ਸਾਲਾਨਾ ਸਮਾਗਮ ਦੀ ਤਿਆਰੀ ਨੂੰ ਇਥੇ ਸਭਾ ਦੀ ਹੋਈ ਇਕ ਮੀਟਿੰਗ ਵਿਚ ਅੰਤਮ ਛੂਹਾਂ ਦਿੱਤੀਆਂ ਗਈਆਂ। ਮੀਟਿੰਗ ਦੀ ਪ੍ਰਧਾਨਗੀ ਡਾ. ਗੁਰੂਮੇਲ ਸਿੱਧੂ ਨੇ ਕੀਤੀ ਜਿਸ ਵਿਚ ਸੈਂਟਰਲ ਵੈਲੀ ਅਤੇ ਬੇਅ ਏਰੀਏ ਦੇ ਸਾਹਿਤਕਾਰ ਇਕੱਠੇ ਹੋਏ।

ਸੰਸਥਾ ਦੇ ਸਕੱਤਰ ਹਰਜਿੰਦਰ ਕੰਗ ਨੇ ਦੱਸਿਆ ਕਿ ਸਾਲ 1992 ਤੋਂ ਸ਼ੁਰੂ ਹੋਈ ਅਕਾਦਮੀ ਨੇ ਆਪਣੇ ਸਾਹਿਤਕ ਮਿਸ਼ਨ ਅਨੁਸਾਰ ਸਾਹਿਤ ਰਚਨਾ, ਚਰਚਾ ਤੇ ਪ੍ਰਕਾਸ਼ਨ ਦਾ ਬੀੜਾ ਚੁਕਿਆ ਹੋਇਆ ਹੈ।

ਸਮਾਗਮ ਦੀ ਰੂਪ-ਰੇਖਾ ਦਾ ਖੁਲਾਸਾ ਕਰਦਿਆਂ ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਇਹ ਸਮਾਗਮ ਪੰਜਾਬੀ ਦੇ ਮੋਢੀ ਕਵੀ ਬਾਬਾ ਫਰੀਦ ਨੂੰ ਸਮਰਪਿਤ ਹੋਵੇਗਾ। ਇਸ ਨੂੰ ਸਭਿਆਚਾਰ ਬਾਰੇ ਗੱਲਬਾਤ ਦੇ ਨਾਲ ਨਾਲ ਕਵਿਤਾ ਪਾਠ ਅਤੇ ਸੁਖਦੇਵ ਸਾਹਿਲ ਦੇ ਕਲਾਸੀਕਲ ਗਾਇਣ ਦੀ ਤ੍ਰਿਵੈਣੀ ਵਿਚ ਸੰਜੋਇਆ ਜਾਵੇਗਾ।

ਮੀਟਿੰਗ ਵਿਚ ਕਹਾਣੀਕਾਰ ਕਰਮ ਸਿੰਘ ਮਾਨ ਦੀ ਕਹਾਣੀ 'ਨਾਟ ਏ ਬੈਡ ਆਈਡੀਆ' ਗੰਭੀਰ ਚਰਚਾ ਦਾ ਵਿਸ਼ਾ ਬਣੀ, ਜਿਸ 'ਤੇ ਸੁਰਿੰਦਰ ਸੀਰਤ ਤੇ ਸੰਤੋਖ ਮਿਨਹਾਸ ਨੇ ਆਪਣੇ ਵਿਚਾਰ ਰੱਖੇ।

ਗਜ਼ਲਗੋ ਸੁਰਿੰਦਰ ਸੀਰਤ ਦੀ ਪ੍ਰਧਾਨਗੀ ਹੇਠ ਹੋਏ ਕਵੀ ਦਰਬਾਰ ਵਿਚ ਗੈਰੀ ਢੇਸੀ, ਤਾਰਾ ਸਾਗਰ, ਕੁਲਵੰਤ ਉਭੀ, ਹਜੂਰਾ ਸਿੰਘ, ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਸੰਤੋਖ ਮਿਨਹਾਸ, ਅਸ਼ਰਫ ਗਿੱਲ, ਕੁਲਵਿੰਦਰ, ਡਾ. ਗੁਰੂਮੇਲ ਸਿੱਧੂ ਅਤੇ ਹਰਜਿੰਦਰ ਕੰਗ ਨੇ ਆਪੋ ਆਪਣਾ ਕਲਾਮ ਪੇਸ਼ ਕੀਤਾ।

ਮੀਟਿੰਗ ਦੀ ਸਮਾਪਤੀ ਧਰਮਵੀਰ ਥਾਂਦੀ ਅਤੇ ਸੁਖਦੇਵ ਸਾਹਿਲ ਦੇ ਗਾਇਨ ਨਾਲ ਹੋਈ।

ਅਕਾਦਮੀ ਵਲੋਂ ਭਾਰਤ ਵਿਚ ਸਾਹਿਤਕਾਰਾਂ 'ਤੇ ਹੋ ਰਹੇ ਹਮਲਿਆਂ ਦੀ ਨਿਖੇਧੀ ਦਾ ਮਤਾ ਪਾਇਆ ਗਿਆ ਅਤੇ 'ਵਿਚਾਰਾਂ ਦੀ ਆਜ਼ਾਦੀ' ਉਤੇ ਹੋ ਰਹੇ ਹਮਲਿਆਂ ਖਿਲਾਫ ਸਾਰਿਆਂ ਨੂੰ ਖੜ੍ਹਨ ਦਾ ਸੱਦਾ ਦਿਤਾ ਗਿਆ।



# ਜਸਪ੍ਰੀਤ ਸਿੰਘ ਅਟਾਰਨੀ ਨੇ ਹਾਈ ਪਾਵਰ ਕੋਰ ਕਮੇਟੀ ਤੋਂ ਦਿੱਤਾ ਅਸਤੀਫ਼ਾ

### *ਬਰਗਾੜੀ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ 5-5 ਲੱਖ ਦੀ ਮਦਦ ਦਾ ਐਲਾਨ*

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਹਾਈ ਪਾਵਰ ਕੋਰ ਕਮੇਟੀ ਦੇ ਚੇਅਰਮੈਨ ਅਟਾਰਨੀ ਜਸਪ੍ਰੀਤ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਅਸਤੀਫ਼ਾ ਉਨ੍ਹਾਂ ਆਪਣੀ ਜਮੀਰ ਦੀ ਆਵਾਜ਼ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਦਿੱਤਾ ਹੈ। ਉਨ੍ਹਾਂ ਅਸਤੀਫ਼ੇ ਦੀ ਇਕ ਕਾਪੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਸਿੱਖ ਹਾਂ ਅਤੇ ਫਿਰ ਕਿਸੇ ਪਾਰਟੀ ਦਾ ਮੈਂਬਰ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਬਰਗਾੜੀ ਵਿਚ ਅਮਨਮਈ ਮੁਜਾਹਰਾ ਕਰਨ ਵਾਲੇ ਸਿੱਖਾਂ 'ਤੇ ਗੋਲੀ ਚਲਾ ਕੇ ਦੋ ਨੌਜਵਾਨਾਂ ਨੂੰ ਮਾਰਨ ਵਾਲੇ ਪੁਲਿਸ ਮੁਲਾਜ਼ਮਾਂ 'ਤੇ ਤੁਰੰਤ ਮੁਕੱਦਮਾ ਚਲਾਇਆ ਜਾਵੇ। ਅਟਾਰਨੀ ਜਸਪ੍ਰੀਤ ਸਿੰਘ ਨੇ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਮਦਦ ਆਪਣੇ ਕੋਲੋਂ ਦੇਣ ਦਾ ਐਲਾਨ ਕੀਤਾ।



ਉਨ੍ਹਾਂ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਦਸਵੰਧ ਕੱਢ ਕੇ ਪਿੰਡਾਂ 'ਚ ਸੀ. ਸੀ. ਟੀ. ਵੀ. ਕੈਮਰੇ ਲਾਉਣ ਤਾਂ ਜੋ ਅਜਿਹੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਸੰਤ ਰਣਜੀਤ ਸਿੰਘ ਢੰਡਰੀਆਂ ਅਤੇ ਹੋਰ ਪ੍ਰਚਾਰਕਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁਧ ਮੋਰਚਾ ਸੰਭਾਲਣ ਦੀ ਸ਼ਲਾਘਾ ਕੀਤੀ ਅਤੇ ਗਾਇਕ ਬੱਬੂ ਮਾਨ ਨੂੰ ਕਿਹਾ ਕਿ ਉਹ ਸੰਤ ਢਡਰੀਆਂ ਵਾਲਿਆਂ ਵਿਰੁਧ ਗਲਤ ਪ੍ਰਚਾਰ ਲਈ ਮੁਆਫੀ ਮੰਗੇ।

# ਭਾਰਤ ਦੀ ਸਿਹਤ ਖਰਾਬ, 191 ਦੇਸ਼ਾਂ ਵਿਚੋਂ 164ਵਾਂ ਸਥਾਨ

**ਨਵੀਂ ਦਿੱਲੀ:** ਭਾਰਤ ਵਿਚ ਸਿਹਤ ਸੇਵਾਵਾਂ ਦਾ ਬੁਰਾ ਹਾਲ ਹੈ। ਭਾਰਤ ਦੁਨੀਆਂ ਦੇ ਅਜਿਹੇ ਦੇਸ਼ਾਂ ਵਿਚੋਂ ਹੈ ਜਿਸ 'ਤੇ ਬਿਮਾਰੀਆਂ ਦਾ ਸਭ ਤੋਂ ਵੱਧ ਬੋਝ ਹੈ। ਬਹੁਤ ਸਾਰੀਆਂ ਸਿਹਤ ਯੋਜਨਾਵਾਂ ਆਪਣਾ ਟੀਚਾ ਤੇ ਮਕਸਦ ਪੂਰਾ ਨਹੀਂ ਕਰ ਸਕੀਆਂ ਹਨ। ਸਾਲ 2007 ਵਿਚ ਡਬਲਿਊ.ਐਚ.ਓ. ਦੇ ਅੰਕੜਿਆਂ ਮੁਤਾਬਕ ਸਿਹਤ 'ਤੇ ਖਰਚ ਦੇ ਮਾਮਲੇ ਵਿਚ 191 ਦੇਸ਼ਾਂ ਵਿਚੋਂ ਭਾਰਤ 164ਵੇਂ ਸਥਾਨ 'ਤੇ ਹੈ।

ਇਹ ਅਧਿਐਨ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਉਤੇ ਹੈ। ਇਸ ਤਰ੍ਹਾਂ ਇਹ ਚੀਨ ਦੇ ਸਰਕਾਰੀ ਖਰਚ ਤੋਂ 30 ਪ੍ਰਤੀਸ਼ਤ ਘੱਟ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਦੇਸ਼ ਵਿਚ ਮਾੜੀਆਂ ਸਿਹਤ ਸੇਵਾਵਾਂ ਦਾ ਮੁੱਖ ਕਾਰਨ ਸਰਕਾਰ ਵੱਲੋਂ ਸਿਹਤ 'ਤੇ ਘੱਟ ਖਰਚ ਕਰਨਾ ਹੈ। ਮੋਦੀ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਸਿਹਤ ਸੇਵਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ, ਪਰ ਅੰਕੜੇ ਦੱਸਦੇ ਹਨ ਕਿ ਕੀਤਾ ਕੁਝ ਨਹੀਂ ਜਾ ਰਿਹਾ। ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਸਿਹਤ ਬਜਟ ਵਿਚ ਵਾਧਾ ਕਰਨ ਦੀ ਮੰਗ ਕੀਤੀ ਹੈ। ਭਾਰਤ ਦੇ ਯੋਜਨਾ ਕਮਿਸ਼ਨ ਮੁਤਾਬਕ



12ਵੀਂ ਯੋਜਨਾ ਤਹਿਤ ਸਾਲ 2012 ਤੋਂ 2017 ਦੌਰਾਨ 3.30 ਕਰੋੜ ਖਰਚ ਕੀਤੇ ਜਾਣ ਦਾ ਅਨੁਮਾਨ ਹੈ ਤਾਂ ਜੋ ਯੂ.ਐਚ.ਸੀ. ਦਾ 2022 ਦਾ ਟੀਚਾ ਹਾਸਲ ਕੀਤਾ ਜਾ ਸਕੇ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੇ.ਕੇ. ਅਗਰਵਾਲ ਦਾ ਕਹਿਣਾ ਹੈ ਕਿ ਸਰਕਾਰ ਨੂੰ ਮੌਜੂਦਾ ਜੀ.ਡੀ.ਪੀ. 1.1 ਪ੍ਰਤੀਸ਼ਤ ਬਜਟ ਖਰਚ ਨੂੰ ਵਧਾ ਕੇ 12ਵੀਂ ਯੋਜਨਾ ਤਹਿਤ ਘੱਟੋ-ਘੱਟ 2.5 ਫੀਸਦੀ ਤੱਕ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ 2022 ਤੱਕ ਜੀ.ਡੀ.ਪੀ. ਦਾ ਤਿੰਨ ਪ੍ਰਤੀਸ਼ਤ ਹੋਣਾ ਚਾਹੀਦਾ ਹੈ।

# *ਹੜ੍ਹ ਨਾਲ ਸੜਕਾਂ ਚਿੱਕੜ ਨਾਲ ਭਰੀਆਂ*

**ਲਾਸ ਏਂਜਲਸ:** ਲਾਸ ਏਂਜਲਸ ਦੀ ਉਤਰੀ ਬਾਹੀ ਵੱਲ ਹੜ੍ਹ ਆਉਣ ਅਤੇ ਢਿੱਗਾਂ ਡਿੱਗਣ ਨਾਲ ਸੜਕੀ ਆਵਾਜਾਈ ਬੰਦ ਹੋ ਗਈ। ਲਗਾਤਾਰ ਮੀਂਹ ਤੋਂ ਬਾਅਦ ਆਏ ਹੜ੍ਹਾਂ ਕਾਰਨ ਸੜਕਾਂ ਚਿੱਕੜ ਨਾਲ ਭਰ ਗਈਆਂ ਅਤੇ ਕਈ ਥਾਈਂ ਪਹਾੜੀਆਂ ਵੀ ਖਿਸਕ ਕੇ ਸੜਕ ਉਤੇ ਆ ਗਈਆਂ। ਡਾਢੀ ਮੁਸ਼ੱਕਤ ਮਗਰੋਂ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ, ਮੁੱਖ ਮਾਰਗ ਦਾ ਇਕ ਹਿੱਸਾ ਸਾਫ਼ ਕੀਤਾ ਜਾ ਸਕਿਆ। ਕੁਝ ਲੋਕ ਤਾਂ ਇਸ ਆਫਤ ਤੋਂ ਤੁਰੰਤ ਬਾਅਦ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ, ਪਰ ਕਈ ਕਾਰਾਂ ਵਿਚ ਫਸੇ ਰਹਿ ਗਏ। ਤਕਰੀਬਨ 300 ਜਣੇ ਜੋ 200 ਕਾਰਾਂ ਅਤੇ ਹੋਰ ਵਾਹਨਾਂ ਵਿਚ ਸਵਾਰ ਸਨ, ਸੜਕ ਉਤੇ ਫਸ ਗਏ। ਇਨ੍ਹਾਂ ਨੂੰ ਉਥੋਂ ਕੱਢਣ ਲਈ ਵਾਹਵਾ ਮੁਸ਼ੱਕਤ ਕਰਨੀ ਪਈ। ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ।

ਇਹ ਵਾਕਿਆ ਐਂਟਲੋਪ ਘਾਟੀ ਵਿਚ ਸਟੇਟ ਰੂਟ ਨੰਬਰ 58 ਉਤੇ ਹੋਇਆ। ਇਹ ਟਰੱਕਰਾਂ ਲਈ ਮੁੱਖ ਰੂਟ ਹੈ। ਇਹ ਥਾਂ ਬੇਕਰਜ਼ਫੀਲਡ ਤੋਂ ਪੂਰਬ ਵੱਲ 30 ਮੀਲ ਦੂਰ ਪੈਂਦੀ ਹੈ। ਸੜਕ ਉਤੇ 2 ਤੋਂ ਲੈ ਕੇ 6 ਫੁੱਟ ਤੱਕ ਚਿੱਕੜ ਭਰ ਗਿਆ ਸੀ। ਸਟੈਨਫਰਡ ਯੂਨੀਵਰਸਿਟੀ ਦੇ ਮੌਸਮ ਵਿਗਿਆਨੀ ਡੇਨੀਅਲ ਸਵੇਨ ਨੇ ਦੱਸਿਆ ਕਿ ਇਹ ਝੱਖੜ ਅਲ-ਨੀਨੋ ਨਾਲ ਸਬੰਧਤ ਨਹੀਂ ਸੀ।

## ਗੁਰਜੀਤ ਸਿੰਘ ਬਣੇ ਜਰਮਨੀ ਵਿਚ ਭਾਰਤੀ ਰਾਜਦੂਤ

**ਨਵੀਂ ਦਿੱਲੀ:** ਸੀਨੀਅਰ ਕੂਟਨੀਤਕ ਗੁਰਜੀਤ ਸਿੰਘ ਨੂੰ ਜਰਮਨੀ ਵਿਚ ਭਾਰਤ ਦਾ ਰਾਜਦੂਤ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਇਸ ਅਹੁਦੇ 'ਤੇ ਵਿਜੇ ਗੋਖਲੇ ਸਨ। ਸਾਲ 1980 ਬੈਚ ਦੇ ਭਾਰਤੀ ਵਿਦੇਸ਼ ਸੇਵਾਵਾਂ ਦੇ ਅਧਿਕਾਰੀ ਗੁਰਜੀਤ ਸਿੰਘ ਇਸ ਤੋਂ ਪਹਿਲਾਂ ਇੰਡੋਨੇਸ਼ੀਆ ਵਿਚ ਭਾਰਤ ਦੇ ਰਾਜਦੂਤ ਸਨ।






# ਫੁੱਲ ਪੱਤੀਆਂ 'ਚੋਂ ਝਰਦੀ ਸੁਰਾਂ ਦੀ ਖੁਸ਼ਬੋਈ




## ਕਲਾ ਪਰਿਕਰਮਾ

ਗੁਲ ਪਾਨਰਾ ਪਸ਼ਤੋ ਮੁਟਿਆਰ ਹੈ ਜਿਸ ਦਾ ਵਾਹ ਗਾਇਨ ਨਾਲ ਹੈ। ਗੁਲ ਪਾਨਰਾ ਦਾ ਸ਼ਾਬਦਿਕ ਅਰਥ ਫੁੱਲ ਪੱਤੀ ਬਣਦਾ ਹੈ ਅਤੇ ਜਦੋਂ ਗੁਲ ਗਾਉਂਦੀ ਹੈ ਤਾਂ ਸੱਚਮੁੱਚ ਫੁੱਲਾਂ ਦੀਆਂ ਪੱਤੀਆਂ ਵਿਚੋਂ ਸੁਰਾਂ ਦੀ ਛਹਿਬਰ ਝਰਦੀ ਜਾਪਦੀ ਹੈ। ਗੁਲ ਪਨਾਰਾ ਦਾ ਅਸਲ ਨਾਂ ਮਹਿਨਾਜ਼ ਹੈ, ਪਰ ਅੱਜ ਕੱਲ੍ਹ ਉਹ ਗੁਲ ਪਨਾਰਾ ਦੇ ਨਾਂ ਨਾਲ ਮਸ਼ਹੂਰ ਹੈ। ਉਹਨੇ ਪੇਸ਼ਾਵਰ

**ਆਮਨਾ ਅਮੀਨ, ਲਾਹੌਰ**

ਯੂਨੀਵਰਸਿਟੀ ਤੋਂ ਸੋਸ਼ਲ ਵਰਕ ਦੀ ਮਾਸਟਰਜ਼ ਡਿਗਰੀ ਲਈ ਹੋਈ ਹੈ। ਉਹ ਸਕੂਲ ਵਿਚ ਪੜ੍ਹਦੀ ਹੀ ਗਾਉਣ ਲੱਗ ਪਈ ਸੀ ਅਤੇ ਹੁਣ ਤੱਕ ਉਸ ਦੀ ਤਿੰਨ ਐਲਬਮਾਂ ਰਿਲੀਜ਼ ਹੋ ਚੁੱਕੀਆਂ ਹਨ। ਆਪਣੀ ਆਵਾਜ਼ ਨਾਲ ਜਦੋਂ ਉਹ ਪਸ਼ਤੋਂ 'ਚ ਹੇਕ ਲਾਉਂਦੀ ਹੈ ਤਾਂ ਆਸਮਾਨ ਤੋਂ ਉਤਰੀ ਕੋਈ ਪਰੀ ਹੀ ਜਾਪਦੀ ਹੈ।

ਦਰਅਸਲ, ਪਸ਼ਤੋ ਲਈ ਉਹ ਪਰੀ ਹੀ ਹੈ ਜਿਸ ਦੀਆ ਧੁੰਮਾਂ ਅੱਜ ਸੰਸਾਰ ਭਰ ਵਿਚ ਪੈ ਰਹੀਆਂ ਹਨ। ਪਸ਼ਤੋ ਇਸ ਵੇਲੇ ਅਫਗਾਨਿਸਤਾਨ ਦੀਆਂ ਦੋ ਸਰਕਾਰੀ ਭਾਸ਼ਾਵਾਂ ਵਿਚੋਂ ਇਕ ਹੈ ਅਤੇ ਸੰਸਾਰ ਭਰ ਵਿਚ ਪੰਜ ਕਰੋੜ ਤੋਂ ਵੱਧ ਲੋਕ ਪਸ਼ਤੋ ਬੋਲਦੇ ਹਨ। ਪਾਕਿਸਤਾਨ ਵਿਚ ਭਾਵੇਂ ਇਸ ਨੂੰ ਸਰਕਾਰੀ ਭਾਸ਼ਾ ਵਾਲਾ ਦਰਜਾ ਤਾਂ ਨਹੀਂ ਮਿਲ ਸਕਿਆ, ਪਰ ਮੁਲਕ ਦੇ ਤਕਰੀਬਨ ਪੌਣੇ ਦੋ ਲੱਖ ਲੋਕ ਇਹ ਬੋਲੀ ਬੋਲਦੇ ਹਨ। ਖੈਬਰ ਪਖਤੂਨਖਵਾ, 'ਫਾਟਾ' (ਫੈਡਰਲੀ ਐਡਮਨਿਸਟ੍ਰੇਟਡ ਟਰਾਈਬਲ ਏਰੀਆਜ਼) ਅਤੇ ਉਤਰੀ ਬਲੋਚਿਸਤਾਨ ਵਿਚ ਵੱਸੇ ਲੋਕਾਂ ਦੀ ਮੁੱਖ ਬੋਲੀ ਵੀ ਇਹੀ ਹੈ। ਇਹੀ ਨਹੀਂ, ਪੰਜਾਬ ਦੇ ਮੀਆਂਵਾਲੀ ਅਤੇ ਅਟਕ ਜ਼ਿਲ੍ਹਿਆਂ ਵਿਚ ਵੀ ਪਸ਼ਤੋ ਦੀ ਚੜ੍ਹਤ ਹੈ। ਸਿੰਧ ਵਿਚ ਕਰਾਚੀ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿਚ ਪਸ਼ਤੋਂ ਬੋਲਣ ਵਾਲੇ ਆਮ ਮਿਲ ਜਾਂਦੇ ਹਨ। ਤਾਜਿਕਸਤਾਨ ਦੇ ਕੁਝ ਭਾਈਚਾਰੇ ਵੀ ਪਸ਼ਤੋ ਨਾਲ ਬਾਵਸਤਾ ਹਨ। ਭਾਰਤ ਵਿਚ ਜੰਮੂ ਕਸ਼ਮੀਰ ਦੇ ਦੱਖਣ-ਪੱਛਮੀ ਖਿੱਤੇ ਵਿਚ ਵੀ ਇਸ ਬੋਲੀ ਦੀ ਮਿਠਾਸ ਫੈਲੀ ਹੋਈ ਹੈ। ਯੂ.ਏ.ਈ., ਇਰਾਨ (ਸੂਬਾ ਖੁਰਾਸਾਨ), ਅਮਰੀਕਾ, ਇੰਗਲੈਂਡ, ਥਾਈਲੈਂਡ, ਨੈਨੇਡਾ, ਜਰਮਨੀ, ਨੀਦਰਲੈਂਡਜ਼, ਸਵੀਡਨ, ਕਤਰ, ਆਸਟਰੇਲੀਆ, ਜਪਾਨ, ਰੂਸ, ਨਿਊਜ਼ੀਲੈਂਡ ਵਿਚ ਪਖਤੂਨ ਅਤੇ ਇਨ੍ਹਾਂ ਦੀ ਇਹ ਭਾਸ਼ਾ ਤੇ ਬੋਲੀ ਪਸ਼ਤੋ ਫੈਲੀ ਹੋਈ ਹੈ।

ਪਸ਼ਤੋ ਜਿਸ ਨੂੰ ਪਖਤੋ, ਪਠਾਨੀ ਜਾਂ ਅਫਗਾਨੀ ਵੀ ਕਿਹਾ ਜਾਂਦਾ ਰਿਹਾ ਹੈ, ਦਾ ਇਤਿਹਾਸ ਅਫਗਾਨਿਸਤਾਨ ਨਾਲ ਜੁੜਿਆ ਹੋਇਆ ਹੈ। ਇਤਿਹਾਸ ਦੀ ਇਹ ਲੜੀ ਦੋ ਹਜ਼ਾਰ ਤੋਂ ਵੀ ਪਹਿਲਾਂ ਵਾਲੇ ਵਕਤ ਨਾਲ ਜਾ ਜੁੜਦੀ ਹੈ। ਯੂਨਾਨੀ ਫਿਲਾਸਫਰ/ਇਤਿਹਾਸਕਾਰ ਸਤਰੇਬੋ ਜਿਸ ਦਾ ਸਮਾਂ 63/64 ਈਸਾ ਪੂਰਵ ਤੋਂ 24 ਈਸਵੀ ਤੱਕ ਮੰਨਿਆ ਜਾਂਦਾ ਹੈ, ਨੇ ਆਪਣੀ ਲਿਖਤ ਵਿਚ ਸਿੰਧੂ ਦਰਿਆ ਦੇ ਕਬਾਇਲੀ ਇਲਾਕਿਆਂ ਦਾ ਜ਼ਿਕਰ ਕੀਤਾ ਹੈ। ਇਹ ਉਹੀ ਇਲਾਕੇ ਹਨ ਜਿਨ੍ਹਾਂ ਦਾ ਜ਼ਿਕਰ ਤੀਜੀ ਈਸਵੀ ਵਿਚ ਅਫਗਾਨ ਵਜੋਂ ਸ਼ੁਰੂ ਹੋ ਗਿਆ ਸੀ ਅਤੇ ਇਸ ਇਲਾਕੇ ਦੀ ਭਾਸ਼ਾ ਨੂੰ ਅਫਗਾਨੀ ਕਿਹਾ ਗਿਆ ਸੀ। ਸੋਲਵੀਂ ਸਦੀ ਦੌਰਾਨ ਪਸ਼ਤੋ ਸ਼ਾਇਰੀ ਨੂੰ ਬਹੁਤ ਗੂੜ੍ਹਾ ਰੰਗ ਚੜ੍ਹਿਆ ਅਤੇ ਇਸ ਦੀ ਮਹਿਮਾ ਦੂਰ ਦੂਰ ਤੱਕ ਫੈਲ ਗਈ। ਪਸ਼ਤੋ ਦੀ ਇਹ ਮਹਿਮਾ ਪੀਰ ਰੌਸ਼ਨ, ਖੁਸ਼ਹਾਲ ਖਾਨ ਖਟਕ, ਰਹਿਮਾਨ ਬਾਬਾ, ਨਾਜ਼ੋ ਤੋਖੀ ਅਤੇ ਅਹਿਮਦ ਸ਼ਾਹ ਦੁੱਰਾਨੀ ਵਰਗੇ ਸ਼ਾਇਰਾਂ ਕਰ ਕੇ ਸੰਭਵ ਹੋ ਸਕੀ।

ਇਉਂ ਪੇਸ਼ਾਵਰ ਵਿਚ 6 ਸਤੰਬਰ 1989 ਨੂੰ ਜੰਮੀ ਮਹਿਨਾਜ਼ ਉਰਫ ਗੁਲ ਪਾਨਰਾ ਦਾ ਸਬੰਧ ਦੋ ਹਜ਼ਾਰ ਸਾਲ ਪੁਰਾਣੀ ਪਸ਼ਤੋ ਨਾਲ ਜੁੜ ਗਿਆ। ਫਿਰ ਛੇਤੀ ਹੀ ਉਸ ਦੇ ਰਾਗ-ਰੰਗ ਨੇ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਵੱਸਦੇ ਪਖਤੂਨਾਂ ਨਾਲ ਸਾਂਝ ਬਣਾ ਲਈ। ਤੇ ਅੱਜ ਕੱਲ੍ਹ ਉਸ ਦਾ ਗੀਤ 'ਮਲੰਗ' ਲੋਕਾਂ ਦੇ ਦਿਲਾਂ ਅੰਦਰ ਝਰਨਾਟਾਂ ਛੇੜ ਰਿਹਾ ਹੈ।







ਵੱਖ ਵੱਖ ਅੰਦਾਜ਼ ਵਿਚ ਪਸ਼ਤੋ ਗਾਇਕਾ ਗੁਲ ਪਾਨਰਾ ਜਿਸ ਨੇ ਪਸ਼ਤੋ ਗਾਇਣ ਨੂੰ ਸੰਸਾਰ ਪੱਧਰ ਉਤੇ ਪਾਪੂਲਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਅਕਤੂਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-192




*ਨਿੱਕੜੇ ਬਾਲ ਨਿਆਣੇ ਹਾਂ ਪਰ ਚਾਅ ਤਾਂ ਚੜ੍ਹਿਆ ਰਹਿੰਦਾ ਏ।*
*ਸ਼ੰਟੀ ਪੀਂਦਾ ਦੱਧ ਚੁੰਘਣੀ ਨਾਲ, ਬੰਟੀ ਕੁਝ ਨਾ ਕਹਿੰਦਾ ਏ।*
*ਓਧਰ ਲੱਗਦਾ ਭੂਆ ਨੂੰ ਮਾਈਆਂ, ਭਰਿਆ ਪਿਆ ਏ ਵਿਹੜਾ,*
*ਮੰਮੀ ਕੋਲੋਂ ਚੋਰੀ ਚੋਰੀ ਨੱਚ ਕੇ ਦੇ ਲਾਂ ਗਿੱਧੇ ਦੇ ਵਿਚ ਗੇੜਾ।*

## ਕੈਪਸ਼ਨ ਮੁਕਾਬਲਾ-190



ਦੇਖੋ ਕਿਵੇਂ ਮਸਤ ਪਏ ਨੇ
ਦੋਵੇਂ ਨਿੱਕੇ ਯਾਰ।
ਨਸਲ, ਜਾਤ, ਧਰਮ ਨਾ ਕੋਈ
ਇਹ ਸੱਚਾ ਪਿਆਰ।
ਸਿੱਖੋ ਲੋਕੋ ਇਨ੍ਹਾਂ ਕੋਲੋਂ
ਸੁਖੀ ਵਸੇ ਸੰਸਾਰ।
***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਉਮਰ ਨਿਆਣੀ ਫਿਕਰ ਨਾ ਫਾਕੇ
ਰੱਬ ਨਾਲ ਪ੍ਰੀਤਾਂ ਸਿੱਧੀਆਂ ਲੱਗੀਆਂ।
ਪੰਛੀਆਂ-ਜਾਨਵਰਾਂ ਨਾਲ ਯਾਰੀਆਂ
ਖੇਡਣ ਨੂੰ ਇਹ ਚੀਜਾਂ ਲੱਗਣ ਚੰਗੀਆਂ।
ਉਮਰ ਨਾ ਮੁੜ ਕੇ ਰੰਗੀਲੀ ਏ ਆਣੀ
ਪੈਸੇ ਦੀਆਂ ਭਾਵੇਂ ਲਾ ਦਿਉ ਥੱਦੀਆਂ।
ਹਰ ਘਰ ਦੀ ਫੁੱਲਵਾੜੀ ਦੇ ਫੁੱਲ ਨੇ
ਪਰਿਵਾਰਾਂ 'ਚ ਰਹਿਣ ਰੌਣਕਾਂ ਲੱਗੀਆਂ।
***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

---


ਕੁੱਤਾ ਸਮਝਦਾਰ ਤੇ ਬੜਾ ਸਿਆਣਾ
ਤਾਂਹੀਂ ਤਾਂ ਕਹਿੰਦੇ ਡੱਬੂ ਰਾਣਾ।
ਵਫਾਦਾਰੀ 'ਚ ਸਭ ਤੋਂ ਉਪਰ ਉਠੇ
ਭਾਵੇਂ ਇਨ੍ਹਾਂ ਨੂੰ ਕਹਿੰਦੇ ਕੁੱਤੇ।
ਮਾਲਕ ਦੀ ਕਰਨੀ ਵਫਾਦਾਰੀ
ਇਹ ਹੀ ਇਨ੍ਹਾਂ ਦੀ ਸਰਦਾਰੀ।
ਫੋਟੋ ਵੇਖ ਗੱਲ ਜਾਪੇ ਇਹ ਸੱਚੀ
ਨਾਲ ਪਿਆ ਵੇਖੋ ਬੱਚਾ ਜਾਂ ਬੱਚੀ।
ਸ਼ਹਿਰ ਕੋਟਾ ਗਰਕ ਗਿਆ ਸੀ ਸਾਰਾ
ਕੁੱਤੇ ਨੇ ਕੰਮ ਕੀਤਾ ਸੀ ਨਿਆਰਾ।
ਸਮਝਦਾਰੀ ਨਾਲ ਮਾਲਕ ਨੂੰ ਉਠਾ ਕੇ
ਬਚਾ ਲਿਆ ਸੀ ਟੱਬਰ ਸਾਰਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਆਧੁਨਿਕ ਵਿਆਹ

ਗਾਇਬ ਵਿਆਹਾਂ 'ਚੋਂ ਸੱਭਿਆਚਾਰ ਰੰਗ ਢੰਗ, ਪਾਲਿਸੀ ਮੇਕਅੱਪ ਦੀ ਨਕਲੀ ਚਮਕ ਯਾਰੋ।
ਭੀੜ ਚਾਹ ਸਟਾਲ 'ਤੇ ਬੀਬੀਆਂ ਦੀ, ਗਈਆਂ ਵੱਖੀਆਂ ਸਭ ਦੀਆਂ ਲਮਕ ਯਾਰੋ।
ਖਾ ਕੇ ਲੈਗ-ਪੈਗ ਰਿਸ਼ਵਤੀ ਦਾਅਵਤਾਂ ਨੂੰ, ਸੂਗਰ ਵਧ ਗਈ 'ਹਰਾਮੀ ਨਮਕ' ਯਾਰੋ।
'ਗਿੱਲਾ' ਪਤਨੀ ਦੇ ਨਕਲੀ ਗੋਡਿਆਂ ਤੋਂ, ਪਾਈ ਜਾਂਦੀ ਨਾ ਗਿੱਧੇ ਵਿਚ ਧਮਕ ਯਾਰੋ।
***-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693***

# ਨਹਿਰੂ ਨੇ ਚੀਨ ਖਿਲਾਫ ਅਮਰੀਕਾ ਤੋਂ ਮੰਗੀ ਸੀ ਮਦਦ

**ਵਾਸ਼ਿੰਗਟਨ:** ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 1962 ਦੀ ਭਾਰਤ-ਚੀਨ ਜੰਗ ਵੇਲੇ ਅਮਰੀਕਾ ਤੋਂ ਸਹਾਇਤਾ ਮੰਗੀ ਸੀ। ਉਨ੍ਹਾਂ ਤਤਕਾਲੀ ਅਮਰੀਕੀ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਨੂੰ ਪੱਤਰ ਲਿਖ ਕੇ ਚੀਨ ਦੇ ਹਮਲੇ ਨੂੰ ਰੋਕਣ ਲਈ ਲੜਾਕੂ ਜੈੱਟ ਮੁਹੱਈਆ ਕਰਾਉਣ ਲਈ ਕਿਹਾ ਸੀ। ਸੀ.ਆਈ.ਏ. ਦੇ ਸਾਬਕਾ ਅਧਿਕਾਰੀ ਬਰੂਸ ਰੀਡਲ ਵੱਲੋਂ ਲਿਖੀ ਗਈ ਕਿਤਾਬ 'ਜੇਐਫਕੇ'ਜ਼ ਫੌਰਗੋਟਨ ਕ੍ਰਾਇਸਿਸ: ਤਿੱਬਤ, ਦਿ ਸੀ.ਆਈ.ਏ. ਐਂਡ ਦਿ ਚਾਈਨਾ-ਇੰਡੀਅਨ ਵਾਰ' ਵਿਚ ਇਹ ਖੁਲਾਸਾ ਕੀਤਾ ਗਿਆ ਹੈ।



ਕਿਤਾਬ 'ਚ ਕਿਹਾ ਗਿਆ ਹੈ ਕਿ ਪੀਪਲਜ਼ ਰਿਪਬਲਿਕ ਆਫ ਚਾਈਨਾ ਦੇ ਮੋਢੀ ਮਾਓ ਜ਼ੀਡੋਂਗ ਦਾ 1962 ਵਿਚ ਭਾਰਤ 'ਤੇ ਹਮਲੇ ਦਾ ਮੁੱਖ ਮੰਤਵ ਨਹਿਰੂ ਦੀ ਚੜ੍ਹਤ ਨੂੰ ਰੋਕਣਾ ਸੀ ਜੋ ਉਸ ਸਮੇਂ ਤੀਜੀ ਦੁਨੀਆਂ ਦੇ ਪ੍ਰਮੁੱਖ ਆਗੂ ਵਜੋਂ ਉਭਰ ਰਹੇ ਸਨ। ਰੀਡਲ ਨੇ ਲਿਖਿਆ ਹੈ, 'ਮਾਓ ਦੇ ਨਿਸ਼ਾਨੇ ਉਤੇ ਨਹਿਰੂ ਸਨ, ਪਰ ਭਾਰਤ ਦੀ ਹਾਰ ਦਾ ਮਤਲਬ ਮਾਓ ਦੇ ਦੋ ਦੁਸ਼ਮਣਾਂ ਖ਼ਰੂਸ਼ਚੇਵ ਤੇ ਕੈਨੇਡੀ ਨੂੰ ਵੀ ਥੱਲੇ ਲਾਉਣਾ ਸੀ।

ਅਮਰੀਕੀ ਬੁੱਧੀਜੀਵੀ ਮੁਤਾਬਕ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਵੀ ਸ੍ਰੀ ਨਹਿਰੂ ਨੇ ਅਜਿਹੀ ਚਿੱਠੀ ਲਿਖੀ ਸੀ। ਅਮਰੀਕੀ ਰਾਸ਼ਟਰਪਤੀ ਨੇ ਜੰਗ ਵਿਚ ਸਹਾਇਤਾ ਦੀ ਤਿਆਰੀ ਆਰੰਭ ਦਿੱਤੀ ਸੀ, ਪਰ ਇੰਨੇ ਨੂੰ ਚੀਨ ਨੇ ਗੋਲੀਬੰਦੀ ਦਾ ਐਲਾਨ ਕਰ ਦਿੱਤਾ। ਰੀਡਲ ਮੁਤਾਬਕ ਚੀਨ ਨਾਲ ਜੰਗ ਵਿਚ ਅਮਰੀਕਾ, ਭਾਰਤ ਤੇ ਸ਼ਾਇਦ ਗ੍ਰੇਟ ਬ੍ਰਿਟੇਨ ਵੀ ਸ਼ਾਮਲ ਹੋ ਜਾਂਦੇ। ਕੈਨੇਡੀ ਨੇ ਪਾਕਿਸਤਾਨ ਨੂੰ ਭਾਰਤ 'ਤੇ ਉਸ ਸਮੇਂ ਹਮਲਾ ਕਰਨ ਤੋਂ ਰੋਕ ਦਿੱਤਾ ਸੀ ਤੇ ਭਾਰਤ ਦੇ ਹਾਲਾਤ ਨੂੰ ਦੇਖਦਿਆਂ ਪਾਕਿਸਤਾਨ ਭਾਰੂ ਪੈ ਸਕਦਾ ਸੀ।

ਚੀਨ ਜੰਗ ਦੌਰਾਨ ਭਾਰਤ ਦੇ ਵੱਡੇ ਇਲਾਕੇ 'ਤੇ ਕਬਜ਼ਾ ਕਰਦਾ ਜਾ ਰਿਹਾ ਸੀ ਤੇ ਵੱਡੀ ਗਿਣਤੀ ਵਿਚ ਫੌਜੀ ਮਾਰੇ ਗਏ ਤਾਂ ਸ੍ਰੀ ਨਹਿਰੂ ਨੇ ਕੈਨੇਡੀ ਨੂੰ ਨਵੰਬਰ 1962 ਵਿਚ ਚਿੱਠੀ ਲਿਖ ਕੇ ਕਿਹਾ ਕਿ ਭਾਰਤ ਨੂੰ ਹਵਾਈ ਟਰਾਂਸਪੋਰਟ ਤੇ ਲੜਾਕੂ ਜੈੱਟਾਂ ਦੀ ਲੋੜ ਹੈ ਤਾਂ ਜੋ ਚੀਨ ਦੇ ਹੱਲੇ ਨੂੰ ਰੋਕਿਆ ਜਾ ਸਕੇ। ਰੀਡਲ ਮੁਤਾਬਕ ਸ੍ਰੀ ਨਹਿਰੂ ਨੇ ਉਤੋਂ ਥਲੀ ਇਕ ਹੋਰ ਚਿੱਠੀ ਕੈਨੇਡੀ ਨੂੰ ਲਿਖੀ ਸੀ। ਇਸ ਚਿੱਠੀ ਨੂੰ ਅਮਰੀਕਾ ਵਿਚ ਤਤਕਾਲੀ ਭਾਰਤੀ ਰਾਜਦੂਤ ਬੀ.ਕੇ. ਨਹਿਰੂ ਨੇ ਕੈਨੇਡੀ ਨੂੰ 19 ਨਵੰਬਰ ਨੂੰ ਦਸਤੀ ਸੌਂਪਿਆ ਸੀ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



We Accept Personal Injury (PI) Cases

Medicare & Most Private Insurances Accepted



Contact: Dr. Baljit Jammu
Doctor of Chiropractic
Ph: 510-940-8236
1090 La Playa Dr., Hayward CA 94545



M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments

Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Need Water? Tired of waiting in Line?

Call: 844-486-9355

We have Multiple Drilling Rigs
and We Convert Pumps to Solar too
Run Your Well Without Bill



Kamaljit Dhillon



Simran Deol



Deep Grewal

Hydro Tech Solutions
One Stop Shop





# ਨਰੇਂਦਰ ਮੋਦੀ ਸਰਕਾਰ ਨੇ ਫਿਰਕਾਪ੍ਰਸਤੀ ਨੂੰ ਹਵਾ ਦਿੱਤੀ


**ਨਵੀਂ ਦਿੱਲੀ:** ਭਾਰਤ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਬਣਨ ਪਿੱਛੋਂ ਦੇਸ਼ ਵਿਚ ਫਿਰਕਾਪ੍ਰਸਤੀ ਦਾ ਪਸਾਰਾ ਹੋਇਆ ਹੈ। ਦੇਸ਼ ਵਿਚ ਰੋਜ਼ਾਨਾ ਔਸਤਨ ਦੋ ਘਟਨਾਵਾਂ ਫਿਰਕੂ ਦੰਗਿਆਂ ਦੀਆਂ ਵਾਪਰ ਰਹੀਆਂ ਹਨ। ਲੰਘੇ ਸਾਢੇ ਤਿੰਨ ਵਰ੍ਹਿਆਂ ਦਾ ਇਹ ਰੁਝਾਨ ਹੈ ਕਿ ਹਰ ਮਹੀਨੇ ਔਸਤਨ 58 ਮਾਮਲੇ ਫਿਰਕੂ ਫਸਾਦਾਂ ਦੇ ਸਾਹਮਣੇ ਆਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਤੋਂ ਮਿਲੇ ਵੇਰਵਿਆਂ ਅਨੁਸਾਰ ਦੇਸ਼ ਵਿਚ ਤੇਜ਼ੀ ਨਾਲ ਫਿਰਕੂ ਫਸਾਦ ਵਧ ਰਹੇ ਹਨ। ਮੁਲਕ ਵਿਚ ਜਨਵਰੀ 2012 ਤੋਂ ਜੂਨ 2015 ਤੱਕ ਫਿਰਕੂ ਦੰਗਿਆਂ ਦੀਆਂ 2465 ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ 373 ਲੋਕਾਂ ਨੂੰ ਜਾਨ ਗੁਆਉਣੀ ਪਈ ਜਦੋਂ ਕਿ 7399 ਵਿਅਕਤੀ ਜਖਮੀ ਹੋਏ ਹਨ। ਮਤਲਬ ਇਹੋ ਹੈ ਕਿ ਪ੍ਰਤੀ ਦਿਨ ਔਸਤਨ ਦੋ ਘਟਨਾਵਾਂ ਫਿਰਕੂ ਦੰਗਿਆਂ ਦੀਆਂ ਹੋ ਰਹੀਆਂ ਹਨ। ਕੇਂਦਰ ਵਿਚ ਮੋਦੀ ਸਰਕਾਰ ਬਣਨ ਮਗਰੋਂ ਫਿਰਕੂ ਦੰਗਿਆਂ ਵਿਚ ਵਾਧਾ ਦਰਜ ਕੀਤਾ ਗਿਆ ਹੈ। ਵਰ੍ਹਾ 2014 ਦੇ ਪਹਿਲੇ ਛੇ ਮਹੀਨਿਆਂ ਵਿਚ ਇਨ੍ਹਾਂ ਘਟਨਾਵਾਂ ਦੀ ਗਿਣਤੀ 252 ਸੀ ਜਦੋਂ ਕਿ 2015 ਦੇ ਪਹਿਲੇ ਛੇ ਮਹੀਨਿਆਂ ਵਿਚ ਹੋਈਆਂ ਇਨ੍ਹਾਂ ਘਟਨਾਵਾਂ ਦੀ ਗਿਣਤੀ ਵਧ ਕੇ 330 ਹੋ ਗਈ ਜਿਨ੍ਹਾਂ ਵਿਚ 51 ਵਿਅਕਤੀ ਮਾਰੇ ਗਏ ਸਨ ਤੇ 1092 ਜ਼ਖਮੀ ਹੋਏ ਸਨ। 2012 ਵਿਚ 668 ਘਟਨਾਵਾਂ, ਸਾਲ 2013 ਵਿਚ 823, ਸਾਲ 2014 ਵਿਚ 644 ਘਟਨਾਵਾਂ ਫਿਰਕੂ ਦੰਗਿਆਂ ਦੀਆਂ ਹੋਈਆਂ ਸਨ।

ਸਰਕਾਰੀ ਵੇਰਵਿਆਂ ਮੁਤਾਬਕ ਉੱਤਰ ਪ੍ਰਦੇਸ਼ ਇਸ ਮਾਮਲੇ ਵਿਚ ਪਹਿਲੇ ਨੰਬਰ ਉਤੇ ਹੈ, ਜਿਸ ਵਿਚ ਲੰਘੇ ਸਾਢੇ ਤਿੰਨ ਵਰ੍ਹਿਆਂ ਵਿਚ 566 ਅਜਿਹੇ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿਚ 152 ਲੋਕ ਮਾਰੇ ਗਏ ਸਨ ਜਦੋਂ ਕਿ 1458 ਜ਼ਖਮੀ ਹੋਏ ਹਨ।

ਦੂਸਰਾ ਨੰਬਰ ਮਹਾਰਾਸ਼ਟਰ ਦਾ ਹੈ ਜਿਥੇ ਇਸ ਸਮੇਂ ਦੌਰਾਨ 338 ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 43 ਵਿਅਕਤੀ ਮਾਰੇ ਗਏ ਤੇ 1030 ਜਖਮੀ ਹੋਏ ਸਨ। ਇਸੇ ਦੌਰਾਨ ਪੰਜਾਬ ਤੇਜ਼ੀ ਨਾਲ ਵਿਗੜਦੇ ਹਾਲਾਤ ਵੱਲ ਵਧ ਰਿਹਾ ਹੈ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿੱਤੇ ਜਾਣ ਮਗਰੋਂ ਮਾਹੌਲ ਗਰਮਾਇਆ ਹੈ। ਫਰੀਦਕੋਟ ਤੇ ਮੋਗਾ ਜ਼ਿਲ੍ਹੇ ਵਿਚ ਪੁਲਿਸ ਤੇ ਪੰਥਕ ਧਿਰਾਂ ਵਿਚ ਹੋਇਆ ਟਕਰਾਅ ਪੰਜਾਬ ਨੂੰ ਅਸ਼ਾਂਤੀ ਵੱਲ ਵਧਾ ਰਹੇ ਹਨ। ਅਤਿਵਾਦ ਦਾ ਸੇਕ ਪੰਜਾਬ ਨੂੰ ਪਹਿਲਾਂ ਹੀ ਸਾੜ ਚੁੱਕਾ ਹੈ। ਪੰਜਾਬ ਵਿਚ ਸਾਲ 2012 ਵਿਚ ਦੋ ਮਾਮਲੇ ਫਿਰਕੂ ਫਸਾਦ ਦੇ ਵਾਪਰੇ ਸਨ ਜਿਨ੍ਹਾਂ ਵਿਚ ਤਿੰਨ ਲੋਕਾਂ ਦੀ ਜਾਨ ਗਈ ਸੀ।

ਹੁਣ ਮਾਲਵਾ ਖਿੱਤੇ ਵਿਚ ਪੰਥਕ ਧਿਰਾਂ ਤੇ ਪੁਲਿਸ ਦਰਮਿਆਨ ਟਕਰਾਅ ਰਾਜ ਸਰਕਾਰ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿੱਤੇ ਜਾਣ ਮਗਰੋਂ ਮਾਹੌਲ ਗਰਮਾਇਆ ਹੈ। ਫਰੀਦਕੋਟ ਤੇ ਮੋਗਾ ਜ਼ਿਲ੍ਹੇ ਵਿਚ ਪੁਲਿਸ ਤੇ ਪੰਥਕ ਧਿਰਾਂ ਵਿਚ ਹੋਇਆ ਟਕਰਾਅ ਪੰਜਾਬ ਨੂੰ ਅਸ਼ਾਂਤੀ ਵੱਲ ਵਧਾ ਰਹੇ ਹਨ। ਅਤਿਵਾਦ ਦਾ ਸੇਕ ਪੰਜਾਬ ਨੂੰ ਪਹਿਲਾਂ ਹੀ ਸਾੜ ਚੁੱਕਾ ਹੈ।

## ਰੋਜ਼ਾਨਾ ਵਾਪਰਦੀਆਂ ਨੇ ਫਿਰਕੂ ਦੰਗਿਆਂ ਦੀਆਂ ਦੋ ਘਟਨਾਵਾਂ



## ਸ਼ਿਵ ਸੈਨਾ ਵੱਲੋਂ ਮੋਦੀ ਨੂੰ ਗੁਜਰਾਤ ਦੰਗਿਆਂ ਦਾ ਮਿਹਣਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਦਾਦਰੀ ਕਾਂਡ ਅਤੇ ਗ਼ੁਲਾਮ ਅਲੀ ਦੇ ਪ੍ਰੋਗਰਾਮ ਦੇ ਵਿਰੋਧ ਨੂੰ ਮੰਦਭਾਗਾ ਕਰਾਰ ਦੇਣ ਉਤੇ ਸਿਆਸਤ ਗਰਮਾ ਗਈ ਹੈ। ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੂੰ ਇਹ ਵਿਰੋਧ ਕਾਫੀ ਚੁੱਭਿਆ ਹੈ। ਸ਼ਿਵ ਸੈਨਾ ਨੇ ਕਿਹਾ ਹੈ ਕਿ ਨਰੇਂਦਰ ਮੋਦੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਪਛਾਣ ਗੋਧਰਾ ਤੇ ਅਹਿਮਦਾਬਾਦ ਦੰਗਿਆਂ ਕਰਕੇ ਬਣੀ ਹੈ। ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੈ ਰਾਉਤ ਨੇ ਕਿਹਾ ਕਿ ਪਾਰਟੀ ਸ੍ਰੀ ਮੋਦੀ ਦਾ ਇਸੇ ਕਰਕੇ ਸਨਮਾਨ ਕਰਦੀ ਹੈ।

## ਆਪਣੀ ਵਿਚਾਰਧਾਰਾ ਥੋਪ ਰਹੀ ਹੈ ਸਰਕਾਰ: ਸੋਨੀਆ



**ਬਕਸਰ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਦੇਸ਼ ਵਿਚ ਫਿਰਕੂਵਾਦ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਵਿਚ ਬੇਕਸੂਰਾਂ ਨੂੰ ਅਫਵਾਹਾਂ ਦੇ ਆਧਾਰ ਉਤੇ ਕਤਲ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਚੁੱਪ ਰਹੇ ਕੇ ਇਸ ਨੂੰ ਸਮਰਥਨ ਕਰ ਰਹੇ ਹਨ। ਦਾਦਰੀ ਕਾਂਡ ਦਾ ਜ਼ਿਕਰ ਕਰਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਸਮਾਜਿਕ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਅਮਰੀਕੀ ਰਿਪੋਰਟ 'ਚ ਧਰਮਨਿਰਪੱਖ ਨੀਤੀ 'ਤੇ ਸਵਾਲ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਮੋਦੀ ਸਰਕਾਰ ਦੀ ਧਰਮ ਨਿਰਪੱਖ ਨੀਤੀ ਉੱਤੇ ਸਵਾਲ ਚੁੱਕੇ ਹਨ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਰਿਪੋਰਟ ਅਨੁਸਾਰ ਭਾਰਤ ਸਰਕਾਰ ਫਿਰਕੂ ਹਿੰਸਾ ਨੂੰ ਕਾਬੂ ਕਰਨ ਵਿਚ ਅਸਫਲ ਰਹੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 2014 ਦੀ ਰਿਪੋਰਟ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਭਾਰਤ ਵਿਚ ਧਰਮ ਨਾਲ ਪ੍ਰੇਰਿਤ ਹੱਤਿਆਵਾਂ, ਗ੍ਰਿਫਤਾਰੀਆਂ, ਦੰਗੇ ਤੇ ਜ਼ਬਰਦਸਤੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਹੋਈਆਂ ਹਨ। ਰਿਪੋਰਟ ਅਨੁਸਾਰ ਕੁਝ ਮਾਮਲਿਆਂ ਵਿਚ ਪੁਲਿਸ ਫਿਰਕੂ ਹਿੰਸਾ ਨੂੰ ਪ੍ਰਭਾਵੀ ਤਰੀਕੇ ਨਾਲ ਕਾਬੂ ਕਰਨ ਵਿਚ ਅਸਫਲ ਰਹੀ ਹੈ। ਵਿਦੇਸ਼ ਮੰਤਰਾਲੇ ਦੀ ਸਾਲਾਨਾ ਰਿਪੋਰਟ ਦੇ ਭਾਰਤੀ ਚੈਪਟਰ ਵਿਚ ਆਖਿਆ ਗਿਆ ਹੈ ਕਿ ਕੁਝ ਸਰਕਾਰੀ ਅਧਿਕਾਰੀਆਂ ਨੇ ਘੱਟ ਗਿਣਤੀਆਂ ਖਿਲਾਫ ਭੇਦਭਾਵ ਵਾਲੇ ਬਿਆਨ ਦਿੱਤੇ ਹਨ। ਰਿਪੋਰਟ ਵਿਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਹੈ ਕੁਝ ਮਾਮਲਿਆਂ ਵਿਚ ਸਥਾਨਕ ਪੁਲਿਸ ਸੰਪਰਦਾਇਕ ਹਿੰਸਾ ਨੂੰ ਰੋਕਣ ਵਿਚ ਅਸਫਲ ਰਹੀ ਹੈ। ਅਮਰੀਕਾ ਦੀ ਗੈਰ ਸਰਕਾਰੀ ਸੰਸਥਾ 'ਐਕਟ ਨਾਓ ਫਾਰ ਹਾਰਮਨੀ ਐਂਡ ਡੈਮੋਕ੍ਰੇਸੀ' ਅਨੁਸਾਰ ਮਈ 2014 ਤੋਂ ਲੈ ਕੇ ਸਾਲ ਦੇ ਅੰਤ ਤੱਕ ਧਰਮ ਨਾਲ ਪ੍ਰੇਰਿਤ ਹਮਲਿਆਂ ਦੀ ਗਿਣਤੀ ਤਕਰੀਬਨ ਅੱਠ ਸੌ ਤੱਕ ਪੁੱਜ ਗਈ ਹੈ।

# 'ਆਪ' ਗੁਲਾਮ ਅਲੀ ਦਾ ਪ੍ਰੋਗਰਾਮ ਕਰਵਾਉਣ ਲਈ ਦ੍ਰਿੜ੍ਹ



**ਨਵੀਂ ਦਿੱਲੀ:** ਮਹਾਰਾਸ਼ਟਰ ਵਿਚ ਪਾਕਿਸਤਾਨੀ ਗ਼ਜ਼ਲ ਗਾਇਕ ਵੱਲੋਂ ਮਰਹੂਮ ਗ਼ਜ਼ਲ ਗਾਇਕ ਜਗਜੀਤ ਸਿੰਘ ਦੀ ਯਾਦ ਵਿਚ ਕਰਵਾਇਆ ਜਾਣ ਵਾਲਾ ਪ੍ਰੋਗਰਾਮ ਸ਼ਿਵ ਸੈਨਾ ਦੇ ਵਿਰੋਧ ਕਾਰਨ ਰੱਦ ਕਰਨ ਪਿੱਛੋਂ ਆਮ ਆਦਮੀ ਪਾਰਟੀ ਗ਼ੁਲਾਮ ਅਲੀ ਦਾ ਪ੍ਰੋਗਰਾਮ ਦਿੱਲੀ ਵਿਚ ਕਰਵਾਉਣ ਲਈ ਦ੍ਰਿੜ੍ਹ ਹੈ।

ਪਰੰਤੂ ਦਿੱਲੀ ਸਰਕਾਰ ਮਹਿਮਾਨ ਗਾਇਕ ਦੇ ਇਸ ਪ੍ਰੋਗਰਾਮ ਲਈ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਦਿੱਲੀ ਪੁਲਿਸ ਉਤੇ ਨਿਰਭਰ ਨਹੀਂ ਰਹਿਣਾ ਚਾਹੁੰਦੀ।

'ਆਪ' ਦੇ ਆਗੂ ਸੰਜੇ ਸਿੰਘ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਆਮ ਆਦਮੀ ਪਾਰਟੀ ਆਪਣੇ ਵਰਕਰਾਂ ਦੀ ਫੌਜ ਅਗਲੇ ਮਹੀਨੇ ਹੋਣ ਵਾਲੇ ਪ੍ਰੋਗਰਾਮ ਦੌਰਾਨ ਤਾਇਨਾਤ ਕਰੇਗੀ। ਉਨ੍ਹਾਂ ਕਿਹਾ ਕਿ ਦਿੱਲੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਦਿੱਲੀ ਪੁਲੀਸ ਦੀ ਹੈ, ਜੋ ਕੇਂਦਰ ਸਰਕਾਰ ਦੇ ਅਧੀਨ ਹੈ। 'ਆਪ' ਵੱਲੋਂ ਅਜਿਹਾ ਬਿਆਨ ਉਦੋਂ ਆਇਆ ਹੈ ਜਦੋਂ ਸ਼ਿਵ ਸੈਨਿਕਾਂ ਵੱਲੋਂ ਗ਼ੁਲਾਮ ਅਲੀ ਦੇ ਦਿੱਲੀ ਸਰਕਾਰ ਨਾਲ ਮਿਲ ਕੇ ਕਰਵਾਏ ਜਾਣ ਵਾਲੇ ਪ੍ਰੋਗਰਾਮ ਵਿਚ ਖਲਲ ਪਾਉਣ ਦੀਆਂ ਵਿਉਂਤਾਂ ਗੁੰਦੇ ਜਾਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਹਿਲਾਂ ਮੁੰਬਈ ਵਿਚ ਵੀ ਗ਼ੁਲਾਮ ਅਲੀ ਦਾ ਪ੍ਰੋਗਰਾਮ ਸ਼ਿਵ ਸੈਨਾ ਦੇ ਸਖਤ ਵਿਰੋਧ ਕਾਰਨ ਰੱਦ ਕਰਨਾ ਪਿਆ ਸੀ।

## ਜੇਤਲੀ ਏਸ਼ੀਆ ਦੇ ਸਰਵੋਤਮ ਵਿੱਤ ਮੰਤਰੀ

**ਨਵੀਂ ਦਿੱਲੀ:** ਲੰਡਨ ਦੀ ਮੈਗਜ਼ੀਨ 'ਐਮਰਜਿੰਗ ਮਾਰਕੀਟਸ' ਨੇ ਅਰੁਣ ਜੇਤਲੀ ਨੂੰ 'ਫਾਈਨੈਂਸ ਮਿਨਿਸਟਰ ਆਫ ਦਾ ਏਅਰ, ਏਸ਼ੀਆ' ਐਵਾਰਡ ਲਈ ਚੁਣਿਆ ਗਿਆ ਹੈ। ਮੈਗਜ਼ੀਨ ਮੁਤਾਬਕ ਪਿਛਲੇ 18 ਮਹੀਨਿਆਂ ਦੌਰਾਨ ਭਾਰਤ ਦੀ ਆਰਥਿਕ ਤਰੱਕੀ ਨੂੰ ਦੇਖਦਿਆਂ ਜੇਤਲੀ ਨੂੰ ਇਹ ਸਨਮਾਨ ਦਿੱਤਾ ਜਾ ਰਿਹਾ ਹੈ, ਹਾਲਾਂਕਿ ਮੈਗਜ਼ੀਨ ਨੇ ਇਸ ਸਫਲਤਾ ਦਾ ਸਿਹਰਾ ਪੀ.ਐਮ. ਮੋਦੀ ਦੇ ਸਿਰ ਬੰਨ੍ਹਿਆ ਹੈ। ਇਸ ਮੈਗਜ਼ੀਨ ਨੇ ਪਿਛਲੇ ਸਾਲ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਘੁਰਾਮ ਰਾਜਨ ਨੂੰ ਏਸ਼ੀਆ ਦੇ 'ਸੈਂਟਰਲ ਬੈਂਕ ਗਵਰਨਰ ਆਫ ਦਾ ਈਅਰ' ਵਜੋਂ ਸਨਮਾਨਿਆ ਗਿਆ ਸੀ। ਸ੍ਰੀ ਜੇਤਲੀ ਅੱਜ ਕੱਲ੍ਹ ਭਾਰਤ ਦੇ ਵਿੱਤ ਮੰਤਰੀ ਹਨ।

# ਭਾਜਪਾ ਲੀਡਰਾਂ ਦੀ ਬਿਆਨਬਾਜ਼ੀ ਤੋਂ ਨਰੇਂਦਰ ਮੋਦੀ ਘਬਰਾਏ

**ਨਵੀਂ ਦਿੱਲੀ:** ਬੀਫ ਤੇ ਦਾਦਰੀ ਕਾਂਡ ਨੂੰ ਲੈ ਕੇ ਭਾਜਪਾ ਲੀਡਰਾਂ ਦੇ ਭੜਕਾਊ ਬਿਆਨਾਂ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਘਬਰਾ ਗਏ ਹਨ। ਉਨ੍ਹਾਂ ਨੇ ਇਸ ਬੇਤੁਕੀ ਬਿਆਨਬਾਜ਼ੀ ਉਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਸੂਤਰਾਂ ਮੁਤਾਬਕ ਮੋਦੀ ਦੀ ਨਾਰਾਜ਼ਗੀ ਮਗਰੋਂ ਵਿਵਾਦਤ ਬਿਆਨ ਦੇਣ ਵਾਲੇ ਨੇਤਾਵਾਂ ਦੀ ਬੀ.ਜੇ.ਪੀ. ਪ੍ਰਧਾਨ ਅਮਿਤ ਸ਼ਾਹ ਨੇ ਕਲਾਸ ਲਾਈ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਕੇਂਦਰੀ ਮੰਤਰੀ ਸੰਜੀਵ ਬਲਿਆਨ, ਬੀ.ਜੇ.ਪੀ. ਸੰਸਦ ਮੈਂਬਰ ਸਾਕਸ਼ੀ ਮਹਾਰਾਜ ਤੇ ਵਿਧਾਇਕ ਸੰਗੀਤ ਸੋਮ ਨੂੰ ਅਮਿਤ ਸ਼ਾਹ ਨੇ ਚਿਤਾਵਨੀ ਦਿੱਤੀ ਹੈ। ਸ਼ਾਹ ਨੇ ਇਨ੍ਹਾਂ ਨੇਤਾਵਾਂ ਨੂੰ ਦਿੱਲੀ ਬੁਲਾ ਕੇ ਝਾੜ ਝੰਬ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਵਿਵਾਦਤ ਬਿਆਨ ਦੇਣੇ ਬੰਦ ਕੀਤੇ ਜਾਣ। ਕਾਬਲੇਗੌਰ ਹੈ ਕਿ ਦਾਦਰੀ ਵਿਚ ਅਖ਼ਲਾਕ ਦੀ ਹੱਤਿਆ ਮਗਰੋਂ ਹੀ ਬੀ.ਜੇ.ਪੀ. ਦੇ ਕਈ ਛੋਟੇ ਤੋਂ ਵੱਡੇ ਨੇਤਾਵਾਂ ਦੇ ਵਿਵਾਦਤ ਬੋਲ ਸੁਰਖੀਆਂ ਬਟੋਰ ਰਹੇ ਹਨ। ਇਨ੍ਹਾਂ ਲੀਡਰਾਂ ਵਿਚ ਮਨੋਹਰ ਲਾਲ ਖੱਟਰ, ਮਹੇਸ਼ ਸ਼ਰਮਾ, ਸੰਜੀਵ ਬਲਿਆਨ, ਸਾਕਸ਼ੀ ਮਹਾਰਾਜ ਤੇ ਸੰਗੀਤ ਸੋਮ ਦੇ ਨਾਂ ਆਉਂਦੇ ਹਨ। ਇਨ੍ਹਾਂ ਲੀਡਰਾਂ ਨੇ ਗਾਊ



ਮਾਸ ਤੇ ਦਾਦਰੀ ਕਾਂਡ ਨੂੰ ਲੈ ਕੇ ਅਜਿਹੇ ਬਿਆਨ ਦਿੱਤੇ ਹਨ ਜਿਸ ਨਾਲ ਮੋਦੀ 'ਤੇ ਵਿਰੋਧੀ ਧਿਰ ਦੇ ਨਾਲ-ਨਾਲ ਨਿਰਪੱਖ ਧੜਿਆਂ ਦਾ ਵੀ ਹਮਲਾ ਤੇਜ਼ ਹੋਇਆ ਹੈ। ਇਸ ਮਾਮਲੇ ਉਤੇ ਸਾਹਿਤਕਾਰਾਂ ਵੱਲੋਂ ਐਵਾਰਡ ਵਾਪਸ ਕਰਨ ਨਾਲ ਮੋਦੀ ਸਰਕਾਰ ਦੀ ਵੱਡੀ ਅਲੋਚਨਾ ਹੋਈ ਹੈ।

# ਲੇਖਕਾਂ ਦੇ ਵਿਰੋਧ ਉਤੇ ਸਿਆਸਤ ਮਘੀ

**ਨਵੀਂ ਦਿੱਲੀ:** ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਤੇ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਏ ਜਾਣ ਉਤੇ ਲੇਖਕਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਉਤੇ ਸਿਆਸੀ ਅਖਾੜਾ ਵੀ ਗਰਮਾ ਗਿਆ ਹੈ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਲੇਖਕਾਂ ਦੇ ਵਿਰੋਧ ਨੂੰ 'ਬਣਾਉਟੀ' ਕਰਾਰ ਦੇਣ ਉਤੇ ਕਾਂਗਰਸ ਨੇ ਇਸ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਭਾਜਪਾ ਨੇ ਕਾਂਗਰਸ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਹੈ ਕਿ ਜਿਹੜੇ ਪੁਰਸਕਾਰ ਮੋੜ ਰਹੇ ਹਨ, ਉਹ ਆਪਣੇ ਸਰਪ੍ਰਸਤਾਂ ਦੀ ਹਾਰ ਤੋਂ ਬਾਅਦ ਨਵੀਂ ਤਰ੍ਹਾਂ ਦੀ ਸਿਆਸਤ ਕਰ ਰਹੇ ਹਨ ਤੇ ਇੰਜ ਜਾਪਦਾ ਹੈ ਕਿ ਇਹ ਕਾਂਗਰਸ ਪ੍ਰਾਯੋਜਿਤ ਹੈ ਕਿਉਂਕਿ ਉਹ ਇਸ ਪਾਰਟੀ ਦੀ ਹਮਾਇਤ ਵਿਚ ਖੜ੍ਹੇ ਹੋਏ ਹਨ।

ਪੱਛਮੀ ਬੰਗਾਲ ਦੇ ਰਾਜਪਾਲ ਕੇਸਰੀ ਨਾਥ ਤ੍ਰਿਪਾਠੀ ਨੇ ਕਿਹਾ ਹੈ ਕਿ ਲੇਖਕਾਂ ਵੱਲੋਂ ਸਾਹਿਤ ਅਕਾਦਮੀ ਪੁਰਸਕਾਰ ਮੋੜਨ ਪਿੱਛੇ ਕੋਈ ਸਿਆਸੀ ਹਿੱਤ ਕੰਮ ਕਰ ਰਹੇ ਹਨ। ਕਾਂਗਰਸ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਨੇ ਕਿਹਾ ਕਿ ਸਾਹਿਤ ਅਕਾਦਮੀ ਪੁਰਸਕਾਰ ਮੋੜਨਾ ਵਿਰੋਧ ਜ਼ਾਹਰ ਕਰਨ ਦਾ ਸਹੀ ਢੰਗ ਨਹੀਂ ਹੈ, ਸਗੋਂ ਇਸ ਨਾਲ ਸਨਮਾਨ ਦਾ ਅਪਮਾਨ ਹੁੰਦਾ ਹੈ। ਕਾਂਗਰਸ ਦੇ ਸੀਨੀਅਰ ਆਗੂ ਆਨੰਦ ਸ਼ਰਮਾ ਨੇ ਕਿਹਾ ਹੈ ਕਿ ਸ੍ਰੀ ਜੇਤਲੀ ਨੇ ਲੇਖਕਾਂ ਦੇ ਵਿਰੋਧ ਨੂੰ 'ਬਣਾਉਟੀ' ਦੱਸ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ। ਪੁਰਸਕਾਰ ਮੋੜਨ ਵਾਲੇ ਸਾਹਿਤਕਾਰਾਂ ਵਿਚ ਕਈ ਅਜਿਹੇ ਵੀ ਹਨ, ਜੋ ਸਮੇਂ ਸਮੇਂ 'ਤੇ ਕਾਂਗਰਸ ਦਾ ਵੀ ਵਿਰੋਧ ਕਰਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਲੇਖਕਾਂ ਨੂੰ ਸੰਵਿਧਾਨ ਵਿਚ ਦਿੱਤੀ ਗਈ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਨ ਦਾ ਭਰੋਸਾ ਦੇਣ ਵਿਚ ਨਾਕਾਮ ਰਹੀ ਹੈ। ਭਾਜਪਾ ਆਗੂ ਤੇ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇਹ ਸਾਰੇ ਲੇਖਕ ਨਰੇਂਦਰ ਮੋਦੀ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਨੰਦ ਸ਼ਰਮਾ ਇਹ ਜਵਾਬ ਦੇਣ ਕਿ ਜਦੋਂ ਤਸਲੀਮਾ ਨਸਰੀਨ ਨਾਲ ਬੰਗਾਲ ਵਿਚ ਘਟਨਾ ਵਾਪਰੀ ਸੀ ਤਾਂ ਇਹ ਲੇਖਕ ਕਿੱਥੇ ਸਨ। ਜਦੋਂ ਆਨੰਦ ਸ਼ਰਮਾ ਦੀ ਪਾਰਟੀ ਨੇ ਦੇਸ਼ ਵਿਚ ਐਮਰਜੈਂਸੀ ਲਾਈ ਸੀ ਤਾਂ ਕੁਲਦੀਪ ਨਈਅਰ ਤੇ ਰਾਮ ਨਾਥ ਗੋਇਨਕਾ ਨੂੰ ਛੱਡ ਕੇ ਬਾਕੀ ਦੇ ਲੇਖਕ ਕਿਥੇ ਸਨ। ਭਾਜਪਾ ਸੰਸਦ ਮੈਂਬਰ ਕਿਰਨ ਖੇਰ ਨੇ ਵੀ ਲੇਖਕਾਂ ਵੱਲੋਂ ਪੁਰਸਕਾਰ ਮੋੜਨ ਦੀ ਘਟਨਾ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ।

## 94 ਬੰਗਾਲੀ ਲੇਖਕਾਂ ਨੇ ਰਾਸ਼ਟਰਪਤੀ ਤੋਂ ਦਖਲ ਮੰਗਿਆ

**ਕੋਲਕਾਤਾ:** ਪੱਛਮੀ ਬੰਗਾਲ ਦੇ 94 ਲੇਖਕਾਂ ਤੇ ਬੁੱਧੀਜੀਵੀਆਂ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਪੱਤਰ ਲਿਖ ਕੇ ਦਾਦਰੀ ਹੱਤਿਆ ਕਾਂਡ ਤੇ ਤਰਕਸ਼ੀਲਾਂ ਉਤੇ ਹਮਲਿਆਂ ਦੇ ਮਾਮਲੇ ਵਿਚ ਦਖਲ ਦੇਣ ਦੀ ਮੰਗ ਕੀਤੀ ਹੈ। ਉਧਰ 17 ਸਾਲ ਦੀ ਲੜਕੀ ਰੀਆ ਵਿਤਾਸ਼ਾ ਨੇ ਬਾਲ ਸਾਹਿਤ ਤੇ ਰਾਜਸਥਾਨੀ ਲੇਖਕ ਨੰਦ ਭਾਰਦਵਾਜ ਨੇ ਸਾਹਿਤ ਅਕਾਦਮੀ ਪੁਰਸਕਾਰ ਮੋੜ ਦਿੱਤੇ ਹਨ। ਦੇਸ਼ ਵਿਚ ਵੱਧ ਰਹੀ ਅਸਹਿਣਸ਼ੀਲਤਾ ਦੇ ਵਿਰੋਧ ਵਿਚ ਸਾਹਿਤ ਅਕਾਦਮੀ ਪੁਰਸਕਾਰ ਮੋੜਨ ਵਾਲੇ ਲੇਖਕਾਂ ਦੀ ਗਿਣਤੀ 30 ਤੋਂ ਟੱਪ ਗਈ ਹੈ। ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿਚ ਲੇਖਕਾਂ ਤੇ ਬੁੱਧੀਜੀਵੀਆਂ ਨੇ ਕਿਹਾ ਹੈ ਕਿ ਦੋਸ਼ੀਆਂ ਨੂੰ ਲੱਭਣ ਤੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਉਣ ਵਿਚ ਸਰਕਾਰ ਨਾਕਾਮ ਰਹੀ ਹੈ। ਡਰ ਤੇ ਅਨਿਸ਼ਚਤਤਾ ਦੇ ਮਾਹੌਲ ਕਾਰਨ ਪ੍ਰਗਟਾਵੇ ਦੀ ਆਜ਼ਾਦੀ ਨੂੰ ਢਾਹ ਲੱਗ ਰਹੀ ਹੈ।

## ਭਾਰਤੀ ਕਲਮਕਾਰਾਂ ਨੂੰ 150 ਦੇਸ਼ਾਂ ਦੀ ਹਮਾਇਤ

**ਵਾਸ਼ਿੰਗਟਨ:** ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਖਿਲਾਫ ਝੰਡਾ ਬੁਲੰਦ ਕਰਨ ਵਾਲੇ ਭਾਰਤੀ ਲੇਖਕਾਂ ਨਾਲ ਇਕਮੁੱਠਤਾ ਦਿਖਾਉਂਦਿਆਂ ਲੇਖਕਾਂ ਦੇ ਕੌਮਾਂਤਰੀ ਸੰਘ ਨੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਲੋਕਾਂ ਨੂੰ ਬਿਹਤਰ ਸੁਰੱਖਿਆ ਦੇਵੇ ਤੇ ਵਿਚਾਰ ਪ੍ਰਗਟ ਕਰਨ ਦੀ ਸੰਵਿਧਾਨਕ ਆਜ਼ਾਦੀ ਦੀ ਰੱਖਿਆ ਕਰੇ। ਕੈਨੇਡਾ ਦੇ ਕਿਊਬੇਕ ਸਿਟੀ ਵਿਚ ਪੈਨ ਇੰਟਰਨੈਸ਼ਨਲ ਦੀ 81ਵੀਂ ਕਾਂਗਰਸ ਵਿਚ ਹਿੱਸਾ ਲੈਣ ਵਾਲੇ 150 ਦੇਸ਼ਾਂ ਦੇ ਪ੍ਰਤੀਨਿਧੀਆਂ ਨੇ ਇਕ ਬਿਆਨ ਵਿਚ ਉਨ੍ਹਾਂ ਲੇਖਕਾਂ ਤੇ ਕਲਾਕਾਰਾਂ ਨਾਲ ਇਕਜੁੱਟਤਾ ਪ੍ਰਗਟਾਈ, ਜਿਨ੍ਹਾਂ ਨੇ ਵਿਰੋਧ ਦਰਜ ਕਰਵਾਉਣ ਲਈ ਆਪਣੇ ਵੱਕਾਰੀ ਪੁਰਸਕਾਰ ਵਾਪਸ ਕਰ ਦਿੱਤੇ। ਇਸ ਦੇ ਨਾਲ ਹੀ ਪੈਨ ਇੰਟਰਨੈਸ਼ਨਲ ਦੇ ਪ੍ਰਧਾਨ ਜੋਹਨ ਰਾਲਸਟੋਨ ਸੌਲ ਨੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸਾਹਿਤ ਅਕਾਦਮੀ ਨੂੰ ਚਿੱਠੀ ਭੇਜ ਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਲੇਖਕਾਂ ਤੇ ਕਲਾਕਾਰਾਂ ਸਣੇ ਹਰ ਕਿਸੇ ਦੇ ਅਧਿਕਾਰਾਂ ਦੀ ਰੱਖਿਆ ਲਈ ਤੁਰੰਤ ਕਦਮ ਚੁੱਕੇ। ਚਿੱਠੀ ਵਿਚ ਕਿਹਾ ਗਿਆ ਹੈ, 'ਅਸੀਂ ਅਕਾਦਮੀ ਨੂੰ ਆਪਣੇ ਪੁਰਸਕਾਰ ਮੋੜਨ ਵਾਲੇ 50 ਤੋਂ ਵੱਧ ਨਾਵਲਕਾਰਾਂ, ਵਿਦਵਾਨਾਂ, ਕਵੀਆਂ ਤੇ ਬੁੱਧੀਜੀਵੀਆਂ ਨਾਲ ਖੜੇ ਹਾਂ ਤੇ ਉਨ੍ਹਾਂ ਵੱਲੋਂ ਦਿਖਾਈ ਦਲੇਰੀ ਦੀ ਪ੍ਰਸ਼ੰਸਾ ਕਰਦੇ ਹਾਂ।'

# ਕਿਸਾਨਾਂ ਨੂੰ ਸੋਕਾ ਰਾਹਤ ਦੇਣ ਬਾਰੇ ਵੱਟੀ ਘੇਸ

**ਚੰਡੀਗੜ੍ਹ:** ਪੰਜਾਬ ਵਿਚ ਘੱਟ ਬਰਸਾਤ ਕਾਰਨ ਸੋਕਾ ਰਾਹਤ ਬਾਰੇ ਵਾਅਦਾ ਸਰਕਾਰ ਨੇ ਵਿਸਾਰ ਛੱਡਿਆ ਹੈ। ਪੰਜਾਬ ਵਿਚ ਇਨ੍ਹੀਂ ਦਿਨੀਂ ਗੰਨੇ ਦੇ ਬਕਾਏ ਦੀ ਅਦਾਇਗੀ, ਬਾਸਮਤੀ 1509 ਦੇ ਘੱਟ ਮੁੱਲ ਤੇ ਚਿੱਟੇ ਮੱਛਰ ਦੇ ਹਮਲੇ ਕਾਰਨ ਨਰਮੇ ਦੀ ਬਰਬਾਦੀ ਦੇ ਮੁੱਦੇ ਭਖੇ ਪਏ ਹਨ, ਪਰ ਸਰਕਾਰ ਸਾਉਣੀ ਦੇ ਸੀਜ਼ਨ ਵਿਚ ਘੱਟ ਬਾਰਸ਼ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਬਾਰੇ ਚੁੱਪ ਧਾਰੀ ਬੈਠੀ ਹੈ।



ਸੂਬੇ ਵਿਚ ਇਸ ਵਾਰ 31 ਫੀਸਦੀ ਘੱਟ ਬਰਸਾਤ ਹੋਈ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਨਾਲ ਪਹਿਲਾਂ ਹੀ ਜਲ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਲਈ ਚੁਣੌਤੀ ਵਧਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਨੇ ਹੁਣ ਕੇਂਦਰ ਸਰਕਾਰ ਕੋਲ ਸੋਕਾ ਰਾਹਤ ਪੈਕੇਜ ਮੰਗਣ ਦਾ ਫੈਸਲਾ ਕੀਤਾ ਹੈ।

ਮੌਸਮ ਵਿਭਾਗ ਅਨੁਸਾਰ ਪਹਿਲੀ ਜੂਨ ਤੋਂ 30 ਸਤੰਬਰ 2015 ਤੱਕ ਦੇ ਮਾਨਸੂਨ ਸੀਜ਼ਨ ਦੌਰਾਨ ਪੰਜਾਬ ਵਿਚ ਬਰਸਾਤ ਸਧਾਰਨ ਨਾਲੋਂ 31 ਫੀਸਦੀ ਘੱਟ ਹੋਈ ਹੈ। ਫਿਰੋਜ਼ਪੁਰ ਵਿਚ ਸਧਾਰਨ ਨਾਲੋਂ 69 ਫੀਸਦੀ, ਜਲੰਧਰ ਜ਼ਿਲ੍ਹੇ ਵਿਚ 67 ਫੀਸਦੀ ਤੇ ਮਾਨਸਾ ਵਿਚ 74 ਫੀਸਦੀ ਘੱਟ ਬਰਸਾਤ ਕਾਰਨ ਇਹ ਜ਼ਿਲ੍ਹੇ ਕੇਂਦਰ ਸਰਕਾਰ ਦੇ ਸੋਕੇ ਦੇ ਨਿਯਮਾਂ ਦੇ ਵੀ ਦਾਇਰੇ ਵਿਚ ਆਉਂਦੇ ਹਨ। ਕੇਂਦਰ ਸਰਕਾਰ ਵੱਲੋਂ ਸੋਕਾ ਰਾਹਤ ਦੇ ਤੈਅ ਕੀਤੇ ਨਿਯਮਾਂ ਮੁਤਾਬਕ 64 ਫੀਸਦੀ ਤੋਂ ਵੱਧ ਸੋਕੇ ਵਾਲੇ ਜ਼ਿਲ੍ਹੇ ਹੀ ਆਉਂਦੇ ਹਨ। ਸੂਤਰਾਂ ਅਨੁਸਾਰ ਇਸ ਲਈ ਡੀਜ਼ਲ ਸਬਸਿਡੀ ਵੀ ਮਿਲ ਸਕਦੀ ਹੈ, ਪਰ ਸ਼ਰਤ ਇਹ ਹੈ ਕਿ ਇਸ ਵਿਚ ਪੰਜਾਹ ਫੀਸਦੀ ਹਿੱਸਾ ਸੂਬਾ ਸਰਕਾਰ ਨੂੰ ਪਾਉਣਾ ਪਵੇਗਾ। ਭਾਰਤ ਸਰਕਾਰ ਤੋਂ 33 ਕਰੋੜ ਲੈਣ ਲਈ ਸੂਬਾ ਸਰਕਾਰ ਦਾ ਹਿੱਸਾ ਪੈਣਾ ਜ਼ਰੂਰੀ ਹੈ। ਇਹ ਫਾਈਲ ਮੁੱਖ ਮੰਤਰੀ ਦਫਤਰ ਵਿਚ ਫਸੀ ਹੋਈ ਹੈ। ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਪੰਜਾਬ ਵਿਚ ਤਕਰੀਬਨ 24 ਲੱਖ ਹੈਕਟੇਅਰ ਰਕਬੇ ਵਿਚ ਸਧਾਰਨ ਝੋਨੇ ਦੀ ਫਸਲ ਹੈ। ਬਰਸਾਤ ਰੁਕ ਰੁਕ ਕੇ ਪੈਣ ਨਾਲ ਬੇਸ਼ੱਕ ਬਹੁਤੀ ਸਮੱਸਿਆ ਮਹਿਸੂਸ ਨਹੀਂ ਕੀਤੀ ਗਈ, ਪਰ ਪਾਵਰਕੌਮ ਨੂੰ ਪਹਿਲਾਂ ਦੇ ਮੁਕਾਬਲੇ 66 ਕਰੋੜ ਰੁਪਏ ਦੇ ਕਰੀਬ ਵੱਧ ਬਿਜਲੀ ਖਰੀਦਣੀ ਪਈ ਹੈ।

### ਕੇਂਦਰ ਦੇ ਨਿਯਮਾਂ 'ਤੇ ਫਿੱਟ ਨਹੀਂ ਬੈਠਦਾ ਪੰਜਾਬ

**ਚੰਡੀਗੜ੍ਹ:** ਕੇਂਦਰੀ ਮੰਤਰੀ ਮੰਡਲ ਨੇ ਪਿਛਲੀ ਮੀਟਿੰਗ ਵਿਚ ਸੱਤ ਰਾਜਾਂ ਦੇ ਬਰਾਨੀ ਖੇਤਰਾਂ ਲਈ ਸੋਕਾ ਰਾਹਤ ਵਜੋਂ 2143 ਕਰੋੜ ਰੁਪਏ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤੋਂ ਪਹਿਲਾਂ ਬਜਟ ਵਿਚ ਵੀ ਸਿੰਜਾਈ ਯੋਜਨਾਵਾਂ ਲਈ ਅਗਲੇ ਸਾਲਾਂ ਦੌਰਾਨ 50 ਹਜ਼ਾਰ ਕਰੋੜ ਰੁਪਏ ਖਰਚ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਇਸ ਦੇ ਨਿਯਮ ਅਜਿਹੇ ਹਨ ਕਿ ਪੰਜਾਬ ਨੂੰ ਕੁਝ ਵੀ ਨਹੀਂ ਮਿਲ ਰਿਹਾ।

## ਡਿਊਟੀ ਦੌਰਾਨ ਕਿਰਪਾਨ ਪਹਿਨਣ 'ਤੇ ਰੋਕ

**ਨਵੀਂ ਦਿੱਲੀ:** ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਡਿਊਟੀ ਦੌਰਾਨ ਅੰਮ੍ਰਿਤਧਾਰੀ ਸਿੱਖਾਂ ਦੇ ਕਿਰਪਾਨ ਪਹਿਨਣ 'ਤੇ ਲੱਗੀ ਰੋਕ ਵਿਰੁੱਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਚ ਅਧਿਕਾਰੀਆਂ ਕੋਲ ਪਹੁੰਚ ਕੀਤੀ ਗਈ। ਪਰਮਜੀਤ ਸਿੰਘ ਰਾਣਾ ਦੀ ਅਗਵਾਈ ਵਿਚ ਕਮੇਟੀ ਦੇ ਵਫਦ ਨੇ ਬਿਊਰੋ ਆਫ ਸਿਵਿਲ ਏਵੀਏਸ਼ਨ ਸਕਿਊਰਟੀ (ਬੀ.ਸੀ.ਏ.ਐਸ.) ਕਮਿਸ਼ਨਰ ਬੀ.ਬੀ. ਦਾਸ ਤੇ ਅਡੀਸ਼ਨਲ ਕਮਿਸ਼ਨਰ ਆਰ.ਐਨ. ਢੋਕੇ ਕੋਲ ਇਹ ਮਾਮਲਾ ਉਠਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਰੋਕ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ ਹੀ ਦੇਸ਼ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦੇ ਪਹਿਨਣ 'ਤੇ ਪਾਬੰਦੀ ਲਾ ਕੇ ਸਰਕਾਰ ਨੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਦਿੱਤਾ ਹੈ, ਜਦੋਂ ਕਿ ਸਿੱਖ ਪੰਥ ਹਵਾਈ ਜਹਾਜ਼ ਦੇ ਸਫਰ ਸਮੇਂ ਵੀ ਛੇ ਇੰਚੀ ਕਿਰਪਾਨ ਪਹਿਨਣ ਦੀ ਇਜਾਜ਼ਤ ਮੰਗ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦਿੱਲੀ ਹਵਾਈ ਅੱਡੇ 'ਤੇ ਅੰਮ੍ਰਿਤਧਾਰੀ ਵਿਅਕਤੀ ਦੇ ਡਿਊਟੀ ਦੌਰਾਨ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਹਟਾਈ ਜਾਵੇ।

# ਪੰਜਾਬ ਵਿਚ ਸਵਾਇਨ ਫਲੂ ਦੀ ਦਸਤਕ

**ਚੰਡੀਗੜ੍ਹ:** ਪੰਜਾਬ ਫਿਰ ਸਵਾਇਨ ਫਲੂ ਦੀ ਲਪੇਟ ਵਿਚ ਆ ਗਿਆ ਹੈ। ਸਵਾਇਨ ਫਲੂ ਨਾਲ ਇਕ ਦੀ ਮੌਤ ਹੋ ਗਈ ਹੈ ਜਦੋਂ ਕਿ ਅੱਠ ਮਰੀਜ਼ਾਂ ਨੂੰ ਹਸਪਤਾਲਾਂ ਵਿਚ ਇਲਾਜ ਲਈ ਦਾਖਲ ਕਰਾਇਆ ਗਿਆ ਹੈ। ਸਿਹਤ ਵਿਭਾਗ ਨੇ ਸਵਾਇਨ ਫਲੂ ਦੇ ਮਰੀਜ਼ਾਂ ਲਈ ਜ਼ਿਲ੍ਹਾ ਪੱਧਰ 'ਤੇ ਕੰਟਰੋਲ ਰੂਮ ਸਥਾਪਤ ਕਰ ਦਿੱਤੇ ਹਨ।

ਡੇਂਗੂ ਦੇ ਵੀ ਕੇਸ ਆਉਣੇ ਜਾਰੀ ਹਨ। ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 6804 ਨੂੰ ਪੁੱਜ ਗਈ ਹੈ। ਇਹ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ। ਸਵਾਇਨ ਫਲੂ ਨਾਲ ਪਹਿਲੀ ਮੌਤ ਲੁਧਿਆਣਾ ਦੇ ਦਇਆ ਨੰਦ ਹਸਪਤਾਲ 'ਚ ਹੋਈ ਹੈ। ਤਰਨਤਾਰਨ ਦੇ ਤੀਹ ਸਾਲਾ ਨੌਜਵਾਨ ਨੂੰ 12 ਅਕਤੂਬਰ ਨੂੰ ਸਵਾਇਨ ਫਲੂ ਦੀ ਪੁਸ਼ਟੀ ਹੋਣ ਤੋਂ ਬਾਅਦ ਦਾਖਲ ਕਰਾਇਆ ਗਿਆ ਸੀ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਹੈ। ਸਵਾਇਨ ਫਲੂ ਦੇ ਅੱਠ ਹੋਰ ਮਰੀਜ਼ਾਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਦਾਖਲ ਕਰਾਇਆ ਗਿਆ ਹੈ ਜਿਥੇ ਉਨ੍ਹਾਂ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ। ਸਿਹਤ ਵਿਭਾਗ ਨੂੰ ਡੇਂਗੂ ਤੇ ਸਵਾਇਨ ਫਲੂ ਦੇ ਸਾਂਝੇ ਹਮਲੇ ਕਾਰਨ ਹੱਥਾਂ ਪੈਰਾ ਦੀ ਪੈ ਗਈ ਹੈ। ਵਿਭਾਗ ਵੱਲੋਂ ਲੰਘੇ ਦਿਨੀਂ ਕੇਂਦਰੀ ਸਿਹਤ ਮੰਤਰਾਲੇ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ। ਉਸ ਤੋਂ ਬਾਅਦ ਜ਼ਿਲ੍ਹਾ ਸਿਵਲ ਸਰਜਨਾਂ ਨੂੰ ਸੱਦ ਕੇ ਬਿਮਾਰੀ ਨਾਲ ਸਿੱਝਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਸੂਬੇ ਭਰ ਦੇ ਸਰਕਾਰੀ ਹਸਪਤਾਲਾਂ ਵਿਚ ਡੇਂਗੂ ਤੇ ਸਵਾਇਨ ਫਲੂ ਦੇ ਮਰੀਜ਼ਾਂ ਲਈ ਵੱਖਰੇ ਵਾਰਡ ਬਣਾ ਦਿੱਤੇ ਗਏ ਹਨ। ਸਵਾਇਨ ਫਲੂ ਨੇ ਗੁਆਂਢੀ ਰਾਜ ਹਰਿਆਣਾ 'ਚ ਵੀ ਦਸਤਕ ਦੇ ਦਿੱਤੀ ਹੈ ਜਦੋਂ ਕਿ ਦੱਖਣੀ ਰਾਜਾਂ 'ਚ ਇਸ ਨੇ ਵੱਧ ਪੈਰ ਪਸਾਰੇ ਹਨ।

ਪੰਜਾਬ ਸਮੇਤ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਨੂੰ ਇਲਾਜ ਸ਼ੁਰੂ ਕਰਨ ਵਿਚ ਇਸ ਕਰਕੇ ਰੁਕਾਵਟ ਆ ਰਹੀ ਹੈ ਕਿਉਂ ਜੋ ਪੀ.ਜੀ.ਆਈ. ਤੋਂ ਬਿਨਾ ਸਵਾਇਨ ਫਲੂ ਦੇ ਟੈਸਟ ਵਾਸਤੇ ਲੈਬਾਰਟਰੀ ਨਹੀਂ ਹੈ। ਅੰਮ੍ਰਿਤਸਰ ਵਿਚ ਲੈਬਾਰਟਰੀ ਨੂੰ ਤਜਰਬੇ ਦੇ ਆਧਾਰ 'ਤੇ ਸ਼ੁਰੂ ਕੀਤਾ ਗਿਆ ਹੈ। ਸਿਹਤ ਵਿਭਾਗ ਨੇ ਸਵਾਇਨ ਫਲੂ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ ਟੈਮੀਫਲੂ ਰਾਜ ਭਰ ਦੇ ਸਰਕਾਰੀ ਹਸਪਤਾਲਾਂ ਵਿਚ ਭੇਜ ਦਿੱਤੀ ਹੈ? ਇਹ ਦਵਾਈ ਕੈਮਿਸਟ ਦੀਆਂ ਦੁਕਾਨਾਂ 'ਤੇ ਵੀ ਉਪਲਬਧ ਹੈ।

ਸਿਹਤ ਵਿਭਾਗ ਵੱਲੋਂ ਮ੍ਰਿਤਕ ਬਾਰੇ ਜਾਣਕਾਰੀ ਲੈਣ ਲਈ ਇਕ ਟੀਮ ਦਾ ਗਠਨ ਕੀਤਾ ਗਿਆ ਹੈ, ਜਿਹੜੀ ਇਹ ਪਤਾ ਲਾਵੇਗੀ ਕਿ ਉਹ ਬਿਮਾਰੀ ਦਾ ਵਾਇਰਸ ਕਿਸ ਥਾਂ ਤੋਂ ਲੈ ਕੇ ਆਇਆ ਹੈ। ਸਿਹਤ ਵਿਭਾਗ ਨੇ ਜ਼ੁਕਾਮ, ਗਲਾ ਖਰਾਬ ਅਤੇ ਬੁਖਾਰ ਹੋਣ ਦੀ ਸੂਰਤ ਵਿਚ ਬਿਨਾ ਦੇਰੀ ਡਾਕਟਰ ਦੀ ਸਲਾਹ ਲੈਣ ਦੀ ਨਸੀਅਤ ਦਿੱਤੀ ਹੈ।

## ਫਿਲਪੀਨਜ਼ ਵਿਚ ਕਿਸ਼ਤੀ ਹਾਦਸਾ, ਸੱਤ ਹਲਾਕ

**ਮਨੀਲਾ:** ਫਿਲਪੀਨਜ਼ ਵਿਚ ਇਕ ਮੋਟਰਬੋਟ ਪਲਟਣ ਕਾਰਨ ਸੱਤ ਮੁਸਾਫਰਾਂ ਦੀ ਮੌਤ ਹੋ ਗਈ। ਤੱਟ ਰੱਖਿਅਕਾਂ ਮੁਤਾਬਕ ਕਿਸ਼ਤੀ 'ਤਵਾਸ਼' ਵਿਚ 36 ਮੁਸਾਫਰ ਤੇ ਪੰਜ ਕਿਸ਼ਤੀ ਚਾਲਕ ਦਲ ਦੇ ਮੈਂਬਰ ਸਵਾਰ ਸਨ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਮਰੀਕੀ ਸਕੂਲਾਂ ਵਿਚ ਨਸਲੀ ਵਿਤਕਰਾ ਵਧਿਆ

**ਵਾਸ਼ਿੰਗਟਨ:** ਅਮਰੀਕੀ ਸਕੂਲਾਂ ਵਿਚ ਬੱਚਿਆਂ ਨੂੰ ਵਿਤਕਰੇ ਦਾ ਸਭ ਤੋਂ ਵੱਧ ਸਾਹਮਣਾ ਕਰਨਾ ਪੈਂਦਾ ਹੈ। ਤਾਜ਼ਾ ਅੰਕੜਿਆਂ ਮੁਤਾਬਕ ਹਰੇਕ ਪੰਜ ਵਿਚੋਂ ਇਕ ਵਿਦਿਆਰਥੀ ਨੂੰ ਆਪਣੇ ਸਕੂਲ ਸਮੇਂ ਦੌਰਾਨ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਤੇ ਹਰੇਕ ਸੱਤ ਮਿੰਟ ਵਿਚ ਵਿਤਕਰੇ ਦੀ ਇਕ ਘਟਨਾ ਵਾਪਰਦੀ ਹੈ।

ਵਾਈਟ ਹਾਊਸ ਮੁਤਾਬਕ ਨਿਊ ਯਾਰਕ ਸ਼ਹਿਰ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਏਸ਼ੀਆਈ ਮੂਲ ਦੇ ਅੱਧੇ ਵਿਦਿਆਰਥੀ ਪੱਖਪਾਤ ਦਾ ਸ਼ਿਕਾਰ ਹੁੰਦੇ ਹਨ। ਸਿੱਖ ਕੋਲੀਏਸ਼ਨ 2014 ਦੀ ਰਿਪੋਰਟ ਅਨੁਸਾਰ 67 ਫੀਸਦੀ ਦਸਤਾਰਧਾਰੀ ਸਿੱਖ ਬੱਚਿਆਂ ਨੂੰ ਸਕੂਲਾਂ ਵਿਚ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵੈੱਬਸਾਈਟ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਵਾਈਟ ਹਾਊਸ ਨੇ ਕੌਮੀ ਵਿਤਕਰਾ ਰੋਕੂ ਮਹੀਨੇ ਦੌਰਾਨ ਆਪਣੀ ਵਿਤਕਰਾ ਵਿਰੋਧੀ ਮੁਹਿੰਮ ਹਿੰਦੀ, ਪੰਜਾਬੀ ਤੇ ਉਰਦੂ ਦੇ ਨਾਲ ਨਾਲ ਕੋਰੀਆਈ, ਵੀਅਤਨਾਮੀ ਤੇ ਚੀਨੀ ਭਾਸ਼ਾ ਵਿਚ ਸ਼ੁਰੂ ਕਰਨ ਦਾ ਐਲਾਨ ਕੀਤਾ।

ਇਸ ਤਹਿਤ 'ਸਿੱਖ ਕੁਲੀਸ਼ਨ' ਤੇ 'ਕੁਲੀਸ਼ਨ ਆਫ ਏਸ਼ੀਆ ਪੈਸੇਫਿਕ ਇਨ ਐਂਟਰਟੇਨਮੈਂਟ' ਦੇ ਸਹਿਯੋਗ ਨਾਲ ਵਿਤਕਰੇ ਨੂੰ ਖਤਮ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਪਹਿਲਕਦਮੀ ਸ਼ੁਰੂ ਕੀਤੀ।

ਸਿੱਖ ਕੁਲੀਸ਼ਨ ਦੇ ਕਾਨੂੰਨੀ ਤੇ ਨੀਤੀਗਤ ਮਾਮਲਿਆਂ ਦੇ ਡਾਇਰੈਕਟਰ ਅਰਜੁਨ ਸਿੰਘ ਨੇ ਕਿਹਾ ਕਿ ਸਿੱਖ ਬੱਚਿਆਂ ਨਾਲ ਵਿਤਕਰਾ ਵੱਡੇ ਪੱਧਰ ਉਤੇ ਹੁੰਦਾ ਹੈ। ਸਿੱਖ ਧਰਮ ਬਾਰੇ ਗਲਤ ਜਾਣਕਾਰੀ ਤੇ ਬਿਲਕੁਲ ਸਮਝ ਨਾ ਹੋਣ ਕਾਰਨ ਘੱਟ ਗਿਣਤੀਆਂ ਨਾਲ ਤੁਅੱਸਬੀ ਪੱਖਪਾਤ ਦੇ ਕੇਸਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।




## ਕੈਲਾਸ਼ ਸਤਿਆਰਥੀ ਨੂੰ 'ਹਾਵਰਡ ਮਨੁੱਖਤਾ' ਐਵਾਰਡ

**ਵਾਸ਼ਿੰਗਟਨ:** ਬੱਚਿਆਂ ਦੇ ਹੱਕਾਂ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਕੈਲਾਸ਼ ਸਤਿਆਰਥੀ ਨੂੰ ਵਿਸ਼ਵ ਦੀ ਪ੍ਰਸਿੱਧ ਹਾਵਰਡ ਯੂਨੀਵਰਸਿਟੀ ਨੇ ਇਸ ਸਾਲ ਆਪਣਾ 'ਮਨੁੱਖਤਾ ਐਵਾਰਡ' ਦਿੱਤਾ ਹੈ। ਇਹ ਪੁਰਸਕਾਰ ਹਾਸਲ ਕਰਨ ਵਾਲੇ ਸ੍ਰੀ ਸਤਿਆਰਥੀ ਪਹਿਲੇ ਭਾਰਤੀ ਹਨ। ਯੂਨੀਵਰਸਿਟੀ ਮੁਤਾਬਕ ਬਾਲ ਗੁਲਾਮੀ ਦੇ ਖਾਤਮੇ ਤੇ ਬੱਚਿਆਂ ਦੇ ਹੱਕਾਂ ਲਈ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸਤਿਆਰਥੀ ਨੂੰ 'ਹਾਵਰਡ ਹਿਊਮੈਨਟੇਰੀਅਨ ਆਫ ਦਿ ਯੀਅਰ' ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।

## ਵ੍ਹਾਈਟ ਹਾਊਸ ਦੀ ਪਹਿਲਕਦਮੀ

**ਵਾਸ਼ਿੰਗਟਨ:** ਸਕੂਲਾਂ ਵਿਚ ਭੇਦਭਾਵ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਮਰੀਕੀ ਪ੍ਰਸ਼ਾਸਨ ਨੇ ਸਖਤ ਕਦਮ ਚੁੱਕੇ ਹਨ। ਵ੍ਹਾਈਟ ਹਾਊਸ ਨੇ ਛੇੜਛਾੜ ਦੇ ਖਿਲਾਫ ਇਕ ਵੈੱਬਸਾਈਟ ਲਾਂਚ ਕੀਤੀ ਹੈ। 'ਐਕਟ ਟੂ ਚੇਂਜ' ਦੇ ਨਾਂ ਨਾਲ ਇਸ ਵੈੱਬਸਾਈਟ ਨੂੰ ਲਾਂਚ ਕੀਤਾ ਗਿਆ ਹੈ। ਵੈੱਬਸਾਈਟ ਰਾਹੀਂ ਬੱਚਿਆਂ ਦੀਆਂ ਸਮੱਸਿਆਵਾਂ ਹੱਲ ਕਰਨਾ ਦਾ ਟੀਚਾ ਹੈ। ਸਕੂਲਾਂ ਵਿਚ ਸਿੱਖ ਬੱਚਿਆਂ ਤੇ ਉਨ੍ਹਾਂ ਦੇ ਧਰਮ ਪ੍ਰਤੀ ਜਾਗਰੂਕ ਕਰਨ ਲਈ ਵੀ ਵੈੱਬਸਾਈਟ ਦੀ ਵਰਤੋਂ ਕੀਤੀ ਜਾਵੇਗੀ। ਇਸ ਵੈੱਬਸਾਈਟ ਨੂੰ ਇੰਨੀਆਂ ਭਾਸ਼ਾਵਾਂ ਵਿਚ ਲਾਂਚ ਕਰਨ ਦਾ ਮੁੱਖ ਉਦੇਸ਼ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਜਾਗਰੂਕ ਕਰਨਾ ਹੈ।

# ਨੇਪਾਲ 'ਚ ਭਾਰਤੀ ਚੌਧਰ ਖਤਮ ਕਰੇਗਾ ਚੀਨ

**ਬੀਜਿੰਗ:** ਚੀਨ ਨੇ ਨੇਪਾਲ ਨਾਲ ਆਪਣੀ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਦਾ ਕਾਰਨ ਹੈ- ਭਾਰਤ ਤੇ ਨੇਪਾਲ ਵਿਚਾਲੇ ਪਿਛਲੇ ਦਿਨੀਂ ਹੋਇਆ ਵਿਵਾਦ। ਨੇਪਾਲ ਨੇ ਭਾਰਤ ਉੱਤੇ ਆਰਥਿਕ ਨਾਕੇਬੰਦੀ ਕਰਨ ਦਾ ਦੋਸ਼ ਲਾਇਆ ਸੀ। ਭਾਰਤੀ ਵਸਤਾਂ ਨੇਪਾਲ ਵਿਚ ਨਾ ਪਹੁੰਚਣ ਕਾਰਨ ਉਥੋਂ ਦੇ ਹਾਲਤ ਕਾਫੀ ਖਰਾਬ ਹੋ ਗਏ ਸਨ। ਨੇਪਾਲ ਨੇ ਸੰਯੁਕਤ ਰਾਸ਼ਟਰ ਸੰਘ ਵਿਚ ਭਾਰਤ ਦੀ ਸ਼ਿਕਾਇਤ ਵੀ ਕੀਤੀ ਸੀ। ਵਿਵਾਦ ਕਾਰਨ ਨੇਪਾਲ ਨੇ ਚੀਨ ਨਾਲ ਨੇੜਤਾ ਵਧਾਉਣ ਦੀ ਧਮਕੀ ਦਿੱਤੀ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਹੁਆ ਚੁਨਯਿੰਗ ਨੇ ਆਖਿਆ ਹੈ ਉਹ ਨੇਪਾਲ ਨਾਲ ਆਪਣੇ ਵਪਾਰਕ ਰਿਸ਼ਤੇ ਮਜ਼ਬੂਤ ਕਰੇਗਾ। ਨੇਪਾਲ ਵਿਚ ਆਏ ਭੂਚਾਲ ਕਾਰਨ ਚੀਨ-ਨੇਪਾਲ ਵਪਾਰਕ ਮਾਰਗ ਬੰਦ ਹੋ ਗਿਆ ਸੀ। ਚੀਨ-ਨੇਪਾਲ ਸੀਮਾ ਤਿੱਬਤ ਵਿਚ ਕਾਫੀ ਉਚਾਈ ਉੱਤੇ ਸਥਿਤ ਹੈ। ਅਪਰੈਲ ਵਿਚ ਆਏ ਭੂਚਾਲ ਕਾਰਨ ਇਸ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ ਜਿਸ ਕਾਰਨ ਇਹ ਮਾਰਗ ਬੰਦ ਹੋ ਗਿਆ ਸੀ। ਕੂਟਨੀਤਕ ਤੌਰ ਉੱਤੇ ਵੀ ਚੀਨ-ਨੇਪਾਲ ਰਿਸ਼ਤਾ ਕਾਫੀ ਅਹਿਮ ਹੈ। ਇਸ ਕਰ ਕੇ ਚੀਨ ਦੀ ਕੋਸ਼ਿਸ਼ ਫਿਰ ਤੋਂ ਆਪਣੇ ਵਪਾਰਕ ਸੰਪਰਕ ਨੇਪਾਲ ਨਾਲ ਸਥਾਪਤ ਕਰਨ ਦੀ ਹੈ, ਤਾਂ ਜੋ ਨੇਪਾਲੀ ਬਾਜ਼ਾਰ ਉੱਤੇ ਕਬਜ਼ਾ ਕੀਤਾ ਜਾ ਸਕੇ। ਫਿਲਹਾਲ ਨੇਪਾਲ ਆਪਣੀਆਂ ਕਈ ਜਰੂਰਤਾਂ ਲਈ ਭਾਰਤ ਉੱਤੇ ਨਿਰਭਰ ਹੈ।

# ਕੇਂਦਰ ਨੂੰ ਝਟਕਾ: ਨਿਆਇਕ ਨਿਯੁਕਤੀ ਕਮਿਸ਼ਨ ਰੱਦ

**ਨਵੀਂ ਦਿੱਲੀ:** ਭਾਜਪਾ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਸੁਪਰੀਮ ਕੋਰਟ ਨੇ ਹਾਈ ਕੋਰਟਾਂ ਤੇ ਸੁਪਰੀਮ ਕੋਰਟ ਵਿਚ ਜੱਜਾਂ ਦੀਆਂ ਨਿਯੁਕਤੀਆਂ ਦੇ ਮਾਮਲੇ ਵਿਚ ਕਾਰਜਪਾਲਿਕਾ ਦੇ ਦਖਲ ਨੂੰ ਯਕੀਨੀ ਬਣਾਉਣ ਵਾਲੇ ਕੌਮੀ ਨਿਆਂਇਕ ਨਿਯੁਕਤੀ ਕਮਿਸ਼ਨ ਕਾਨੂੰਨ (ਐਨ.ਜੇ.ਏ.ਸੀ.)-2014 ਨੂੰ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ। ਜੱਜਾਂ ਦੀ ਕਮੇਟੀ (ਕੌਲਿਜੀਅਮ) ਵੱਲੋਂ ਜੱਜਾਂ ਦੀ ਨਿਯੁਕਤੀ ਦੀ 22 ਸਾਲ ਪੁਰਾਣੀ ਵਿਵਸਥਾ ਦੀ ਥਾਂ ਉਤੇ ਨਵੀਂ ਵਿਵਸਥਾ ਸਥਾਪਤ ਕਰਨ ਦੀ ਸਰਕਾਰ ਦੀ ਇਤਿਹਾਸਕ ਕੋਸ਼ਿਸ਼ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਠੁੱਸ ਕਰ ਦਿੱਤੀ ਤੇ ਐਨ.ਜੇ.ਏ.ਸੀ.-2014 ਨੂੰ ਰੱਦ ਕਰ ਦਿੱਤਾ।

ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਹੇਠਲੇ ਸੰਵਿਧਾਨਕ ਬੈਂਚ ਦੇ ਇਸ ਫੈਸਲੇ ਨੇ ਕੌਲਿਜੀਅਮ ਵੱਲੋਂ ਨਿਯੁਕਤੀਆਂ ਦੀ ਵਿਵਸਥਾ ਨੂੰ ਜੀਵਨਦਾਨ ਦਿੰਦਿਆਂ ਇਸ ਨੂੰ ਬਰਕਰਾਰ ਰੱਖ ਦਿੱਤਾ ਹੈ। ਇਹ ਫੈਸਲਾ ਕਾਰਜਪਾਲਿਕਾ ਤੇ ਨਿਆਂਪਾਲਿਕਾ ਵਿਚਾਲੇ ਨਵੇਂ ਸਿਰੇ ਤੋਂ ਖਿੱਚੋਤਾਣ ਨੂੰ ਜਨਮ ਦੇ ਸਕਦਾ ਹੈ ਕਿਉਂਕਿ ਇਸ ਫੈਸਲੇ ਦੇ ਤੁਰੰਤ ਬਾਅਦ ਹੀ ਕਾਨੂੰਨ ਮੰਤਰੀ ਡੀ.ਵੀ. ਸਦਾਨੰਦ ਗੌੜਾ ਨੇ ਫੈਸਲੇ 'ਤੇ ਹੈਰਾਨੀ ਪ੍ਰਗਟ ਕਰ ਦਿੱਤੀ। ਸੰਵਿਧਾਨਕ ਬੈਂਚ ਦੇ ਸਾਰੇ ਜੱਜਾਂ ਨੇ ਵੱਖ-ਵੱਖ ਫੈਸਲੇ ਕੀਤੇ ਤੇ ਸਾਂਝੇ ਤੌਰ ਉਤੇ ਉਸ ਉਤੇ ਦਸਤਖਤ ਕੀਤੇ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੱਜਾਂ ਦੀ ਨਿਯੁਕਤੀ ਨਾਲ ਸਬੰਧਤ 1993 ਤੇ 1998 ਦੇ ਫੈਸਲਿਆਂ ਨੂੰ ਹੋਰ ਬੈਂਚ ਕੋਲ ਸੌਂਪਣ ਦੀ ਅਪੀਲ ਰੱਦ ਕੀਤੀ ਜਾਂਦੀ ਹੈ।

ਸੰਵਿਧਾਨਕ ਬੈਂਚ ਨੇ ਇਹ ਵੀ ਕਿਹਾ ਕਿ ਕੌਲਿਜੀਅਮ ਵੱਲੋਂ ਨਿਯੁਕਤੀ ਵਿਵਸਥਾ ਦੇ ਕੰਮਕਾਜ ਵਿਚ ਸੁਧਾਰ ਲਈ ਜੇ ਕੋਈ ਸੁਝਾਅ ਹੈ ਤਾਂ ਇਸ ਮਾਮਲੇ ਨੂੰ ਤਿੰਨ ਨਵੰਬਰ ਨੂੰ ਸੂਚੀਬੱਧ ਕੀਤਾ ਜਾਵੇ।

## ਅਦਾਲਤੀ ਫੈਸਲਾ ਸੰਸਦੀ ਪ੍ਰਭੂਸੱਤਾ ਲਈ ਧੱਕਾ ਕਰਾਰ

**ਨਵੀਂ ਦਿੱਲੀ:** ਸਰਕਾਰ ਨੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਐਨ.ਜੇ.ਏ.ਸੀ. ਬਾਰੇ ਫੈਸਲੇ ਨੂੰ ਸੰਸਦੀ ਪ੍ਰਭੂਸੱਤਾ ਲਈ ਧੱਕਾ ਕਰਾਰ ਦਿੱਤਾ ਹੈ। ਦੂਰਸੰਚਾਰ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਹੈ ਕਿ 20 ਰਾਜਾਂ ਦੀਆਂ ਵਿਧਾਨ ਸਭਾਵਾਂ ਨੇ ਇਸ ਕਾਨੂੰਨ ਨੂੰ ਮਨਜੂਰੀ ਦਿੱਤੀ ਸੀ। ਸਰਕਾਰ ਵਿਚਾਰ ਵਟਾਂਦਰੇ ਬਾਅਦ ਅਗਲੀ ਰਣਨੀਤੀ ਘੜੇਗੀ। ਇਸ ਦੌਰਾਨ 'ਆਪ' ਨੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੂੰ ਕੇਂਦਰ ਲਈ ਝਟਕਾ ਕਰਾਰ ਦਿੱਤਾ ਹੈ। ਨਾਲ ਹੀ ਕੌਲਿਜੀਅਮ ਪ੍ਰਣਾਲੀ ਵਿਚ ਸੁਧਾਰ ਤੇ ਪਾਰਦਰਸ਼ਤਾ ਲਿਆਉਣ ਦੀ ਵੀ ਵਕਾਲਤ ਕੀਤੀ ਹੈ।

# ਤੇਲ ਨਾਲ ਆਈ.ਐਸ. ਮਾਲਾ-ਮਾਲ

**ਵਾਸ਼ਿੰਗਟਨ:** ਦੁਨੀਆਂ ਦੇ ਸਭ ਤੋਂ ਖਤਰਨਾਕ ਦਹਿਸ਼ਤਗਰਦ ਸੰਗਠਨ ਆਈ.ਐਸ. ਦੀ ਕਮਾਈ ਕਰੋੜਾਂ ਵਿਚ ਹੈ। ਆਈ.ਐਸ. ਦਾ ਇਰਾਕ ਤੇ ਸੀਰੀਆ ਦੇ ਕਾਫੀ ਵੱਡੇ ਹਿੱਸੇ ਉੱਤੇ ਕਬਜ਼ਾ ਹੈ। ਆਈ.ਐਸ. ਦੀ ਪ੍ਰਤੀ ਦਿਨ ਦੀ ਕਮਾਈ 1.5 ਮਿਲੀਅਨ ਡਾਲਰ ਹੈ। ਦਹਿਸ਼ਤਗਰਦ ਸੰਗਠਨ ਇਹ ਪੈਸਾ ਤੇਲ ਵੇਚ ਕੇ ਕਮਾ ਰਿਹਾ ਹੈ। ਆਈ. ਐਸ. ਦੀ ਕਮਾਈ ਇੰਨੀ ਜ਼ਿਆਦਾ ਹੈ ਕਿ ਉਹ ਦੁਨੀਆਂ ਦਾ ਸਭ ਤੋਂ ਅਮੀਰ ਦਹਿਸ਼ਤਗਰਦ ਸੰਗਠਨ ਬਣ ਗਿਆ ਹੈ। ਤੇਲ ਦੀ ਕਮਾਈ ਦਾ ਵੱਡਾ ਹਿੱਸਾ ਸੈਨਿਕ ਸਾਜੋ ਸਾਮਾਨ ਉੱਤੇ ਖਰਚ ਹੋ ਰਿਹਾ ਹੈ।

ਅਖਬਾਰ "'ਫਿਨਾਂਸੀਅਲ ਟਾਇਮਜ਼' ਦੀ ਰਿਪੋਰਟ ਅਨੁਸਾਰ ਆਈ.ਐਸ. ਦੇ ਕਬਜ਼ੇ ਵਿਚ ਤੇਲ ਦੇ ਬਹੁਤ ਜ਼ਿਆਦਾ ਭੰਡਾਰ ਹਨ। ਇਨ੍ਹਾਂ ਭੰਡਾਰਾਂ ਉੱਤੇ ਹਵਾਈ ਹਮਲੇ ਵੀ ਨਹੀਂ ਕੀਤੇ ਜਾ ਰਹੇ ਹਨ, ਕਿਉਂਕਿ ਜੇਕਰ ਤੇਲ ਦੇ ਖੂਹ ਉੱਤੇ ਹਮਲੇ ਕੀਤੇ ਗਏ ਤਾਂ ਬਹੁਤ ਜ਼ਿਆਦਾ ਤਬਾਹੀ ਹੋਵੇਗੀ। ਇਸ ਕਰ ਕੇ ਇਰਾਕੀ ਤੇ ਅਮਰੀਕੀ ਸੈਨਾ ਹਵਾਈ ਹਮਲੇ ਦੌਰਾਨ ਤੇਲ ਦੇ ਭੰਡਾਰਾਂ ਨੂੰ ਨਿਸ਼ਾਨਾ ਨਹੀਂ ਬਣਾ ਰਹੀ। ਇਸ ਗੱਲ ਦਾ ਫਾਇਦਾ ਆਈ.ਐਸ. ਨੂੰ ਹੋ ਰਿਹਾ ਹੈ। ਤੇਲ ਦੇ ਪੂਰੇ ਕਾਰੋਬਾਰ ਉੱਤੇ ਆਈ.ਐਸ. ਨੇ ਕਬਜ਼ਾ ਕੀਤਾ ਹੋਇਆ ਹੈ ਤੇ ਇਸ ਨੂੰ ਵੇਚ ਕੇ ਉਹ ਰੋਜ਼ਾਨਾ ਲੱਖਾਂ ਰੁਪਏ ਕਮਾ ਰਹੇ ਹਨ। ਆਈ.ਐਸ. ਨੇ ਉਨ੍ਹਾਂ ਇਲਾਕਿਆਂ ਵਿਚ ਤੇਲ ਦੀ ਸਪਲਾਈ ਰੋਕ ਦਿੱਤੀ ਹੈ ਜਿਨ੍ਹਾਂ ਉੱਤੇ ਉਸ ਦਾ ਕਬਜ਼ਾ ਨਹੀਂ ਹੈ। ਕੁਝ ਦਿਨ ਪਹਿਲਾਂ ਆਈ.ਐਸ. ਨੇ ਅਮਰੀਕਾ ਨੂੰ ਆਰਥਿਕ ਤੌਰ ਉੱਤੇ ਨੁਕਸਾਨ ਪਹੁੰਚਣ ਲਈ ਤੇਲ ਦੀ ਕੀਮਤ ਡਾਲਰ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਤੇਲ ਬਦਲੇ ਆਈ.ਐਸ. ਨੇ ਸੋਨਾ ਲੈਣਾ ਸ਼ੁਰੂ ਕਰ ਦਿੱਤਾ ਸੀ। ਆਈ.ਐਸ. ਦੇ ਇਲਾਕਿਆਂ ਵਿਚੋਂ ਤੇਲ ਤੁਰਕੀ ਤੇ ਹੋਰ ਦੇਸ਼ਾਂ ਵਿਚ ਸਪਲਾਈ ਹੁੰਦਾ ਹੈ।


# ਪੰਜਵੇਂ 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਿਹ' ਲਈ ਰਚਨਾਵਾਂ ਦੀ ਮੰਗ

ਕਹਾਣੀਕਾਰ ਦੋਸਤੋ, ਜਨਵਰੀ 2015 ਵਿਚ ਪਰਵਾਸੀ ਲੇਖਕਾਂ ਵਿਚ ਪੰਜਾਬੀ ਕਹਾਣੀ ਪ੍ਰਤੀ ਵਧਦੇ ਸਿਰਜਣਾਤਮਕ ਉਤਸ਼ਾਹ ਨੂੰ ਵੇਖਦਿਆਂ ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਪ੍ਰੋ. ਹਰਭਜਨ ਸਿੰਘ ਦੇ ਸੰਪਾਦਕੀ ਬੋਰਡ ਵਲੋਂ ਇਕ ਹੋਰ ਨਵਾਂ ਕਹਾਣੀ ਸੰਗ੍ਰਿਹ ਛਾਪਣ ਦਾ ਫੈਸਲਾ ਲਿਆ ਗਿਆ ਸੀ, ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸੰਗ੍ਰਿਹ ਦਾ ਨਾਮ 'ਪਰਵਾਸੀ ਪੰਜਾਬੀ ਕਹਾਣੀ ਸੰਗ੍ਰਿਹ' ਹੋਵੇਗਾ ਜਿਸ ਵਿਚ ਪਰਵਾਸੀ ਕਹਾਣੀਕਾਰਾਂ ਦੀਆਂ ਅਣਛਪੀਆਂ ਰਚਨਾਵਾਂ ਸ਼ਾਮਲ ਕੀਤੀਆਂ ਜਾਣਗੀਆਂ। ਇਸ ਕਾਰਜ ਦੀ ਸਫਲਤਾ ਅਤੇ ਸੰਪਾਦਕੀ ਬੋਰਡ ਦੀ ਮਦਦ ਲਈ ਇਕ ਛੇ ਮੈਂਬਰੀ ਸਹਿਯੋਗੀ ਟੀਮ ਬਣਾਈ ਗਈ ਹੈ ਜਿਸ ਵਿਚ ਅਮਰਜੀਤ ਚਾਹਲ (ਸਰੀ, ਕੈਨੇਡਾ, ਫੋਨ: 604-825-9240), ਨਛੱਤਰ ਸਿੰਘ ਗਿਲ (ਸਰੀ, ਕੈਨੇਡਾ, ਫੋਨ: 604-580-3877), ਸੁਰਜੀਤ ਕੌਰ (ਟੋਰਾਂਟੋ, ਕੈਨੇਡਾ, ਫੋਨ: 905-216-4981), ਮਹਿੰਦਰ ਪਾਲ ਸਿੰਘ ਧਾਲੀਵਾਲ (ਸਲੋਹ, ਇੰਗਲੈਂਡ, ਫੋਨ: 0795-685-7764), ਦਰਸ਼ਨ ਸਿੰਘ ਧੀਰ (ਵੁਲਵਰਹੈਪਟਨ, ਇੰਗਲੈਂਡ, ਫੋਨ: 190-265-9956) ਅਤੇ ਸੰਤੋਖ ਸਿੰਘ ਧਾਲੀਵਾਲ (ਨੌਟਿੰਗਮ, ਇੰਗਲੈਂਡ, ਫੋਨ:115-916-3848) ਸ਼ਾਮਲ ਹਨ।

ਇਸ ਕਹਾਣੀ ਸੰਗ੍ਰਿਹ ਨੂੰ ਲੋਕ-ਪੱਖੀ ਸਮਾਜਕ ਸਰੋਕਾਰਾਂ ਨਾਲ ਜੋੜਨ ਲਈ ਕੁਝ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਕਹਾਣੀਕਾਰ ਸੰਪਾਦਕੀ ਬੋਰਡ ਦੀ ਸਹੂਲਤ ਨੂੰ ਧਿਆਨ ਵਿਚ ਰੱਖਣ:

1. ਕੋਈ ਨਵੀਂ, ਮੌਲਿਕ ਅਤੇ ਅਣਪ੍ਰਕਾਸ਼ਤ ਕਹਾਣੀ ਹੀ ਭੇਜੀ ਜਾਵੇ।
2. ਵਿਸ਼ੇ-ਵਸਤੂ ਪਖੋਂ ਪਰਵਾਸੀ ਸਰੋਕਾਰਾਂ ਅਤੇ ਵਿਸ਼ਵ ਪਰਿਪੇਖ ਵਾਲੀਆਂ ਲੋਕ-ਪੱਖੀ, ਅਗਾਂਹ ਵਧੂ ਪਹੁੰਚ ਅਤੇ ਦ੍ਰਿਸ਼ਟੀਕੋਣ ਵਾਲੀਆਂ ਰਚਨਾਵਾਂ ਨੂੰ ਪਹਿਲ ਦਿਤੀ ਜਾਵੇਗੀ। ਨਿਰੋਲ ਦੇਸੀ ਸਥਾਨਕ ਸਰੋਕਾਰ ਵਾਲੀ ਕਹਾਣੀ ਨਾ ਭੇਜੀ ਜਾਵੇ। ਸਾਡਾ ਮਕਸਦ ਪਰਵਾਸੀ ਸਮਸਿਆਵਾਂ ਦੇ ਨਾਲ ਦੁਨੀਆਂ ਭਰ ਦੇ ਸ਼ੋਸ਼ਿਤ ਅਤੇ ਪੱਛੜੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਉਣਾ ਹੈ। ਇਹ ਸ਼ੋਸ਼ਣ ਸਰੀਰਕ-ਮਾਨਸਿਕ-ਲਿੰਗਕ ਹੋਵੇ ਚਾਹੇ ਆਰਥਕ, ਸਮਾਜਕ, ਰਾਜਨੀਤਕ, ਸਭਿਆਚਾਰਕ, ਜੰਗਾਂ ਦੀ ਤਬਾਹੀ ਅਤੇ ਕਾਰਪੋਰੇਟ ਵਿਸ਼ਵੀਕਰਨ ਦੇ ਨਵ-ਬਸਤੀਵਾਦੀ ਮਨਸੂਬਿਆਂ ਕਾਰਨ ਭਿਆਨਕ ਆਰਥਕ ਮੰਦਵਾੜਾ ਜਾਂ ਫਿਰ ਖਪਤ ਸਭਿਆਚਾਰ ਦਾ ਹਮਲਾ ਹੋਵੇ।

*ਰਚਨਾਵਾਂ 31 ਦਸੰਬਰ 2015 ਤਕ ਸੰਪਾਦਕੀ ਮੰਡਲ ਦੇ ਹੇਠ ਲਿਖੇ ਪਤੇ 'ਤੇ ਭੇਜੀਆਂ ਜਾ ਸਕਦੀਆਂ ਹਨ:*

**Surinder Sohal**
15 Remsen Ave, Valley Stream, NY 11580 USA
Email: surindersohal@hotmail.com
Ph: 646-220-2586


**Harjinder Pandher**
3974 Chatsworth Circle, Stockton, CA 95209 USA
Email: Pandher@gmail.com
Ph: 209-610-5055

**Prof. Harbhajan Singh**
486 Ridge Creek Lane, Patterson, CA 95363 USA
Email: profhssangha@gmail.com
Ph: 209-222-3866

ਇਸ ਤੋਂ ਪਹਿਲਾਂ ਚਾਰ ਪੰਜਾਬੀ ਕਹਾਣੀ ਸੰਗ੍ਰਿਹ: 'ਸੁਪਨੇ ਤੇ ਸੰਤਾਪ', 'ਪੰਖ, ਪਿੰਜਰਾ ਤੇ ਪਰਵਾਜ਼', 'ਅਮਰੀਕੀ ਪੰਜਾਬੀ ਕਹਾਣੀ' ਅਤੇ 'ਪਰਵਾਸ ਤੋਂ ਆਵਾਸ ਵਲ' (ਉਤਰੀ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਿਹ) ਛਪ ਚੁਕੇ ਹਨ। ਇਨ੍ਹਾਂ ਵਿਚੋਂ ਪਹਿਲੇ ਦੋ ਦਾ ਸੰਪਾਦਨ ਪ੍ਰੋ. ਗੁਰਬਖਸ਼ ਸਿੰਘ ਸਚਦੇਵ, ਅਮਰਜੀਤ ਦਰਦੀ ਅਤੇ ਪ੍ਰੋ. ਹਰਭਜਨ ਸਿੰਘ ਵਲੋਂ ਕੀਤਾ ਗਿਆ ਹੈ। ਇਹ ਦੋਵੇਂ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ ਵਲੋਂ ਛਾਪੇ ਗਏ ਹਨ। ਤੀਜਾ ਸੰਗ੍ਰਿਹ ਪੰਜਾਬੀ ਅਕਾਦਮੀ, ਦਿੱਲੀ ਨੇ ਛਾਪਿਆ ਸੀ, ਜਿਸ ਦੇ ਸੰਪਾਦਕ ਪ੍ਰੋ. ਹਰਭਜਨ ਸਿੰਘ ਹਨ। ਚੌਥੇ ਕਹਾਣੀ-ਸੰਗ੍ਰਿਹ 'ਪਰਵਾਸ ਤੋਂ ਆਵਾਸ ਵਲ' ਦੇ ਸੰਪਾਦਕੀ ਮੰਡਲ ਵਿਚ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਸ਼ਾਮਲ ਹਨ। ਇਹ ਪਰਵਾਜ਼ ਪ੍ਰਕਾਸ਼ਨ ਜਲੰਧਰ ਨੇ ਸੰਨ 2013 ਵਿਚ ਛਾਪਿਆ ਸੀ।

**ਜਾਰੀ ਕਰਤਾ: ਸੰਪਾਦਕੀ ਬੋਰਡ 'ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਿਹ' ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ**

# ਗੁਣਾਚੌਰ, ਸ਼ਮਸ਼ੇਰ ਸੰਧੂ ਤੇ ਜਸਬੀਰ




ਐਸ. ਅਸ਼ੋਕ ਭੌਰਾ
ਫੋਨ: 510-415-3315

ਕਿਸੇ ਦੇ ਚੰਗੇ ਗੁਣਾ ਦੀ ਪ੍ਰਸ਼ੰਸਾ ਕਰਨੀ ਹੁਣ ਕਾਫੀ ਔਖੀ ਹੁੰਦੀ ਜਾ ਰਹੀ ਹੈ ਪਰ ਜਸਬੀਰ ਗੁਣਾਚੌਰੀਆ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਉਹਦੀ ਵਡਿਆਈ 'ਚ ਇਹ ਜ਼ਰੂਰ ਕਹਾਂਗਾ ਕਿ ਭਾਵੇਂ ਬਹੁਤ ਸਾਰੇ ਗੀਤਕਾਰਾਂ ਅਤੇ ਸ਼ਾਇਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਪਰ ਦੇਬੀ ਤੋਂ ਬਾਅਦ ਜੇ ਕਿਸੇ ਗੀਤਕਾਰ ਨੂੰ ਮੈਂ ਦਿੱਲੋਂ ਰੱਜ ਕੇ ਸਲਾਹਿਆ ਹੈ ਤਾਂ ਉਹ ਜਸਬੀਰ ਗੁਣਾਚੌਰੀਆ ਹੀ ਹੈ। ਜਸਬੀਰ ਦੀ ਸਿਫਤ ਮੈਂ ਕਿਉਂ ਕਰ ਰਿਹਾ ਹਾਂ? ਉਹਦਾ ਸ਼ੁਰੂਆਤ 'ਚ ਹੀ ਹਵਾਲਾ ਦੇ ਦਿੰਨੈਂ।

"ਕਿਤੇ 'ਕੱਲੀ ਬਹਿ ਕੇ ਸੋਚੀਂ ਨੀਂ ਅਸੀਂ ਕੀ ਨਹੀਂ ਕੀਤਾ ਤੇਰੇ ਲਈ" ਦੀਆਂ ਆਖਰੀ ਸਤਰਾਂ:

ਜਦ ਹੁਸਨ ਤੇਰੇ ਦਾ ਚੰਨ ਜਿੰਦੇ,
ਗਿਆ ਬੈਠ ਗੋਡਣੀ ਲਾ ਕੇ ਨੀ,
ਗੁਣਾਚੌਰੀਏ ਤੂੰ ਜਸਬੀਰ ਤਾਈਂ,
ਉਦੋਂ ਲੱਭੇਂਗੀ ਫਿਰ ਆ ਕੇ ਨੀ।

ਜਾਂ

'ਤੁਰ ਗਈ ਜਹਾਜ ਚੜ੍ਹ ਕੇ' ਦੀਆਂ ਕੁਝ ਸਤਰਾਂ:

ਉਚੇ ਅਸਮਾਨਾਂ ਵਿਚ ਉਚੀਆਂ ਉਡਾਨਾਂ,
ਤੈਨੂੰ ਉਚਿਆਂ ਘਰਾਂ ਨੇ ਭਰਮਾ ਲਿਆ।
ਸਾਡਿਆਂ ਹੱਥਾਂ ਦੇ ਵਿਚੋਂ ਖੋਹ ਲਿਆ ਏ ਤੈਨੂੰ,
ਜਾਲ ਸੋਨੇ ਦੀਆਂ ਰੱਸੀਆਂ ਦਾ ਪਾ ਲਿਆ।

ਨਾਲ ਕਹਿ ਸਕਦੇ ਹਾਂ ਕਿ ਜਸਬੀਰ ਸ਼ਾਇਰੀ ਦਾ ਸਿਖਰ ਹੈ। ਉਹ ਆਪਣੀ ਜ਼ਿੰਦਗੀ ਵਿਚ ਆਪ ਕਿੰਨਾ ਕੁ ਉਦਾਸ ਰਿਹਾ ਹੈ, ਇਹ ਤਾਂ ਉਹੀ ਜਾਣੇ ਪਰ ਉਸ ਨੂੰ ਉਦਾਸ ਗੀਤ ਲਿਖਣ ਦਾ ਬਾਦਸ਼ਾਹ ਕਹਿ ਸਕਦਾ ਹਾਂ।

'ਗੁਣਾਚੌਰ' ਬੰਗਿਆਂ ਤੋਂ ਮੁਕੰਦਪੁਰ ਨੂੰ ਜਾਂਦੀ ਸੜਕ 'ਤੇ ਵਸਿਆ ਪਹਾੜੀਨੁਮਾ ਪਿੰਡ ਹੈ। ਇਸ ਪਿੰਡ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਜ਼ਰਾ ਇਕਾਗਰਚਿੱਤ ਹੋ ਕੇ ਦੇਖੋ, ਨੰਦ ਲਾਲ ਦਾ ਨੂਰਪੁਰ ਨਾਲ, ਦੀਪਕ ਜੈਤੋਈ ਦਾ ਜੈਤੋ ਨਾਲ, ਹਸਨਪੁਰ ਦਾ ਇੰਦਰਜੀਤ ਨਾਲ, ਬਾਬੂ ਸਿੰਘ ਮਾਨ ਦਾ ਮਰਾੜਾਂ ਨਾਲ, ਗੁਰਾਇਆ ਦਾ ਚੰਨ ਨਾਲ, ਦੇਬੀ ਦਾ ਮਖਸੂਸਪੁਰ ਨਾਲ, ਬਰੀਕਿਆਂ ਦਾ ਦੇਵ ਨਾਲ, ਦੇਤਵਾਲ ਦਾ ਪਾਲੀ ਨਾਲ, ਗਿੱਲ ਦਾ ਜੱਬੋਮਾਜਰੇ ਨਾਲ, ਦਵਿੰਦਰ ਦਾ ਖੰਨੇ ਨਾਲ ਟਿੱਚ ਬਟਣਾਂ ਵਰਗਾ ਸਬੰਧ ਰਿਹਾ ਹੈ ਤੇ ਆਪਾਂ ਇਨ੍ਹਾਂ ਨਾਂਵਾਂ ਨੂੰ ਅੱਗਤ ਪਿੱਛਤ ਵੀ ਕਰ ਲਈਏ ਤਾਂ ਕੋਈ ਫਰਕ ਨਹੀਂ ਪੈਂਦਾ ਪਰ ਮੈਂ ਗੁਣਾਚੌਰ ਨੂੰ ਕਈ ਹੋਰ ਗੱਲਾਂ ਕਰਕੇ ਵੀ ਜਾਣਦਾ ਹਾਂ। ਕਹਿੰਦੇ ਨੇ, ਇਥੇ ਕਦੇ ਰਾਜਾ ਗੋਪੀਚੰਦ ਆਇਆ ਸੀ, ਪਹਾੜੀ ਦੇ ਉਪਰ ਗੁਣਾਚੌਰ ਦੇ ਟਿੱਬਿਆਂ ਦੇ ਉਪਰ ਪੁਰਾਣੀਆਂ ਇੱਟਾਂ ਦੇ ਨਿਸ਼ਾਨ ਇਹੀ ਦਰਸਾਉਂਦੇ ਹਨ। ਗੁਣਾਚੌਰ ਦਾ ਸਬੰਧ ਬੰਗਿਆਂ ਦੇ ਲਹਿੰਦੇ ਪਾਸੇ ਬੇਹ 'ਤੇ ਵਸੇ 'ਹੀਉਂ' ਪਿੰਡ ਨਾਲ ਵੀ ਹੈ ਜਿਸ ਨੂੰ ਆਮ ਤੌਰ ਤੇ 'ਹੀਵਾਂ' ਵੀ ਕਿਹਾ ਜਾਂਦਾ ਹੈ। ਕਹਿੰਦੇ ਨੇ, ਇਥੇ ਰਾਜਾ ਭਰਥਰੀ ਰਾਜ ਕਰਦਾ ਰਿਹੈ ਤੇ ਗੋਪੀ ਚੰਦ ਤੇ ਰਾਜਾ ਭਰਥਰੀ ਚਾਚਾ-ਭਤੀਜਾ ਸਨ।

1980 ਦੀਆਂ ਮਾਸਕੋ ਉਲੰਪਿਕ ਖੇਡਾਂ, ਜਿਨ੍ਹਾਂ ਨੂੰ ਮੈਂ ਅੱਖੀਂ ਵੇਖਿਆ ਤੇ ਇਨ੍ਹਾਂ ਖੇਡਾਂ ਵਿਚ ਸੋਨੇ ਦਾ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੀ ਅਗਵਾਈ ਹੁਣ ਦੇ ਵੱਡੇ ਪੁਲਿਸ ਅਫਸਰ ਸੁਰਿੰਦਰ ਸੋਢੀ ਦੇ ਹੱਥਾਂ ਵਿਚ ਸੀ, ਉਲੰਪੀਅਨ ਚੈਂਪੀਅਨ ਸੋਢੀ ਦਾ ਪਿੰਡ ਵੀ ਗੁਣਾਚੌਰ ਹੀ ਹੈ। ਕਲਾ ਪੱਖੋਂ ਢਾਡੀ ਦੀਦਾਰ ਸਿੰਘ ਰਟੈਂਡਾ ਵੰਡ ਤੋਂ ਪਿੱਛੋਂ ਆਖਰੀ ਸਾਹਾਂ ਤੱਕ ਗੁਣਾਚੌਰ ਹੀ ਰਹਿੰਦਾ ਰਿਹਾ ਹੈ। ਇਥੇ ਹੀ ਮੈਂ ਉਸ ਨੂੰ ਇਕ ਬਾਂਹ ਦੀ ਸਾਰੰਗੀ ਅਤੇ ਦੂਜੀ ਬਾਂਹ ਦਾ ਗਜ ਬਣਾ ਕੇ ਸੌਵੇਂ ਸਾਲ ਤੋਂ ਉਪਰ 'ਚੱਕ ਕੇ ਝੰਮਣ ਹੀਰੇ ਡੋਲੀ ਬਹਿ ਗਈ ਖੇੜਿਆਂ ਦੀ' ਗਾਉਂਦਿਆਂ ਸੁਣਿਐ। ਇਹ ਪਿੰਡ ਗੀਤਕਾਰ ਸ਼ਮਸ਼ੇਰ ਸੰਧੂ ਨਾਲ ਵੀ ਜੁੜਦਾ ਹੈ ਕਿਉਂਕਿ ਉਸ ਦੀ ਪਤਨੀ ਸੁਖਬੀਰ ਇਸੇ ਪਿੰਡ ਦੀ ਹੈ। ਅੱਜ ਦੇ ਗੁਣਾਚੌਰ ਦੀ ਗੱਲ


ਜਸਬੀਰ ਗੁਣਾਚੌਰੀਆ

ਕਰਨੀ ਹੋਵੇ ਤਾਂ ਕਹਿ ਸਕਦਾ ਹਾਂ ਕਿ ਭੱਤਾ ਲੈ ਕੇ ਜਾਂਦੀ ਦਾ ਚਾਹੇ ਲੱਕ ਹਿੱਲੇ ਚਾਹੇ ਗੜਵਾ, ਗੁਣਾਚੌਰ ਨੂੰ ਦੁਨੀਆਂ 'ਚ ਪ੍ਰਸਿੱਧੀ ਲੈ ਕੇ ਦੇਣ ਦਾ ਸਿੱਧਾ ਸਬੰਧ ਇਸੇ ਪਿੰਡ ਵਿਚ ਜੰਮੇ ਦਿਲਾਵਰ ਤੇ ਦਰਸ਼ਣ ਕੌਰ ਦੇ ਪੁੱਤਰ ਜਸਬੀਰ ਨਾਲ ਹੀ ਹੈ।

ਗੱਲ 1986-87 ਦੀ ਹੈ ਜਦੋਂ ਜਸਬੀਰ ਮੇਰੇ ਸੰਪਰਕ ਵਿਚ ਆਇਆ। ਉਹ 'ਅਜੀਤ' ਵਿਚ ਮੇਰੇ ਛਪ ਰਹੇ ਲੇਖਾਂ ਦਾ ਕਦਰਦਾਨ ਸੀ ਤੇ ਲੇਖਕ ਹੀ ਬਣਨ ਦੀ ਉਸ ਦੀ ਇੱਛਾ ਸੀ। ਉਹਦੇ ਕੁਝ ਲੇਖ ਅਜੀਤ ਵਿਚ ਛਪਦੇ ਵੀ ਰਹੇ। ਇਹਦਾ ਜ਼ਰੀਆ ਭਾਵੇਂ ਮੈਂ ਸੀ ਪਰ ਅਜੀਤ ਦਾ ਮੈਗਜ਼ੀਨ ਐਡੀਟਰ ਪਰਮਜੀਤ ਸਿੰਘ ਵਿਰਕ ਗੁਣਾਚੌਰ ਵਿਆਹਿਆ ਹੋਣ ਕਰਕੇ ਜਸਬੀਰ ਨੂੰ ਕੁਝ ਹੋਰ ਵੀ ਫਾਇਦਾ ਹੁੰਦਾ ਰਿਹਾ। ਉਹ ਪਹਿਲਿਆਂ 'ਚ ਸ਼ਮਸ਼ੇਰ ਦਾ ਹਵਾਲਾ ਦੇ ਕੇ ਮਿਲਦਾ ਹੁੰਦਾ ਸੀ ਕਿ ਉਹ ਸਾਡੇ ਪਿੰਡ ਦਾ ਜੁਆਈ ਭਾਈ ਹੈ ਤੇ ਮਨਧੀਰ, ਸ਼ਮਸ਼ੇਰ ਤੇ ਜਸਬੀਰ ਅਕਸਰ ਮੈਨੂੰ 'ਕੱਠਿਆ ਹੀ ਮਿਲਦੇ। ਪਰ ਜਦੋਂ ਕੁਲਵੀਰ ਚੰਡੀਗੜ੍ਹੀਏ ਨੇ ਜਸਬੀਰ ਦਾ ਪਹਿਲਾ ਗੀਤ ਰਿਕਾਰਡ ਕਰਵਾਇਆ ਤਾਂ ਉਹ ਮੈਨੂੰ ਚਾਅ ਨਾਲ ਦੱਸਣ ਆਇਆ। ਮੁੱਖੜਾ ਤਾਂ ਯਾਦ ਨਹੀਂ ਪਰ ਆਖਰੀ ਬੋਲ ਸਨ 'ਗੁਣਾਚੌਰ ਜਸਬੀਰ ਨੇ ਤੈਨੂੰ ਕਮਲੀ ਕਹਿ ਕਹਿ ਹੱਸਣਾ', ਮੈਨੂੰ ਲੱਗਾ ਸੀ ਕਿ ਚੰਗਾ ਗੀਤਕਾਰ ਬਣੇਗਾ ਪਰ ਉਹ ਗੀਤਕਾਰੀ ਵਿਚ ਸ਼ਬਦ ਰੋਣ ਹੀ ਲਾ ਦੇਵੇਗਾ, ਆਸ ਨਹੀਂ ਸੀ। ਜਸਬੀਰ ਵਿਚ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਬੇਹਦ ਮਿਲਣਸਾਰ ਹੈ। ਹਵਾਲਾ ਇਥੇ ਇਹ ਦਿਆਂਗਾ ਕਿ 'ਇੰਨਾ ਗੁੱਸੇ ਗੁੱਸੇ ਰਵੇਂ ਦੱਸ ਕਿਉਂ ਸੱਜਣਾ, ਕਦੇ ਮਿਲਿਆ ਵੀ ਕਰ ਸਿੱਧੇ ਮੂੰਹ ਸੱਜਣਾ' ਆਪਣਾ ਗੀਤ ਗੁਰਦਾਸ ਮਾਨ ਦੀ ਆਵਾਜ਼ ਵਿਚ ਰਿਕਾਰਡ ਕਰਵਾ ਜਾਣਾ ਜਸਬੀਰ ਦੀਆਂ ਉਨ੍ਹਾਂ ਤਲੀਆਂ ਦੀ ਗੱਲ ਹੈ ਜਿਹੜੀਆ ਆਪ ਹੀ ਨਹੀਂ ਵੱਜੀਆਂ, ਦੂਜਿਆਂ ਨਾਲ ਵੀ ਇਕਸੁਰ ਹੋ ਕੇ ਵੱਜਦੀਆਂ ਰਹੀਆਂ ਹਨ।

ਜਸਬੀਰ ਦੇ ਵਿਆਹ ਦੀ ਝਲਕ ਦੇਖੋ ਕਿ ਮੇਰੇ ਵਿਆਹ 'ਤੇ 22 ਕਲਾਕਾਰ ਸਨ ਤੇ ਉਹਦੇ ਤੇ 27, ਤੇ ਮੈਨੂੰ ਲੱਗਦਾ ਸੀ ਕਿ ਜਸਬੀਰ ਸਾਡਾ ਪੱਲਾ ਖਿੱਚ ਕੇ ਲੈ ਗਿਆ। ਇਹ ਉਹਦੇ ਪਿਆਰ, ਮੁਹੱਬਤ, ਸੂਝ, ਨਿਮਰਤਾ, ਸਾਦਗੀ ਦੇ ਪੰਜ ਪਰਮੇਸ਼ਰਾਂ ਦਾ ਸਾਂਝਾ ਜੈਕਾਰਾ ਸੀ। ਮਨਮੋਹਨ ਵਾਰਿਸ ਹੁਰਾਂ ਦੇ ਗਾਏ ਗੀਤਾਂ ਵਿਚ ਜਸਬੀਰ ਚੰਗਾ ਨਿਖਰਿਆ ਹੈ ਤੇ ਮੈਨੂੰ ਕਈ ਵਾਰੀ ਇੰਦਾਂ ਵੀ ਲੱਗਦਾ ਰਿਹਾ ਹੈ ਕਿ ਮਨਮੋਹਨ ਆਪ ਵੀ ਚਮਕ ਗਿਆ ਹੈ। ਜਸਬੀਰ ਦੇ ਖਾਤੇ 'ਚ ਇਕ ਅੰਕੜਾ ਬਣਿਆ ਰਹੇਗਾ ਕਿ 'ਕੱਲੀ ਬਹਿ ਕੇ ਸੋਚੀਂ' ਕੈਸਿਟ ਜਾਂ ਗੀਤ ਹੀ ਨਹੀਂ ਚੱਲਿਆ ਸਗੋਂ ਉਹਦੇ ਟਾਈਟਲ 'ਤੇ ਲੱਗੀ ਤਸਵੀਰ ਵਿਕਣ ਦੇ ਵੀ ਅੰਕੜੇ ਕਦੇ ਝੁਠਲਾਏ ਨਹੀਂ ਜਾ ਸਕਦੇ। ਮੈਨੂੰ ਉਹਦੇ ਇਕ ਹੋਰ ਗੀਤ ਦੀਆਂ ਸਤਰਾਂ ਬਹੁਤ ਪਿਆਰੀਆਂ ਲੱਗਦੀਆਂ ਰਹੀਆਂ ਹਨ:

ਹੱਥੀਂ ਰੰਗਲਾ ਚੂੜਾ ਪਾ ਕੇ,
ਗਲ ਵਿਚ ਰਾਣੀ ਹਾਰ ਸਜਾ ਕੇ,
ਬਹਿ ਗਈ ਵਿਚ ਡੋਲੀ ਦੇ ਜਾ ਕੇ,
ਦਿੱਤੇ ਤੋੜ ਯਰਾਨੇ।
ਹੁਣ ਕਦ ਮੇਲ ਹੋਣਗੇ,
ਹਾਏ ਨੀਂ ਮੇਰੀਏ ਜਾਨੇਂ...।

ਉਦਾਸ, ਰੋਮਾਂਸ ਅਤੇ ਸ਼ਬਦ ਸ਼ੈਲੀ ਨੂੰ ਪਿਆਰ ਕਰਨ ਵਾਲਾ ਤੇ ਦਿਲ, ਗੁਰਦੇ ਵਾਲਾ ਮਨੁੱਖ ਸੁਭਾਵਿਕ ਹੀ ਦੋਵੇਂ ਬਾਹਾਂ ਉਚੀਆਂ ਕਰਕੇ ਕਹੇਗਾ 'ਜਸਬੀਰ ਗੁਣਾਚੌਰੀਆ- ਜ਼ਿੰਦਾਬਾਦ'। ਜਸਬੀਰ ਨੂੰ ਸਰਦੂਲ ਨੇ ਵੀ ਗਾਇਆ ਹੈ, ਅਮਰ ਨੂਰੀ ਨੇ ਵੀ, ਹੰਸ ਰਾਜ ਹੰਸ ਨੇ ਵੀ, ਗੁਰਦਾਸ ਨੇ ਵੀ, ਦੁਰਗੇ ਰੰਗੀਲੇ ਨੇ ਵੀ, ਪਰਮਿੰਦਰ ਸੰਧੂ ਨੇ ਵੀ, ਹਰਭਜਨ ਮਾਨ ਨੇ ਵੀ, ਕਮਲ ਹੀਰ ਨੇ ਵੀ, ਹਰਦੀਪ ਨੇ ਵੀ, ਕਮਲਜੀਤ ਨੀਰੂ ਨੇ ਵੀ ਤੇ ਉਨ੍ਹਾਂ ਨੇ ਵੀ ਜਿਹੜੇ ਉਹਦੇ ਤੋਂ ਜਸਬੀਰ 'ਇਕ ਗੀਤ ਦਈਂ ਇਕ ਗੀਤ ਦਈਂ' ਮੰਗ ਕੇ ਆਪਣੀ ਗਾਇਕੀ ਨੂੰ ਬਰੇਕ ਦਵਾਉਣ ਲਈ ਗੁਣਾਚੌਰ ਦੇ ਟਿੱਬਿਆਂ 'ਤੇ ਵੀ ਚੜ੍ਹਦੇ ਰਹੇ ਨੇ ਅਤੇ ਕੈਨੇਡਾ ਵਸਦੇ ਉਹਦੇ ਘਰ ਦੀਆਂ ਘੰਟੀਆਂ ਵੀ ਖੜਕਾਉਂਦੇ ਰਹੇ ਨੇ।

ਹਰਭਜਨ ਮਾਨ ਦਾ ਗੀਤ 'ਨੱਚ ਨੱਚ ਕੇ ਧਮਾਲਾਂ ਪਾ ਨੀ ਜੇ ਤੈਨੂੰ ਨੱਚਣੇ ਦਾ ਚਾਅ' ਨਾਲ ਜਸਬੀਰ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਉਹਨੂੰ ਸਿਰਫ ਉਦਾਸ ਗੀਤ ਹੀ ਲਿਖਣੇ ਨਹੀਂ ਆਉਂਦੇ ਸਗੋਂ ਉਹ ਪੱਬ ਚੱਕਣ ਲਈ ਸ਼ਬਦਾਂ ਦੀਆਂ ਬੁੱਚੀਆਂ ਵੀ ਪੁਆ ਸਕਦਾ ਹੈ।

ਮਜਾਰਾ ਰਾਜਾ ਸਾਹਿਬ ਦਾ ਮੇਲਾ ਕਿਸੇ ਵੇਲੇ ਪੰਜਾਬ ਦੇ ਵੱਡੇ ਗਾਇਕਾਂ, ਢਾਡੀਆਂ, ਕਵੀਸ਼ਰਾਂ ਕਰਕੇ ਸ਼ਰਧਾ ਦੇ ਨਾਲ ਨਾਲ ਸਫਲਤਾ ਦਾ ਦੁਆਰ ਵੀ ਖੋਲ੍ਹਦਾ ਰਿਹਾ ਹੈ। ਫਿਰ ਜਦੋਂ ਗੁਣਾਚੌਰ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਰੋਵਰ ਸਾਹਿਬ ਬਣਾਇਆ ਗਿਆ ਤਾਂ ਦੋ ਮੇਲੇ ਇੱਕੋ ਵੇਲੇ ਆਹਮੋ ਸਾਹਮਣੇ ਵੀ ਲੱਗਦੇ ਰਹੇ। ਇਹ ਦੋਵੇਂ ਮੇਲੇ ਮੈਨੂੰ ਸਾਰੀ ਉਮਰ ਇਸ ਕਰਕੇ ਵੀ ਯਾਦ ਰਹਿਣਗੇ ਕਿ ਇਨ੍ਹਾਂ ਦੀ ਰੱਜ ਕੇ ਰਿਪੋਰਟਿੰਗ ਕੀਤੀ ਅਤੇ ਉਦੋਂ ਸੱਚੀਂ ਅਖਬਾਰਾਂ, ਅਖਬਾਰਾਂ ਸਨ 'ਤੇ ਬੰਗਿਆਂ ਦੀ ਖਬਰ ਮਾਝੇ ਮਾਲਵੇ ਤੱਕ ਜਾਂਦੀ ਸੀ। ਇਨ੍ਹਾਂ ਮੇਲਿਆਂ 'ਚ ਗਾਇਕਾਂ ਦਾ ਆਉਣਾ ਜਸਬੀਰ ਦੀ ਮੁਹੱਬਤ ਦਾ ਇਕ ਸ੍ਰੋਤ ਅਤੇ ਸ਼ਮਸ਼ੇਰ ਸੰਧੂ ਨਾਲ ਜੁੜੇ ਗੁਣਾਚੌਰ ਦੀ ਵਿਆਖਿਆ ਵੀ ਹੁੰਦਾ ਸੀ। ਕੋਈ ਵੇਲਾ ਸੀ, ਗੁਣਾਚੌਰ ਤੋਂ ਕਰਨਾਣੇ ਵੱਲ ਜਾਂਦੀ ਸੜਕ ਇਨ੍ਹਾਂ ਦੇ ਮੇਲਿਆਂ ਕਰਕੇ ਇੰਦਾਂ ਸੰਗਤਾਂ ਨਾਲ ਭਰੀ ਹੋਈ ਹੁੰਦੀ ਸੀ ਕਿ ਬੰਦੇ ਵਿਚ ਬੰਦਾ ਨਹੀਂ ਲੱਤਾਂ ਵਿਚ ਲੱਤਾਂ ਵੱਜਦੀਆਂ ਹੁੰਦੀਆਂ ਸਨ ਤੇ ਬੱਚਿਆਂ ਦਾ ਗੁਆਚ ਜਾਣਾ ਆਮ ਜਿਹੀ ਗੱਲ ਲੱਗਦੀ ਸੀ। ਇਨ੍ਹਾਂ ਦਿਨਾਂ ਵਿਚ ਜਸਬੀਰ ਦੇ ਘਰ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਸਨ। ਅਸਲ ਵਿਚ ਜਸਬੀਰ ਨੇ ਸਿਰਫ ਗੀਤਾਂ ਵਿਚ ਹੀ ਗੁਣਾਚੌਰ ਨੂੰ ਮਾਣ ਨਹੀਂ ਦਿਵਾਇਆ ਬਲਕਿ ਜਸਬੀਰ ਬੰਗਿਆਂ ਤੇ ਗੁਣਾਚੌਰ ਦੀ ਆਬੋ ਹਵਾ 'ਚੋਂ ਕਦੇ ਮਨਫੀ ਹੀ ਨਹੀਂ ਹੋਇਆ।

ਦੋ ਗੀਤਕਾਰਾਂ ਦੀ ਆਪਸ ਵਿਚ ਮੁਹੱਬਤ ਭਰੀ ਖਿੱਚੋਤਾਣ ਵੀ ਮੈਨੂੰ ਕਈ ਵਾਰ ਚੰਗੀ ਲੱਗਦੀ ਰਹੀ। ਉਦਾਹਰਣ ਦੇਖੋ, ਸ਼ਮਸ਼ੇਰ ਸੰਧੂ ਨੇ ਵਰਿੰਦਰ ਬਚਨ ਦੇ ਮਿਊਜ਼ਿਕ ਹੇਠ ਫਗਵਾੜੇ ਦੇ ਐਚ ਐਸ ਪ੍ਰੀਤ ਦੀ 'ਮਿਊਜ਼ਿਕ ਮੈਮਰੀਜ਼' ਕੰਪਨੀ ਲਈ ਕੇਕੇ ਵਾਲੀ ਸਰਬਜੀਤ ਦੀ ਆਵਾਜ਼ ਵਿਚ ਐਲਬਮ ਰਿਕਾਰਡ ਕਰਵਾਈ। ਉਸ ਵੇਲੇ ਮੈਂ ਵੀ ਆਪਣਾ ਕੋਈ ਗੀਤ ਰਿਕਾਰਡ ਕਰਵਾਉਣ ਦੀ ਇੱਛਾ ਨਾਲ ਚੰਡੀਗੜ੍ਹ ਸਟੂਡੀਓ ਵਿਚ ਹਾਜ਼ਰ ਸਾਂ ਪਰ ਇਹ ਮੇਰੀ ਤਾਂ ਕੀ ਇੱਛਾ ਪੂਰੀ ਹੋਣੀ ਸੀ, ਜਸਬੀਰ ਵੀ ਆਪਣੇ ਅੱਧੇ ਗੀਤ ਰਿਕਾਰਡ ਕਰਵਾਉਂਦਾ ਇਕ 'ਤੇ ਹੀ ਰਹਿ ਗਿਆ। ਅੱਠਾਂ ਵਿਚੋਂ ਸੱਤ ਗੀਤ 'ਕੱਲੇ ਸ਼ਮਸ਼ੇਰ ਸੰਧੂ ਦੇ ਸਨ। ਊਂ ਜਸਬੀਰ ਦਾ ਇਹ ਗੀਤ ਸਰਬਜੀਤ ਦੀ ਆਵਾਜ਼ 'ਚ ਚੰਗਾ ਰਿਹਾ ਸੀ 'ਗੀਟੇ ਖੇਡਦੀ ਨੂੰ ਢਾਣੀ 'ਚੋਂ ਉਠਾ ਲਿਆ ਹਿਲਾ ਕੇ ਵੇ ਰੁਮਾਲ ਰੇਸ਼ਮੀ, ਦਿਲ ਭੋਲੀ ਜਿਹੀ ਕੁੜੀ ਦਾ ਭਰਮਾ ਪਿਆ ਹਿਲਾ ਕੇ ਵੇ ਰੁਮਾਲ ਰੇਸ਼ਮੀ'।

ਜਸਬੀਰ ਗੁੱਸਾ ਕਰੇ ਚਾਹੇ ਨਾ, ਮੈਨੂੰ ਲੱਗਦਾ ਵੀ ਹੈ ਕਿ ਉਹ ਮੇਰੀ ਮੁਹੱਬਤ ਨੂੰ ਦਾਅ 'ਤੇ ਨਹੀਂ ਲਾਏਗਾ ਪਰ ਮੈਂ ਇਹ ਕਹਿਣ ਤੋਂ ਰਹਿ ਨਹੀਂ ਸਕਦਾ ਕਿ ਠੀਕ ਹੈ ਜਸਬੀਰ ਗਾ ਸਕਦਾ ਹੈ, ਕਿਉਂਕਿ ਉਹ ਬਹੁਤ ਗਾਇਕਾਂ ਨੂੰ ਆਪ ਕੰਪੋਜ਼ੀਸ਼ਨਾ ਬਣਾ ਕੇ ਦਿੰਦਾ ਹੈ ਤੇ ਇਸੇ ਕਰਕੇ ਆਪਣੀ ਐਲਬਮ ਰਿਕਾਰਡ ਕਰਨ ਦਾ ਝੱਸ ਵੀ ਪੂਰਾ ਕਰ ਲਿਆ ਹੈ ਪਰ ਉਹ ਗਾਇਕਾਂ ਦੀ ਸ਼੍ਰੇਣੀ ਵਿਚ ਗੀਤਕਾਰੀ 'ਚੋਂ ਨਿਕਲ ਕੇ ਸਥਾਪਿਤ ਨਹੀਂ ਹੋ ਸਕਿਆ ਪਰ ਮੈਂ ਜ਼ਰੂਰ ਕਹਾਂਗਾ ਕਿ ਸੁਨਿਆਰ ਨੂੰ ਲੋਹਾਰ ਬਣਨ ਦਾ ਯਤਨ ਕਰਨਾ ਹੀ ਨਹੀਂ ਚਾਹੀਦਾ।

ਸ਼ਮਸ਼ੇਰ ਤੇ ਜਸਬੀਰ ਦੀਆਂ ਕੁਝ ਸਮਾਨਤਾਵਾਂ ਵੀ ਨੇ। ਜਸਬੀਰ ਦਾ ਇਹ ਜੱਦੀ ਪੁਸ਼ਤੀ ਪਿੰਡ ਹੈ, ਸ਼ਮਸ਼ੇਰ ਦੇ ਬੱਚਿਆਂ ਦਾ ਨਾਨਕਾ ਪਿੰਡ ਹੈ। ਸ਼ਮਸ਼ੇਰ ਦੀ ਅਗਵਾਈ 'ਚ ਤੇ ਸੋਢੀ ਦੇ ਸਹਿਯੋਗ ਨਾਲ ਕਈ ਸਾਲ ਗੁਣਾਚੌਰ 'ਚ ਲੱਗਦੇ ਵੱਡੇ ਸੱਭਿਆਚਾਰਕ ਮੇਲਿਆਂ 'ਚ ਜਸਬੀਰ ਦਾ ਹੱਥ ਵੀ ਅਗਾਂਹ ਨੂੰ ਰਿਹਾ ਹੈ। ਸ਼ਮਸ਼ੇਰ ਦੇ ਨਵੇਂ ਸਾਲ ਦੇ ਕਈ ਪ੍ਰੋਗਰਾਮ ਬਣਾ ਕੇ ਸਿਖਰਲੀਆਂ ਝੰਡਾਂ ਕੀਤੀਆਂ ਹਨ। ਜਸਬੀਰ ਨੇ ਨਾ ਸਿਰਫ ਨਵਿਆਂ ਦੀ ਪੇਸ਼ਕਾਰੀ ਨੂੰ ਕਮਾਲ ਦੀ ਬਣਾਇਐ ਸਗੋਂ ਜਿਹੜੇ ਉਹਦਾ ਫਿਰੋਜ਼ ਖਾਨ ਤੇ ਰੌਸ਼ਨ ਪ੍ਰਿੰਸ ਦਾ ਗਾਇਆ 'ਏਦਾਂ ਦੀ ਹੋਵੇ ਸਾਡੀ ਯਾਰੀ' ਸੁਣਨਗੇ, ਉਹ ਝੱਟ ਦੇਣੀ ਤਸਦੀਕ ਕਰ ਦੇਣਗੇ ਕਿ ਜਸਬੀਰ ਦਾ ਸ਼ਾਇਰਾਨਾ ਖੂਨ 'ਓ ਪਾਜ਼ਿਟਿਵ ਗਰੁਪ' ਹੈ ਜਿਹੜਾ ਨਵਿਆਂ ਪੁਰਾਣਿਆਂ ਸਭ ਨੂੰ 'ਸੂਟ' ਕਰ ਜਾਂਦਾ ਹੈ। ਇਤਫਾਕ ਇਕ ਵਾਰ ਇਹ ਵੀ ਹੋਇਆ ਕਿ ਸੰਨ 2000 ਵਿਚ ਮੈਂ 'ਰੋਜ਼ਾਨਾ ਅਜੀਤ' ਦੇ ਮੈਗਜ਼ੀਨ ਸੈਕਸ਼ਨ ਵਿਚ ਬੀਤੇ ਵਰ੍ਹੇ ਦੀ ਗਾਇਕੀ ਦਾ ਲੇਖਾ-ਜੋਖਾ ਕਰਦਿਆਂ ਜਸਬੀਰ ਦੀ ਆਪਣੀ ਆਵਾਜ਼ ਵਿਚ ਗਾਈ ਐਲਬਮ ਬਾਰੇ ਟਿੱਪਣੀ ਕਰ ਬੈਠਾ ਕਿ 'ਗੱਲ ਨਹੀਂ ਬਣੀ'। ਦੂਸਰੇ ਦਿਨ ਸ਼ਾਮ ਨੂੰ ਜਸਬੀਰ ਦਾ ਫੋਨ ਖੜਕ ਪਿਆ। ਮੈਨੂੰ ਲੱਗਦਾ ਸੀ ਕਿ ਉਹ ਭਰਿਆ ਪੀਤਾ ਆ। ਮੇਰੇ ਤੋਂ ਉਹ ਕਾਫੀ ਖਫਾ ਵੀ ਲੱਗਦਾ ਸੀ ਤੇ ਉਹਦਾ ਸਵਾਲ ਸੀ 'ਭੌਰਾ ਭਾਜੀ ਮੈਨੂੰ ਤੁਹਾਡੇ ਤੋਂ ਇਹ ਆਸ ਨਹੀਂ ਸੀ' ਮੈਨੂੰ ਲੱਗਾ ਉਹ ਮੁਹੱਬਤ ਦੀ ਸਾਂਝ ਵਾਲੀ ਚੂਟਕੀ ਲੈ ਰਿਹਾ ਹੈ ਪਰ ਮੈਨੂੰ ਯਾਦ ਹੈ ਕਿ ਜਸਬੀਰ ਦੀ ਨਾਰਾਜ਼ਗੀ ਨੂੰ ਬਹਾਨੇ ਦੀ ਚਟਣੀ 'ਚ ਸਵਾਦਲਾ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਜਸਬੀਰ ਤੇਰੇ ਬਾਰੇ ਲਿਖੀਆਂ ਚੰਗੀਆਂ ਲਾਈਨਾਂ ਸ਼ਾਇਦ ਐਡੀਟਰ ਦੀ ਕੈਂਚੀ ਦਾ ਸ਼ਿਕਾਰ ਹੋ ਗਈਆਂ ਨੇ। ਪਰ ਮੇਰਾ ਇਹ ਬਹਾਨਾ ਉਸ ਨੂੰ ਬਹਾਨਾ ਨਾ ਲੱਗਾ ਤੇ ਉਹ ਇਸ ਨੂੰ ਸੱਚ ਮੰਨ ਗਿਆ ਸੀ।

ਇਕ ਵਾਰ ਅਸੀਂ ਗੁਣਾਚੌਰ 'ਚ ਸੁਖਬੀਰ ਬੋਲੀਨਾ ਦੀ ਇਕ ਵੀਡੀਓ ਐਲਬਮ ਲਈ ਪਰਮਿੰਦਰ ਸੰਧੂ ਦਾ ਇਕ ਗੀਤ ਸ਼ੂਟ ਕਰ ਰਹੇ ਸਾਂ, ਜਸਬੀਰ ਮੇਰੇ ਨਾਲ ਸੀ। ਗੀਤ ਦਾ ਮੁੱਖੜਾ ਸੀ 'ਪਿੱਪਲਾਂ ਦੇ ਟਾਣ੍ਹ ਹਿੱਲਦੇ ਕੁੜੀ ਨੱਚਦੀ ਸਤਾਰਾਂ ਵਲ ਖਾਵੇ'। ਜਦੋਂ ਉਹਦਾ ਆਖਰੀ ਅੰਤਰਾ ਆਇਆ 'ਭੌਰੇ ਦਾ ਅਸ਼ੋਕ ਉਹਦੇ ਦਿਲ ਦਿਆਂ ਚਾਵਾਂ ਵਿਚ ਦਿਨੇ ਰਾਤ ਦੀਪ ਬਣ ਜਗਦਾ' ਜਸਬੀਰ ਮੇਰੇ ਵੱਲ ਮੂੰਹ ਕਰਕੇ ਹੱਸ ਪਿਆ, 'ਅੱਛਾ! ਤੁਸੀਂ ਗੀਤ ਵੀ ਲਿਖ ਲੈਂਦੇ ਹੋ, ਹੁਣ ਮੁੱਕੀ ਤੁਸੀਂ ਸਾਡੀ ਕਲਾ ਵਿਚ ਵੀ ਮਾਰੋਗੇ।'

ਜਸਬੀਰ ਗੀਤ 'ਤੇ ਗੀਤ ਲਿਖੀ ਜਾ ਰਿਹਾ ਹੈ ਪਰ ਗੀਤ ਚੰਗੇ ਬਹੁਤ ਲਿਖ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਜੋ ਦੌਰ ਚੱਲ ਰਿਹਾ ਹੈ ਉਹ ਜਸਬੀਰ ਦਾ ਨਹੀਂ। ਇਹ ਉਨ੍ਹਾਂ ਕਲਮਾਂ ਦਾ ਹੈ ਜਿਨ੍ਹਾਂ ਦੀ ਨਿੱਬ੍ਹ ਤਾਂ ਟੁੱਟੀ ਹੋਈ ਹੈ ਪਰ ਲਿਖ ਰਹੀਆਂ ਨੇ ਜਾਂ ਜਿਨ੍ਹਾਂ ਕੋਲ ਸਰੀਰ ਤਾਂ ਹੈ ਜ਼ਮੀਰ ਨਹੀਂ।

ਜਸਬੀਰ ਨਿਮਰਤਾ ਤੇ ਸਾਦਗੀ ਵਾਲਾ ਮਨੁੱਖ ਹੈ। ਉਹ ਪਿੱਠ ਪਿੱਛੇ ਵੀ ਸ਼ਮਸ਼ੇਰ ਨੂੰ ਸੰਧੂ ਭਾਜੀ ਕਹੇਗਾ, ਗੁਰਦਾਸ ਨੂੰ ਵੀ ਤੇ ਲਗਭਗ ਆਪਣੇ ਹਾਣ ਦੇ ਮਨਮੋਹਨ ਵਾਰਿਸ ਨੂੰ ਮਨਮੋਹਨ ਭਾਜੀ ਕਹਿ ਰਿਹਾ ਹੁੰਦਾ ਹੈ। ਉਹ ਆਖਦਾ ਹੈ ਕਿ ਮੈਂ ਗੀਤਾਂ ਵਿਚੋਂ ਕਮਾਈ ਨਹੀਂ ਕੀਤੀ ਤੇ ਉਹਦੇ ਗੀਤ ਗਾਉਣ ਵਾਲੇ ਗਾਇਕਾਂ ਨੇ ਬਹੁਤ ਪੈਸਾ ਬਣਾਇਆ ਹੈ। ਪਰ ਕਦੇ ਕਦੇ ਮਨਮੋਹਨ ਉਹਦੇ ਨਾਲ ਖੜਾ ਹੁੰਦਾ ਰਿਹਾ ਹੈ। ਉਹ ਕੈਨੇਡਾ ਦੇ ਸਰੀ ਸ਼ਹਿਰ ਵਿਚ ਵਸਦਾ ਹੈ। ਉਹਦਾ ਸਰੀਰ ਭਾਵੇਂ ਸਰੀ ਸ਼ਹਿਰ ਰਹਿੰਦਾ ਹੈ ਪਰ ਉਹਦੀ ਰੂਹ ਗੁਣਾਚੌਰ ਦੀ ਆਬੋ ਹਵਾ ਵਿਚ ਕਿੱਕਲੀ ਪਾ ਰਹੀ ਹੁੰਦੀ ਹੈ। ਪਤਨੀ ਸੁਖਵਿੰਦਰ ਤੇ ਦੋ ਪੁੱਤਰਾਂ ਮਨਜੋਬਨ ਅਤੇ ਗੁਰਜਸ਼ਨ ਨਾਲ ਜ਼ਿੰਦਗੀ ਬਸਰ ਕਰ ਰਹੇ ਜਸਬੀਰ ਨੂੰ ਜਦੋਂ ਕਦੇ ਵੀ ਮਿਲਣ ਜਾਉਗੇ ਤਾਂ ਉਹ ਕੋਈ ਨਵਾਂ ਗੀਤ ਭਾਵੇਂ ਨਾ ਵੀ ਸੁਣਾਵੇ ਪਰ ਉਹ ਆਪ ਹੀ ਇਕ ਗੀਤ ਵਰਗਾ ਲੱਗ ਰਿਹਾ ਹੁੰਦਾ ਹੈ ਕਿਉਂਕਿ ਅਸਲ ਵਿਚ ਜਸਬੀਰ ਸਿਰ ਤੋਂ ਪੈਰਾਂ ਤੱਕ ਸਾਰੇ ਦਾ ਸਾਰਾ ਆਪ ਵੀ ਸੁਰ 'ਚ ਹੀ ਹੈ।


ਪਿੰਡ ਭੌਰੇ ਇਕ ਵਿਆਹ ਦੇ ਸਮਾਗਮ ਦੌਰਾਨ ਐਸ ਅਸ਼ੋਕ ਭੌਰਾ, ਸ਼ਮਸ਼ੇਰ ਸੰਧੂ ਤੇ ਜਸਬੀਰ ਗੁਣਾਚੌਰੀਆ ਕੁਝ ਹੋਰ ਮਿੱਤਰਾਂ ਨਾਲ।

ਉਹ ਮੇਰੇ ਨਾਲ ਵਿੱਟਰਿਆ ਵੀ ਰਿਹਾ ਹੋਵੇ, ਪਰ ਉਹ ਮੈਨੂੰ ਆਪਣਾ ਆਪਣਾ ਇਸ ਕਰਕੇ ਲੱਗਦਾ ਰਿਹਾ ਹੈ ਕਿਉਂਕਿ ਤਿੰਨੇ ਹੀ ਨਾਂ 'ਜਸਬੀਰ, ਸ਼ਮਸ਼ੇਰ ਤੇ ਗੁਣਾਚੌਰ' ਮੇਰੇ ਲਈ ਉਸ ਤਿਕੋਣ ਵਰਗੇ ਹੀ ਹਨ ਜਿਸ ਦਾ ਜੋੜ ਇਕ ਸੌ ਅੱਸੀ ਡਿਗਰੀ ਹੀ ਹੁੰਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਭਰਮ ਹੈ ਕਿ ਸ਼ਾਇਦ ਧਨ ਨਾਲ ਸੰਤੁਸ਼ਟੀ ਹੋ ਜਾਏਗੀ ਪਰ ਜੇ ਮਨ ਦੀਆਂ ਲਹਿਰਾਂ ਵਿਚ ਮੁਹੱਬਤ ਦਾ ਵੇਗ ਨਹੀਂ ਤਾਂ ਪ੍ਰਸੰਨਤਾ ਤੁਹਾਡੇ ਕੋਲੋਂ ਅੱਖਾਂ ਘੁਮਾ ਕੇ ਲੰਘ ਜਾਵੇਗੀ। ਕਦੇ ਜਸਬੀਰ ਨੂੰ ਮਿਲਣ ਦਾ ਮੌਕਾ ਮਿਲੇ ਤਾਂ ਉਹਦੇ ਨਾਲ ਹੱਥ ਨਾ ਮਿਲਾਇਓ, ਗਲ ਲੱਗ ਕੇ ਜੱਫੀ ਪਾ ਕੇ ਮਿਲਿਓ, ਤੁਹਾਨੂੰ ਮਹਿਸੂਸ ਹੋਵੇਗਾ, 'ਪ੍ਰੇਮਿਕਾ ਤਾਂ ਕੁਝ ਵੀ ਨਹੀਂ ਹੁੰਦੀ।'

ਮੈਂ ਵੀ ਜਸਬੀਰ ਦੀ ਸ਼ਾਇਰੀ, ਗੀਤਕਾਰੀ ਤੇ ਸੁਰ ਤੇ ਗੁਰ ਵਾਲੀ ਜ਼ਿੰਦਗੀ ਨੂੰ ਘੁੱਟ ਕੇ ਫੜੀ ਰੱਖਦਾ ਹਾਂ।


ਜਸਬੀਰ ਗੁਣਾਚੌਰੀਆ ਆਪਣੇ ਪਿਤਾ ਦਿਲਾਵਰ ਸਿੰਘ ਤੇ ਸਰਿੰਦਰ ਸਿੰਘ ਸੋਢੀ ਨਾਲ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

# ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ

ਸਾਂਝੇ ਪੰਜਾਬ ਦੇ ਦਾਨਸ਼ਵਰ ਫਿਲਾਸਫਰ-ਕਵੀ ਇਕਬਾਲ ਨੇ ਕਦੀ ਇੱਕ ਨਗ਼ਮਾ ਲਿਖਿਆ ਸੀ, 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ। ਹਮ ਬੁਲਬਲੇਂ ਹੈਂ ਇਸ ਕੀ ਯੇ ਗੁਲਸਿਤਾਂ ਹਮਾਰਾ' ਅਤੇ ਆਜ਼ਾਦ ਭਾਰਤ ਦੇ ਸਕੂਲਾਂ ਵਿਚ ਬਿਨਾ ਕਿਸੇ ਵਖਰੇਵੇਂ ਦੇ ਅਧਿਆਪਕ ਇਹ ਨਗ਼ਮਾ ਸਕੂਲੀ ਬੱਚਿਆਂ ਨੂੰ ਆਮ ਹੀ ਸਿਖਾਉਂਦੇ ਸਨ। ਮੈਂ ਵੀ ਇਹ ਗੀਤ ਆਪਣੇ ਬਚਪਨ ਵਿਚ ਸਕੂਲ ਵਿਚ ਹੀ ਸਿੱਖਿਆ ਸੀ।

ਉਸੇ ਇਕਬਾਲ ਨੂੰ, ਜਿਸ ਨੇ ਕਦੇ ਭਾਰਤ ਦੀ ਗੋਦੀ ਵਿਚ ਖੇਡਦੀਆਂ ਨਦੀਆਂ ਅਤੇ ਅਸਮਾਨ ਨੂੰ ਛੂਹ ਰਹੀਆਂ ਚੋਟੀਆਂ ਵਾਲੇ ਹਿਮਾਲਾ ਪਰਬਤ ਦੇ ਗੀਤ ਗਾਏ ਸੀ 'ਪਾਕਿਸਤਾਨ' ਦਾ ਨਾਹਰਾ ਕਿਉਂ ਲਾਉਣਾ ਪਿਆ ਭਲਾਂ? ਕੀ ਇਸ ਵਿਚ ਇਕਬਾਲ ਦਾ ਕਸੂਰ ਸੀ ਜਾਂ ਉਸ ਸੌੜੀ ਸਿਆਸਤ ਦਾ ਜੋ ਇਥੋਂ ਦੇ ਜੰਮੇ-ਜਾਇਆਂ ਨੂੰ ਇਸ ਧਰਤੀ ਦੇ ਜਾਏ ਸਮਝਣ ਲਈ ਤਿਆਰ ਨਹੀਂ। ਜਾਂ ਤਾਕਤ ਦੀ ਉਸ ਭੁੱਖ ਦਾ ਜੋ ਆਪ ਗੱਦੀ 'ਤੇ ਬਣੇ ਰਹਿਣ ਲਈ ਕੁਝ ਵੀ ਕਰ ਸਕਦੀ ਹੈ, ਲੋਕਾਂ ਦਾ ਖੂਨ ਵੀ ਵਹਾ ਸਕਦੀ ਹੈ? ਮਨੁੱਖੀ ਅਧਿਕਾਰਾਂ ਦੇ ਨਜ਼ਰੀਏ ਤੋਂ ਵੀ ਅਤੇ ਭਾਰਤੀ ਸੰਵਿਧਾਨ ਤਹਿਤ ਵੀ ਹਰ ਭਾਰਤੀ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ ਦਾ ਅਧਿਕਾਰ ਹੈ ਪਰ ਜੋ ਇੱਕ ਦਾ ਅਧਿਕਾਰ ਹੈ, ਉਹ ਦੂਸਰੇ ਦਾ ਫਰਜ਼ ਬਣ ਜਾਂਦਾ ਹੈ। ਸਾਡਾ ਸੰਵਿਧਾਨਕ ਅਧਿਕਾਰ ਸਾਨੂੰ ਹੱਕ ਦਿੰਦਾ ਹੈ ਕਿ ਅਸੀਂ ਆਪਣੇ ਧਰਮ ਨੂੰ ਆਪਣੀਆਂ ਰਵਾਇਤਾਂ ਅਨੁਸਾਰ ਮੰਨ ਸਕੀਏ ਅਤੇ ਸਾਡਾ ਫਰਜ਼ ਕਹਿੰਦਾ ਹੈ ਕਿ ਅਸੀਂ ਦੂਸਰਿਆਂ ਦੇ ਧਰਮ ਵਿਚ ਦਖਲ-ਅੰਦਾਜ਼ੀ ਨਾ ਕਰੀਏ ਤੇ ਆਪਣਾ ਧਰਮ ਕਿਸੇ 'ਤੇ ਠੋਸੀਏ ਵੀ ਨਾ।

ਭਾਰਤ ਵਿਚ ਕੀ ਹੋ ਰਿਹਾ ਹੈ, ਪੰਜਾਬ ਵਿਚ ਹਾਲਾਤ ਕਿਥੇ ਪਹੁੰਚ ਗਏ ਹਨ? ਇਸ ਦਾ ਬਹੁਤ ਖੁਲਾਸਾ ਹੋ ਚੁੱਕਾ ਹੈ। 17 ਅਕਤੂਬਰ ਦੇ 'ਪੰਜਾਬ ਟਾਈਮਜ਼' ਵਿਚ ਦਲਜੀਤ ਅਮੀ, ਬੂਟਾ ਸਿੰਘ ਅਤੇ ਹਰਪਾਲ ਪਨੂੰ ਦੇ ਲੇਖ ਪੜ੍ਹੇ। 10 ਅਕਤੂਬਰ ਦੇ 'ਪੰਜਾਬ ਟਾਈਮਜ਼' ਵਿਚ ਜਤਿੰਦਰ ਪੰਨੂ ਦਾ ਲੇਖ 'ਵਿਗੜੇ ਤੱਤਾਂ ਦੀਆਂ ਸੈਨਾਵਾਂ ਤੇ ਦੇਸ਼ ਦਾ ਭਵਿੱਖ' ਛਪਿਆ ਸੀ ਜਿਸ ਤੋਂ ਪਤਾ ਲਗਦਾ ਹੈ ਕਿ 'ਭਗਵਾਂ ਰੰਗ' ਕਿਸ ਤਰ੍ਹਾਂ ਮੁਲਕ ਦੀਆਂ ਰਵਾਇਤਾਂ ਨੂੰ ਢਾਹ ਲਾ ਕੇ ਨਿਰਪੱਖ ਆਵਾਜ਼ਾਂ ਨੂੰ ਬੰਦ ਕਰਨਾ ਚਾਹੁੰਦਾ ਹੈ।

'ਵਿਗੜੇ ਤੱਤਾਂ ਦੀਆਂ ਸੈਨਾਵਾਂ' ਵੱਲੋਂ ਜੋ ਕੁੱਝ ਕੀਤਾ ਜਾ ਰਿਹਾ ਹੈ, ਉਹ ਮਨ ਵਿਚ ਬਹੁਤ ਸਾਰੇ ਸਵਾਲ ਪੈਦਾ ਕਰਦਾ ਹੈ। ਇਹ ਸਵਾਲ ਵੀ ਬੜੇ ਅਜੀਬੋ-ਗਰੀਬ ਅਤੇ ਉਲਝੇ ਹੋਏ ਹਨ।

ਇੰਟਰਨੈਟ 'ਤੇ ਸਵਾਮੀ ਸ਼ਰਧਾਨੰਦ ਨੇ 'ਹਿੰਦੂ' ਸ਼ਬਦ ਦਾ ਅਰਥ ਅਤੇ ਨਿਕਾਸ ਦੱਸਦਿਆਂ ਕਿਹਾ ਹੈ ਕਿ 'ਹਿੰਦੂ' ਸ਼ਬਦ ਬਾਹਰ ਤੋਂ 'ਇੰਡਸ' ਯਾਨਿ 'ਸਿੰਧ' ਦਰਿਆ ਤੋਂ ਇੱਧਰ ਵੱਸਣ ਵਾਲੇ ਲੋਕਾਂ ਲਈ ਵਰਤਿਆ ਜਾਂਦਾ ਸੀ ਅਤੇ ਜਿਹੜੇ ਲੋਕ ਵੇਦਾਂ ਨੂੰ ਮੰਨਦੇ ਹਨ, ਉਨ੍ਹਾਂ ਲਈ ਸਹੀ ਸ਼ਬਦ 'ਸਨਾਤਨ ਧਰਮ' ਹੈ, 'ਹਿੰਦੂ' ਨਹੀਂ। ਸਵਾਮੀ ਨੇ ਲਿਖਿਆ ਹੈ ਕਿ ਸ਼ਬਦ 'ਹਿੰਦੂ' ਬਹੁਤ ਹੀ ਗਲਤ ਸਮਝਿਆ ਅਤੇ ਗਲਤ ਅਰਥਾਂ ਵਿਚ ਵਰਤਿਆ ਜਾਂਦਾ ਸ਼ਬਦ ਹੈ। ਬਹੁਤੇ ਲੋਕ ਇਹ ਜਾਣਦੇ ਹੀ ਨਹੀਂ ਕਿ ਇਸ ਸ਼ਬਦ ਦਾ ਨਿਕਾਸ ਕਿਵੇਂ ਹੋਇਆ? ਭਾਰਤ ਵਿਚ ਸਿਆਸਤਦਾਨਾਂ ਵੱਲੋਂ ਸ਼ਬਦ ਹਿੰਦੂ ਅਤੇ ਹਿੰਦੂਤਵ ਫਿਰਕੂ ਲਹਿਜੇ ਵਿਚ ਜਾਂ ਤਾਂ ਕਿਸੇ ਪਾਰਟੀ ਨੂੰ ਉਚਿਆਉਣ ਲਈ ਅਤੇ ਜਾਂ ਫਿਰ ਕਿਸੇ ਪਾਰਟੀ ਜਾਂ ਫਲਸਫੇ ਦਾ ਵਿਰੋਧ ਕਰਨ ਲਈ ਵਰਤਿਆ ਜਾਂਦਾ ਹੈ।

ਅਸਲ ਤੱਥ ਇਹ ਹੈ ਕਿ 'ਹਿੰਦੂ' ਅਤੇ 'ਇੰਡੀਆ' ਦੋਵੇਂ ਸ਼ਬਦ ਬਾਹਰੋਂ ਆਏ ਹਨ। 'ਹਿੰਦੂ' ਸ਼ਬਦ ਨਾ ਸੰਸਕ੍ਰਿਤ ਭਾਸ਼ਾ ਵਿਚ ਮਿਲਦਾ ਹੈ ਅਤੇ ਨਾ ਹੀ ਭਾਰਤ ਦੀ ਕਿਸੇ ਵੀ ਹੋਰ ਦੇਸੀ ਭਾਸ਼ਾ ਵਿਚ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ 'ਹਿੰਦੂ' ਸ਼ਬਦ ਧਾਰਮਿਕ ਨਹੀਂ ਹੈ, ਇਸ ਦਾ ਸੰਕੇਤ ਕਿਤੇ ਵੀ ਵੈਦਿਕ ਸ਼ਾਸਤਰਾਂ ਵਿਚ ਨਹੀਂ ਮਿਲਦਾ।

ਹੁਣ ਸਭ ਤੋਂ ਪਹਿਲਾ ਤੇ ਉਲਝਿਆ ਹੋਇਆ ਸਵਾਲ ਜੋ ਮਨ ਵਿਚ ਪੈਦਾ ਹੁੰਦਾ ਹੈ, ਉਹ ਹੈ, 'ਵਿਗੜੇ ਤੱਤਾਂ ਦੀਆਂ ਸੈਨਾਵਾਂ' ਆਪਣੇ ਆਪ ਨੂੰ ਜੇਕਰ 'ਸਨਾਤਨ ਧਰਮ' ਨੂੰ ਮੰਨਣ ਵਾਲੀਆਂ ਮੰਨਦੀਆਂ ਹਨ ਤਾਂ ਉਹ ਬਹੁ-ਗਿਣਤੀ ਕਿਵੇਂ ਹੋਈਆਂ? ਵੇਦਾਂ 'ਤੇ ਆਧਾਰਤ ਸ਼ਾਸਤਰਾਂ ਵਿਚ ਦਿੱਤੇ ਵਰਣ-ਆਸ਼ਰਮ ਧਰਮ ਅਨੁਸਾਰ ਉਪਰਲੇ ਦੋ ਵਰਗਾਂ ਯਾਨਿ ਬ੍ਰਾਹਮਣ ਅਤੇ ਖੱਤਰੀ ਤੋਂ ਬਿਨਾਂ ਹੋਰ ਕੋਈ ਵੀ ਵਰਗ ਨਾ ਵੇਦਾਂ ਦਾ ਪਠਨ-ਪਾਠਨ ਕਰ ਸਕਦਾ ਹੈ, ਨਾ ਪੂਜਾ ਕਰ ਸਕਦਾ ਹੈ, ਕੋਈ ਯੱਗ ਜਾਂ ਹਵਨ ਵੀ ਆਪ ਨਹੀਂ ਕਰ ਸਕਦਾ, ਪੰਡਤ ਤੋਂ ਕਰਵਾ ਸਕਦਾ ਹੈ, ਉਹ ਵੀ ਸ਼ਾਇਦ ਕੋਈ ਦਲਿਤ ਨਹੀਂ। ਦਲਿਤ ਮੰਦਿਰ ਵਿਚ ਜਾ ਨਹੀਂ ਸਕਦਾ, ਪੁਜਾਰੀ ਨਹੀਂ ਬਣ ਸਕਦਾ। ਫਿਰ ਉਹ ਤਥਾ ਕਥਿਤ 'ਹਿੰਦੂ' ਕਿਵੇਂ ਹੋਇਆ? ਇਸ ਹਿਸਾਬ ਉਹ 'ਹਿੰਦੂ' ਨਹੀਂ ਹੈ ਕਿਉਂਕਿ ਜਿਸ ਧਰਮ ਦੀਆਂ ਪੂਜਾ ਵਿਧੀਆਂ ਜਾਂ ਯੱਗ-ਹਵਨ ਕਰਨ ਦਾ, ਉਸ ਦਾ ਪੁਜਾਰੀ ਬਣਨ, ਮੰਦਰ ਵਿਚ ਜਾਣ ਦਾ ਹੱਕ ਨਹੀਂ ਹੈ, ਫਿਰ ਉਹ ਉਸ ਧਰਮ ਦਾ ਅਨੁਯਾਈ ਕਿਵੇਂ ਹੋਇਆ? ਜਾਪਦਾ ਹੈ ਕਿ ਇਨ੍ਹਾਂ ਵਰਗਾਂ ਨੂੰ ਵੈਸੇ ਤਾਂ ਸ਼ਾਸਤਰਾਂ ਅਨੁਸਾਰ ਕੋਈ ਧਾਰਮਿਕ ਅਧਿਕਾਰ ਨਹੀਂ ਹੈ ਪਰ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਲਈ ਇਨ੍ਹਾਂ ਨੂੰ 'ਵਿਗੜੇ ਤੱਤਾਂ ਦੀਆਂ ਸੈਨਾਂ' ਵਿਚ ਭਰਤੀ ਕਰ ਲਿਆ ਜਾਂਦਾ ਹੈ ਅਤੇ ਸੌੜੇ ਸਿਆਸੀ ਹਿਰਸੀ ਹਿਤਾਂ ਖਾਤਰ ਅਤੇ ਮਜ਼ਹਬੀ ਜਨੂੰਨ ਹਿੱਤ ਵਰਤ ਲਿਆ ਜਾਂਦਾ ਹੈ।

ਗਊ ਜੋ ਕਿ ਬਾਕੀ ਪਸ਼ੂਆਂ ਵਰਗਾ ਪਸ਼ੂ ਹੈ ਪਰ ਹੋਰ ਦੁਧਾਰੂ ਪਸ਼ੂਆਂ ਨਾਲੋਂ ਜ਼ਿਆਦਾ ਸਾਫ ਸੁਥਰਾ, ਦੇਖਣ ਨੂੰ ਸੁਹਣਾ ਅਤੇ ਸੀਲ ਹੈ, ਬਾਰੇ 'ਨੈਸ਼ਨਲ ਹਿੰਦੂ ਸਟੂਡੈਂਟਸ ਫੋਰਮ ਯੂ. ਕੇ. ਵੱਲੋਂ ਇੰਟਰਨੈਟ 'ਤੇ ਲਿਖਿਆ ਮਿਲਦਾ ਹੈ ਕਿ 'ਹਿੰਦੂ ਗਊ ਦੀ ਪੂਜਾ ਨਹੀਂ ਕਰਦੇ, ਅਸੀਂ ਗਊ ਦੀ ਇੱਜ਼ਤ, ਮਾਣ ਅਤੇ ਪ੍ਰਸ਼ੰਸਾ ਕਰਦੇ ਹਾਂ। ਇਸ ਸੀਲ ਜਾਨਵਰ ਦਾ ਸਤਿਕਾਰ ਕਰਕੇ, ਜਿਹੜਾ ਸਾਨੂੰ ਉਸ ਨਾਲੋਂ ਵੱਧ ਦਿੰਦਾ ਹੈ ਜਿੰਨਾ ਲੈਂਦਾ ਹੈ, ਅਸੀਂ ਸਾਰੇ ਪ੍ਰਾਣੀਆਂ ਦਾ ਸਤਿਕਾਰ ਕਰਦੇ ਹਾਂ'।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ 'ਪ੍ਰਾਣੀਆਂ' ਵਿਚ ਮਨੁੱਖ ਅਰਥਾਤ ਦੂਸਰੇ ਧਰਮਾਂ ਵਾਲੇ ਸ਼ਾਮਲ ਨਹੀਂ? ਜਾਂ ਫਿਰ ਗਊ ਦੀ ਜਾਨ ਮਨੁੱਖੀ ਜਾਨ ਨਾਲੋਂ ਵੱਧ ਮਾਇਨੇ ਰੱਖਦੀ ਹੈ? ਵਿਕੀਪੀਡੀਆ ਵਿਚ ਲਿਖਿਆ ਹੈ ਕਿ ਗਾਂ ਪੁਰਾਣੇ ਸਮਿਆਂ ਤੋਂ 'ਧਨ/ਦੌਲਤ' ਦਾ ਚਿੰਨ੍ਹ ਰਹੀ ਹੈ। ਪਰ ਇਹ ਅੱਜ ਦੀ ਤਰ੍ਹਾਂ ਨਾ ਹੀ 'ਸੌਂਹ' (inviolable) ਸੀ ਅਤੇ ਨਾ ਹੀ ਸਤਿਕਾਰੀ ਜਾਂਦੀ ਸੀ। ਗਊ ਦਾ ਸਤਿਕਾਰ ਸ਼ਾਇਦ ਇਸ ਲਈ ਕੀਤਾ ਜਾਂਦਾ ਸੀ ਕਿ ਹਿੰਦੂ ਰੋਜ਼ਾਨਾ ਚੀਜ਼ਾਂ ਦੀ ਉਪਜ ਲਈ, ਖੇਤਾਂ ਵਿਚ ਹੱਲ ਵਾਹੁਣ ਅਤੇ ਗਊ ਦਾ ਗੋਹਾ ਖਾਦ ਦੇ ਰੂਪ ਵਿਚ ਵਰਤਣ ਲਈ ਇਸ 'ਤੇ ਬਹੁਤ ਨਿਰਭਰ ਸੀ। ਇਸ ਲਈ ਗਊ ਦਾ ਰੁਤਬਾ ਇੱਕ ਖਿਆਲ ਰੱਖਣ ਵਾਲੀ (ਕੇਅਰਟੇਕਰ) ਹੋਣ ਕਰਕੇ ਇਸ ਨੂੰ 'ਮਾਂ' ਦੇ ਸਮਾਨ ਸਮਝਣ ਲੱਗ ਪਏ ਅਤੇ 'ਗਊ ਮਾਤਾ' ਦਾ ਦਰਜਾ ਦੇ ਦਿੱਤਾ।

ਸੰਸਕ੍ਰਿਤ ਵਿਚ ਗਊ ਲਈ ਆਮ ਵਰਤਿਆ ਗਿਆ ਪਦ 'ਗੋ' ਹੈ ਜਿਸ ਦਾ ਅੰਗਰੇਜ਼ੀ ਵਿਚ ਸੁਜਾਤੀ ਪਦ Cow ਅਤੇ ਲੈਟਿਨ ਵਿਚ Bosh ਅਤੇ ਇਹ ਸਾਰੇ Proto-Indo-European (PIE) ਤੋਂ 'Gwous' ਦੇ ਸੁਜਾਤੀ ਹਨ। ਸੰਸਕ੍ਰਿਤ ਵਿਚ ਡੰਗਰਾਂ ਲਈ 'ਪਸ਼ੂ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। (ਭਾਸ਼ਾ ਵਿਗਿਆਨੀ ਹੋਣ ਦੇ ਨਾਤੇ ਬਲਜੀਤ ਬਾਸੀ ਇਸ 'ਤੇ ਵੱਧ ਚਾਨਣਾ ਪਾ ਸਕਦੇ ਹਨ।) ਰਿਗ ਵੇਦ ਵਿਚ ਜਾਨਵਰਾਂ ਵਿਚੋਂ ਪਸ਼ੂਆਂ ਨੂੰ ਬਹੁਤ ਮਹੱਤਵਪੂਰਨ ਮੰਨਿਆ ਗਿਆ ਹੈ ਅਤੇ ਕਈ ਭਜਨ ਦਸ ਹਜ਼ਾਰ ਤੋਂ ਵੀ ਵੱਧ ਪਸ਼ੂਆਂ ਵੱਲ ਸੰਕੇਤਕ ਹਨ। ਰਿਗ ਵੇਦ 7.95.8 ਅਤੇ ਦੂਸਰੇ ਭਜਨਾਂ (ਜਿਵੇਂ 8.21.18) ਵਿਚ ਵੀ ਦੱਸਿਆ ਹੈ ਕਿ ਸਰਸਵਤੀ ਇਲਾਕਾ ਦੁੱਧ ਅਤੇ ਘਿਓ ਦੀਆਂ ਧਾਰਾਂ ਵਗਾਉਂਦਾ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਇਸ ਇਲਾਕੇ ਵਿਚ ਪਸ਼ੂ ਪਾਲੇ ਜਾਂਦੇ ਸਨ। ਰਿਗ ਵੇਦ ਦੇ 6.28 ਭਜਨਾਂ ਨੂੰ 'ਗਊ' ਕਿਹਾ ਗਿਆ ਹੈ। ਟੈਕਸਟ 3 ਗਊਆਂ ਦੀ ਸੁਰੱਖਿਆ ਦੀ ਗੱਲ ਕਰਦਾ ਹੈ।

ਰਿਗ ਵੇਦ ਵਿਚ ਗਊ ਬਹੁਤ ਵਾਰ 'ਧਨ/ਦੌਲਤ ਦੇ ਚਿੰਨ੍ਹ ਵਿਚ ਉਭਰਦੀ ਹੈ ਅਤੇ ਇਸ ਦੀ ਦਰਿਆ ਦੀ ਦੇਵੀ ਨਾਲ ਤੁਲਨਾ ਕੀਤੀ ਹੈ। ਬ੍ਰਹਮ-ਸੰਹਿਤਾ ਅਤੇ ਹਰਿਵੰਸ਼ ਵਿਚ ਕ੍ਰਿਸ਼ਨ ਨੂੰ ਗਊਆਂ ਦਾ ਚਰਵਾਹਾ ਕਰਕੇ ਦੱਸਿਆ ਹੋਇਆ ਹੈ। (ਮੈਨੂੰ ਜਾਪਦਾ ਹੈ ਕਿ ਇਹ ਇਸ ਲਈ ਵੀ ਸੀ ਕਿ ਕ੍ਰਿਸ਼ਨ ਦਾ ਪਾਲਣ ਪੋਸ਼ਣ ਯਸ਼ੋਧਾ ਅਤੇ ਨੰਦ ਦੇ ਘਰ ਹੋਇਆ ਸੀ, ਜੋ ਆਪ ਗਵਾਲੇ ਸਨ।)

ਜ਼ਰਤੁਸਤ ਮੱਤ ਭਾਵ ਪਾਰਸੀ ਧਰਮ ਵਿਚ 'ਗੇਉਸ਼ ਉਰਵਾ' ਦਾ ਅਰਥ ਹੈ, 'ਗਊ ਦੀ ਆਤਮਾ' ਅਤੇ ਇਸ ਦੀ ਵਿਆਖਿਆ ਧਰਤੀ ਦੀ ਆਤਮਾ ਵਜੋਂ ਕੀਤੀ ਗਈ ਹੈ। ਜ਼ਾਰਾਥੁਸਤਰਾ ਅਤੇ ਵੈਦਿਕ ਪੁਜਾਰੀ ਪਸ਼ੂ ਪਾਲਣ ਵਾਲੀ ਧਰਤੀ ਨਾਲ ਸਬੰਧਤ ਸਨ।

'ਆਵੇਸਤਾ' ਦੇ 9ਵੇਂ ਪਾਠ 'ਵੇਂਦੀਦਾਦ' ਵਿਚ ਗਊ ਦੇ ਮੂਤਰ ਦੀ ਸੋਧਕ ਸ਼ਕਤੀ ਦੀ ਮਹੱਤਤਾ ਦੱਸੀ ਗਈ ਹੈ।

ਯਹੂਦੀ ਧਰਮ ਗ੍ਰੰਥ 'ਹਿਬਰੂ ਬਾਈਬਲ' ਵਿਚ ਧੱਬਾ-ਰਹਿਤ 'ਲਾਲ ਗਊ' ਪੁਰਾਤਨ ਯਹੂਦੀ ਰਸਮਾਂ ਦਾ ਮਹੱਤਵਪੂਰਨ ਹਿੱਸਾ ਸੀ। ਗਊ ਦੀ ਬਲੀ ਦਿੱਤੀ ਜਾਂਦੀ ਸੀ ਅਤੇ ਇੱਕ ਖਾਸ ਕਿਸਮ ਦੀ ਰਸਮ ਵਿਚ ਉਸ ਨੂੰ ਜਲਾਇਆ ਜਾਂਦਾ ਸੀ, ਅਤੇ ਉਸ ਦੀ ਸੁਆਹ ਨੂੰ ਪਾਣੀ ਵਿਚ ਮਿਲਾ ਕੇ ਉਸ ਮਨੁੱਖ ਦੀ ਸ਼ੁਧੀ ਕੀਤੀ ਜਾਂਦੀ ਸੀ ਜੋ ਕਿਸੇ ਮਨੁੱਖੀ ਲਾਸ਼ ਦੇ ਸੰਪਰਕ ਵਿਚ ਆਇਆ ਹੋਵੇ। ਇਸ ਰਸਮ ਦੀ ਵਿਆਖਿਆ 'ਬੁੱਕ ਆਫ ਨੰਬਰਜ਼' ਦੇ 19ਵੇਂ ਪਾਠ ਵਿਚ 1-14 ਸਲੋਕਾਂ ਵਿਚ ਕੀਤੀ ਗਈ ਹੈ। ਰੀਤੀ ਰਿਵਾਜ ਨੂੰ ਮੰਨਣ ਵਾਲੇ ਯਹੂਦੀ ਲਿਖਤ ਦੇ ਇਸ ਹਿੱਸੇ ਨੂੰ ਗਰਮ ਰੁੱਤ ਦੇ ਅਰੰਭ ਵਿਚ 'ਹਫਤਾਵਾਰੀ ਤੋਰਹਾ ਹਿੱਸਾ' ਦੇ ਰੂਪ ਵਿਚ ਪੜ੍ਹਦੇ ਹਨ ਜਿਸ ਨੂੰ 'ਚੁਕਟ' ਕਿਹਾ ਜਾਂਦਾ ਹੈ।

ਇੱਕ ਸਮਕਾਲੀ ਯਹੂਦੀ ਜਥੇਬੰਦੀ ਜਿਸ ਨੂੰ 'ਟੈਂਪਲ ਇੰਸਟੀਚਿਊਟ' ਕਿਹਾ ਜਾਂਦਾ ਹੈ, ਇਸ ਪੁਰਾਤਨ ਧਾਰਮਿਕ ਰਸਮ ਰਿਵਾਜ ਨੂੰ ਪੁਨਰ ਪ੍ਰਚੱਲਿਤ ਕਰਨਾ ਚਾਹੁੰਦੀ ਹੈ। ਰਵਾਇਤੀ ਯਹੂਦੀ ਗਊ ਦੇ ਮਾਸ ਨੂੰ ਖਾਣੇ ਦੇ ਨਿਯਮਾਂ ਅਨੁਸਾਰ (Kosher) ਮੰਨਦੇ ਹਨ ਅਤੇ ਭੋਜਨ ਦੇ ਤੌਰ 'ਤੇ ਤਾਂ ਮਨਜ਼ੂਰ ਕਰਦੇ ਹਨ, ਜੇਕਰ ਗਊ ਨੂੰ ਧਾਰਮਿਕ ਰਸਮ ਅਨੁਸਾਰ ਮਾਰਿਆ ਗਿਆ ਹੋਵੇ ਜਿਸ ਨੂੰ ਸ਼ੇਛਿਤਾ (Shechta) ਕਹਿੰਦੇ ਹਨ ਅਤੇ ਮਾਸ ਦੀ ਵਰਤੋਂ ਉਸ ਭੋਜਨ ਵਿਚ ਨਹੀਂ ਕੀਤੀ ਜਾਂਦੀ ਜਿਸ ਵਿਚ ਦੁੱਧ ਤੋਂ ਬਣੇ ਪਦਾਰਥ ਸ਼ਾਮਲ ਹੋਣ।

ਕੁਰਾਨ ਸ਼ਰੀਫ ਦਾ ਦੂਸਰੇ ਅਤੇ ਲੰਬੇ ਸੁਰਾਹ ਦਾ ਨਾਮ 'ਅਲ-ਬਕਾਰਾ' ('The Cow') ਬੇਸ਼ੱਕ, ਸੁਰਾਹ ਦੇ 286 ਬੰਦਾਂ ਵਿਚੋਂ 7 ਵਿਚ ਹੀ ਗਊਆਂ ਦਾ ਜ਼ਿਕਰ ਹੈ। ਇਨ੍ਹਾਂ ਵਿਚ ਮੋਜਜ ਵੱਲੋਂ ਯਹੂਦੀਆਂ ਨੂੰ ਪੀਲੀ ਗਊ ਦੀ ਬਲੀ ਦੇਣ ਲਈ ਕਹਿਣ ਦੀ ਕਹਾਣੀ ਦੱਸੀ ਹੋਈ ਹੈ। ਜਦੋਂ ਮੋਜਜ ਨੇ ਉਨ੍ਹਾਂ ਨੂੰ ਕਿਹਾ ਕਿ ਅੱਲਾਹ ਨੇ ਉਨ੍ਹਾਂ ਕੋਲੋਂ ਗਊ ਦੀ ਬਲੀ ਦੀ ਮੰਗ ਕੀਤੀ ਹੈ ਤਾਂ ਉਨ੍ਹਾਂ ਨੇ ਪੁੱਛਿਆ ਕਿ ਕੀ ਉਹ ਉਨ੍ਹਾਂ ਦਾ ਮਖੌਲ ਉਡਾ ਰਿਹਾ ਸੀ। ਉਸ ਨੇ ਉਤਰ ਦਿੱਤਾ, ਅਗਿਆਨੀ ਹੋਣ ਕਰਕੇ ਉਸ ਨੇ ਅੱਲਾਹ ਦੀ ਸ਼ਰਨ ਲਈ। ਇਹ ਪੁੱਛਣ 'ਤੇ ਕਿ ਗਊ ਕਿਹੋ ਜਿਹੀ ਹੋਣੀ ਚਾਹੀਦੀ ਹੈ, ਉਸ ਦੀ ਕੀ ਪਛਾਣ ਹੋਵੇ? ਤਾਂ ਉਸ ਨੇ ਦੱਸਿਆ, ਗਊ ਪੀਲੇ ਰੰਗ ਦੀ, ਨਾ ਬਹੁਤ ਬੁੱਢੀ ਅਤੇ ਨਾ ਬਹੁਤ ਜੁਆਨ ਹੋਵੇ, ਵਿਚਕਾਰਲੀ ਉਮਰ ਦੀ ਹੋਵੇ, ਦੇਖਣ ਨੂੰ ਚੰਗੀ ਲੱਗੇ, ਜ਼ਮੀਨ 'ਤੇ ਹੱਲ ਵਾਹੁਣ ਅਤੇ ਖੇਤਾਂ ਨੂੰ ਸਿੰਜਣ ਲਈ ਸਿਖਲਾਈ ਨਾ ਦਿੱਤੀ ਹੋਵੇ, ਕਿਸੇ ਕਿਸਮ ਦਾ ਨੁਕਸ ਨਾ ਹੋਵੇ ਅਤੇ ਉਸ 'ਤੇ ਕੋਈ ਧੱਬਾ ਨਾ ਹੋਵੇ। ਯਹੂਦੀਆਂ ਨੇ ਜਦੋਂ ਅਜਿਹੀ ਗਊ ਭਾਲ ਕੇ ਉਸ ਨੂੰ ਮਾਰ ਦਿੱਤਾ ਤਾਂ ਉਸੇ ਸਮੇਂ ਕਿਸੇ ਆਦਮੀ ਦਾ ਖੂਨ ਹੋ ਗਿਆ ਸੀ ਅਤੇ ਲੋਕ ਖੂਨੀ ਦੀ ਪਛਾਣ ਬਾਰੇ ਝਗੜ ਰਹੇ ਸੀ ਪਰ ਗਊ ਮਾਰਨ 'ਤੇ ਖੂਨੀ ਦੀ ਅਸਲੀ ਪਛਾਣ ਹੋ ਗਈ। ਅੱਲਾਹ ਨੇ ਮਾਰੇ ਗਏ ਬੰਦੇ ਨੂੰ ਬਧ ਕੀਤੀ ਗਊ ਦੇ ਕਿਸੇ ਹਿੱਸੇ ਨਾਲ ਛੁਹਾਉਣ ਲਈ ਕਿਹਾ ਜਿਸ ਨਾਲ ਬੰਦਾ ਦੁਬਾਰਾ ਜਿਉਂਦਾ ਹੋ ਗਿਆ। ਇਸਲਾਮ ਗਊ ਹੱਤਿਆ ਅਤੇ ਗਊ ਦਾ ਮਾਸ ਖਾਣ ਦੀ ਆਗਿਆ ਤਾਂ ਦਿੰਦਾ ਹੈ ਜੇ ਕਰ ਉਸ ਨੂੰ ਖਾਸ ਧਾਰਮਿਕ ਰਸਮ ਅਨੁਸਾਰ ਮਾਰਿਆ ਗਿਆ ਹੋਵੇ।

ਹੁਣ ਸਵਾਲ ਹੈ, ਜਦੋਂ ਇੱਕ ਧਰਮ ਦੀਆਂ ਰਸਮਾਂ ਦੂਜੇ ਧਰਮ ਨਾਲ ਮੇਲ ਨਾ ਖਾਂਦੀਆਂ ਹੋਣ, ਤਾਂ ਕੀ ਇਨ੍ਹਾਂ ਰਸਮਾਂ ਖਾਤਰ ਇੱਕ ਦੂਜੇ ਦਾ ਖੂਨ ਕਰ ਦੇਣਾ ਚਾਹੀਦਾ ਹੈ? ਇਸਲਾਮ ਸਿੰਧ ਦਰਿਆ ਤੋਂ ਪਾਰੋਂ ਆਇਆ ਹੈ ਪਰ ਇਸ ਨੂੰ ਮੰਨਣ ਵਾਲੇ ਤਾਂ ਭਾਰਤ ਵਿਚ ਜੰਮੇ ਪਲੇ ਹਨ।

ਘਟੀਆ ਸਿਆਸਤ ਅਧੀਨ ਸਿਆਸਤਦਾਨਾਂ ਵੱਲੋਂ ਇੱਕ ਵਾਰ ਫਿਰ ਪੰਜਾਬ ਨੂੰ ਬਲਦੀ ਦੇ ਬੁੱਥੇ ਵਿਚ ਧੱਕਣ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ, ਜਿਵੇਂ 1978 ਵਿਚ ਹੋਈ ਸੀ। ਪੰਜਾਬ ਦੀ ਕਿਸਾਨੀ ਬਹੁਤ ਹੀ ਮੰਦਵਾੜੇ ਵਿਚੋਂ ਗੁਜ਼ਰ ਰਹੀ ਹੈ, ਖਾਸ ਕਰਕੇ ਮਾਲਵਾ ਪੱਟੀ ਵਿਚ ਨਰਮੇ/ਕਪਾਹ ਦੀ ਫਸਲ 'ਤੇ ਚਿੱਟੇ ਮੱਛਰ ਦੀ ਮਾਰ ਨੇ ਜੋ ਨੁਕਸਾਨ ਕੀਤਾ ਹੈ, ਇਸ ਦਾ ਖੁਲਾਸਾ ਵੀ ਬਹੁਤ ਵਿਸਥਾਰ ਵਿਚ ਹੋ ਚੁੱਕਾ ਹੈ। ਸਵਾਲ ਹੈ ਕਿ ਕਿਸਾਨਾਂ ਦੇ ਵੱਡੀ ਪੱਧਰ 'ਤੇ ਚੱਲ ਰਹੇ ਸੰਘਰਸ਼ ਦੌਰਾਨ ਹੀ ਸਿਰਸਾ ਵਾਲੇ ਸਾਧ ਨੂੰ ਅਕਾਲ ਤਖਤ ਤੋਂ ਮੁਆਫੀਨਾਮਾ ਕਿਉਂ ਦਿੱਤਾ ਗਿਆ? ਕੀ ਇਸ ਦਾ ਲੁਕਵਾਂ ਏਜੰਡਾ ਲੋਕਾਂ ਦਾ ਧਿਆਨ ਇਸ ਸੰਘਰਸ਼ ਵੱਲੋਂ ਪਾਸੇ ਕਰਨਾ ਤਾਂ ਨਹੀਂ ਸੀ? ਇਸ ਦੇ ਨਾਲ ਹੀ ਇੱਕ ਹੋਰ ਸਵਾਲ ਹੈ ਕਿ ਇੱਕ ਗੁਰਸਿੱਖ ਜੋ ਬੜੇ ਔਖੇ ਸਮਿਆਂ ਵਿਚ ਅਕਾਲ ਤਖਤ ਦਾ ਜਥੇਦਾਰ ਵੀ ਰਹਿ ਚੁੱਕਿਆ ਸੀ, ਬਾਣੀ ਪੜ੍ਹਨ-ਪੜ੍ਹਾਉਣ ਵਾਲਾ ਅਤੇ ਬਾਣੀ ਦਾ ਕੀਰਤਨੀਆ ਹੋਣ ਦੇ ਨਾਲ ਨਾਲ ਸਿੱਖ ਜਗਤ ਵਿਚ ਬਹੁਤ ਹੀ ਸਤਿਕਾਰੀ ਜਾਂਦੀ ਸਖਸ਼ੀਅਤ ਹੈ, ਦੇ ਅਕਾਲ ਤਖਤ ਅੱਗੇ ਹਾਜ਼ਰ ਹੋਣ 'ਤੇ ਵੀ ਕਿਸੇ ਨੇ ਗੱਲ ਸੁਣਨ ਦੀ ਖੇਚਲ ਨਹੀਂ ਸੀ ਕੀਤੀ ਤਾਂ ਸਿਰਸਾ ਵਾਲੇ ਸਾਧ ਨੂੰ ਬਿਨਾਂ ਹਾਜ਼ਰ ਹੋਏ, ਮੁਆਫੀਨਾਮਾ ਦੇਣ ਦੀ, ਕਿਸਾਨ ਸੰਘਰਸ਼ ਦੇ ਚੱਲਦਿਆਂ ਕਿਉਂ ਲੋੜ ਪੈ ਗਈ?

ਪੰਜਾਬ ਵਿਚ ਜੰਮਣ ਵਾਲੇ ਸਭ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਨ, ਭਾਵੇਂ ਗੈਰ-ਸਿੱਖ ਵੀ ਹੋਣ, ਕਿਉਂਕਿ ਪੰਜਾਬ ਵਿਚ ਜੰਮਣ ਵਾਲਾ ਇਹ ਜਾਣਦਾ ਹੈ ਕਿ ਸਿੱਖ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਕਿੰਨਾ ਸਤਿਕਾਰਯੋਗ ਹੈ। ਫਿਰ ਜਦੋਂ ਸਿਰਸਾ ਵਾਲੇ ਸਾਧ ਦੇ ਮੁਆਫੀਨਾਮੇ ਦਾ ਵਿਰੋਧ ਵੱਡੇ ਪੱਧਰ 'ਤੇ ਸ਼ੁਰੂ ਹੋ ਗਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਸ਼ਰਾਰਤ ਕਿਉਂ ਤੇ ਕਿਸ ਸਿਆਸਤ ਅਧੀਨ ਕਿਸ ਨੇ ਕਰਵਾਈ? ਇਸ ਦਾ ਦੁੱਖ ਹਰ ਸਿੱਖ ਨੂੰ ਲੱਗਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਸਰਬ ਸਮਿਆਂ ਵਾਸਤੇ ਸ਼ਬਦ-ਗੁਰੂ ਹੈ ਜਿਥੋਂ ਸਿੱਖ ਨੇ ਅਗਵਾਈ ਲੈਣੀ ਹੈ।

ਪਰ ਅਗਲਾ ਸਵਾਲ ਇਹ ਵੀ ਹੈ ਕਿ ਉਹ ਸੰਤ-ਸਮਾਜ, ਜਿਸ ਨੇ ਸਾਰਾ ਟਿੱਲ ਲਾ ਕੇ, ਅਕਾਲ ਤਖਤ ਤੋਂ ਵਿਦਵਾਨਾਂ ਦੀ ਕਮੇਟੀ ਵਿਚ ਪੂਰੀ ਵਿਚਾਰ-ਚਰਚਾ ਤੋਂ ਬਾਅਦ ਹਰ ਤਰ੍ਹਾਂ ਦੇ ਸਿੱਖ ਅਦਾਰਿਆਂ (ਉਦਾਸੀ ਪਰੰਪਰਾ, ਨਿਹੰਗ ਸਿੰਘ ਅਤੇ ਸਭ ਟਕਸਾਲਾਂ) ਦੇ ਇਕੱਠ ਵਿਚ ਮਨਜ਼ੂਰ ਹੋ ਕੇ 2003 ਵਿਚ ਲਾਗੂ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਵਾ ਕੇ ਬਿਕਰਮੀ ਕੈਲੰਡਰ ਦੁਬਾਰਾ ਚਾਲੂ ਕੀਤਾ, ਅੱਜ ਸਭ ਤੋਂ ਅੱਗੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸਬੰਧ ਵਿਚ ਸੰਘਰਸ਼ ਦੀ ਅਗਵਾਈ ਕਿਉਂ ਕਰ ਰਿਹਾ ਹੈ?

ਅਗਲਾ ਸਵਾਲ ਇਹ ਵੀ ਹੈ ਕਿ ਪੂਰਨ ਸ਼ਾਂਤੀ ਨਾਲ ਧਰਨਾ ਦੇ ਰਹੇ ਲੋਕਾਂ 'ਤੇ ਪੁਲਿਸ ਦੀ ਵਰਦੀ ਵਿਚ ਬਹਿਬਲ ਕਲਾਂ ਵਿਚ ਗੋਲੀ ਚਲਾ ਕੇ ਦੋ ਬੰਦਿਆਂ ਨੂੰ ਕਿਉਂ ਅਤੇ ਕਿਸ ਵੱਲੋਂ ਮਾਰਿਆ ਜਾਂ ਮਰਵਾਇਆ ਗਿਆ?

#

## ਨਾਰਾਇਣ ਹਰਿ ਰੰਗ ਰੰਗੋ

ਗੁਰਬਾਣੀ ਗਿਆਨ

**ਗਉੜੀ ਮਹਲਾ ੫**

ਨਾਰਾਇਣ ਹਰਿ ਰੰਗ ਰੰਗੋ॥
ਜਪਿ ਜਿਹਵਾ ਹਰਿ ਏਕ ਮੰਗੋ॥੧॥ ਰਹਾਉ॥
ਤਜਿ ਹਉਮੈ ਗੁਰ ਗਿਆਨ ਭਜੋ॥
ਮਿਲਿ ਸੰਗਤਿ ਧੁਰਿ ਕਰਮ ਲਿਖਿਓ॥੧॥
ਜੋ ਦੀਸੈ ਸੋ ਸੰਗਿ ਨ ਗਇਓ॥
ਸਾਕਤੁ ਮੂੜੁ ਲਗੇ ਪਚਿ ਮੁਇਓ॥੨॥
ਮੋਹਨ ਨਾਮੁ ਸਦਾ ਰਵਿ ਰਹਿਓ॥
ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥੩॥
ਹਰਿ ਸੰਤਨ ਕਰਿ ਨਮੋ ਨਮੋ॥
ਨਉ ਨਿਧਿ ਪਾਵਹਿ ਅਤੁਲੁ ਸੁਖੋ॥੪॥
ਨੈਨ ਅਲੋਵਉ ਸਾਧ ਜਨੋ॥
ਹਿਰਦੈ ਗਾਵਹੁ ਨਾਮ ਨਿਧੋ॥੫॥
ਕਾਮ ਕ੍ਰੋਧ ਲੋਭੁ ਮੋਹੁ ਤਜੋ॥
ਜਨਮ ਮਰਨ ਦੁਹੁ ਤੇ ਰਹਿਓ॥੬॥
ਦੂਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ॥੮॥

ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਉਹ ਨਾਰਾਇਣ ਹਰਿ ਪ੍ਰਭੂ ਜੋ ਸੰਸਾਰ ਦਾ ਮਾਲਕ ਹੈ, ਉਸ ਦੇ ਪ੍ਰੇਮ ਰੂਪੀ ਰੰਗ ਵਿਚ ਆਪਣੇ ਮਨ ਨੂੰ ਰੰਗ ਲੈ; ਜਪਿ ਜਿਹਵਾ ਹਰਿ ਏਕ ਮੰਗੋ, ਵਿਕਾਰਾਂ ਭਰੇ ਇਸ ਸੰਸਾਰ ਵਿਚ ਰਹਿੰਦਿਆਂ ਆਪਣੀ ਜੀਭ ਨਾਲ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਜਾਪ ਕਰ ਅਤੇ ਉਸ ਹਰੀ ਪਰਮਾਤਮਾ ਦੇ ਦਰ ਤੋਂ ਉਸ ਦੇ ਨਾਮ ਦੀ ਦਾਤ ਮੰਗ ਜੋ ਜੀਵ ਦਾ ਸਦਾ ਹੀ ਸਾਥ ਦੇਣ ਵਾਲਾ ਹੈ।

ਤਜਿ ਹਉਮੈ ਗੁਰ ਗਿਆਨ ਭਜੋ॥
ਮਿਲਿ ਸੰਗਤਿ ਧੁਰਿ ਕਰਮ ਲਿਖਿਓ॥੧॥
ਜੋ ਦੀਸੈ ਸੋ ਸੰਗਿ ਨ ਗਇਓ॥
ਸਾਕਤੁ ਮੂੜੁ ਲਗੇ ਪਚਿ ਮੁਇਓ॥੨॥

ਗੁਰਦੇਵ ਪਿਤਾ ਜੀ ਆਖਦੇ ਹਨ- ਹੇ ਭਾਈ! ਗੁਰੂ ਦੀ ਚੰਗੀ ਮੱਤ ਲੈ ਕੇ ਹਉਮੈ ਨੂੰ ਆਪਣੇ ਅੰਦਰੋਂ ਬਾਹਰ ਕੱਢ ਦੇ, ਤੇ ਉਸ ਮਿਹਰਵਾਨ ਪ੍ਰਭੂ ਦਾ ਨਾਮ ਜਪ। ਹੇ ਭਾਈ! ਉਹੀ ਜੀਵ ਸਾਧ ਸੰਗਤ ਵਿਚ ਬੈਠ ਕੇ ਹਰਿ ਨਾਮ ਜਪਦਾ ਹੈ ਜਿਸ ਦੇ ਮੱਥੇ ਉਤੇ ਧੁਰ ਦਰਗਾਹੋਂ ਪ੍ਰਭੂ ਆਪ ਲਿਖਦਾ ਹੈ। ਇਸ ਸੰਸਾਰ ਵਿਚ ਜੋ ਵੀ ਦਿਸ ਰਿਹਾ ਹੈ, ਉਹ ਨਾਲ ਨਹੀਂ ਜਾਣਾ। ਝੱਲਾ ਜੀਵ ਪਦਾਰਥਾਂ ਵਿਚ ਫਸ ਕੇ ਖੁਆਰ ਹੁੰਦਾ ਹੈ ਤੇ ਆਤਮਿਕ ਮੌਤ ਮਰ ਜਾਂਦਾ ਹੈ।

ਮੋਹਨ ਨਾਮੁ ਸਦਾ ਰਵਿ ਰਹਿਓ॥
ਕੋਟਿ ਮਧੇ ਕਿਨੈ ਗੁਰਮੁਖਿ ਲਹਿਓ॥੩॥
ਹਰਿ ਸੰਤਨ ਕਰਿ ਨਮੋ ਨਮੋ॥
ਨਉ ਨਿਧਿ ਪਾਵਹਿ ਅਤੁਲੁ ਸੁਖੋ॥੪॥

ਹੇ ਭਾਈ! ਕਰੋੜਾਂ ਵਿਚੋਂ ਵਿਰਲੇ ਤੇ ਵਡਭਾਗੇ ਜੀਵ ਨੇ ਗੁਰੂ ਦੀ ਸ਼ਰਨ ਪੈ ਕੇ ਉਸ ਮੋਹਨ ਹਰੀ ਪ੍ਰਭੂ ਦਾ ਨਾਮ ਸਿਮਰਨ ਕੀਤਾ ਹੈ, ਜੋ ਇਸ ਸੰਸਾਰ ਦੇ ਕਣ-ਕਣ ਵਿਚ ਨਿਵਾਸ ਕਰ ਰਿਹਾ ਹੈ ਅਤੇ ਸਭ ਜੀਵਾਂ ਦਾ ਮਾਲਕ ਵੀ ਹੈ। ਗੁਰਦੇਵ ਆਖਦੇ ਹਨ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਦੇ ਪਿਆਰੇ ਸੰਤ ਜਨਾਂ ਨੂੰ ਨਮਸਕਾਰ ਕਰਿਆ ਕਰ, ਤੈਨੂੰ ਨੌ ਨਿਧਾਂ ਤੋਂ ਵੀ ਵੱਡਾ ਨਾਮ ਦਾ ਖਜ਼ਾਨਾ ਮਿਲ ਜਾਵੇਗਾ ਤੇ ਬੇਅੰਤ ਸੁੱਖ ਵੀ ਪਾਏਂਗਾ।

ਨੈਨ ਅਲੋਵਉ ਸਾਧ ਜਨੋ॥
ਹਿਰਦੈ ਗਾਵਹੁ ਨਾਮ ਨਿਧੋ॥੫॥
ਕਾਮ ਕ੍ਰੋਧ ਲੋਭੁ ਮੋਹੁ ਤਜੋ॥
ਜਨਮ ਮਰਨ ਦੁਹੁ ਤੇ ਰਹਿਓ॥੬॥

ਹੇ ਭਾਈ! ਮੇਰੀ ਤਾਂ ਇਹੋ ਚਾਹਨਾਂ ਹੈ ਕਿ ਮੈਂ ਆਪਣੀਆਂ ਅੱਖਾਂ ਨਾਲ ਨਾਮ ਜਪਣ ਵਾਲਿਆਂ ਦੇ ਦਰਸ਼ਨ ਕਰਦਾ ਰਹਾਂ; ਹਿਰਦੈ ਗਾਵਹੁ ਨਾਮ ਨਿਧੋ, ਹੇ ਭਾਈ! ਆਪਣੇ ਹਿਰਦਿਆਂ ਵਿਚ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਰਿਹਾ ਕਰੋ, ਜੋ ਸਾਰੇ ਸੁੱਖਾਂ ਦਾ ਖਜ਼ਾਨਾ ਹੈ। ਹੇ ਭਾਈ! ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ ਤੇ ਮੋਹ ਨੂੰ ਮਾਰ ਦਿਓ; ਜਿਹੜਾ ਜੀਵ ਇਨ੍ਹਾਂ ਵਿਕਾਰਾਂ ਨੂੰ ਤਿਆਗ ਦਿੰਦਾ ਹੈ, ਉਹ ਵਡਭਾਗਾ ਜਨਮ ਤੇ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ।

ਦੂਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥੭॥
ਜਿਨਿ ਸੇਵਿਆ ਸੋ ਪਾਰਿ ਪਰਿਓ॥
ਜਨ ਨਾਨਕ ਗੁਰਮੁਖਿ ਜਗਤੁ ਤਰਿਓ॥੮॥

ਹੇ ਭਾਈ! ਪੂਰੇ ਗੁਰੂ ਨੇ ਜਿਸ ਵਡਭਾਗੇ ਜੀਵ ਦੇ ਹਿਰਦੇ ਵਿਚ ਉਸ ਜਗਤ ਪਿਤਾ ਪਰਮਾਤਮਾ ਨਾਲ ਡੂੰਘੀ ਸਾਂਝ ਪੱਕੀ ਕਰ ਦਿੱਤੀ, ਫਿਰ ਉਸ ਦੇ ਅੰਦਰ ਆਤਮਿਕ ਗਿਆਨ ਦਾ ਦੀਵਾ ਬਲ ਪੈਂਦਾ ਹੈ। ਉਸ ਜੀਵ ਦੇ ਹਿਰਦੇ ਰੂਪੀ ਘਰ ਵਿਚੋਂ ਸਾਰਾ ਦੁੱਖ ਤੇ ਹਨੇਰਾ ਮਿਟ ਜਾਂਦਾ ਹੈ। ਜਿਨਿ ਸੇਵਿਆ ਸੋ ਪਾਰਿ ਪਰਿਓ, ਹੇ ਭਾਈ! ਜਿਸ ਜੀਵ ਨੇ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ, ਉਹ ਭਵਜਲ ਤੋਂ ਪਾਰ ਹੋ ਗਿਆ। ਨਾਨਕ ਗੁਰੂ ਦੀ ਸ਼ਰਨ ਪੈ ਕੇ ਜਗਤ, ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ

***ਪੰਜਾਬ ਵਿਚ ਜੋ ਕੁਝ ਇਨ੍ਹੀਂ ਦਿਨੀਂ ਹੋ ਰਿਹਾ ਹੈ, ਉਸ ਨੇ ਹਰ ਹੋਸ਼ਮੰਦ, ਦਰਦਮੰਦ ਤੇ ਗੈਰਤਮੰਦ ਸਿੱਖ ਦੇ ਹਿਰਦੇ ਵਲੂੰਧਰ ਕੇ ਰਖ ਦਿਤੇ ਹਨ। ਹਰ ਇਕ ਦੇ ਧੁਰ ਅੰਦਰੋਂ ਇਕ ਚੀਸ ਉਠਦੀ ਹੈ, ਬਾਬੇ ਨਾਨਕ ਨੂੰ ਪੁਕਾਰ ਦੇ ਰੂਪ ਵਿਚ, ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥ ਇਸੇ ਚੀਸ ਨੂੰ ਸ. ਮਝੈਲ ਸਿੰਘ ਸਰਾਂ, ਜਿਨ੍ਹਾਂ ਦੇ ਲੇਖ ਪਾਠਕ ਅਕਸਰ ਪੰਜਾਬ ਟਾਈਮਜ਼ ਦੇ ਪੰਨਿਆਂ 'ਤੇ ਪੜ੍ਹਦੇ ਰਹਿੰਦੇ ਹਨ, ਨੇ ਇਸ ਲੇਖ ਵਿਚ ਕਲਮਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਦੀ ਬਾਬੇ ਨਾਨਕ ਨੇ ਰੱਬ ਨੂੰ ਉਲ੍ਹਾਮਾ ਦਿਤਾ ਸੀ, ਤੈਂ ਕੀ ਦਰਦ ਨਾ ਆਇਆ। ਅਜ ਹਰ ਪੰਜਾਬ ਦਰਦੀ ਇਸ ਸੋਚ ਵਿਚ ਹੈ, ਇਹ ਉਲ੍ਹਾਮਾ ਕੌਣ ਦੇਵੇ। -ਸੰਪਾਦਕ***

**ਮਝੈਲ ਸਿੰਘ ਸਰਾਂ**

ਬਾਬਾ ਤੂੰ ਕੋਈ ਪੰਜ ਸਦੀਆਂ ਪਹਿਲਾਂ ਹਾਕਮਾਂ ਦੇ ਜ਼ੁਲਮਾਂ ਨੂੰ ਦੇਖ ਕੇ ਕੁਰਲਾ ਉਠਿਆ ਸੀ। ਐਮਨਾਬਾਦ ਦੀ ਧਰਤੀ 'ਤੇ ਅਮਨ ਪਸੰਦ ਪਰਜਾ ਉਪਰ ਇੱਕ ਧਾੜਵੀ ਚੜ੍ਹ ਆਇਆ ਤੇ ਘੜੀਆਂ-ਪਲਾਂ ਵਿਚ ਕਰ ਗਿਆ ਸਭ ਪਾਸੇ ਲਹੂ-ਲੁਹਾਨ। ਫਿਰ ਤੂੰ ਮੁਖਾਤਿਬ ਹੋਇਆ ਰੱਬ ਨੂੰ ਤੇ ਗਰਜ਼ ਕੇ ਕਿਹਾ, 'ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ...॥' ਮੇਰੇ ਵਰਗੇ ਨੂੰ ਇਹ ਸਮਝ ਨਾ ਲੱਗਦੀ ਕਿ ਕੁਲ ਜਹਾਂ ਨੂੰ ਤਾਰਨ ਵਾਲਾ ਗੁਰੂ ਨਾਨਕ ਕਿਉਂ ਖ਼ੂਨ ਦੇ ਸੋਹਿਲੇ ਗਾਉਣ ਲੱਗ ਪਿਆ? ਬਾਬਾ ਤੇਰੀਆਂ ਆਪਣੀਆਂ ਰਮਜ਼ਾਂ ਸਨ, ਵਕਤ ਦੇ ਹਾਕਮਾਂ ਤੇ ਰੱਬ ਨੂੰ ਵੀ ਤਾਹਨਾ ਮਾਰਨ ਦੀਆਂ ਕਿ ਐਨਾ ਜ਼ੁਲਮ ਇਸ ਕਦਰ ਕਿ ਰੱਬ ਦੇ ਨਾਮ ਦਾ ਪੈਗਾਮ ਦੇਣ ਵਾਲਿਆਂ ਨੂੰ ਵੀ ਨਾ ਬਖਸ਼ਿਆ ਗਿਆ। ਤੈਨੂੰ ਖੁਦ ਕੈਦ ਕੀਤਾ ਕਿਉਂਕਿ ਬਾਬਰ ਵਾਣੀ ਦਾ ਬੋਲ ਬਾਲਾ ਹੋ ਗਿਆ ਸੀ।

ਅੱਜ ਬਾਬਾ ਉਸ ਤੋਂ ਵੀ ਖਤਰਨਾਕ ਬਾਦਲ ਵਾਣੀ ਦਾ ਬੋਲ ਬਾਲਾ ਹੋ ਗਿਆ ਤਾਂਹੀ ਤਾਂ ਤੇਰੀ ਉਚਾਰੀ ਰੱਬੀ ਬਾਣੀ ਦੇ ਗ੍ਰੰਥ ਨੂੰ ਪਤਰਾ ਪਤਰਾ ਕਰਕੇ ਗਲੀਆਂ, ਢੇਰਾਂ 'ਤੇ ਸ਼ੱਰੇਆਮ ਸੁੱਟਿਆ ਗਿਆ। ਐਨਾ ਹੀ ਨਹੀਂ, ਤੇਰੇ ਬਖਸ਼ੇ ਨਾਮ 'ਵਾਹਿਗੁਰੂ' ਦਾ ਜਾਪ ਕਰਦਿਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਹਾਕਮਾਂ ਨੇ, ਤੇਰੇ ਗ੍ਰੰਥ ਦਾ ਅਦਬ ਕਰਨ ਵਾਲਿਆਂ ਨੂੰ ਬੜੀ ਬੇਦਰਦੀ ਤੇ ਬੇਰਹਿਮੀ ਨਾਲ ਧੂਹ ਧੂਹ ਕੇ ਕੁੱਟਿਆ, ਸੜਕਾਂ ਤੋਂ ਜੇਲ੍ਹਾਂ 'ਚ ਸੁੱਟ ਦਿੱਤਾ। ਦੱਸ ਬਾਬਾ ਜਿਸ ਪਵਿੱਤਰ ਗ੍ਰੰਥ ਨੂੰ ਤੂੰ ਸਾਡਾ ਗੁਰੂ ਥਾਪ ਕੇ ਉਹਦੇ ਪੱਕਾ ਲੜ ਲਾ ਗਿਆ, ਕੀ ਉਹਦੀ ਬੇਹੁਰਮਤੀ ਦਾ ਰੋਸਾ ਵੀ ਜ਼ਾਹਿਰ ਕਰਨਾ ਜ਼ੁਲਮ ਆ? ਜੇ ਹੈ ਤਾਂ ਫਿਰ ਬਾਬਾ ਇਹ ਖ਼ੂਨ ਦੇ ਸੋਹਿਲੇ ਅਜੇ ਤੈਨੂੰ ਹੋਰ ਲੰਮਾ ਵਕਤ ਗਾਉਣੇ ਪੈਣੇ ਆ, ਜਦ ਤੱਕ ਇਸ ਬਾਦਲ ਵਾਣੀ ਦਾ ਅੰਤ ਨਹੀਂ ਹੁੰਦਾ।

ਬਾਬਾ ਤੇਰੇ ਨਾਲ ਇੱਕ ਗਿਲਾ ਆ, ਮੰਨਣਾ ਨਾ ਮੰਨਣਾ ਤੇਰੀ ਮਰਜ਼ੀ। ਜਾਂ ਤਾਂ ਤੂੰ ਸਾਨੂੰ ਹੀ ਐਨੀ ਕੁ ਬੁਧ ਦੇ ਦਿੰਦਾ ਕਿ ਅਸੀਂ ਖੁਦ ਇਸ ਬਾਦਲ ਵਾਣੀ ਨੂੰ ਨਾ ਚੁਣ ਕੇ ਆਹ ਅੱਜ ਦੇ ਦਿਨ ਦੇਖਦੇ, ਤੇ ਜਾਂ ਫਿਰ ਇਸ ਬਾਦਲ ਨਾਮ ਦੇ ਹਾਕਮ ਨੂੰ ਹੀ ਐਨੀ ਸੁਮੱਤ ਬਖਸ਼ਦਾ ਕਿ ਇਹ ਐਹੋ ਜਿਹੀਆਂ ਪੰਥ ਵਿਰੋਧੀ ਕੁਚਾਲਾਂ ਨਾ ਚੱਲਦਾ ਕਿਉਂਕਿ ਬਾਬਾ ਅਸੀਂ ਵੀ ਤੇ ਉਹ ਹਾਕਮ ਬਾਦਲ ਵੀ ਤਾਂ ਤੇਰੇ ਹੀ ਸਿੱਖ ਆਂ। ਉਸ ਹਾਕਮ ਕੋਲ ਤਾਂ ਪੰਥ ਦੇ ਨਾਮ 'ਤੇ ਬੜੇ ਵਡੇ ਖਿਤਾਬ ਵੀ ਹਨ, ਖੋਟ ਕਿਥੇ ਆ? ਸਿੱਖ ਸੰਗਤ ਵਿਚ ਜਾਂ ਹਾਕਮ ਵਿਚ? ਹੇ ਨਾਨਕ ਇਹਦਾ ਫੈਸਲਾ ਤੂੰ ਆਪੇ ਹੀ ਕਰ ਕੇ ਨਿਆਂ ਕਰ ਦੇ। ਮੁਆਫ ਕਰੀਂ ਬਾਬਾ ਕੁਸ਼ ਤਲਖ ਕਲਾਮੀ 'ਚ ਔਕਾਤ ਤੋਂ ਵਧ ਤੈਨੂੰ ਬੋਲ ਬੈਠਾ ਪਰ ਕੀ ਕਰਦਾ, ਰਿਹਾ ਹੀ ਨਹੀਂ ਗਿਆ ਦੇਖ ਸੁਣ ਕੇ। ਜਿਦਾਂ ਨਾਨਕ ਦੀ ਧਰਤੀ 'ਤੇ ਨਾਨਕ ਦੇ ਸਿੱਖਾਂ ਨਾਲ ਹਾਕਮ ਨੇ ਘੋਰ ਅਨਿਆਂ ਕੀਤਾ, ਮੱਲੋ ਮੱਲੀ ਤੇਰੇ ਖ਼ੂਨ ਦੇ ਗਾਏ ਸੋਹਿਲੇ ਯਾਦ ਆਈ ਜਾਣ ਲੱਗ ਪਏ ਆ। ਪਰ ਬਾਬਾ ਜਦੋਂ ਮੈਂ ਤੇਰੇ ਜੀਵਨ 'ਤੇ ਝਾਤ ਮਾਰੀ ਤਾਂ ਮੈਨੂੰ ਜਿੰਨੀ ਕੁ ਤੇਰੀ ਰਹਿਮਤ ਨੇ ਬੁਧਿ ਬਖਸ਼ੀ ਉਸ ਨੂੰ ਅੱਜ ਦਾ ਖੋਟ ਵੀ ਨਜ਼ਰ ਆਉਣ ਲੱਗ ਪਿਆ ਤੇ ਕਮੀ ਦਾ ਵੀ। ਖੋਟ ਤਾਂ ਸਾਫ ਦਿਸਦਾ ਹੈ ਕਿ ਬਿਪਰ ਹੈ ਜਿਹੜਾ ਹਾਕਮਾਂ ਦੇ ਸਿਰ ਮੂੰਹ ਨੂੰ ਚੜ੍ਹਿਆ ਪਿਆ ਹੈ ਤੇ ਕਮੀ ਸਾਡੇ ਵਿਚ ਬਿਬੇਕ ਬੁਧ ਦੀ ਹੈ, ਜਿਹੜੀ ਇਹਨੂੰ ਪਿਛਲੇ ਪੰਜਾਹ ਸਾਲਾਂ ਤੋਂ ਪਛਾਣ ਨਹੀਂ ਸਕੀ। ਫਿਰ ਤੇਰੇ ਨਾਲ ਕਾਹਦਾ ਗਿਲਾ।

ਬਾਬਾ ਤੂੰ ਤਾਂ ਆਪਣੇ ਜੀਵਨ ਵਿਚ ਪੈਰ ਪੈਰ 'ਤੇ ਸਮਝਾ ਗਿਆ ਸੀ ਆਪਣੇ ਸਿੱਖ ਨੂੰ ਕਿ ਬਿਪਰ ਦੀਆਂ ਚਾਲਾਂ ਤੋਂ ਸੁਚੇਤ ਰਹੋਗੇ ਤਾਂ ਬਚਾ ਹੋਣਾ, ਇਸ ਨਿਰਮਲ ਪੰਥ ਦਾ ਵੀ ਤੇ ਸਿੱਖਾਂ ਦਾ ਵੀ। ਜਿੰਨਾ ਤੇਰਾ ਨੇੜਿਓਂ ਵਾਸਤਾ ਪਿਆ ਬਿਪਰ ਨਾਲ ਤੇ ਜਿਸ ਤਰ੍ਹਾਂ ਤੂੰ ਨਜਿਠਿਆ ਇਸ ਨਾਲ, ਉਸ ਨੂੰ ਚੇਤੇ ਕਰ ਬਾਬਾ ਇਹ ਬੋਲ ਅੱਜ ਵੀ ਹਰ ਸਿੱਖ ਦੀ ਜ਼ੁਬਾਨ 'ਤੇ ਗੂੰਜਦੇ ਰਹਿੰਦੇ ਹਨ, 'ਧੰਨ ਨਾਨਕ ਤੇਰੀ ਵੱਡੀ ਕਮਾਈ।'

ਤੇਰੇ ਹੋਸ਼ ਸੰਭਾਲਦੇ ਸਾਰ ਬਿਪਰ ਆ ਗਰਜਿਆ ਸੀ, ਹਥ 'ਚ ਜਨੇਊ ਫੜ੍ਹ ਕੇ ਪਰ ਤੂੰ ਕਿੰਨੀ ਸਿਆਣਪ ਨਾਲ ਨਾਂਹ ਕੀਤੀ ਸੀ ਕਿ ਜੇ ਆਹ ਗੁਣ ਇਸ ਸੂਤ ਦੇ ਧਾਗੇ 'ਚ ਹੈਗੇ ਤਾਂ ਪਾ ਦੇ ਮੇਰੇ ਗਲ 'ਚ, ਨਹੀਂ ਤਾਂ ਮੈਂ ਇਹਦੇ ਬਗੈਰ ਹੀ ਭਲਾ। ਬਿਪਰ ਉਦੋਂ ਵੱਟ ਖਾ ਗਿਆ ਸੀ ਤੇਰੇ ਨਾਲ। ਪਰ ਤੂੰ ਪ੍ਰਵਾਹ ਨਾ ਕੀਤੀ, ਸੱਚ ਦਾ ਹੋਕਾ ਦਿੰਦਾ ਰਿਹਾ। ਬਥੇਰੀਆਂ ਤੋਹਮਤਾਂ ਤੇਰੇ 'ਤੇ ਵੀ ਲਾਈਆਂ ਇਸ ਬਿਪਰ ਨੇ, ਤੈਨੂੰ ਵੀ ਕੰਧ ਥੱਲੇ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਜਦੋਂ ਤੂੰ ਅੱਗ ਦੁਆਲੇ ਵਿਆਹ ਦੇ ਫੇਰੇ ਲੈਣ ਤੋਂ ਅੜਿਆ ਸੀ।

ਬਾਬਾ! ਤੂੰ ਯੋਗੀਆਂ-ਸਾਧੂਆਂ ਨੂੰ ਸਮਝਾਇਆ ਕਿ ਆਹ ਬਿਭੂਤੀਆਂ ਮਲ ਕੇ ਚੌਂਕੜੇ ਮਾਰ ਕੇ, ਸੁਆਸ ਚੜ੍ਹਾ ਕੇ ਧੂੰਏ ਧੁਖਾ ਕੇ ਰੱਬ ਦੀ ਭਗਤੀ ਨਹੀਂ, ਇਹ ਭੇਖ ਆ। ਬਾਬਾ ਤੇਰੇ ਨਾਲੋਂ ਵੱਡਾ ਇਮਤਿਹਾਨ ਕਿਸ ਦਾ ਹੋਣਾ, ਜਿਹੜਾ ਕੁੱਲ ਜਗਤ ਨੂੰ ਤਾਰਨ ਵਾਲਾ ਸੀ ਉਹਦੇ ਆਪਣੇ ਘਰ ਵਿਚ ਬਿਪਰ ਪੁੱਤਰ ਬਣ ਕੇ ਜਨਮਿਆ ਤੇ ਜਗਤ ਗੁਰੂ ਨਾਨਕ ਦੇ ਨਿਰਮਲ ਪੰਥ ਤੋਂ ਉਲਟ ਲੰਗੋਟ ਲਾ ਕੇ ਉਦਾਸੀ ਬਣ ਬੈਠਾ। ਤੇ ਤੂੰ ਬਾਬਾ ਸੰਸਾਰਕ ਰੀਤ ਤੋਂ ਉਲਟ ਜਾ ਕੇ ਆਪਣਾ ਵਾਰਿਸ ਪੁਤ ਦੀ ਥਾਂ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇ ਰੂਪ ਵਿਚ ਬਣਾਇਆ। ਇਹ ਤੇਰਾ ਕਰਮ ਖੋਟ ਨੂੰ ਪਛਾਣ ਕੇ ਜ਼ਿੰਮੇਵਾਰੀ ਤੋਂ ਮੁਕਤ ਕਰਨਾ ਸੀ।

ਬਸ, ਕਿਤੇ ਆਹੀ ਮਤ ਸਾਨੂੰ ਵੀ ਆਈ ਹੁੰਦੀ ਤਾਂ ਪਿਛਲੇ ਪੰਜਾਹ ਸਾਲਾਂ ਤੋਂ ਇਹ ਬਾਦਲ ਰੂਪੀ ਬਿਪਰ ਨੂੰ ਜ਼ਿਮੇਵਾਰੀ ਤੋਂ ਮੁਕਤ ਨਾ ਕਰ ਦਿੰਦੇ! ਫਿਰ ਆਹ ਅੱਜ ਜਿਹੜੇ ਖ਼ੂਨ ਦੇ ਸੋਹਿਲੇ ਕੋਟਕਪੂਰੇ 'ਚ ਪੜ੍ਹੇ ਗਏ, ਸ਼ਾਇਦ ਇਨ੍ਹਾਂ ਤੋਂ ਬਚਾਓ ਹੋ ਹੀ ਜਾਂਦਾ ਬਾਬਾ।



ਪੁਲਿਸ ਗੋਲੀ ਦਾ ਸ਼ਿਕਾਰ ਹੋਏ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁਧ ਮੁਜ਼ਾਹਰਾ ਕਰਦੇ ਹੋਏ ਸਿੱਖ ਸ਼ਰਧਾਲੂ



ਇਸ ਬਿਪਰ ਰੂਪੀ ਖੋਟ ਨੂੰ ਆਪ ਦੇ ਦੋ ਸਿੱਖਾਂ ਨੇ ਵੀ ਬੜੀ ਬਾਖੂਬੀ ਪਛਾਣ ਕੇ ਤੇ ਸਿਆਣਪ ਨਾਲ ਸਿੱਖੀ ਤੋਂ ਦੂਰ ਰੱਖਿਆ। ਆਪ ਦੀ ਚਲਾਈ ਰੀਤ ਨੂੰ ਆਉਣ ਵਾਲੇ ਗੁਰੂਆਂ ਨੇ ਵੀ ਉਸੇ ਤਰ੍ਹਾਂ ਕਾਇਮ ਰਖਿਆ ਪਰ ਜਦੋਂ ਗੁਰੂ ਅਰਜਨ ਸਾਹਿਬ ਨੂੰ ਪਿਤਾ ਗੁਰੂ ਰਾਮ ਦਾਸ ਜੀ ਦੇ ਪ੍ਰਲੋਕ ਗਮਨ ਉਪਰੰਤ ਉਨ੍ਹਾਂ ਦੀ ਇੱਛਾ ਮੁਤਾਬਕ ਗੁਰਿਆਈ ਦੀ ਦਸਤਾਰ ਬੰਨਣ ਦੀ ਵਾਰੀ ਆਈ ਤਾਂ ਉਨ੍ਹਾਂ ਦਾ ਵੱਡਾ ਭਰਾ ਪਿਰਥੀ ਚੰਦ, ਜਿਸ ਦੀ ਸਰਕਾਰੇ ਦਰਬਾਰੇ ਵੀ ਪਹੁੰਚ ਸੀ ਤੇ ਜਿਸ ਕੋਲ ਕਰੀਬ ਸਾਰੇ ਮਸੰਦਾਂ ਦੀ ਸਹਿਮਤੀ ਵੀ ਸੀ, ਫਿਰ ਉਸ ਕੋਲ ਕੁਝ ਲੱਠ ਮਾਰ ਬੰਦੇ ਵੀ ਸਨ, ਐਨ ਉਸੇ ਤਰ੍ਹਾਂ ਜਿੱਦਾਂ ਮੱਕੜ ਕੋਲ ਸ਼੍ਰੋਮਣੀ ਕਮੇਟੀ ਮੈਂਬਰ ਤੇ ਟਾਸਕ ਫੋਰਸ ਵਾਲੇ ਹਨ।

ਇਸ ਟਾਸਕ ਫੋਰਸ ਦਾ ਜ਼ਿਕਰ ਆ ਹੀ ਗਿਆ ਤਾਂ ਇੱਕ ਗੱਲ ਸਾਂਝੀ ਜ਼ਰੂਰ ਕਰ ਲੈਂਦੇ ਹਾਂ ਕਿ ਇਹ ਨਾ ਤਾਂ ਦਰਬਾਰ ਸਾਹਿਬ ਅਤੇ ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਦੀ ਸੁਰੱਖਿਆ, ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਲਈ ਬਣਾਈ ਹੋਈ ਆ, ਇਹ ਬਣਾਈ ਆ ਸਿਰਫ ਬਿਪਰ ਨੂੰ ਬਚਾਉਣ ਲਈ। ਪਿਰਥੀ ਚੰਦ ਕੋਲ ਵੀ ਇਸੇ ਤਰ੍ਹਾਂ ਸੀ। ਉਹ ਆਪਣੇ ਪਿਤਾ ਗੁਰੂ ਰਾਮ ਦਾਸ ਜੀ ਦੀ ਅੰਤਿਮ ਅਰਦਾਸ ਵਕਤ ਅੜ ਗਿਆ ਕਿ ਮੈਂ ਉਨ੍ਹਾਂ ਦਾ ਵੱਡਾ ਪੁੱਤਰ ਹਾਂ ਤੇ ਦਸਤਾਰ ਮੇਰੇ ਹੀ ਬੱਝਣੀ ਚਾਹੀਦੀ ਹੈ। ਉਹਦੀ ਟਾਸਕ ਫੋਰਸ ਤੇ ਮਸੰਦ ਤਿਆਰ ਬਰ ਤਿਆਰ ਖੜੇ ਸਨ। ਉਸ ਵਕਤ ਗੁਰੂ ਜੀ ਤੇਰੇ ਸਿੱਖ ਬਾਬਾ ਬੁਢਾ ਜੀ ਨੇ ਸਿਆਣਪ ਵਰਤੀ। ਪਹਿਲਾਂ ਦਸਤਾਰ ਉਹਦੇ ਹੀ ਬੰਨੀ ਤੇ ਮਗਰੋਂ ਦੂਸਰੀ ਦਸਤਾਰ ਗੁਰੂ ਅਰਜਨ ਸਾਹਿਬ ਦੇ। ਕਹਿੰਦਾ, ਦਸਤਾਰ ਇੱਕ ਦੇ ਬੱਝਦੀ ਹੁੰਦੀ ਆ ਵੱਡੇ ਪੁੱਤਰ ਦੇ, ਫਿਰ ਛੋਟੇ ਦੇ ਵੀ ਕਿਉਂ ਬੰਨੀ? ਤਾਂ ਤੇਰਾ ਸਿੱਖ ਬਾਬਾ ਬੁੱਢਾ ਬੋਲਿਆ, ਤੇਰੇ ਦਸਤਾਰ ਪਿਤਾ ਦੀ ਬੰਨੀ ਹੈ ਤੇ ਅਰਜਨ ਦੇ ਦਸਤਾਰ ਗੁਰੂ ਦੀ ਬੰਨੀ ਹੈ। ਇਸ ਤਰੀਕੇ ਨਾਲ ਬਾਬਾ ਬੁੱਢਾ ਜੀ ਨੇ ਬਿਪਰ ਰੂਪੀ ਖੋਟ ਤੋਂ ਸਿੱਖ ਧਰਮ ਨੂੰ ਵੀ ਬਚਾ ਲਿਆ ਤੇ ਖ਼ੂਨ ਦੇ ਸੋਹਿਲੇ ਵੀ ਟਲ ਗਏ।

ਦੂਜਾ ਆਪ ਜੀ ਦਾ ਸਿੱਖ ਨਿਤਰਿਆ ਭਾਈ ਮੱਖਣ ਸ਼ਾਹ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਮਿਲੀ, ਉਸ ਵਕਤ ਤਾਂ ਬਿਪਰ ਵਿਰਾਟ ਰੂਪ ਧਾਰ ਕੇ ਬਾਈ ਗੁਰੂ ਬੈਠੇ ਸਨ। ਖੋਟ ਲੱਭਣਾ ਐਨਾ ਸੌਖਾ ਨਹੀਂ ਸੀ, ਉਹਦੀ ਸਮਝ ਨੇ ਜਿਥੇ ਸੱਚੇ ਗੁਰੂ ਨੂੰ ਲੱਭ ਲਿਆ, ਉਥੇ ਭੇਖੀ, ਪਖੰਡੀ ਦੇਹ ਧਾਰੀਆਂ ਤੋਂ ਵੀ ਸਿੱਖ ਪੰਥ ਨੂੰ ਬਚਾ ਲਿਆ।

ਇਹ ਬਿਪਰ ਬੜਾ ਲਾਲਚੀ ਅਹਿਸਾਨ ਫਰਾਮੋਸ਼ ਤੇ ਜ਼ਾਲਿਮ ਹੈ। ਗੁਰੂ ਘਰ ਵਿਚ ਰਹਿ ਕੇ, ਉਥੇ ਦਾ ਖਾ ਕੇ, ਉਸੇ ਹੀ ਗੁਰੂ ਦੇ ਨਿੱਕੇ ਨਿੱਕੇ ਪੁੱਤਰਾਂ ਤੇ ਬਜ਼ੁਰਗ ਮਾਤਾ ਨੂੰ ਵੀ ਸਹਾਰਾ ਦੇਣ ਦੇ ਭੁਲੇਖੇ ਅੰਦਰੋਗਤੀ ਹਕੂਮਤ ਦੇ ਹਵਾਲੇ ਕਰਕੇ ਸ਼ਹੀਦੀਆਂ ਕਰਵਾ ਦਿੰਦਾ ਹੈ। ਕਦੀ ਇਹੋ ਬਿਪਰ ਜੇਲ੍ਹ ਤੋਂ ਛੁਟਕਾਰਾ ਪਾਉਣ ਲਈ ਗੁਰੂ ਦੀ ਓਟ ਲੈਂਦਾ ਹੈ ਤੇ ਫਿਰ ਉਸੇ ਹੀ ਗੁਰੂ ਨੂੰ ਮਰਨ ਮਾਰਨ ਦੀ ਬਦਨੀਅਤ ਰੱਖ ਕੇ ਹਮਲਾ ਵੀ ਕਰਦਾ ਹੈ। ਸਭ ਤੋਂ ਘਾਤਕ ਰੂਪ ਹੈ, ਬਿਪਰ ਦਾ ਸਿੱਖੀ ਸਰੂਪ ਵਿਚ ਰਹਿ ਕੇ ਸਿੱਖੀ ਦੀਆਂ ਹੀ ਜੜ੍ਹਾਂ ਵਿਚ ਤੇਲ ਦੇਣਾ ਤੇ ਇੱਕ ਲੰਬੇ ਅਰਸੇ ਤੱਕ ਬੜੀ ਖਚਰੀ ਚਤੁਰਾਈ ਨਾਲ ਪਛਾਣਿਆ ਵੀ ਨਾ ਜਾਣਾ। ਇਹ ਕੰਮ ਸਭ ਤੋਂ ਪਹਿਲਾਂ ਧਿਆਨ ਸਿੰਘ ਡੋਗਰੇ ਨੇ ਕੀਤਾ ਸੀ। ਸਿੱਖ ਰਾਜ ਖਤਮ ਕਰਾਉਣ ਦੀ ਖਾਤਿਰ ਉਹਨੇ ਕੰਵਰ ਨੌਨਿਹਾਲ ਸਿੰਘ ਨਾਲ ਆਪਣੇ ਭਤੀਜੇ ਦਾ ਮਰਨਾ ਵੀ ਕਬੂਲ ਕਰ ਲਿਆ ਸੀ। ਫਿਰ ਜਦ ਤੱਕ ਸਿੱਖ ਰਾਜ ਦਾ ਭੋਗ ਨਹੀਂ ਪੁਆ ਦਿੱਤਾ, ਉਨੀ ਦੇਰ ਖ਼ੂਨ ਦੇ ਸੋਹਿਲੇ ਹਰ ਰੋਜ਼ ਲਾਹੌਰ ਦਰਬਾਰ ਵਿਚ ਤੇ ਫਿਰ ਸਾਰੇ ਪੰਜਾਬ ਵਿਚ ਐਸੇ ਗਾਏ ਕਿ ਅੱਜ ਤੱਕ ਸਿੱਖ ਝੂਰੀ ਜਾਂਦੇ ਆ, ਉਸੇ ਰਾਜ ਦੀ ਬਹਾਲੀ ਲਈ।

ਜੇ ਕਿਤੇ ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਡੋਗਰਿਆਂ ਰੂਪੀ ਬਿਪਰ ਦੇ ਖੋਟ ਨੂੰ ਪਛਾਣ ਜਾਂਦਾ ਤਾਂ ਸ਼ਾਇਦ ਇਤਿਹਾਸ ਕੁਝ ਵੱਖਰਾ ਹੀ ਹੋਣਾ ਸੀ। ਅੱਜ ਸਿੱਖ ਕੌਮ ਵਿਚ ਸਭ ਤੋਂ ਵੱਡਾ ਬਿਪਰ ਕੌਣ ਹੈ? ਹੁਣ ਕੋਈ ਗੁੱਝੀ ਗੱਲ ਤਾਂ ਹੈ ਨਹੀਂ! ਪੰਜਾਬ ਦੇ ਪੰਥ ਦੇ ਮਸਲੇ ਜਿਸ ਨੇ ਐਨੇ ਗੁੰਝਲਦਾਰ ਬਣਾ ਕੇ ਸਿੱਖਾਂ ਨੂੰ ਐਸਾ ਉਲਝਾਈ ਰੱਖਿਆ ਕਿ ਭੋਲੇ ਸਿੱਖ ਆਪਣੇ ਪੁੱਤ ਮਰਵਾ ਕੇ ਵੀ ਉਹਨੂੰ ਪੰਜ ਵਾਰ ਹਾਕਮ ਚੁਣ ਲੈਂਦੇ ਹਨ ਤੇ ਉਹ ਅਗੋਂ ਆਪਣੀ ਨਾਕਾਮੀ ਦਾ ਭਾਂਡਾ ਕਿਸੇ ਹੋਰ ਦੇ ਸਿਰ ਅੱਜ ਤੱਕ ਭੰਨਦਾ ਆਇਆ ਹੈ। ਹਰ ਜਗਾਹ 'ਤੇ ਧੋਖਾ ਜਿਸ ਨੇ ਕੌਮ ਨਾਲ ਕੀਤਾ, ਇਸ ਖੋਟ ਨੂੰ ਅਸੀਂ ਸਿੱਖ ਬਾਬਾ ਅੱਜ ਤੱਕ ਪਛਾਣ ਨਹੀਂ ਸਕੇ। ਸਾਨੂੰ ਮੁਆਫ ਕਰੀਂ, ਸਾਡੇ 'ਚ ਆਪਣੀ ਕਮੀ ਆ ਤਾਂ ਹੀ ਤਾਂ ਉਹ ਬੜਾ ਨਿਝੱਕ ਹੋ ਕੇ ਖ਼ੂਨ ਦੇ ਸੋਹਿਲੇ ਗਾ ਰਿਹਾ ਹੈ। ਜਿਸ ਬਾਦਲ ਰੂਪੀ ਬਿਪਰ ਨੇ ਹਾਕਮ ਬਣਦਿਆਂ ਸਾਰ ਇੱਕ ਨਿਤਨੇਮੀ ਬਜ਼ੁਰਗ ਬਾਬਾ ਬੂਝਾ ਸਿੰਘ ਦਾ ਕਤਲ ਇਸ ਕਰਕੇ ਕਰਵਾਇਆ ਸੀ ਕਿ ਉਹ ਮਨੁਖੀ ਅਧਿਕਾਰਾਂ ਦੀ ਬਾਤ ਪਾਉਂਦਾ ਸੀ। ਕਦੇ ਇਹ ਸ਼ਹਿ ਦਿੰਦਾ ਹੈ 1978 'ਚ ਅੰਮ੍ਰਿਤਸਰ ਵਿਚ ਵਿਸਾਖੀ ਮੌਕੇ ਨਿਰੰਕਾਰੀਆਂ ਨੂੰ ਸਿੱਖਾਂ ਦਾ ਸ਼ੱਰੇਆਮ ਕਤਲ ਕਰਨ ਦਾ। ਫਿਰ ਸਲਾਹਾਂ ਦਿੱਤੀਆਂ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀਆਂ। ਕਦੇ ਭਨਿਆਰਾਂ ਵਾਲੇ ਤੇ ਕਦੇ ਨੂਰ ਮਹਿਲੀਏ, ਆਹ ਸੌਦਾ ਸਾਧ ਵਾਲੇ ਤਾਂ ਹਰ ਵਕਤ ਅੱਖਾਂ ਦਿਖਾਉਂਦੇ ਹੀ ਰਹਿੰਦੇ ਆ। ਕਦੀ ਇਹ ਥਾਪੜਾ ਦਿੰਦਾ ਸ਼ਿਵ ਸੈਨਿਕਾਂ ਨੂੰ ਆਰ. ਐਸ. ਐਸ. ਵਾਲਿਆਂ ਨੂੰ, ਬਜਰੰਗ ਦਲੀਆਂ ਨੂੰ ਕਿ ਜਦੋਂ ਤੁਹਾਡਾ ਮਨ ਕਰੇ ਸਿੱਖਾਂ ਦਾ ਸ਼ਿਕਾਰ ਕਰਨ ਦਾ, ਆ ਜਾਓ ਪੰਜਾਬ ਵਿਚ। ਪੁਲਿਸ ਦੀ ਸੁਰੱਖਿਆ 'ਚ ਤੁਸੀਂ ਮਨਮਰਜ਼ੀ ਕਰੋ, ਕੋਈ ਤੁਹਾਡੀ ਹਵਾ ਵੱਲ ਨਹੀਂ ਦੇਖ ਸਕੂਗਾ। ਖੁਸ਼ ਹੁੰਦਾ ਹੈ ਇਹ ਬਿਪਰ ਜਦੋਂ ਕਿਸੇ ਸਿੱਖ ਨੂੰ ਕਤਲ ਕੀਤਾ ਜਾਂਦਾ ਹੈ। ਸਿੱਖ ਕੌਮ ਨੂੰ ਨਫਰਤ ਦੀ ਹੱਦ ਤੱਕ ਆਪਸ ਵਿਚ ਵੰਡ ਕੇ ਕਿੱਦਾਂ ਰੱਖਣਾ, ਇਹ ਬਾਖੂਬੀ ਜਾਣਦਾ ਹੈ ਤੇ ਨਿਭਾਉਂਦਾ ਵੀ ਪੂਰੀ ਤਨਦੇਹੀ ਨਾਲ ਹੈ। ਇਹ ਭਨਿਆਰਾਂ ਵਾਲੇ, ਨੂਰ ਮਹਿਲੀਏ, ਸੌਦੇ ਵਾਲੇ ਤੇ ਹੋਰ ਵੀ ਬਹੁਤੇ ਡੇਰੇਦਾਰ ਸਭ ਬਿਪਰ ਦੀਆਂ ਹੱਟੀਆਂ ਹਨ, ਜਿਹੜੀਆਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸਾਂਝਾ ਵੈਰੀ ਮੰਨ ਕੇ ਤੁਰੀਆਂ ਹੋਈਆਂ ਨੇ, ਤੇ ਥੋਕ ਦਾ ਬਿਪਰ ਦਾ ਵਪਾਰੀ ਹੈ ਬਾਦਲ, ਪਰ ਬਦਕਿਸਮਤੀ ਅਸੀਂ ਸਿੱਖ ਨਹੀਂ ਪਛਾਣ ਸਕੇ ਅੱਜ ਤੱਕ। ਇਹ ਸ੍ਰੀ ਅਕਾਲ ਤਖਤ ਤੋਂ ਜਾਣ ਬੁਝ ਕੇ ਪੰਥ ਵਿਰੋਧੀ ਫੈਸਲੇ ਕਰਵਾਉਂਦਾ ਹੈ ਤਾਂ ਕਿ ਸ੍ਰੀ ਅਕਾਲ ਤਖਤ ਸਿੱਖਾਂ ਵਿਚ ਹੀ ਬਦਨਾਮ ਹੋ ਜਾਵੇ ਤੇ ਉਹ ਇਸ ਦੀ ਹਸਤੀ ਤੋਂ ਹੀ ਮੁਨਕਰ ਹੋ ਕੇ ਇਸ ਦੀ ਮਾਨਤਾ ਨੂੰ ਚੁਣੌਤੀ ਦੇਣ ਲੱਗ ਜਾਣ, ਕਿਉਂਕਿ ਅਕਾਲ ਤਖਤ ਹਾਕਮਾਂ ਨੂੰ ਮੁਢ ਤੋਂ ਹੀ ਰੜਕਦਾ ਰਿਹਾ ਹੈ। ਬਿਪਰ ਨੇ ਇਹ ਢੁਹਾ ਕੇ ਤਾਂ ਦੇਖ ਲਿਆ ਗੱਲ ਫਿਰ ਵੀ ਬਣੀ ਨਹੀਂ।

ਹੇ ਬਾਬਾ ਨਾਨਕ! ਅੱਜ ਜਿਹੜੇ ਖ਼ੂਨ ਦੇ ਸੋਹਿਲੇ ਤੇਰੀ ਧਰਤੀ 'ਤੇ ਗਾਏ ਜਾ ਰਹੇ ਹਨ, ਇਸ ਦੇ ਦੋਸ਼ੀ ਅਸੀਂ ਆਪੇ ਹੀ ਹਾਂ ਕਿਉਂਕਿ ਜਿਸ ਬੰਦੇ ਦੇ ਹੱਥ ਸਿੱਧੇ ਤੇ ਅਸਿੱਧੇ ਤੌਰ 'ਤੇ ਬੇ-ਦੋਸ਼ਿਆਂ ਦੇ ਖ਼ੂਨ ਨਾਲ ਲਿਬੜੇ ਆ, ਅਸੀਂ ਆਪ ਹੀ ਤਖਤ 'ਤੇ ਬਿਠਾਏ ਆ। ਬਾਬਾ ਇਸ ਗੱਲ ਦੀ ਤੇਰੇ ਕੋਲੋਂ ਕਿੱਦਾਂ ਮੁਆਫੀ ਮੰਗਾਂ ਕਿ ਐਨਿਆਂ ਇਨਸਾਨਾਂ ਦਾ ਖ਼ੂਨ ਜਿਸ ਦੀ ਹਕੂਮਤ ਵਿਚ ਵਗ ਜਾਏ ਤੇ ਅੱਜ ਵੀ ਜਿਥੇ ਪੁਲਿਸ ਦੀ ਗੋਲੀ ਨਾਲ ਨਿਆਂ ਮੰਗਣ ਵਾਲਿਆਂ ਨੂੰ ਚੁੱਪ ਕਰਾਉਣ ਦੀ ਕਵਾਇਦ ਕੀਤੀ ਜਾਵੇ ਤੇ ਲੋਕਾਂ 'ਤੇ ਜ਼ੁਲਮ ਢਾਹੁਣ ਲਈ ਫੌਜ ਸੱਦੀ ਜਾਵੇ, ਸਾਰਾ ਪੰਜਾਬ ਬਲਦੀ ਭੱਠੀ 'ਚ ਦਿੱਤਾ ਹੋਵੇ, ਉਸ ਨੂੰ ਤੇਰੇ ਸਿੱਖ ਨੋਬਲ ਸ਼ਾਂਤੀ ਪੁਰਸਕਾਰ ਦੇਣ ਦੀਆਂ ਗੱਲਾਂ ਕਰਨ! ਅਸੀਂ ਮਾਫੀ ਦੇ ਲਾਇਕ ਨਹੀਂ ਬਾਬਾ! ਸਾਨੂੰ ਸੁਮੱਤ ਦੇਹ, ਨਹੀਂ ਤਾਂ ਇਹ ਖ਼ੂਨ ਦੇ ਸੋਹਿਲੇ ਅਜੇ ਮੁਕਣੇ ਨਹੀਂ...।

## ਲੇਖਕਾਂ ਬਾਰੇ 'ਪੰਜਾਬ ਟਾਈਮਜ਼' ਦੀ ਸੁਰਖੀ

'ਪੰਜਾਬ ਟਾਈਮਜ਼' ਦੇ ਤਾਜ਼ਾ 17 ਅਕਤੂਬਰ 2015 ਦੇ ਅੰਕ ਵਿਚ ਪੰਜਾਬੀ ਲੇਖਕਾਂ ਵੱਲੋਂ ਮੋੜੇ ਜਾ ਰਹੇ ਸਾਹਿਤ ਅਕਾਦਮੀ ਦੇ ਸਨਮਾਨਾਂ ਦੀ ਖ਼ਬਰ 'ਹਿੰਦੂਤਵ ਖਿਲਾਫ਼ ਡਟੇ ਲਿਖਾਰੀ' ਪਹਿਲੇ ਸਫ਼ੇ 'ਤੇ ਲਾ ਕੇ ਉਨ੍ਹਾਂ ਜਾਂਬਾਜ਼ ਲੇਖਕਾਂ ਦੀ ਜੋ ਬੇਬਾਕ ਹਮਾਇਤ ਕੀਤੀ ਗਈ ਹੈ, ਉਸ ਲਈ ਪੰਜਾਬ ਟਾਈਮਜ਼ ਨੂੰ ਵਧਾਈ।

ਸਾਡੇ ਵਡੇਰੇ ਬਾਬਾ ਨਾਨਕ, ਬਾਬਾ ਫ਼ਰੀਦ, ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵੀਦਾਸ, ਬਾਬਾ ਬੁੱਲ੍ਹੇ ਸ਼ਾਹ ਹਮੇਸ਼ਾ ਨਿਜ਼ਾਮ ਅਤੇ ਕੱਟੜਪੱਥੀ ਮੁਲਾਣਿਆਂ, ਪੁਜਾਰੀਆਂ ਵਿਰੁਧ ਆਵਾਜ਼ ਉਠਾਉਂਦੇ ਰਹੇ ਹਨ। ਕੌਣ ਭੁੱਲ ਸਕਦਾ ਹੈ, ਉਨ੍ਹਾਂ ਵੱਲੋਂ ਕਲਮ ਅਤੇ ਸ਼ਬਦ ਦੇ ਹਥਿਆਰਾਂ ਰਾਹੀਂ ਕੀਤੇ ਵਾਰਾਂ ਨੂੰ? ਕੌਣ ਭੁੱਲ ਸਕਦਾ ਹੈ, ਉਨ੍ਹਾਂ ਵੱਲੋਂ ਰਚਾਏ ਗਏ ਸੰਵਾਦਾਂ ਨੂੰ? ਪਰ ਅੱਜ ਭਾਰਤ ਵਿਚ ਫਾਸ਼ੀਆਂ ਦੇ ਨਵੇਂ ਰੂਪ ਨੇ ਜੋ ਦਹਿਸ਼ਤ ਫੈਲਾਈ ਹੋਈ ਹੈ, ਤੇ ਉਸ ਉਪਰ 'ਅੱਛੇ ਦਿਨ ਆਨੇ ਵਾਲੇ ਹੈਂ' ਦਾ ਲੁਭਾਉਣਾ ਨਾਅਰਾ ਦੇਣ ਵਾਲੇ ਪ੍ਰਧਾਨ ਮੰਤਰੀ ਦੀ ਚੁੱਪ ਦੱਸਦੀ ਹੈ ਕਿ ਇਹ ਸਭ ਮਿਲੀਭੁਗਤ ਹੀ ਹੈ। ਇਸ ਮਿਲੀਭੁਗਤ ਵਿਚ ਪੰਜਾਬ ਅਤੇ ਦਿੱਲੀ ਦੇ ਕੁਝ ਲੇਖਕਾਂ ਦੀਆਂ ਸੋਸ਼ਲ ਮੀਡੀਆ 'ਤੇ ਪਾਈਆਂ ਟਿੱਪਣੀਆਂ ਵੀ 'ਬਿੱਲੀ ਦੇ ਥੈਲੇ ਵਿਚ ਬਾਹਰ ਆਉਣ' ਦੀ ਤਸਦੀਕ ਕਰ ਰਹੀਆਂ ਹਨ, ਪਰ ਇਸ ਦੇ ਮੁਕਾਬਲੇ ਪੰਜਾਬੀ ਲੇਖਕਾਂ ਦੀ ਲੰਮੀ ਕਤਾਰ ਇਨਾਮ ਮੋੜ ਕੇ ਮੂਹਰਲੀਆਂ ਸਫ਼ਾਂ ਵਿਚ ਆ ਗਈ ਹੈ, ਉਨ੍ਹਾਂ ਨੂੰ ਸਲਾਮ।

ਇਨਾਮ ਮੋੜਨ ਤੋਂ ਪਹਿਲੀ ਰਾਤ ਦਰਸ਼ਨ ਬੁੱਟਰ ਤੇ ਜਸਵਿੰਦਰ ਮੇਰੇ ਨਾਲ ਲਗਾਤਾਰ ਸੰਪਰਕ ਵਿਚ ਰਹੇ। ਉਹ ਕਾਹਲੇ ਸਨ ਕਿ ਅਸੀਂ ਪਿੱਛੇ ਨਾ ਰਹਿ ਜਾਈਏ। ਨਿਘੋਚੀ ਤਾਂ ਨਿਘੋਚਾਂ ਕੱਢਦੇ ਹੀ ਰਹਿਣਗੇ, ਪਰ ਇਹ ਜੋ ਲਹਿਰ ਚੱਲੀ ਹੈ, ਇਸ ਨੇ ਕਾਫ਼ਲਾ ਬਣਨਾ ਹੈ ਤੇ ਜਾਗਦੀ ਜ਼ਮੀਰ ਵਾਲਿਆਂ ਦੇ ਕਾਫਲੇ ਚੱਲਦੇ ਹੀ ਰਹਿੰਦੇ ਹਨ; ਸਦੀਆਂ ਪਹਿਲਾਂ ਵੀ ਤੇ ਹੁਣ ਵੀ।

***-ਰਵਿੰਦਰ ਸਹਿਰਾਅ***

## ਸੰਪਾਦਕ ਦੀ ਡਾਕ

### ਗੁਰੂ ਲਾਧੋ ਰੇ

ਸਤਿਕਾਰਯੋਗ ਸੰਪਾਦਕ ਜੀਓ,

'ਪੰਜਾਬ ਟਾਈਮਜ਼' ਅਤੇ ਸ. ਮਝੈਲ ਸਿੰਘ ਹੁਰਾਂ ਦਾ ਜਿੰਨਾ ਵੀ ਧੰਨਵਾਦ ਕੀਤਾ ਜਾ ਸਕੇ, ਥੋੜ੍ਹਾ ਹੈ। ਬਿਪਰਵਾਦ ਤੋਂ ਖਹਿੜਾ ਛੁਡਾਉਣ ਲਈ ਅਤੇ 'ਅਕਲੀ ਸਾਹਿਬ ਸੇਵੀਐ' ਤੇ 'ਅਕਲੀ ਕੀਚੇ ਦਾਨ' ਵਾਲੀ ਤੁਕ 'ਤੇ ਅਮਲ ਕਰਨ ਲਈ ਸ. ਮਝੈਲ ਸਿੰਘ ਸਰਾਂ ਦਾ ਲੇਖ 'ਗੁਰੂ ਲਾਧੋ ਰੇ' ਇਕ ਵੱਡਾ ਹਲੂਣਾ ਦਿੰਦਾ ਹੈ।

ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਦੀ ਕਲਮ ਨੂੰ ਹੋਰ ਤਾਕਤ ਬਖਸ਼ੇ ਅਤੇ 'ਪੰਜਾਬ ਟਾਈਮਜ਼' ਨੂੰ ਅਜਿਹੀਆਂ ਰਚਨਾਵਾਂ ਨਿਧੜਕ ਹੋ ਕੇ ਛਾਪਣ ਦੀ ਸਮਰੱਥਾ ਬਖਸ਼ੇ।

***-ਅਮਰਜੀਤ ਸਿੰਘ ਹੁੰਦਲ***
***ਫੋਨ: 408-439-4761***

ਵਿਚਾਰ-ਚਰਚਾ

# ਸਿੱਖੀ ਅਤੇ ਸਿੱਖ ਰਾਜ

## ਕੀ ਗੁਰੂ ਸੰਕਲਪ ਦੇ ਉਲਟ ਹੈ ਵੱਖਰੇ ਰਾਜ ਦੀ ਮੰਗ?

***ਸਿੱਖ ਰਾਜ ਬਾਰੇ ਚਰਚਾ ਪਿਛਲੇ ਕੁਝ ਸਮੇਂ ਤੋਂ ਗਾਹੇ-ਬਗਾਹੇ ਚੱਲਦੀ ਰਹੀ ਹੈ। ਇਸ ਦੇ ਹੱਕ ਤੇ ਵਿਰੁਧ-ਦੋਹਾਂ ਹੀ ਧਿਰਾਂ ਦੇ ਲੋਕ ਅਕਸਰ ਇਕ-ਦੂਜੇ ਉਤੇ ਹੱਲੇ ਬੋਲਦੇ ਰਹੇ ਹਨ। ਇਸ ਬਾਰੇ ਸਭ ਦਾ ਆਪਣਾ ਆਪਣਾ ਪੱਖ ਤੇ ਤਰਕ ਹੁੰਦਾ ਹੈ, ਪਰ ਅਜਿਹੇ ਵਿਚਾਰ ਰੱਖਣ ਵਾਲਿਆਂ ਨੂੰ 21ਵੀਂ ਸਦੀ ਦੇ ਤਿੰਨ ਉਨ੍ਹਾਂ ਖਿੱਤਿਆਂ ਦਾ ਧਿਆਨ ਜ਼ਰੂਰ ਧਰਨਾ ਚਾਹੀਦਾ ਹੈ ਜਿਥੇ ਵੱਖਰੇ ਰਾਜ ਦੀ ਗੱਲ ਪੂਰੇ ਤਹੱਮਲ ਨਾਲ ਹੁੰਦੀ ਰਹੀ ਹੈ। ਇਨ੍ਹਾਂ 'ਚ ਕੈਨੇਡਾ ਵਿਚ ਕਿਊਬੈਕ, ਯੂ.ਕੇ. ਵਿਚ ਸਕਾਟਲੈਂਡ ਅਤੇ ਸਪੇਨ ਵਿਚ ਕਤਲੋਨੀਆ ਸ਼ਾਮਲ ਹਨ। ਕਤਲੋਨੀਆ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਵੱਖਵਾਦੀ ਪਾਰਟੀਆਂ ਨੇ ਕੁੱਲ 135 ਵਿਚੋਂ 72 ਸੀਟਾਂ ਜਿੱਤੀਆਂ। ਇਨ੍ਹਾਂ ਵਿਚੋਂ 10 ਸੀਟਾਂ ਤਿੱਖੇ ਕਾਮਰੇਡਾਂ ਦੀਆਂ ਹਨ। ਇਨ੍ਹਾਂ ਤਿੰਨਾਂ ਖਿੱਤਿਆਂ ਦੀ ਸਿਆਸਤ ਦੇ ਹਿਸਾਬ ਸਿੱਖ ਰਾਜ ਦੀ ਗੱਲ ਤਾਂ ਬਹੁਤ ਪਿਛਾਂਹ ਰਹਿ ਗਈ ਜਾਪਦੀ ਹੈ। ਅਸਲ ਵਿਚ ਸਿੱਖ ਰਾਜ ਬਾਰੇ ਅਜੇ ਤੱਕ ਸਿਰਫ ਗੱਲਾਂ ਹੀ ਹੋਈਆਂ ਹਨ, ਜਾਂ ਫਿਰ ਕੁਝ ਲੀਡਰਾਂ ਨੇ ਆਪੋ-ਆਪਣੀ ਸਿਆਸਤ ਚਮਕਾਈ ਹੈ। ਇਸ ਲੇਖ ਵਿਚ ਸ. ਸੰਪੂਰਨ ਸਿੰਘ ਨੇ ਸਿੱਖ ਰਾਜ ਦੀਆਂ ਕੁਝ ਬੁਨਿਆਦਾਂ ਬਾਰੇ ਚਰਚਾ ਕੀਤੀ ਹੈ। ਇਸ ਸਬੰਧ ਵਿਚ 'ਪੰਜਾਬ ਟਾਈਮਜ਼' ਤੱਕ ਪੁੱਜੀਆਂ ਸੰਜੀਦਾ ਲਿਖਤਾਂ ਦਾ ਸਵਾਗਤ ਕੀਤਾ ਜਾਵੇਗਾ। -ਸੰਪਾਦਕ***

ਕੁਝ ਦਿਨ ਪਹਿਲਾਂ ਇਕ ਗੁਰਸਿੱਖ ਵੀਰ ਨੇ ਸੋਸ਼ਲ ਮੀਡੀਏ 'ਤੇ ਇਕ ਵੀਡੀਓ ਰਾਹੀਂ ਵਿਦੇਸ਼ਾਂ 'ਚ ਵੱਸਦੇ ਖਾਲਿਸਤਾਨ ਸਮਰਥਕਾਂ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕੁਝ ਸਵਾਲ ਉਠਾਏ। ਉਸ ਦਾ ਪਹਿਲਾ ਸਵਾਲ ਸੀ ਕਿ ਕੀ ਵੱਖਰੇ ਰਾਜ ਦੀ ਮੰਗ ਗੁਰੂ ਸੰਕਲਪ ਦੇ ਉਲਟ ਨਹੀਂ ਹੈ? ਉਸ ਨੇ ਬਾਬਰ ਦੇ ਹਮਲੇ ਸਮੇਂ ਗੁਰੂ ਨਾਨਕ ਦੀ ਇਕ ਤੁਕ ਅੰਦਰ 'ਹਿੰਦੁਸਤਾਨ ਡਰਾਇਆ' ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਨੇ ਸਮੁੱਚੇ ਹਿੰਦੁਸਤਾਨ ਨੂੰ ਡਰਾਉਣ ਦੀ ਗੱਲ ਕਹੀ, ਨਾ ਕਿ ਪੰਜਾਬ ਜਾਂ ਕਰਤਾਰਪੁਰ ਦੀ ਜਿਥੇ ਉਹ ਰਹਿੰਦੇ ਸਨ। ਉਸ ਦਾ ਕਹਿਣਾ ਸੀ ਕਿ ਦਸਮ ਪਾਤਸ਼ਾਹ ਦਾ ਪ੍ਰਕਾਸ਼ ਪਟਨਾ ਸਾਹਿਬ ਤੇ ਜੋਤੀ-ਜੋਤ ਸਮਾਉਣਾ ਨਾਂਦੇੜ (ਮਹਾਂਰਾਸ਼ਟਰ) ਵਿਚ ਹੋਇਆ। ਪੰਜਾਂ ਪਿਆਰਿਆਂ ਵਿਚੋਂ ਸਿਰਫ ਭਾਈ ਦਇਆ ਸਿੰਘ ਹੀ ਪੰਜਾਬ ਤੋਂ ਸਨ, ਬਾਕੀ ਚਾਰ ਭਾਰਤ ਦੇ ਹੋਰ ਹਿੱਸਿਆਂ ਤੋਂ ਸਨ। ਸੋ, ਗੁਰੂ ਸਾਹਿਬਾਨ ਦੀ ਸੋਚ ਸਾਰੇ ਮੁਲਕ ਨੂੰ ਲੈ ਕੇ ਸੀ, ਇਕੱਲੇ ਪੰਜਾਬ ਤੱਕ ਸੀਮਤ ਨਹੀਂ ਸੀ।

ਸਭ ਤੋਂ ਪਹਿਲੀ ਗੱਲ, ਗੁਰੂਆਂ ਦੀ ਸੋਚ ਨੂੰ ਮੁਲਕਾਂ ਦੀਆਂ ਹੱਦਾਂ ਅੰਦਰ ਸੀਮਤ ਕਰਨਾ ਹੀ ਗਲਤ ਹੈ। ਉਨ੍ਹਾਂ ਦੀ ਸੋਚ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦੀ ਹੈ। ਮਹਾਂਪੁਰਸ਼ ਭਾਵੇਂ ਕਿਸੇ

ਸੰਪੂਰਨ ਸਿੰਘ
ਫੋਨ: 281-635-7466

ਵੀ ਮੁਲਕ, ਜਾਤੀ ਤੇ ਰੰਗ-ਨਸਲ ਦਾ ਹੋਵੇ, ਉਹਦੀ ਹੋਂਦ-ਹਸਤੀ ਹਮੇਸ਼ਾ ਅਜਿਹੀਆਂ ਸੀਮਾਵਾਂ ਤੋਂ ਪਾਰ ਹੁੰਦੀ ਹੈ। ਈਸਾ ਮਸੀਹ ਦੇ ਪੈਰੋਕਾਰ ਦੁਨੀਆਂ ਦੇ ਹਰ ਕੋਨੇ 'ਚ ਹਨ ਤੇ ਦੁਨੀਆਂ ਦੇ ਸਭ ਤੋਂ ਵੱਧ ਮੁਲਕਾਂ ਦੇ ਹੁਕਮਰਾਨ ਹਨ, ਦਾ ਜਨਮ ਨਿੱਕੇ ਜਿਹੇ ਮੁਲਕ ਫਲਸਤੀਨ ਦੇ ਸ਼ਹਿਰ ਬੈਥਲਹੈਮ ਵਿਚ ਹੋਇਆ ਸੀ, ਪਰ ਉਹ ਸਿਰਫ ਬੈਥਲਹੈਮ ਤੱਕ ਸੀਮਤ ਨਹੀਂ ਰਹੇ। ਹਜ਼ਰਤ ਮੁਹੰਮਦ ਦਾ ਜਨਮ ਮੱਕਾ ਵਿਚ ਹੋਇਆ, ਪਰ ਉਨ੍ਹਾਂ ਨੂੰ ਮੰਨਣ ਵਾਲੇ ਦੁਨੀਆਂ ਦੀ ਦੂਜੀ ਵੱਡੀ ਹੁਕਮਰਾਨ ਜਮਾਤ ਦੇ ਨੁਮਾਇੰਦੇ ਹਨ। ਮਹਾਤਮਾ ਬੁੱਧ ਦਾ ਜਨਮ ਕਪਲਵਸਤੂ ਵਿਚ ਹੋਇਆ ਪਰ ਬੁਧ ਧਰਮ ਭਾਰਤ ਤੋਂ ਇਲਾਵਾ ਚੀਨ, ਜਪਾਨ ਤੇ ਮਲੇਸ਼ੀਆ ਆਦਿ ਕਈ ਮੁਲਕਾਂ ਵਿਚ ਫੈਲਿਆ। ਅਵਤਾਰ-ਪੁਰਸ਼ਾਂ ਦੀ ਰੂਹਾਨੀ ਮਹਿਕ ਨੂੰ ਮੁਲਕਾਂ ਜਾਂ ਕੌਮਾਂ ਦੀਆਂ ਸੀਮਾਵਾਂ ਅੰਦਰ ਸੀਮਤ ਨਹੀਂ ਰੱਖਿਆ ਜਾ ਸਕਦਾ। ਇਸ ਲਈ ਇਹ ਗੱਲ ਬੇਬੁਨਿਆਦ ਹੈ ਕਿ ਗੁਰੂਆਂ ਦੀ ਸੋਚ ਹਿੰਦੋਸਤਾਨ ਨਾਲ ਸਬੰਧਤ ਸੀ। ਇਹ ਇਤਫਾਕ ਸੀ ਕਿ ਬਾਕੀ ਗੁਰੂ ਸਹਿਬਾਨ ਦਾ ਜਨਮ ਪੰਜਾਬ ਵਿਚ ਹੋਇਆ ਤੇ ਗੁਰੂ ਗੋਬਿੰਦ ਸਿੰਘ ਦਾ ਪਟਨੇ ਵਿਚ। ਭਾਵੇਂ ਅਖੀਰ ਵਿਚ ਸਿੱਖਾਂ ਨਾਲ ਸਬੰਧਤ ਅਤਿਅੰਤ ਅਹਿਮ ਘਟਨਾ-ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ਣੀ ਤੇ ਗੁਰੂ ਸਾਹਿਬ ਦਾ ਜੋਤੀ-ਜੋਤ ਸਮਾਉਣਾ, ਨਾਂਦੇੜ (ਮਹਾਂਰਾਸ਼ਟਰ) ਵਿਚ ਹੋਈ, ਪਰ ਬਾਕੀ ਗੁਰੂ ਸਾਹਿਬਾਨ ਵਾਂਗ ਉਨ੍ਹਾਂ ਦੀ ਕਰਮ-ਭੂਮੀ ਹਮੇਸ਼ਾ ਪੰਜਾਬ ਹੀ ਰਹੀ।

ਜਿਸ ਮੁਲਕ ਦੀ ਵਫ਼ਾਦਾਰੀ ਦੀ ਗੱਲ ਅਸੀਂ ਕਰਦੇ ਹਾਂ, ਉਸੇ ਮੁਲਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਨੇਕਾਂ ਥਾਂਵਾਂ ਉਤੇ ਵੱਖ ਵੱਖ ਸਮਿਆਂ ਉਪਰ ਸਾੜੇ ਗਏ। ਦੂਜੇ ਪਾਸੇ, ਜਿਵੇਂ ਜਿਵੇਂ ਅਜੋਕੇ ਮੀਡੀਏ ਦਾ ਪ੍ਰਭਾਵ ਵਧ ਰਿਹਾ ਹੈ, ਗੁਰੂ ਗ੍ਰੰਥ ਸਾਹਿਬ ਦੀ ਅਵਤਾਰੀ-ਮਹਿਕ ਪੂਰੀ ਦੁਨੀਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਫੈਲ ਰਹੀ ਹੈ।

ਗੁਰੂ ਗੋਬਿੰਦ ਸਿੰਘ ਤੇ ਗੁਰੂ ਨਾਨਕ ਦੇ ਸਮੇਂ ਭਾਰਤ ਅੰਦਰ ਭਾਵੇਂ ਅੱਜ ਦਾ ਪਾਕਿਸਤਾਨ ਤੇ ਬੰਗਲਾਦੇਸ਼ ਵੀ ਸ਼ਾਮਲ ਸੀ, ਪਰ ਉਦੋਂ ਮੁਲਕਵਾਸੀਆਂ ਵਿਚ ਇਕ ਰਾਸ਼ਟਰ ਦਾ ਸੰਕਲਪ ਨਹੀਂ ਸੀ। ਸਾਰਾ ਮੁਲਕ ਸੈਂਕੜੇ ਛੋਟੀਆਂ-ਵੱਡੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਤਿਹਾਸ ਗਵਾਹ ਹੈ ਕਿ ਭਾਰਤ ਕਦੀ ਇਕ ਝੰਡੇ ਥੱਲੇ ਹੈ ਹੀ ਨਹੀਂ ਸੀ। ਇਹੀ ਕਾਰਨ ਸੀ ਕਿ ਹਜ਼ਾਰਾਂ ਮੀਲਾਂ ਤੋਂ ਵੱਖੋ-ਵੱਖਰੇ ਧਾੜਵੀ ਆਣ ਕੇ ਮੁਲਕ ਦੀ ਦੌਲਤ ਤੇ ਇੱਜ਼ਤ ਲੁੱਟ ਕੇ ਲੈ ਜਾਂਦੇ ਰਹੇ। ਲਾਲਾ ਦੌਲਤ ਰਾਏ ਜੋ ਕੱਟੜ ਆਰੀਆ ਸਮਾਜੀ ਤੇ ਸ਼ਰਧਾਵਾਨ ਹਿੰਦੂ ਸੀ, ਨੇ 'ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ' ਕਿਤਾਬ ਲਿਖੀ, ਜਿਸ ਦੇ ਮੁੱਖ ਬੰਦ ਵਿਚ ਉਸ ਨੇ ਬਾਬਰ ਦੇ ਰਾਜ ਤੋਂ 350 ਸਾਲ ਪਹਿਲਾਂ ਦਾ ਜ਼ਿਕਰ ਇਉਂ ਕੀਤਾ ਹੈ, "1526 ਈਸਵੀ ਤੋਂ 350 ਸਾਲ ਪਹਿਲਾਂ ਤੋਂ ਹੀ ਤਕਰੀਬਨ ਸਾਰਾ ਹਿੰਦੋਸਤਾਨ ਇਸਲਾਮੀ ਹਕੂਮਤ ਅਧੀਨ ਚਲਿਆ ਆਉਂਦਾ ਸੀ।" ਹਿੰਦੂਆਂ ਦੀ ਦੁਰਗਤੀ ਦੇ ਕੀਰਨੇ ਜਿੰਨੇ ਲਾਲਾ ਦੌਲਤ ਰਾਏ ਨੇ ਪਾਏ, ਇਸ ਕਿਤਾਬ ਦਾ ਮੁੱਖ ਬੰਦ ਪੜ੍ਹ ਕੇ ਹੀ ਮਹਿਸੂਸ ਕੀਤੇ ਜਾ ਸਕਦੇ ਹਨ। ਰਾਜਪੂਤਾਂ ਨੂੰ ਸਭ ਤੋਂ ਬਹਾਦਰ ਮੰਨਿਆ ਜਾਂਦਾ ਰਿਹਾ ਹੈ, ਇਨ੍ਹਾਂ ਦੀ ਆਤਮਿਕ ਤੇ ਮਾਨਸਿਕ ਮੌਤ ਦਾ ਜ਼ਿਕਰ ਉਹ ਇੰਜ ਕਰਦਾ ਹੈ, "ਰਾਜਪੂਤ ਰਾਜੇ ਆਪਣੀਆਂ ਲੜਕੀਆਂ ਦੇ ਡੋਲੇ ਮੁਸਲਮਾਨਾਂ ਨੂੰ ਦੇਣ ਵਿਚ ਸ਼ਾਨ ਸਮਝਣ ਲੱਗ ਪਏ।...ਹਿੰਦੂਆਂ ਵਾਸਤੇ ਇਹੋ ਜਿਹੀ ਬਦਕਿਸਮਤੀ ਦਾ ਸਮਾਂ ਨਾ ਕਦੇ ਪਹਿਲਾਂ ਤੇ ਨਾ ਇਸ ਤੋਂ ਪਿਛੋਂ ਆਇਆ।...ਇਥੋਂ ਤੱਕ ਕਿ ਸੁਨੱਖੀ ਤੇ ਸੋਹਣੀ ਸੰਤਾਨ ਨੂੰ ਵੀ ਜਰਵਾਣਿਆਂ ਨੂੰ ਭੇਟ ਕਰ ਦੇਣ ਦਾ ਹੁਕਮ ਸੀ। ਘੋੜੇ ਦੀ ਸਵਾਰੀ ਕਰਨ ਦੀ ਉਨ੍ਹਾਂ ਨੂੰ ਆਗਿਆ ਨਹੀਂ ਸੀ, ਦਸਤਾਰ ਸਜਾਉਣ ਦੀ ਮਨਾਹੀ ਸੀ।...ਆਖਰ ਉਹ ਸਮਾਂ ਵੀ ਆ ਪੁੱਜਾ ਜਦੋਂ ਹਿੰਦੂਆਂ ਕੋਲ ਆਪਣੀ ਇੱਜ਼ਤ ਬਚਾਉਣ ਲਈ ਉਤਾਂਹ ਆਸਮਾਨ ਵੱਲ ਤੱਕਣ ਦੇ ਸਿਵਾਏ ਹੋਰ ਕੋਈ ਵਸੀਲਾ ਨਾ ਰਿਹਾ।"

ਗੁਰੂ ਨਾਨਕ, ਬਾਬਰ ਦੇ ਹਮਲੇ ਦੀ ਗੱਲ ਇਸ ਕਰ ਕੇ ਨਹੀਂ ਕਰਦੇ ਕਿ ਹਿੰਦੋਸਤਾਨ ਨਾਲ ਉਨ੍ਹਾਂ ਦਾ ਕੋਈ ਨਿਵੇਕਲਾ ਮੋਹ ਸੀ, ਸਗੋਂ ਇਸ ਕਰ ਕੇ, ਕਿ ਮੁਲਕ ਅੰਦਰ ਵੱਸ ਰਹੀ ਨਿਮਾਣੀ ਤੇ ਨਿਤਾਣੀ ਲੋਕਾਈ ਉਪਰ ਤਾਕਤਵਰ ਹੁਕਮਰਾਨ ਵੱਲੋਂ ਜ਼ੁਲਮ ਹੋ ਰਿਹਾ ਸੀ। ਉਸੇ ਹਿੰਦੋਸਤਾਨ ਦੇ ਹਿੰਦੂਆਂ ਦੀ ਰਾਸ਼ਟਰੀ ਭਾਵਨਾ ਦੀ ਗੱਲ ਕਰਦਿਆਂ ਡਾ. ਰਾਮ ਪੁਨਿਆਨੀ ਜੋ ਸਮਾਜ ਸੇਵੀ ਹਨ, ਨੇ ਬਹੁਤ ਹੈਰਾਨੀਜਨਕ ਖੁਲਾਸੇ ਆਪਣੇ ਪ੍ਰਵਚਨਾਂ ਵਿਚ ਕੀਤੇ ਹਨ।

ਮਹਿਮੂਦ ਗਜ਼ਨਵੀ ਹਜ਼ਾਰਾਂ ਮੀਲ ਚੱਲ ਕੇ ਭਾਰਤ ਵਿਚ ਲੁੱਟਮਾਰ ਕਰਨ ਆਇਆ, ਰਾਜ ਕਰਨ ਨਹੀਂ। ਸੋਮਨਾਥ ਤੱਕ ਪਹੁੰਚਣ ਤੋਂ ਪਹਿਲਾਂ ਉਸ ਦੀ ਫੌਜ ਅੰਦਰ ਕੁੱਲ ਫੌਜੀਆਂ ਦੀ ਗਿਣਤੀ ਵਿਚ 35 ਫ਼ੀਸਦੀ ਹਿੰਦੂ ਸਨ। 12 ਜਰਨੈਲਾਂ ਵਿਚੋਂ 5 ਹਿੰਦੂ ਸਨ। ਜਦੋਂ ਬਾਬਰ ਨੇ ਭਾਰਤ ਉਪਰ ਹਮਲਾ ਕੀਤਾ, ਉਸ ਨੂੰ ਹਿੰਦੂ ਰਾਜਪੂਤ ਰਾਣਾ ਸਾਂਗਾ ਨੇ ਸੱਦਾ ਦਿੱਤਾ ਸੀ ਤਾਂ ਜੋ ਉਹ ਮੁਸਲਿਮ ਸ਼ਾਸਕ ਇਬਰਾਹੀਮ ਲੋਧੀ ਨੂੰ ਹਰਾ ਕੇ ਰਾਜਸੀ ਸ਼ਕਤੀ ਵਿਚ ਭਾਈਵਾਲ ਬਣ ਸਕੇ, ਪਰ ਲੋਧੀ ਦੀ ਮੌਤ ਤੋਂ ਬਾਅਦ ਰਾਣਾ ਸਾਂਗਾ ਵੀ ਬਾਬਰ ਨਾਲ ਰਾਜਸੀ ਸ਼ਕਤੀ ਦੀ ਵੰਡ ਸਬੰਧੀ ਲੜ ਕੇ ਹਾਰਿਆ।

ਸ਼ਾਹ ਜਹਾਨ ਦੀ ਫੌਜ ਵਿਚ 24 ਫ਼ੀਸਦੀ ਹਿੰਦੂ ਸਨ। ਅਕਬਰ ਦੀ ਫੌਜ ਦਾ ਮੁੱਖ ਸੈਨਾਪਤੀ ਰਾਜਾ ਮਾਨ ਸਿੰਘ ਸੀ ਅਤੇ ਔਰੰਗਜ਼ੇਬ ਦੀ ਫੌਜ ਦਾ ਮੁਖੀ ਰਾਜਪੂਤ ਹਿੰਦੂ ਰਾਜਾ ਜੈ ਸਿੰਘ ਸੀ। ਉਦੋਂ ਕਿਥੇ ਸੀ ਰਾਸ਼ਟਰੀਅਤਾ? ਕਿਥੇ ਸੀ ਹਿੰਦੁਤਵ? ਜਿਵੇਂ ਆਜ਼ਾਦੀ ਦੀ ਲੜਾਈ ਦੌਰਾਨ ਹਿੰਦੂ ਪੁਲਿਸ ਤੇ ਹਿੰਦੂ ਫੌਜ ਦੀਆਂ ਗੋਲੀਆਂ ਦਾ ਸ਼ਿਕਾਰ ਆਜ਼ਾਦੀ ਸੰਗਰਾਮੀਆ ਹੁੰਦਾ ਰਿਹਾ, ਉਸੇ ਤਰ੍ਹਾਂ ਮੁਗਲਾਂ ਦੇ ਸਮੇਂ ਵੀ ਸਰਕਾਰ ਪੱਖੀ ਹਿੰਦੂਆਂ ਹੱਥੋਂ ਹੀ ਆਮ ਹਿੰਦੂ ਸੰਤਾਪ ਭੋਗਦਾ ਰਿਹਾ।

ਜੇ ਰਾਜਸੀ ਸ਼ਕਤੀ ਦੀ ਪ੍ਰਾਪਤੀ ਲਈ ਚੇਤਨਾ, ਗੁਰੂ ਸੰਕਲਪ ਦਾ ਹਿੱਸਾ ਕਦੀ ਰਹੀ ਹੀ ਨਾ ਹੁੰਦੀ, ਤਾਂ ਗੁਰੂ ਨਾਨਕ ਨੂੰ ਇਹ ਕਹਿਣ ਦੀ ਲੋੜ ਹੀ ਮਹਿਸੂਸ ਨਾ ਹੁੰਦੀ-ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ ਪੱਤ ਦੀ ਸਲਾਮਤੀ ਲਈ ਜਾਗਰੂਕਤਾ ਤੇ ਗੁਲਾਮੀ, ਦੋ ਚੀਜ਼ਾਂ ਇਕੱਠੀਆਂ ਨਹੀਂ ਚੱਲਦੀਆਂ। ਗੁਲਾਮੀ ਅੰਦਰ ਪੱਤ ਦੀ ਗੱਲ ਕਰਨੀ ਹੀ ਬਾਬਰ ਨੂੰ ਵੰਗਾਰ ਹੈ। ਇਹ ਹਕੀਕਤ ਹੈ ਕਿ ਪੱਤ ਦੀ ਸਲਾਮਤੀ ਅਤੇ ਹੋਂਦ ਦੀ ਸਥਾਪਤੀ, ਰਾਜਸੀ ਸ਼ਕਤੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਆਪਣੀ ਹੋਂਦ ਦੀ ਸਥਾਪਤੀ ਤੇ ਪੱਤ ਦੀ ਸਲਾਮਤੀ ਦਾ ਸੰਕਲਪ ਤਕਰੀਬਨ ਸੱਤ ਸਦੀਆਂ ਭਾਰਤ ਵਿਚੋਂ ਗਾਇਬ ਰਿਹਾ ਹੈ। ਲਾਲਾ ਦੌਲਤ ਰਾਏ ਨੇ ਇਕ ਹੋਰ ਥਾਂ ਲਿਖਿਆ ਹੈ, "ਹਿੰਦੂ ਕੌਮ ਖਿਲਰੀ ਪੁੰਡਰੀ, ਨਿਤਾਣੀ ਤੇ ਟੋਟੇ ਟੋਟੇ ਹੋਈ ਪਈ ਸੀ। ਲੁਛ ਲੁਛ ਕਰਦੀ ਤੇ ਤੜਫਦੀ ਹੋਈ ਦਮ ਤੋੜ ਰਹੀ ਸੀ। ਐਸੀ ਨਿਰਾਸ਼ਤਾ ਵਿਚ ਇਕ ਮੂਰਤ ਪ੍ਰਗਟ ਹੋਈ। ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫ਼ਾਨ ਵਿਚੋਂ ਕੱਢਿਆ। ਹਿੰਦੂ ਧਰਮ ਦੇ ਸੁੱਕ ਤੇ ਕਮਲਾ ਚੁੱਕੇ ਬਾਗ ਲਈ ਉਹ ਰਹਿਮਤ ਦੀ ਵਰਖਾ, ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ, ਪਰ ਉਹ ਕੌਣ ਸੀ? ਹਾਂ, ਉਹ ਸਨ ਗੁਰੂ ਗੋਬਿੰਦ ਸਿੰਘ।"

ਦਸਮ ਪਾਤਸ਼ਾਹ ਤੋਂ ਬਾਅਦ ਵੀ ਇਕ ਨਹੀਂ, ਅਨੇਕ ਵਾਰੀ ਹਿੰਦੂਆਂ ਦੀ ਰੁਲ ਰਹੀ ਪੱਤ ਦੀ ਰਾਖੀ ਗੁਰੂ ਦੇ ਪੈਰੋਕਾਰਾਂ ਨੇ ਕੀਤੀ। ਆਜ਼ਾਦੀ ਤੋਂ ਬਾਅਦ ਉਹੀ ਕੌਮ ਸਾਡੀ ਇੱਜ਼ਤ-ਆਬਰੂ ਲਈ ਸਭ ਤੋਂ ਵੱਡੀ ਵੰਗਾਰ ਬਣੀ। ਜਿਸ ਮੁਲਕ ਦੀ



ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਮੈਦਾਨ-ਏ-ਜੰਗ ਵਿਚ

ਆਜ਼ਾਦੀ ਲਈ ਆਪਣਾ ਸਭ ਤੋਂ ਵੱਧ ਲਹੂ ਵਹਾਇਆ, ਉਸੇ ਹੀ ਮੁਲਕ ਦੀ ਰਾਜਧਾਨੀ ਅੰਦਰ ਤਿੰਨ ਦਿਨ ਸ਼ਰੇਆਮ ਸਾਡੀ ਪੱਤ ਨਾਲ ਖਿਲਵਾੜ ਹੁੰਦਾ ਰਿਹਾ। 30 ਲੜਕੀਆਂ ਚਿਲਗਾਂਓ ਵਿਚ ਤਿੰਨ ਦਿਨ ਪੁਲਿਸ ਤੇ ਗੁੰਡਿਆਂ ਦੀ ਹਵਸ ਦਾ ਸ਼ਿਕਾਰ ਹੁੰਦੀਆਂ ਰਹੀਆਂ (ਨਾਨਾਵਤੀ ਕਮਿਸ਼ਨ ਦੀ ਰਿਪੋਰਟ)। ਬਾਜੀ ਕੌਰ ਜਿਸ ਦੇ ਪਰਿਵਾਰ ਦੇ 10 ਜੀਅ ਮਾਰੇ ਗਏ, ਨੂੰ ਗੁੰਡੇ ਆਪਣੇ ਨਾਲ ਲੈ ਗਏ ਤੇ ਤਿੰਨ ਦਿਨ ਨਿਰਵਸਤਰ ਰੱਖ ਕੇ ਮਨਮਾਨੀ ਕਰਦੇ ਰਹੇ। ਕਿਸ਼ੋਰੀ ਲਾਲ 32 ਲੋਕਾਂ ਦਾ ਇਕੱਲਾ ਕਾਤਲ ਸਾਬਤ ਹੋਇਆ। ਫਾਂਸੀ ਦੀ ਸਜ਼ਾ ਹੋਈ ਜੋ ਸ਼ੀਲਾ ਦੀਕਸ਼ਤ ਸਰਕਾਰ ਦੀ ਸਿਫ਼ਾਰਸ਼ ਉਪਰ ਉਮਰ ਕੈਦ ਵਿਚ ਬਦਲੀ ਗਈ। 58 ਫੌਜੀ ਜਿਨ੍ਹਾਂ ਵਿਚ ਅੱਠ ਅਫ਼ਸਰ ਸਨ, ਛੁੱਟੀ 'ਤੇ ਪੰਜਾਬ ਜਾ ਰਹੇ ਸਨ, ਗੱਡੀ ਵਿਚੋਂ ਉਤਾਰ ਕੇ ਜ਼ਿੰਦਾ ਸਾੜ ਦਿੱਤੇ। ਸਾਡੀ ਪੱਤ ਨਾਲ ਇੰਨਾ ਵੱਡਾ ਖਿਲਵਾੜ! ਜੇ ਅਸੀਂ ਚੁੱਪ ਬੈਠੇ ਰਹੇ ਤਾਂ ਗੁਰੂ ਨਾਨਕ ਦੇ ਉਸ ਆਦੇਸ਼ (ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥) ਦੀ ਉਲੰਘਣਾ ਕਰ ਰਹੇ ਹੋਵਾਂਗੇ ਤੇ ਆਪਣੇ ਆਪ ਨੂੰ ਗੁਰੂ ਦੇ ਵਾਰਸ ਕਹਾਉਣ ਦਾ ਇਖਲਾਕੀ ਹੱਕ ਗੁਆ ਲਵਾਂਗੇ।

ਗੁਰੂ ਅਰਜਨ ਦੇਵ ਦੀ ਸ਼ਹਾਦਤ (ਕਾਰਨ ਕੋਈ ਵੀ ਹੋਵੇ) ਮੌਕੇ ਦੀ ਹਕੂਮਤ ਦੀ ਈਨ ਮੰਨਣ ਤੋਂ ਇਨਕਾਰੀ ਹੋਣਾ ਸੀ। ਹੁਕਮਰਾਨ ਜਾਂ ਆਪਣੇ ਤੋਂ ਸ਼ਕਤੀਸ਼ਾਲੀ ਦੀ ਈਨ ਉਹੀ ਨਹੀਂ ਮੰਨਦਾ, ਜਿਸ 'ਚ ਗੈਰਤ ਜ਼ਿੰਦਾ ਹੈ। ਗੁਰੂ ਹਰਿਗੋਬਿੰਦ ਵੱਲੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨਾ, ਫੌਜ ਰੱਖਣੀ ਤੇ ਅਕਾਲ ਤਖਤ ਦੀ ਸਥਾਪਨਾ, ਆਪਣੇ ਆਪ ਵਿਚ ਮੌਜੂਦਾ ਸਲਤਨਤ 'ਚ ਵੱਖਰੀ ਕਾਇਮ ਹੋ ਰਹੀ ਸ਼ਕਤੀ ਦਾ ਸੰਕੇਤ ਸੀ।

ਗੁਰੂ ਤੇਗ ਬਹਾਦਰ ਦੀ ਸ਼ਹਾਦਤ, ਸ਼ਕਤੀ ਦੀ ਪ੍ਰਾਪਤੀ ਅਤੇ ਸਥਾਪਤੀ ਲਈ ਸਾਰੀਆਂ ਹੀ ਰੁਕਾਵਟਾਂ ਲਈ ਵੰਗਾਰ ਸੀ। ਉਹ ਸ਼ਾਂਤਮਈ ਸ਼ਹਾਦਤ ਸਪਸ਼ਟ ਸੰਕੇਤ ਸੀ ਕਿ ਹੱਥ ਵਿਚ ਤਲਵਾਰ ਲਏ ਬਿਨਾਂ ਬੁਨਿਆਦੀ ਹੱਕਾਂ ਦੀ ਸਲਾਮਤੀ ਵੀ ਸੁਰੱਖਿਅਤ ਨਹੀਂ। ਦਸਮ ਪਾਤਸ਼ਾਹ ਨੇ ਪੰਜ ਪਿਆਰਿਆਂ ਦੀ ਚੋਣ ਜਿਸ ਸੰਕਲਪ ਨਾਲ ਜੋੜ ਕੇ ਕੀਤੀ, ਉਸ ਸੰਕਲਪ ਦੀ ਪੀੜ ਦਿੱਲੀ ਦਰਬਾਰ ਨੇ ਤਾਂ ਬਹੁਤ ਬਾਅਦ ਵਿਚ ਮਹਿਸੂਸ ਕੀਤੀ, ਪਰ ਗੁਆਂਢੀ ਪਹਾੜੀ ਰਾਜਿਆਂ ਨੂੰ ਪਹਿਲਾਂ ਹੋਈ; ਕਿਉਂਕਿ ਸਦੀਆਂ ਬਾਅਦ ਕਿਸੇ ਦੱਬੀ-ਕੁਚਲੀ ਜਮਾਤ ਦੇ ਹੱਥਾਂ ਨੇ ਤਲਵਾਰ ਸੰਭਾਲੀ। ਇਤਿਹਾਸਕਾਰ ਗੋਕਲ ਚੰਦ ਨਾਰੰਗ ਲਿਖਦਾ ਹੈ, "ਹਿੰਦੂਆਂ ਦਾ ਧਰਮ ਤਾਂ ਹੈ ਸੀ, ਪਰ ਰਾਸ਼ਟਰੀਅਤਾ ਦਾ ਜਜ਼ਬਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਰਾਸ਼ਟਰ ਨਿਰਮਾਤਾ ਦੇ ਤੌਰ ਉਤੇ, ਤੇ ਸਿੱਖ ਪੂਰਵ ਆਧੁਨਿਕ ਸਮੇਂ ਵਿਚ ਕੌਮ ਦੇ ਤੌਰ 'ਤੇ ਉਭਰੇ।"

ਡਾ. ਸੰਗਤ ਸਿੰਘ ਨੇ ਆਪਣੀ ਕਿਤਾਬ 'ਇਤਿਹਾਸ ਵਿਚ ਸਿੱਖ' ਵਿਚ ਜ਼ਿਕਰ ਕੀਤਾ ਹੈ ਕਿ ਇਹ ਸੱਚਾਈ ਹੈ ਕਿ ਉਨ੍ਹਾਂ ਨੇ ਲੜਾਈਆਂ ਦੌਰਾਨ (ਖਾਸ ਕਰ ਕੇ ਹਿੰਦੂ ਰਾਜਿਆਂ ਨਾਲ) ਜਿੱਤਾਂ ਉਪਰੰਤ ਵੈਰੀ ਦੀ ਇਕ ਇੰਚ ਜ਼ਮੀਨ 'ਤੇ ਵੀ ਕਬਜ਼ਾ ਨਹੀਂ ਸੀ ਕੀਤਾ, ਪਰ ਉਹ ਸਮਾਜਕ ਤਬਦੀਲੀ ਲਈ ਰਾਜਸੀ ਸ਼ਕਤੀ ਦੀ ਮਹੱਤਤਾ ਨੂੰ ਕਦੀ ਨਹੀਂ ਭੁੱਲੇ। ਖਾਲਸਾ ਸਾਜਨਾ ਤੋਂ ਦਹਾਕਾ ਪਹਿਲਾਂ ਜਦ ਉਹ 'ਕ੍ਰਿਸ਼ਨ ਅਵਤਾਰ' ਸੰਪੂਰਨ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇਸ ਸਿਧਾਂਤ ਨੂੰ ਇਸ ਤਰ੍ਹਾਂ ਨਿਰੂਪਤ ਕੀਤਾ, ਰਾਜ ਬਿਨਾਂ ਨਹਿ ਧਰਮ ਚਲੇ ਹੈ, ਧਰਮ ਬਿਨਾਂ ਸਭ ਦਲੇ ਮਲੇ ਹੈ। ਧਰਮ, ਸਿਆਸੀ ਸੁਤੰਤਰਤਾ ਤੋਂ ਬਿਨਾਂ ਗੁਲਾਮੀ ਹੈ ਤੇ ਸਿਆਸਤ, ਧਾਰਮਿਕ ਸਦਾਚਾਰ ਬਿਨਾਂ ਸੰਗਠਤ ਜੰਗਲੀਪੁਣਾ ਹੈ। ਅਖੀਰਲੇ ਸਮੇਂ ਭਾਈ ਨੰਦ ਲਾਲ ਨਾਲ ਗੱਲਾਂ ਕਰਦਿਆਂ ਉਨ੍ਹਾਂ ਇਸ਼ਾਰਾ ਦਿੱਤਾ ਸੀ, ਇਨ ਗਰੀਬ ਸਿਖਨ ਕਉ ਦੇਉ ਪਾਤਸ਼ਾਹੀ, ਯਾਦ ਰਹੇ ਹਮਰੀ ਗੁਰਿਆਈ। ਨਾਥ ਮੱਲ ਢਾਡੀ ਦਾ 'ਅਮਰਨਾਮਾ' ਅਕਤੂਬਰ 1708 ਵੀ ਨਿਸ਼ਚੈਪੂਰਵਕ ਕਹਿੰਦਾ ਹੈ-ਸਿੱਖਾਂ ਨੂੰ ਦੋਹਾਂ ਜਹਾਨਾਂ ਦੀ ਬਾਦਸ਼ਾਹੀ ਦਿੱਤੀ ਗਈ ਹੈ ਤੇ ਉਨ੍ਹਾਂ ਲਈ ਹਰ ਤਰ੍ਹਾਂ ਦੇ ਹਾਲਾਤ 'ਚ ਚੜ੍ਹਦੀ ਕਲਾ ਵਿਚ ਰਹਿਣਾ ਜ਼ਰੂਰੀ ਹੈ।

ਸ਼ਕਤੀ ਦੀ ਕੀਮਤ ਤੇ ਮਹੱਤਤਾ ਬਾਰੇ ਅਤਿ ਨਵੀਨ ਮਿਸਾਲ ਦੇਣੀ ਯੋਗ ਸਮਝਾਂਗਾ। ਸਮਾਜ ਸੁਧਾਰਕ ਅੰਨਾ ਹਜ਼ਾਰੇ ਦਾ ਸ਼ਾਂਤਮਈ ਅੰਦੋਲਨ ਪਿਛਲੇ 4-5 ਸਾਲਾਂ ਨਾਲ ਸਬੰਧਤ ਹੈ। ਕਈ ਪਾਰਟੀਆਂ ਭਾਵੇਂ ਆਪਣੇ ਮੁਫ਼ਾਦਾਂ ਲਈ ਅੰਦੋਲਨ ਦਾ ਸਮਰਥਨ ਕਰਦੀਆਂ ਰਹੀਆਂ, ਪਰ ਸਰਕਾਰ ਵੱਲੋਂ ਉਨ੍ਹਾਂ ਦੇ ਅੰਦੋਲਨ ਨੂੰ ਕਈ ਵਾਰੀ ਬੇਸ਼ਰਮੀ ਦੀ ਹੱਦ ਤੱਕ ਅਪਮਾਨਤ ਕੀਤਾ ਜਾਂਦਾ ਰਿਹਾ। ਅੰਨਾ ਹਜ਼ਾਰੇ ਦੀ ਟੀਮ ਦੇ ਮੁੱਖ ਬੁਲਾਰੇ ਅਰਵਿੰਦ ਕੇਜਰੀਵਾਲ ਨੇ ਆਪਣੀ ਤੇ ਸਾਥੀਆਂ ਦੀ ਵਾਰ ਵਾਰ ਹੁੰਦੀ ਦੁਰਗਤੀ ਤੋਂ ਇਹ ਮਹਿਸੂਸ ਕੀਤਾ ਕਿ ਜੋ ਕੁਝ ਵੀ ਕਰਨ-ਕਰਾਉਣ ਲਈ ਉਹ ਅੰਦੋਲਨ ਕਰ ਰਹੇ ਹਨ, ਉਸ ਦੀ ਉਨੀ ਦੇਰ ਕੋਈ ਕੀਮਤ ਨਹੀਂ ਪੈਣੀ, ਜਿੰਨੀ ਦੇਰ ਉਨ੍ਹਾਂ ਦੇ ਹੱਥਾਂ ਵਿਚ ਰਾਜਸੀ ਸ਼ਕਤੀ ਨਹੀਂ ਆਉਂਦੀ। ਉਹ ਕੇਜਰੀਵਾਲ ਅਜ ਰਾਜਸੀ ਸ਼ਕਤੀ ਦੀ ਪ੍ਰਾਪਤੀ ਉਪਰੰਤ ਦੁਨੀਆਂ ਦੇ ਗਿਣੇ-ਮਿਥੇ ਪ੍ਰਭਾਵਸ਼ਾਲੀ ਲੋਕਾਂ ਵਿਚ ਸ਼ਾਮਲ ਸਮਝਿਆ ਜਾ ਰਿਹਾ ਹੈ।

ਅਚਾਰੀਆ ਰਜਨੀਸ਼ (ਓਸ਼ੋ) ਵੀਹਵੀਂ ਸਦੀ ਦਾ ਅਨੁਭਵੀ ਦਾਰਸ਼ਨਿਕ, 600 ਤੋਂ ਵੱਧ ਕਿਤਾਬਾਂ ਦਾ ਰਚਨਹਾਰਾ; ਪੰਜਾਬ ਤੇ ਸਿੱਖਾਂ ਦੀ ਪੀੜ ਦਾ ਜਾਣਕਾਰ, ਗੁਰੂ ਨਾਨਕ ਦਾ ਉਚੇਚਾ ਪ੍ਰਸ਼ੰਸਕ। ਜਿਨ੍ਹਾਂ ਦਿਨਾਂ ਵਿਚ ਪੰਜਾਬ ਬਲ ਰਿਹਾ ਸੀ, ਸਿੱਖਾਂ ਪ੍ਰਤੀ ਨਫ਼ਰਤ ਦਾ ਵਾਤਾਵਰਨ ਪੂਰੇ ਦੇਸ਼ ਅੰਦਰ ਸਿਰਜਿਆ ਜਾ ਰਿਹਾ ਸੀ, ਉਦੋਂ ਮੁੰਬਈ ਤੋਂ ਛਪਦੇ 'ਧਰਮਯੁਗ' ਰਸਾਲੇ ਨੇ ਓਸ਼ੋ ਨਾਲ ਇੰਟਰਵਿਊ ਕੀਤੀ ਜਿਸ ਦੇ ਛਪਣ 'ਤੇ ਭਾਰਤੀ ਸਰਕਾਰ ਨੇ ਰੋਕ ਲਾ ਦਿੱਤੀ ਸੀ। ਉਸ ਲੰਮੀ ਇੰਟਰਵਿਊ ਵਿਚੋਂ ਕੁਝ ਚੀਜ਼ਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, 'ਪੰਜਾਬ ਆਜ਼ਾਦ ਹੋਵੇ, ਗੁਰਮੁਖੀ ਫੈਲੇ, ਨਾਨਕ ਦੀ ਬਾਣੀ ਵਿਚ ਉਭਾਰ ਆਵੇ, ਸਿੱਖੀ ਦੀ ਤਲਵਾਰ 'ਤੇ ਰੌਣਕ ਚੜ੍ਹੇ, ਜਿਸ ਦਿਨ ਪੰਜਾਬ ਨੇ ਚਾਹਿਆ ਸੀ ਕਿ ਆਜ਼ਾਦ ਹੋਵੇ, ਸਾਨੂੰ ਸਵਾਗਤ ਕਰਨਾ ਚਾਹੀਦਾ ਸੀ, ਕਿਉਂਕਿ ਆਜ਼ਾਦੀ ਇੰਨਾ ਵੱਡਾ ਮੁੱਲ ਹੈ ਜਿਸ ਤੋਂ ਰਾਸ਼ਟਰੀਅਤਾ ਕੁਰਬਾਨ ਕੀਤੀ ਜਾ ਸਕਦੀ ਹੈ।" ਜੇ ਤੁਹਾਨੂੰ ਥੋੜ੍ਹਾ ਚੇਤਾ ਹੋਵੇ, ਜਦੋਂ ਬੰਗਲਾ ਦੇਸ਼ ਅਲਹਿਦਾ ਹੋਇਆ ਤਾਂ ਇੰਦਰਾ ਗਾਂਧੀ ਨੇ ਨਾ ਸਿਰਫ਼ ਇਸ ਦੀ ਹਮਾਇਤ ਕੀਤੀ, ਸਗੋਂ ਆਪਣੀਆਂ ਫੌਜਾਂ ਵੀ ਭੇਜੀਆਂ ਸਨ। ਜ਼ਿੰਦਗੀ ਵਿਚ ਜੋ ਲੋਕ ਥੋੜ੍ਹਾ ਜਿੰਨਾ ਵੀ ਇਮਾਨ ਰੱਖਦੇ ਹਨ, ਉਨ੍ਹਾਂ ਦਾ ਇਹ ਦੇਖਣਾ ਬਣਦਾ ਹੈ ਕਿ ਅੱਜ ਪੰਜਾਬੀ ਵੀ ਆਜ਼ਾਦ ਹੋਣਾ ਚਾਹੁੰਦੇ ਹਨ ਤਾਂ ਉਹੀ ਇੰਦਰਾ ਗਾਂਧੀ ਇਨ੍ਹਾਂ ਨੂੰ ਆਜ਼ਾਦ ਨਹੀਂ ਸੀ ਹੋਣ ਦੇਣਾ ਚਾਹੁੰਦੀ, ਜੇ ਇੰਦਰਾ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਤਾਂ ਮੇਰੇ ਦਿਲ ਵਿਚ ਇਸ ਦਾ ਕੋਈ ਅਫ਼ਸੋਸ ਨਹੀਂ ਹੈ। ਉਹ ਇਸ ਲਈ ਜ਼ਿੰਮੇਵਾਰ ਹੈ। ਸਿੱਖ ਦੀ ਆਪਣੀ ਸ਼ਖ਼ਸੀਅਤ ਹੈ, ਆਪਣਾ ਇਮਾਨ ਹੈ, ਜੋ ਇਸ ਦੇਸ਼ ਵਿਚ ਹੋਰ ਕਿਸੇ ਦਾ ਨਹੀਂ। ਤੁਸੀਂ ਸਿੱਖ 'ਤੇ ਜਿੰਨਾ ਭਰੋਸਾ ਕਰ ਸਕਦੇ ਹੋ, ਕਿਸੇ ਹੋਰ 'ਤੇ ਨਹੀਂ। ਜਦੋਂ ਤੱਕ ਇਕ ਵੀ ਸਿੱਖ ਜ਼ਿੰਦਾ ਹੈ, ਇਹ ਸਮੱਸਿਆ ਕਾਇਮ ਰਹੇਗੀ।'

ਕੁਝ ਸਾਲ ਪਹਿਲਾਂ ਮੈਂ ਬੜੀ ਹੀ ਦਰਦਨਾਕ ਤੇ ਦਿਲਚਸਪ ਗੱਲ ਦਾ ਜ਼ਿਕਰ ਪੜ੍ਹਿਆ ਜੋ ਸਾਡੇ ਚਰਿੱਤਰ ਤੇ ਦਾਸਤਾਨ ਨਾਲ ਮੇਲ ਖਾਂਦੀ ਹੈ ਅਤੇ ਓਸ਼ੋ ਦੀ ਕਹੀ ਗੱਲ ਦੀ ਗਵਾਹੀ ਭਰਦੀ ਹੈ। ਲੇਖਕ ਨੇ ਫ਼ਲਸਤੀਨੀਆਂ ਤੇ ਯਹੂਦੀਆਂ ਦੀ ਲੜਾਈ ਦਾ ਤੁਲਨਾਤਮਕ ਅਧਿਐਨ ਕੀਤਾ ਕਿ ਇਜ਼ਰਾਈਲ ਕੋਲ ਫੌਜ 160,000, ਲੜਾਕੂ ਟੈਂਕ 4170, ਲੜਾਕੂ ਜਹਾਜ਼ 684, ਮਨੁੱਖੀ ਬੰਬ 0 ਹੈ। ਫ਼ਲਸਤੀਨੀਆਂ ਕੋਲ ਫੌਜ 0, ਲੜਾਕੂ ਟੈਂਕ 0, ਲੜਾਕੂ ਜਹਾਜ਼ 0 ਤੇ ਮਨੁੱਖੀ ਬੰਬ ਅਣਗਿਣਤ ਹਨ। ਕਹਿਣ ਦਾ ਮਤਲਬ ਸੀ ਕਿ ਜਦ ਤੱਕ ਇਕ ਵੀ ਫ਼ਲਸਤੀਨੀ ਜ਼ਿੰਦਾ ਹੈ, ਇਜ਼ਰਾਈਲ ਅੰਦਰ ਅਮਨ ਦੀ ਬਹਾਲੀ ਦੀ ਕੋਈ ਵੀ ਗਰੰਟੀ ਨਹੀਂ ਲੈ ਸਕਦਾ। ਸਿੱਖਾਂ ਅੰਦਰ ਵੀ ਇਹ ਅੱਗ ਕਿਸੇ ਨਾ ਕਿਸੇ ਰੂਪ ਵਿਚ ਬਲਦੀ ਰਹਿਣੀ ਹੈ, ਜਦ ਤੱਕ ਇਹ ਦੁਨੀਆਂ ਦੇ ਨਕਸ਼ੇ ਉਪਰ ਆਪਣੇ ਨਕਸ਼ ਨਹੀਂ ਉਲੀਕ ਲੈਂਦੇ।

ਅਕਸਰ ਇਹ ਗੱਲ ਚਰਚਾ ਦਾ ਵਿਸ਼ਾ ਰਹਿੰਦੀ ਹੈ ਕਿ ਗਿਣਤੀ ਦੇ ਲੋਕ ਹਨ ਜੋ ਇਹ ਮੰਗ ਵਾਰ ਵਾਰ ਉਭਾਰਦੇ ਹਨ। ਆਮ ਸਿੱਖ ਦਾ ਤਾਂ ਇਸ ਨਾਲ ਕੋਈ ਲੈਣਾ-ਦੇਣਾ ਨਹੀਂ, ਜਾਂ ਬਹੁ-ਗਿਣਤੀ ਤਾਂ ਇਸ ਮੰਗ ਦੇ ਵਿਰੋਧੀ ਹਨ। ਸਵਾਲ ਹੈ ਕਿ ਜਦ ਹਿੰਦੋਸਤਾਨ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ, ਉਸ ਸਮੇਂ ਆਬਾਦੀ 35 ਕਰੋੜ ਸੀ। ਆਜ਼ਾਦੀ ਦੀ ਲੜਾਈ ਵਿਚ ਹਜ਼ਾਰਾਂ ਨੇ ਹੀ ਕਿਸੇ ਨਾ ਕਿਸੇ ਰੂਪ ਵਿਚ ਹਿੱਸਾ ਲਿਆ। ਭਲਾ ਕਿੰਨੇ ਭਗਤ ਸਿੰਘ, ਰਾਜਗੁਰੂ, ਸੁਖਦੇਵ ਪੈਦਾ

(ਬਾਕੀ ਅਗਲੇ ਸਫੇ 'ਤੇ)

ਰਾਜਿੰਦਰ ਸਿੰਘ ਬੇਦੀ-8



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਜ਼ਿੰਦਗੀ, ਮੈਨੂੰ ਮੇਰੇ ਹਿੱਸੇ ਦਾ ਦੁੱਧ ਦੇ!

***ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿੱਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ***

ਬੇਦੀ ਜੀ ਦੀ ਜੀਵਨ-ਯਾਤਰਾ ਰੋਗ ਤੋਂ ਰੋਗ ਤੱਕ ਦੀ ਕਹਾਣੀ ਹੈ। ਉਹ ਜੰਮੇ ਵੀ ਰੋਗੀ ਅਤੇ ਮਰਨ ਤੋਂ ਕਾਫ਼ੀ ਸਮਾਂ ਪਹਿਲਾਂ ਅਧਰੰਗ ਦੇ ਨਾਮੁਰਾਦ ਰੋਗ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਘੇਰ ਲਿਆ। ਇਕ ਪਾਸਾ ਮਾਰਿਆ ਗਿਆ। ਇਕ ਲੱਤ ਅਤੇ ਇਕ ਬਾਂਹ ਕੰਮ ਕਰਨੋਂ ਹਟ ਗਈਆਂ। ਸਹਾਰੇ ਦੀ ਲੋੜ ਪੈਂਦੀ। ਦੂਜੀ ਅੱਖ ਬੰਦ ਕਰ ਕੇ ਅਧਰੰਗੀ ਅੱਖ ਉਤੇ ਆਪਣੇ ਕੰਮ ਕਰਦੇ ਹੱਥ ਦੀ ਕੋਕਲੀ ਰੱਖ ਕੇ ਉਹ ਵਾਰ-ਵਾਰ ਇਹ ਨਿਰਣਾ ਕਰਨ ਦਾ ਜਤਨ ਕਰਦੇ ਕਿ ਉਸ ਵਿਚੋਂ ਕੁਝ ਦਿਸਦਾ ਹੈ ਜਾਂ ਨਹੀਂ। ਕਿੰਨਾ ਦਰਦਨਾਕ ਦ੍ਰਿਸ਼ ਹੁੰਦਾ ਹੋਵੇਗਾ ਕਿ ਜਿਸ ਲੇਖਕ ਦੀ ਬਰੀਕ-ਬੀਨੀ ਜ਼ਿੰਦਗੀ ਦੀਆਂ, ਘਟਨਾਵਾਂ ਦੀਆਂ, ਸਥਿਤੀਆਂ ਦੀਆਂ ਡੂੰਘੀਆਂ ਛੁਪੀਆਂ ਪਰਤਾਂ ਮਨ ਦੀ ਅੱਖ ਨਾਲ ਦੇਖ ਲੈਂਦੀ ਸੀ, ਉਸ ਤੋਂ ਇਹ ਨਿਤਾਰਾ ਵੀ ਨਹੀਂ ਸੀ ਹੋ ਰਿਹਾ ਕਿ ਉਹਦੀ ਸਰੀਰਕ ਅੱਖ ਨੂੰ ਦਿਸਦਾ ਹੈ ਜਾਂ ਨਹੀਂ। ਉਨ੍ਹਾਂ ਦੇ ਬੁੱਲ੍ਹ ਵੱਸ ਤੋਂ ਬਾਹਰੇ ਹੋ ਕੇ ਲਟਕ ਜਾਂਦੇ। ਉਨ੍ਹਾਂ ਉਤੇ ਆ ਕੇ ਸ਼ਬਦ ਅਟਕ ਜਾਂਦੇ। ਹਾਜ਼ਰ-ਜਵਾਬੀ ਦੇ ਉਸਤਾਦ ਅਤੇ ਭਾਸ਼ਾ ਦੀ ਵਰਤੋਂ ਦੇ ਬੇਮਿਸਾਲ ਕਲਾਕਾਰ ਨੂੰ ਗੱਲ ਅੱਧ-ਵਿਚਾਲੇ ਭੁੱਲ ਜਾਂਦੀ। ਉਹ ਥੱਕ ਜਾਂਦੇ, ਅੱਕ ਜਾਂਦੇ, ਨਿਰਾਸ਼ ਹੋ ਜਾਂਦੇ, ਮਾਯੂਸ ਹੋ ਜਾਂਦੇ ਅਤੇ ਬੇਵੱਸ ਹੋ ਕੇ ਨਿਢਾਲ ਹੋਏ ਚੁੱਪ ਹੋ ਜਾਂਦੇ।

ਡਾਕਟਰ ਕਹਿੰਦੇ ਸਨ, ਕੋਈ ਉਨ੍ਹਾਂ ਕੋਲ ਬੈਠੇ ਅਤੇ ਉਨ੍ਹਾਂ ਨਾਲ ਬੜੇ ਹਿਤ ਨਾਲ, ਬੜੇ ਠਰ੍ਹੰਮੇ ਨਾਲ ਛੋਟੀਆਂ-ਛੋਟੀਆਂ ਗੱਲਾਂ ਕਰੇ, ਉਨ੍ਹਾਂ ਦਾ ਬੀਤਿਆ ਚੇਤੇ ਕਰਾਵੇ, ਉਨ੍ਹਾਂ ਦੀਆਂ ਯਾਦਾਂ ਨੂੰ ਰੋਗ ਦੇ ਗੰਧਲੇ ਪਾਣੀ ਵਿਚੋਂ ਉਭਾਰਨ ਦਾ ਯਤਨ ਕਰੇ, ਪਰ ਇਹ ਸਭ ਕੌਣ ਕਰੇ? ਇਕ ਵਾਰ ਉਹ ਦਿੱਲੀ ਆਪਣੇ ਕਦਰਦਾਨ ਭਰਾ ਹਰਬੰਸ ਸਿੰਘ, ਜੋ ਇਕ ਉਚ-ਅਧਿਕਾਰੀ ਸਨ, ਦੇ ਘਰ ਠਹਿਰੇ ਹੋਏ ਸਨ। ਇੰਦਰਜੀਤ ਗਈ ਤਾਂ ਉਹ ਉਹਦੇ ਵੱਲ ਪ੍ਰਭਾਵਹੀਣ ਨਜ਼ਰਾਂ ਨਾਲ ਦੇਖਦੇ ਬੈਠੇ ਰਹੇ। ਪੁੱਛਣ ਉਤੇ ਵੀ ਚੁੱਪ ਰਹੇ। ਇੰਦਰਜੀਤ ਬੋਲੀ, "ਬੇਦੀ ਸਾਹਿਬ, ਮੈਂ ਇੰਦਰਜੀਤ, ਤੁਹਾਡੀ ਭੈਣ ਰਾਜ ਦੁਲਾਰੀ ਦੀ ਨੂੰਹ, ਤੁਹਾਡੇ ਭਾਣਜੇ ਰਵੀ, ਜੀਹਨੂੰ ਤੁਸੀਂ ਰੱਦੀ ਕਹਿੰਦੇ ਹੁੰਦੇ ਸੀ, ਦੀ ਪਤਨੀ।" ਉਹ ਫੇਰ ਵੀ ਅਬੋਲ ਦੇਖਦੇ ਅਤੇ ਪਰੇਸ਼ਾਨ ਹੁੰਦੇ ਰਹੇ। ਉਹਨੇ ਕਿਹਾ, "ਬੇਦੀ ਸਾਹਿਬ, ਮੈਂ ਰੂਸੀ ਦਫ਼ਤਰ ਵਿਚ ਕੰਮ ਕਰਦੀ ਸੀ। ਤੁਸੀਂ ਰੂਸੀਆਂ ਬਾਰੇ ਕਹਾਣੀ ਲਿਖ ਕੇ ਮੈਨੂੰ ਪੜ੍ਹਨ ਨੂੰ ਦਿੱਤੀ ਸੀ।" ਉਹ ਹੈਰਾਨ ਹੋਏ, "ਮੈਂ ਕਹਾਣੀ ਲਿਖੀ ਸੀ, ਰੂਸੀਆਂ ਬਾਰੇ?" ਇੰਦਰਜੀਤ ਨੇ ਕਾਗਜ਼ ਅਤੇ ਪੈਨ ਅੱਗੇ ਕਰਦਿਆਂ ਉਨ੍ਹਾਂ ਨੂੰ ਆਪਣਾ ਨਾਂ ਲਿਖਣ ਲਈ ਕਿਹਾ। ਉਹ ਇਕ ਪਲ ਝਿਜਕੇ ਤੇ ਫੇਰ ਉਰਦੂ 'ਚ ਨਾਂ ਲਿਖ ਦਿੱਤਾ। ਆਪਣਾ ਲਿਖਿਆ 'ਰਾਜਿੰਦਰ ਸਿੰਘ ਬੇਦੀ' ਪੜ੍ਹ ਕੇ ਜਿਵੇਂ ਉਨ੍ਹਾਂ ਦੇ ਕੰਨਾਂ ਵਿਚ ਉਹ ਪੁਰਾਣੀ ਧੁਨੀ ਗੂੰਜ ਉਠੀ: "ਸਾਵਧਾਨ! ਰਾਜ ਰਾਜੇਸ਼ਵਰ, ਚਕਰਵਰਤੀ ਸਮਰਾਟ, ਅਜ਼ੀਮ ਅਫ਼ਸਾਨਾ ਨਿਗਾਰ, ਜਨਾਬ ਰਾਜਿੰਦਰ ਸਿੰਘ ਬੇਦੀ ਰੰਗਭੂਮੀ ਵਿਚ ਪਧਾਰ ਰਹੇ ਹਨ!" ਉਨ੍ਹਾਂ ਦਾ ਚਿਹਰਾ ਜਿੰਨਾ ਕੁ ਖਿੜ ਸਕਦਾ ਸੀ, ਖਿੜ ਗਿਆ, ਅੱਖਾਂ ਵਿਚ ਚਮਕ ਜਿੰਨੀ ਕੁ ਆ ਸਕਦੀ ਸੀ, ਆ ਗਈ ਅਤੇ ਬੋਲੇ, "ਹਾਂ, ਯਾਦ ਆਇਆ, ਮੈਂ ਕਹਾਣੀ ਲਿਖੀ ਸੀ, ਰੂਸੀਆਂ ਬਾਰੇ।" ਤੇ ਫੇਰ ਉਨ੍ਹਾਂ ਨੇ ਕਾਗਜ਼ ਦੁਬਾਰਾ ਨੇੜੇ ਖਿਸਕਾ ਕੇ ਉਸ ਉਤੇ ਪੰਜਾਬੀ ਤੇ ਅੰਗਰੇਜ਼ੀ ਵਿਚ ਵੀ ਆਪਣਾ ਨਾਂ ਲਿਖ ਦਿੱਤਾ ਅਤੇ ਜਿੱਤੇ ਹੋਏ ਬਾਂਟੇ ਦਿਖਾਉਣ ਵਾਲੇ ਬੱਚੇ ਵਾਂਗ ਬੜੇ ਚਾਅ ਨਾਲ ਆਪਣੇ ਦਸਤਖ਼ਤ ਉਥੇ ਬੈਠੇ ਸਾਰਿਆਂ ਨੂੰ ਦਿਖਾਉਣ ਲੱਗੇ। ਪਰ ਝੱਟ ਹੀ ਉਨ੍ਹਾਂ ਦੀ ਯਾਦਦਾਸ਼ਤ ਫੇਰ ਧੁੰਦ ਵਿਚ ਲੋਪ ਹੋ ਗਈ। ਇੰਦਰਜੀਤ ਕੋਈ ਪੁਰਾਣੀ ਗੱਲ ਛੇੜਦੀ ਤਾਂ ਉਨ੍ਹਾਂ ਦਾ ਚੇਤਾ ਉਹਦੀ ਤੰਦ ਫੜ ਕੇ ਬਾਹਰ ਨਿਕਲ ਆਉਂਦਾ, ਪਰ ਛੇਤੀ ਹੀ ਫੇਰ ਚੁੱਭੀ ਮਾਰ ਜਾਂਦਾ।

ਉਹ ਨਿੱਕੀ-ਨਿੱਕੀ ਗੱਲ ਉਤੇ ਵਿੱਟਰ ਜਾਣ ਵਾਲੇ ਅਤੇ ਬਿਨਾਂ ਕਿਸੇ ਕਾਰਨ ਜਾਂ ਬਹਾਨੇ ਤੋਂ ਰੀਂ-ਰੀਂ ਕਰਦੇ ਰਹਿਣ ਵਾਲੇ ਬਾਲ ਸਨ। ਜਨਮ-ਰੋਗ ਅਤੇ ਮਰਨ-ਰੋਗ ਦੇ ਵਿਚਕਾਰਲੀ ਉਮਰ ਦਾ ਵਰਣਨ ਉਹ ਕੇਵਲ "ਵਿੱਦਿਆ, ਕਹਾਣੀਆਂ, ਡਾਕਖਾਨੇ ਦੀ ਨੌਕਰੀ, ਰੇਡੀਓ ਦੀ ਨੌਕਰੀ, ਦੇਸ-ਵੰਡ, ਰੇਡੀਓ ਦੇ ਪ੍ਰਬੰਧਕਾਂ ਨਾਲ ਲੜਾਈ, ਬੰਬਈ, ਫ਼ਿਲਮਾਂ ਅਤੇ ਕਿਤਾਬਾਂ" ਵਜੋਂ ਕਰਦੇ ਸਨ। ਏਨੀ ਕਾਹਲੀ-ਕਾਹਲੀ ਅਤੇ ਏਨੀ ਸੰਖੇਪਤਾ ਨਾਲ, ਜਿਵੇਂ ਜੀਵਨ ਦੀਆਂ ਬੀਤੀਆਂ ਘਟਨਾਵਾਂ ਨੂੰ ਯਾਦ ਨਾ ਕਰਨਾ ਚਾਹੁੰਦੇ ਹੋਣ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ, ਕਈ ਲੋਕਾਂ ਦੇ ਮਨ ਵਿਚ ਉਹ ਸਾਰੀਆਂ ਯਾਦਾਂ ਹੁਮ-ਹੁੰਮਾ ਕੇ ਆ ਜੁੜਦੀਆਂ ਹਨ, "ਜਿਨ੍ਹਾਂ ਨੂੰ ਮੁੜ-ਮੁੜ ਚੇਤੇ ਕਰ ਕੇ ਬੰਦਾ ਇਉਂ ਖੁਸ਼ ਹੁੰਦਾ ਹੈ, ਜਿਵੇਂ ਅਘੋਰੀ ਲੋਕ ਮੁਰਦਾ ਖਾ ਕੇ ਖੁਸ਼ ਹੁੰਦੇ ਹਨ।" ਪਰ ਉਹ ਮੁਰਾਦਾਰ ਖਾਣੇ ਅਘੋਰੀ ਨਹੀਂ ਸਨ ਜਿਸ ਕਰਕੇ ਉਹ ਆਪਣੀਆਂ ਮੁਰਦਾ ਯਾਦਾਂ ਨੂੰ ਮਨ ਦੇ ਕਬਰਿਸਤਾਨ ਵਿਚ ਦੱਬੀਆਂ ਪਈਆਂ ਰਹਿਣ ਦੇਣਾ ਹੀ ਠੀਕ ਸਮਝਦੇ ਸਨ।

ਉਨ੍ਹਾਂ ਦੇ ਦੱਸਣ ਅਨੁਸਾਰ, ਉਨ੍ਹਾਂ ਦੇ ਗਿਆਨ ਅਤੇ ਕਰਮ ਵਿਚ ਪਾੜਾ ਰਹਿ ਜਾਣ ਕਾਰਨ ਉਨ੍ਹਾਂ ਨੂੰ ਦੁਰਘਟਨਾਵਾਂ ਦੇ ਵੱਸ ਪੈਣਾ ਪਿਆ ਅਤੇ ਹਰ ਤਜਰਬੇ ਦੀ ਸੂਲੀ ਉਤੇ ਆਪ ਚੜ੍ਹਨਾ ਪਿਆ। ਉਹ ਕਈ ਵਾਰ ਮਰੇ ਅਤੇ ਕਈ ਵਾਰ ਜੀਵੇ। ਹਰ ਚੀਜ਼ ਨੂੰ ਦੇਖ ਕੇ, ਹਰ ਅਨੁਭਵ ਨੂੰ ਭੋਗ ਕੇ ਹੈਰਾਨ ਹੋਏ ਅਤੇ ਹਰ ਘਟਨਾ-ਦੁਰਘਟਨਾ ਤੋਂ ਮਗਰੋਂ ਪਰੇਸ਼ਾਨ। ਨਾ ਉਨ੍ਹਾਂ ਦੀ ਹੈਰਾਨੀ ਦਾ ਕੋਈ ਅੰਤ ਸੀ ਅਤੇ ਨਾ ਹੀ ਪਰੇਸ਼ਾਨੀ ਦੀ ਕੋਈ ਹੱਦ ਸੀ। ਉਨ੍ਹਾਂ ਦੇ ਦੁੱਖਾਂ ਦੀ ਪੰਡ ਨੂੰ ਪਰਿਵਾਰ ਦੇ ਹੋਰ ਜੀਆਂ ਦੇ ਰੋਗਾਂ ਦੇ ਪੱਥਰ ਹੋਰ ਹੋਰ ਭਾਰੀ ਕਰਦੇ ਰਹਿੰਦੇ ਸਨ। ਮਿਸਾਲ ਵਜੋਂ ਉਨ੍ਹਾਂ ਦੀ ਘਰਵਾਲੀ ਵੀ ਰੋਗਣ ਸੀ ਅਤੇ ਉਨ੍ਹਾਂ ਦੇ ਕਹਿਣ ਅਨੁਸਾਰ, ਉਨ੍ਹਾਂ ਦੇ 'ਪਿਉ ਦੀ ਘਰਵਾਲੀ' ਵੀ ਰੋਗਣ ਹੀ ਸੀ।

ਬੇਦੀ ਦਾ ਸਭ ਤੋਂ ਵੱਡਾ ਵਿਗੋਚਾ ਇਹ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਦੁੱਧ ਨਾ ਮਾਂ ਨੇ ਦਿੱਤਾ ਅਤੇ ਨਾ ਜ਼ਿੰਦਗੀ ਨੇ। ਮਾਂ ਤੋਂ ਦੁੱਧ ਲੈਣ ਲਈ ਉਹ ਉਹਦੀ ਰੋਗੀ ਛਾਤੀ ਨੂੰ ਵਾਰ-ਵਾਰ ਚੂੰਡਦੇ। ਉਹ ਛਿੱਥੀ ਪੈ ਕੇ ਉਨ੍ਹਾਂ ਨੂੰ ਪਰ੍ਹੇ ਵਗਾਹ ਮਾਰਦੀ ਅਤੇ ਉਹ ਵਿਲਕਦੇ, "ਮਾਂ, ਮੈਨੂੰ ਮੇਰਾ ਦੁੱਧ ਦੇ ਦੇ...ਮੈਨੂੰ ਮੇਰਾ ਦੁੱਧ ਚਾਹੀਦੈ!" ਮਾਂ ਅਥਾਹ ਮਮਤਾ ਨਾਲ ਛਲਕ ਕੇ ਅਤੇ ਇਹ ਸਮਝਣ ਵਿਚ ਅਸਫਲ ਰਹਿ ਕੇ ਕਿ ਪੁੱਤਰ ਨੂੰ ਸੁੱਟੇ ਜਾਂ ਰੱਖੇ, ਬਾਲ ਨੂੰ ਫੇਰ ਹਿੱਕ ਨਾਲ ਲਾ ਲੈਂਦੀ। ਪਰ ਮਗਰੋਂ ਜਦੋਂ ਸਾਰੀ ਉਮਰ ਉਹ ਜ਼ਿੰਦਗੀ ਤੋਂ ਆਪਣੇ ਹਿੱਸੇ ਦਾ ਦੁੱਧ ਮੰਗਣ ਲਈ ਪੁਕਾਰਦੇ ਰਹੇ, ਬੇਕਿਰਕ ਜ਼ਿੰਦਗੀ, ਮਾਂ ਵਾਲੀ ਮਮਤਾ ਤੋਂ ਵਿਰਵੀ ਹੋਣ ਕਰਕੇ, ਉਨ੍ਹਾਂ ਨੂੰ ਵਾਰ ਵਾਰ ਸਵਾਹਰੀ ਸੜਕ ਤੋਂ ਵਗਾਹ ਕੇ ਚੁਭਵੇਂ ਫੁੱਟਪਾਥ ਉਤੇ ਸੁਟਦੀ ਰਹੀ। ਉਪਰੋਂ ਸਿਤਮ ਇਹ ਕਿ ਜ਼ਿੰਦਗੀ ਨੇ ਸੁੱਟਣ ਮਗਰੋਂ ਪਰੇਸ਼ਾਨ ਹੋ ਕੇ ਕਦੀ ਉਨ੍ਹਾਂ ਨੂੰ ਹਿੱਕ ਨਾਲ ਨਾ ਲਾਇਆ। ਉਨ੍ਹਾਂ ਦੀਆਂ ਕਹਾਣੀਆਂ ਅਸਲ ਵਿਚ ਜ਼ਿੰਦਗੀ ਤੋਂ ਆਪਣੇ ਆਪਣੇ ਹਿੱਸੇ ਦਾ ਦੁੱਧ ਮੰਗਦੇ ਪਾਤਰਾਂ ਦੀਆਂ ਕਹਾਣੀਆਂ ਹੀ ਹਨ, "ਜ਼ਿੰਦਗੀ, ਮੈਨੂੰ ਮੇਰਾ ਦੁੱਧ ਦੇ ਦੇ...ਮੈਨੂੰ ਮੇਰਾ ਦੁੱਧ ਚਾਹੀਦੈ।"

ਜ਼ਿੰਦਗੀ ਦਾ ਇਹ ਕਠੋਰ ਅਤੇ ਬੇਕਿਰਕ ਰਵੱਈਆ ਉਨ੍ਹਾਂ ਦੇ ਮਨ ਵਿਚ ਅਨੇਕ ਸਵਾਲ ਖੜ੍ਹੇ ਕਰਦਾ ਸੀ। ਪਰ ਜ਼ਿੰਦਗੀ ਨੇ ਮਾਂ ਵਾਲੀ ਹੀ ਵਿਧੀ ਅਪਨਾ ਲਈ। ਪਹਿਲਾਂ ਝਿੜਕ ਕੇ 'ਚੁੱਪ' ਕਹਿਣਾ, ਪਰ ਜਵਾਬ ਮੰਗਣ ਲਈ ਅੜੇ ਰਹਿਣ ਕਰਕੇ ਜੇ ਕਦੇ ਜਵਾਬ ਦੇਣਾ ਪਵੇ ਤਾਂ ਅਜਿਹਾ ਦੇਣਾ ਜੋ ਪੱਲੇ ਨਾ ਪਵੇ ਅਤੇ ਜੇ ਪੱਲੇ ਪੈ ਜਾਵੇ ਤਾਂ ਨਤੀਜੇ ਵਜੋਂ ਜੁੱਤੀਆਂ ਪੈਣ।

ਧਰਮ-ਗ੍ਰੰਥ ਪੜ੍ਹਨ ਵਾਲੀ ਮਾਂ ਤੋਂ ਜਦੋਂ ਉਨ੍ਹਾਂ ਨੇ ਇਕ ਦਿਨ 'ਗਣਿਕਾ' ਦਾ ਅਰਥ ਜਾਣਨ ਲਈ ਅੜੀ ਕੀਤੀ ਤਾਂ ਉਤਰ ਮਿਲਿਆ, "ਬਹਿ ਜਾ, ਚੁੱਪ ਕਰ ਕੇ।...ਚੁੱਪ!" ਪਿੱਛੇ ਹੀ ਪੈ ਜਾਣ ਉਤੇ ਦੱਸਿਆ ਗਿਆ ਕਿ ਗਣਿਕਾ ਭੈੜੀ ਜ਼ਨਾਨੀ ਨੂੰ ਕਹਿੰਦੇ ਹਨ। 'ਭੈੜੀ ਜ਼ਨਾਨੀ' ਦੇ ਅਰਥ ਪੱਲੇ ਨਾ ਪਏ ਤਾਂ ਦੱਸਿਆ ਗਿਆ, ਉਹ ਜੋ ਬਹੁਤ ਸਾਰੇ ਮਰਦਾਂ ਨਾਲ ਰਹਿੰਦੀ ਹੋਵੇ। ਉਹ ਸਭ ਕੁਝ ਸਮਝ ਆ ਗਿਆ ਸਮਝ ਕੇ ਸੰਤੁਸ਼ਟ ਹੋ ਗਏ, ਪਰ ਅਗਲੇ ਦਿਨ ਜਦੋਂ ਕਈ ਜੇਠਾਂ-ਦਿਉਰਾਂ, ਸਹੁਰਿਆਂ-ਪਤ੍ਰਿਉਰਿਆਂ, ਆਦਿ ਜਿਹੇ ਊਟ-ਪਟਾਂਗ ਲੋਕਾਂ ਵਾਲੇ ਪਰਿਵਾਰ ਵਿਚ ਰਹਿਣ ਵਾਲੀ ਗੁਆਂਢਣ ਸੁਮਿਤਰਾ ਨੂੰ ਗਣਿਕਾ ਕਹਿ ਬੈਠੇ, ਤਾਂ ਉਨ੍ਹਾਂ ਨੂੰ ਪੈਣ ਵਾਲੀਆਂ ਜੁੱਤੀਆਂ ਦੀ ਗਿਣਤੀ ਵੀ ਭੁੱਲ ਗਈ। ਉਹ ਕਹਿੰਦੇ ਹਨ, "ਮੇਰੀ ਬਾਕੀ ਦੀ ਸਾਰੀ ਜ਼ਿੰਦਗੀ ਵੀ ਕੁਝ ਅਜਿਹੀ ਹੀ ਰਹੀ ਹੈ। ਏਧਰ ਮੈਂ ਸਵਾਲ ਕੀਤਾ ਅਤੇ ਓਧਰ ਜ਼ਿੰਦਗੀ ਨੇ ਕਹਿ ਦਿੱਤਾ, ਚੁੱਪ! ਤੇ ਜੇ ਕਦੇ ਜਵਾਬ ਦਿੱਤਾ ਤਾਂ ਅਜਿਹਾ ਕਿ ਮੇਰੇ ਪੱਲੇ ਹੀ ਕੁਝ ਨਾ ਪਵੇ। ਤੇ ਜੇ ਪੈ ਜਾਵੇ ਤਾਂ ਜੁੱਤੀਆਂ ਪੈਣ!" ਪਰ ਉਹ ਇਹ ਵੀ ਮੰਨਦੇ ਹਨ ਕਿ ਸਵਾਲਾਂ ਦੇ ਯੋਗ ਜਵਾਬ ਨਾ ਮਿਲਣ ਜਾਂ ਉਨ੍ਹਾਂ ਨੂੰ ਜਵਾਬਾਂ ਦਾ ਅਸਲ ਤੱਤ ਸਮਝ ਨਾ ਪੈਣ ਨੇ, ਉਨ੍ਹਾਂ ਵਿਚ ਨਿੱਜ ਦਾ ਅਜਿਹਾ ਤਿੱਖਾ ਅਹਿਸਾਸ ਪੈਦਾ ਕਰ ਦਿੱਤਾ, ਜਿਸ ਸਦਕਾ ਉਹ ਲੋੜ ਨਾਲੋਂ ਕਿਤੇ ਵੱਧ ਮਹਿਸੂਸ ਕਰਨ ਲੱਗ ਪਏ ਅਤੇ ਸੰਵੇਦਨਸ਼ੀਲ ਹੋ ਗਏ, ਜਿਹੜੀਆਂ ਗੱਲਾਂ ਨੇ ਉਨ੍ਹਾਂ ਨੂੰ ਲੇਖਕ ਬਣਾਇਆ।

ਬੇਦੀ ਬਾਰੇ ਇਸ ਗੱਲ ਨਾਲ ਅਸਹਿਮਤ ਹੋਣਾ ਅਸੰਭਵ ਹੈ ਕਿ ਉਨ੍ਹਾਂ ਨੇ, ਭਾਵੇਂ ਸਾਹਿਤ ਹੋਵੇ ਤੇ ਭਾਵੇਂ ਫ਼ਿਲਮਾਂ, ਆਪਣਾ ਆਪ ਪੂਰਨ ਤੌਰ ਉਤੇ ਕਲਾ ਨੂੰ ਸਮਰਪਿਤ ਕਰੀ ਰਖਿਆ ਤੇ ਆਮ ਦੁਨੀਆਂ ਨੇ ਭਲਾ ਕਲਾ ਤੋਂ ਕੀ ਲੈਣਾ ਹੁੰਦਾ ਹੈ। ਇਸ ਕਰਕੇ ਦੁਨੀਆਂ ਨਾਲ, ਪਰਿਵਾਰ ਸਮੇਤ ਦੁਨੀਆਂ ਦੇ ਬੰਦਿਆਂ ਨਾਲ ਉਨ੍ਹਾਂ ਦੀ ਵਿੱਥ ਵਧਦੀ ਗਈ। ਜਦੋਂ ਉਹ ਕਹਿੰਦੇ ਹਨ, "ਮੈਂ ਹਰੇ-ਕਚੂਰ ਪੱਤਿਆਂ ਤੇ ਚੰਬੇ ਦੇ ਫੁੱਲਾਂ ਨਾਲ ਗੱਲਾਂ ਕੀਤੀਆਂ ਹਨ ਅਤੇ ਉਨ੍ਹਾਂ ਨੇ ਮੈਨੂੰ ਉਤਰ ਵੀ ਦਿੱਤੇ ਹਨ" ਜਾਂ "ਮੇਰਾ ਕੁੱਤਾ ਮੈਨੂੰ ਸਮਝਦਾ ਹੈ ਤੇ ਮੈਂ ਉਸ ਨੂੰ ਸਮਝਦਾ ਹਾਂ", ਉਹ ਅਸਲ 'ਚ ਮਨੁੱਖਾਂ ਬਾਰੇ ਆਪਣੀ ਬੇਚੈਨੀ ਹੀ ਪ੍ਰਗਟਾ ਰਹੇ ਹੁੰਦੇ ਹਨ। ਇਸ ਹਾਲਤ ਵਿਚ ਉਨ੍ਹਾਂ ਦਾ ਵਿਸ਼ਵਾਸਾਂ ਤੋਂ, ਆਸਾਂ-ਨਿਰਾਸਾਂ ਤੋਂ ਉਚਾ ਉਠ ਖਲੋਣਾ ਕੁਦਰਤੀ ਸੀ। ਹੁਣ ਮਨ ਵਿਚ ਨਾ ਕੋਈ ਇੱਛਾ ਰਹੀ, ਨਾ ਲੋਚਾ।

ਉਹ ਕਹਿੰਦੇ ਹਨ, "ਬਿਨਾਂ ਕਿਸੇ ਇੱਛਾ ਤੋਂ ਮੇਰੀ ਇਕੋ ਇੱਛਾ ਹੈ, ਮੈਂ ਲਿਖੀ ਜਾਵਾਂ, ਪੈਸੇ ਲਈ ਨਹੀਂ, ਪ੍ਰਕਾਸ਼ਕ ਲਈ ਨਹੀਂ, ਬੱਸ ਲਿਖਣ ਲਈ।...ਬਿਨਾਂ ਕਿਸੇ ਲੋਚਾ ਤੋਂ ਮੇਰੀ ਇਕੋ ਲੋਚਾ ਹੈ, ਇਕ ਸਾਦੇ ਮਨੁੱਖ ਵਜੋਂ ਜਿਊਣਾ!...ਇੱਛਾਵਾਂ ਤੋਂ ਮੁਕਤ ਹੋ ਕੇ ਉਸ ਅਵਸਥਾ ਵਿਚ ਪਹੁੰਚਣ ਦੀ ਇੱਛਾ ਹੈ, ਜਿਸ ਨੂੰ ਸਹਿਜ-ਅਵਸਥਾ ਕਿਹਾ ਜਾਂਦਾ ਹੈ ਅਤੇ ਜੋ ਗਿਆਨ ਉਪਰੰਤ ਵਾਪਰਦੀ ਹੈ।...ਪਰ ਗਿਆਨ ਮੇਰੇ ਪੱਲੇ ਹੈ ਨਹੀਂ!" ਉਨ੍ਹਾਂ ਦਾ 'ਪੱਲੇ ਗਿਆਨ ਨਾ ਹੋਣ' ਦਾ ਅਹਿਸਾਸ ਹਰ ਉਸ ਹੁਸ਼ਿਆਰ ਵਿਦਿਆਰਥੀ ਵਰਗਾ ਹੈ ਜੋ ਇਮਤਿਹਾਨ ਤੋਂ ਪਹਿਲਾਂ ਪਰੇਸ਼ਾਨ ਹੁੰਦਾ ਰਹਿੰਦਾ ਹੈ ਕਿ ਉਹਨੂੰ ਕੁਝ ਵੀ ਨਹੀਂ ਆਉਂਦਾ। ਤੇ ਉਹ ਹਰ ਹੁਸ਼ਿਆਰ ਵਿਦਿਆਰਥੀ ਵਾਂਗ ਗਿਆਨ ਪੱਲੇ ਨਾ ਹੋਣ ਦੇ ਭਰਮ ਦੇ ਬਾਵਜੂਦ ਕਲਾ ਦੇ ਖੇਤਰ ਦੇ ਨਿਰਵਿਵਾਦ ਵਿਜਈ ਬਣੇ। ਉਨ੍ਹਾਂ ਨੂੰ 11 ਨਵੰਬਰ 1984 ਨੂੰ ਸਾਥੋਂ ਵਿਛੜਿਆਂ ਲਗਭਗ ਇਕ-ਤਿਹਾਈ ਸਦੀ ਹੋਣ ਲੱਗੀ ਹੈ। ਉਮਰ ਜਾਂ ਬੀਮਾਰੀ ਕਰਕੇ ਸਰਗਰਮ ਕਲਮਕਾਰੀ ਨਾਲੋਂ ਟੁੱਟੇ ਲੇਖਕਾਂ ਨੂੰ ਜਿਉਂਦੇ-ਜੀਅ ਵਿਸਾਰ ਦੇਣ ਵਾਲੀ ਇਸ ਦੁਨੀਆਂ ਵਿਚ ਬੇਦੀ ਜੀ ਦਾ ਅਤੇ ਉਨ੍ਹਾਂ ਦੀ ਕਹਾਣੀ ਦਾ ਸਾਡੇ ਦਿਲਾਂ ਵਿਚ ਜੀਵਤ ਰਹਿਣਾ ਉਨ੍ਹਾਂ ਦੀ ਸ਼ਖ਼ਸੀਅਤ ਦੀ ਮਿਕਨਾਤੀਸੀ ਖਿੱਚ ਦਾ, ਤੇ ਉਨ੍ਹਾਂ ਦੀ ਕਹਾਣੀ ਦੇ ਦਮ ਦਾ ਸਬੂਤ ਹੈ, ਜਿਨ੍ਹਾਂ ਅਜੇ ਹੋਰ ਲੰਮੇ ਸਮੇਂ ਤੱਕ ਫਿੱਕੇ ਨਹੀਂ ਪੈਣਾ। ਇਸ ਕਾਲਜੀਵੀ ਕਲਾਜੀਵੀ ਨੂੰ ਸਲਾਮ!

***(ਇਸ ਲੇਖ ਵਿਚ ਸ਼ਾਮਲ ਬੇਦੀ ਜੀ ਦੀਆਂ ਕੁਝ ਨਿੱਜੀ ਤੇ ਪਰਿਵਾਰਕ 'ਅੰਦਰਲੀਆਂ' ਗੱਲਾਂ ਲਈ, ਜੋ ਹੋਰ ਕਿਤੇ ਲਿਖਣ ਵਿਚ ਨਹੀਂ ਆਈਆਂ, ਲੇਖਕ ਉਨ੍ਹਾਂ ਦੀ ਭਾਣਜ-ਨੂੰਹ ਸ੍ਰੀਮਤੀ ਇੰਦਰਜੀਤ ਦਾ ਰਿਣੀ ਹੈ।)***

***-ਸਮਾਪਤ***

# ਸਿੱਖੀ ਅਤੇ ਸਿੱਖ ਰਾਜ

***(ਪਿਛਲੇ ਸਫੇ ਦੀ ਬਾਕੀ)***

ਹੋਏ? ਸੋ, ਆਜ਼ਾਦੀ ਦੀ ਸ਼ਮ੍ਹਾਂ ਜਗਦੀ ਰੱਖਣ ਦਾ ਉਪਰਾਲਾ ਸਿਰਫ਼ ਤੇ ਸਿਰਫ਼ ਉਨ੍ਹਾਂ ਨੇ ਹੀ ਕਰਨਾ ਹੁੰਦਾ ਹੈ ਜਿਨ੍ਹਾਂ ਵਿਚ ਸੜ ਮਰਨ ਦੀ ਪ੍ਰਬਲ ਤਾਂਘ ਹੁੰਦੀ ਹੈ। ਆਜ਼ਾਦੀ ਦੀ ਲੜਾਈ ਵਿਚ ਭੇਡਾਂ ਦੇ ਵੱਗ ਦੀ ਨਹੀਂ, ਸਗੋਂ ਸ਼ੇਰਾਂ ਦੀ ਗਰਜ ਦੀ ਜ਼ਰੂਰਤ ਹੁੰਦੀ ਹੈ।

ਨੌਂ ਗੁਰੂ ਸਾਹਿਬਾਨ ਨੇ ਤਾਕਤਵਰ ਤੇ ਗੈਰਤਮੰਦ ਕੌਮ ਦੀ ਉਸਾਰੀ ਲਈ ਆਧਾਰ ਤਿਆਰ ਕੀਤਾ। ਦਸਮ ਪਾਤਸ਼ਾਹ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਸਿੱਖੀ ਦਾ ਅਜਿਹਾ ਸੰਕਲਪ ਉਭਾਰਿਆ ਜਿਸ ਨੇ 10-12 ਸਾਲਾਂ ਵਿਚ ਹੀ ਦਸਮ ਪਾਤਸ਼ਾਹ ਵੱਲੋਂ ਵਰੋਸਾਏ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾਇਆ। ਜੇ ਰਾਜਸੀ ਸ਼ਕਤੀ ਦੀ ਪ੍ਰਾਪਤੀ ਗੁਰੂ ਸੰਕਲਪ ਦਾ ਹਿੱਸਾ ਨਾ ਹੁੰਦੀ ਤਾਂ ਇਸ ਦੀ ਪ੍ਰਾਪਤੀ ਉਪਰੰਤ ਗੁਰੂ ਸਾਹਿਬਾਨ ਦੇ ਨਾਂ ਦਾ ਸਿੱਕਾ ਨਾ ਚੱਲਦਾ। ਜਿਨ੍ਹਾਂ ਸੂਰਮਿਆਂ ਨੇ ਘੱਲੂਘਾਰਿਆਂ ਵਿਚੋਂ ਗੁਜ਼ਰਨ ਪਿਛੋਂ ਵੀ ਮਿਸਲਾਂ ਦੀ ਸਥਾਪਤੀ ਤੇ ਫਿਰ ਸਿੱਖ ਰਾਜ ਦੀ ਉਸਾਰੀ ਕੀਤੀ, ਉਹ ਲੋਕ ਕਿਸੇ ਵੀ ਤਰ੍ਹਾਂ ਗੁਰੂ ਆਸ਼ੇ ਦੇ ਉਲਟ ਚੱਲਣ ਵਾਲੇ ਨਹੀਂ ਸਨ।

ਉਸ ਵੀਰ ਦੀ ਇਕ ਹੋਰ ਬਚਗਾਨਾ ਦਲੀਲ ਸੀ ਕਿ ਸਿੱਖ ਜੋ ਮੁਲਕ ਦੀ ਰਾਖੀ ਲਈ ਬਣਿਆ ਹੈ, ਮੁਲਕ ਦੀ ਰਾਖੀ ਕਰੇ, ਕਿਤੇ ਮੁਲਕ ਵਿਰੁੱਧ ਹੋਣ ਦੀ ਭੁੱਲ ਨਾ ਕਰ ਬੈਠੇ। ਸਾਧਾਰਨ ਬੁੱਧੀ ਵਾਲਾ ਬੰਦਾ ਵੀ ਜਾਣਦਾ ਹੈ ਕਿ ਰਖਵਾਲਾ ਕੌਣ ਹੁੰਦਾ ਹੈ ਤੇ ਉਸ ਦੀ ਹੈਸੀਅਤ ਕੀ ਹੁੰਦੀ ਹੈ। ਸਿੱਖ ਕਿਸੇ ਵੀ ਰੂਪ ਵਿਚ ਹੋਵੇ, ਉਸ ਦੇ ਚੇਤੇ ਵਿਚ ਇਹ ਗੱਲ ਹਮੇਸ਼ਾ ਰਹਿਣੀ ਚਾਹੀਦੀ ਹੈ ਕਿ ਅਸੀਂ ਕਲਗੀਆਂ ਵਾਲੇ ਦੀ ਸਾਜੀ-ਨਿਵਾਜੀ ਕੌਮ ਹਾਂ। ਅਸੀਂ ਹਰ ਜ਼ਾਲਮ ਹਕੂਮਤ ਲਈ ਵੰਗਾਰ ਬਣੇ ਹਾਂ। ਬਾਗੀ ਜੇ ਕਿਸੇ ਨਿਜ਼ਾਮ ਪ੍ਰਤੀ ਬਾਗੀਆਨਾ ਦ੍ਰਿਸ਼ਟੀਕੋਣ ਅਪਨਾਉਂਦਾ ਹੈ ਤਾਂ ਇਸ ਲਈ ਨਹੀਂ ਕਿ ਉਹ ਮੰਜ਼ਲ ਦੀ ਪ੍ਰਾਪਤੀ ਉਪਰੰਤ ਰਖਵਾਲੇ ਜਾਂ ਚੌਕੀਦਾਰ ਦਾ ਕਿਰਦਾਰ ਅਪਨਾਏਗਾ, ਸਗੋਂ ਰਾਜ ਦੀ ਪ੍ਰਾਪਤੀ ਹੀ ਬਾਗੀ ਦੀ ਮੰਜ਼ਲ ਹੁੰਦੀ ਹੈ।

ਇਕ ਹੋਰ ਗੱਲ ਸਪਸ਼ਟ ਕਰਨੀ ਚਾਹਾਂਗਾ ਕਿ ਸੰਘਰਸ਼ ਦੀ ਸੋਚ ਹਮੇਸ਼ਾ ਗਰੀਬ ਤੇ ਮੱਧ ਵਰਗੀ ਸ਼੍ਰੇਣੀ ਦੇ ਹਿੱਸੇ ਹੀ ਆਈ ਹੈ। ਉਨ੍ਹਾਂ ਨੂੰ ਆਸ ਹੁੰਦੀ ਹੈ ਕਿ ਸੰਘਰਸ਼ ਉਪਰੰਤ ਜੋ ਪਰਿਵਰਤਨ ਆਵੇਗਾ, ਉਹ ਉਨ੍ਹਾਂ ਦੇ ਹਨੇਰੇ ਰਾਹਾਂ ਲਈ ਰੋਸ਼ਨੀ ਸਾਬਤ ਹੋਵੇਗਾ। ਅਮੀਰ ਆਪਣੀ ਸਲਾਮਤੀ ਹਮੇਸ਼ਾ ਵੇਲੇ ਦੀ ਸਰਕਾਰ ਦੀ ਸੁਰ ਨਾਲ ਸੁਰ ਮਿਲਾ ਕੇ ਚੱਲਣ ਨਾਲ ਹੀ ਸੁਰੱਖਿਅਤ ਸਮਝਦਾ ਹੈ। ਉਸ ਦਾ ਆਪਣੇ ਧਰਮ, ਕੌਮ ਤੇ ਮਨੁੱਖੀ ਆਦਰਸ਼ਾਂ ਨਾਲ ਕੋਈ ਲੈਣ-ਦੇਣ ਨਹੀਂ ਹੁੰਦਾ। ਜਿਸ ਲਈ ਗਰੀਬ ਸ਼੍ਰੇਣੀ ਤਬਦੀਲੀ ਵਿਚੋਂ ਆਸ ਰੱਖਦੀ ਹੈ, ਉਸ ਤੋਂ ਕਿਤੇ ਵੱਧ ਅਮੀਰ ਕੋਲ ਪਹਿਲਾਂ ਹੀ ਹੁੰਦਾ ਹੈ। ਜੇ ਗੁਲਾਮੀ ਦੇ ਦਿਨਾਂ ਦੀ ਗੱਲ ਵੀ ਕਰੀਏ ਤਾਂ ਇਕ ਪਾਸੇ ਕਸ਼ਮੀਰੀ ਪੰਡਤ ਆਪਣੇ ਜਨੇਊ ਦੀ ਰਾਖੀ ਲਈ ਸਹਾਰਾ ਲੱਭਦੇ ਫਿਰਦੇ ਸਨ, ਦੂਜੇ ਪਾਸੇ ਉਸੇ ਹਿੰਦੂ ਜਾਤੀ ਦੇ ਦੀਵਾਨ ਸੁੱਚਾ ਨੰਦ ਵਰਗੇ ਅਨੇਕਾਂ ਲੋਕ ਮੁਗਲ ਰਾਜ ਅੰਦਰ ਉਚ ਪਦਵੀਆਂ ਉਪਰ ਬੈਠੇ ਸਨ।

ਗੁਰਬਾਣੀ ਵਿਚ ਅਨੇਕਾਂ ਮਿਸਾਲਾਂ ਹਨ ਜੋ ਮਨੁੱਖ ਨੂੰ ਸੰਬੋਧਤ ਹਨ, ਪਰ ਹਵਾਲਾ ਪਸ਼ੂਆਂ ਦਾ ਹੈ, ਖਾਸ ਕਰ ਕੁੱਤੇ ਦਾ। ਕੁੱਤੇ ਦੀ ਵਫ਼ਾਦਾਰੀ, ਉਸ ਦੀ ਚਾਪਲੂਸੀ, ਉਸ ਅੰਦਰਲੇ ਡਰ ਤੇ ਭੌਂਕਣ ਦੀ ਬਿਰਤੀ ਆਦਿ। ਮੈਂ ਸਮਝਦਾਂ ਕਿ ਅਮੀਰ ਭਾਈਚਾਰੇ (ਜਿਸ ਦੀ ਅਮੀਰੀ ਉਸ ਦੇ ਮਾਲਕ ਦੀ ਵਫ਼ਾਦਾਰੀ ਤੇ ਸਰਕਾਰੀ ਨਿਜ਼ਾਮ ਦੀ ਰਹਿਮਤ ਉਪਰ ਨਿਰਭਰ ਹੁੰਦੀ ਹੈ) ਦੀ ਬਿਰਤੀ ਕੁੱਤੇ ਦੀ ਇਸ ਬਿਰਤੀ ਨਾਲ ਮੇਲ ਖਾਂਦੀ ਹੈ। ਕੁੱਤਾ ਦੋ ਮੌਕਿਆਂ 'ਤੇ ਜ਼ਿਆਦਾ ਪੂਛ ਹਿਲਾਉਂਦੈ-ਇਕ ਤਾਂ ਜਦੋਂ ਉਸ ਨੂੰ ਭੁੱਖ ਲੱਗੀ ਹੁੰਦੀ ਹੈ, ਦੂਜਾ ਮਾਲਕ ਜਦੋਂ ਉਸ ਦੇ ਮਨ ਦੀ ਤਮੰਨਾ ਪੂਰੀ ਕਰਦਾ ਹੈ। ਅਜਿਹੀ ਬਿਰਤੀ ਵਾਲਾ ਅਮੀਰ ਸਾਰੀ ਉਮਰ ਚਾਪਲੂਸੀ, ਖੁਸ਼ਾਮਦ ਤੇ ਗੁਲਾਮ ਬਿਰਤੀ ਦਾ ਧਾਰਨੀ ਰਹਿੰਦਾ ਹੈ। ਉਹ ਆਪਣੀ ਅਮੀਰੀ ਤੇ ਰਾਜਸੀ ਸ਼ਕਤੀ ਦੇ ਬਲਬੂਤੇ ਸਮਾਜ ਅੰਦਰ ਮਾਨਤਾ ਪ੍ਰਾਪਤ ਕਰ ਲੈਂਦਾ ਹੈ; ਦੂਜੇ ਪਾਸੇ ਬਾਗੀ ਬਿਰਤੀ ਵਾਲਾ (ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ) ਹਮੇਸ਼ਾ ਆਪਣੀ ਅਣਖ ਤੇ ਪੱਤ ਦੀ ਸਲਾਮਤੀ ਨੂੰ ਤਰਜੀਹ ਦਿੰਦਾ ਹੈ। ਇਹੀ ਕਾਰਨ ਹੈ ਕਿ ਮੁਲਕ, ਕੌਮ ਜਾਂ ਧਰਮ ਲਈ ਸੰਘਰਸ਼ ਦੇ ਰਾਹ ਚੱਲਣ ਵਾਲੇ ਕਦੀ ਅਮੀਰ ਨਹੀਂ ਹੋਏ। ਉਨ੍ਹਾਂ ਨੂੰ ਅਮੀਰੀ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਵਿਚ ਹੀ ਨਜ਼ਰ ਆਉਂਦੀ ਹੈ, ਭਾਵੇਂ ਉਹ ਮਕਸਦ ਦੀ ਪ੍ਰਾਪਤੀ ਤੋਂ ਬਹੁਤ ਪਹਿਲਾਂ '80 ਫ਼ੀਸਦੀ ਸਿੱਖਾਂ ਦੀਆਂ ਕੁਰਬਾਨੀਆਂ' ਵਾਂਗ ਹੀ ਅਲਵਿਦਾ ਹੋ ਜਾਂਦੇ ਹਨ।

ਸਿੱਖ ਦੁਨੀਆਂ ਦੇ ਧਾਰਮਿਕ ਖੇਤਰ ਅੰਦਰ ਪੰਜਵੀਂ ਵੱਡੀ ਕੌਮ ਹਨ, ਪਰ ਸਿੱਖ ਹੀ ਅਜਿਹੀ ਕੌਮ ਹੈ ਜਿਸ ਦਾ ਆਪਣਾ ਕੋਈ ਘਰ ਨਹੀਂ। ਇਹੀ ਕਾਰਨ ਹੈ ਕਿ ਢਾਈ ਕਰੋੜ ਆਬਾਦੀ ਵਾਲੀ ਕੌਮ ਅੱਜ ਵੀ ਵਿਦੇਸ਼ਾਂ ਅੰਦਰ ਆਪਣੀ ਪਛਾਣ ਨਹੀਂ ਬਣਾ ਸਕੀ। ਅੱਜ ਵੀ ਵਿਦੇਸ਼ੀ ਲੋਕ ਸਿੱਖੀ ਸਰੂਪ ਨੂੰ ਇਸਲਾਮ ਨਾਲ ਜੋੜ ਕੇ ਵੇਖਦੇ ਹਨ।

ਅਸੀਂ ਜਦ ਵੀ ਆਜ਼ਾਦੀ ਦੀ ਕੋਈ ਗੱਲ ਕਰਦੇ ਹਾਂ ਤਾਂ ਯਹੂਦੀਆਂ ਦਾ ਜ਼ਿਕਰ ਆ ਜਾਂਦਾ ਹੈ। ਯਹੂਦੀਆਂ ਦੇ ਵਤਨ ਇਜ਼ਰਾਈਲ ਦਾ ਰਕਬਾ 8019 ਵਰਗ ਮੀਲ ਹੈ ਤੇ ਆਬਾਦੀ 81 ਲੱਖ; ਮੌਜੂਦਾ ਪੰਜਾਬ ਦਾ ਰਕਬਾ 19445 ਵਰਗ ਮੀਲ ਹੈ ਤੇ ਆਬਾਦੀ 22 ਕਰੋੜ 80 ਲੱਖ ਤੋਂ ਉਪਰ। ਯਹੂਦੀ ਪੂਰੀ ਦੁਨੀਆਂ ਅੰਦਰ ਇਕ ਕਰੋੜ 55 ਲੱਖ ਹਨ ਤੇ ਸਿੱਖ 2 ਕਰੋੜ 50 ਲੱਖ ਤੋਂ ਉਪਰ। ਯਹੂਦੀਆਂ ਨੇ ਕਈ ਵਾਰ ਹੋਏ ਕਤਲੇਆਮ ਤੋਂ ਸਬਕ ਸਿੱਖਿਆ ਕਿ ਉਨ੍ਹਾਂ ਦਾ ਇਸ ਦੁਰਗਤੀ ਤੇ ਬੇਪਤੀ ਤੋਂ ਛੁਟਕਾਰਾ ਸਿਰਫ ਤੇ ਸਿਰਫ ਆਪਣੇ ਮੁਲਕ ਦੀ ਸਥਾਪਤੀ ਨਾਲ ਹੀ ਹੋਵੇਗਾ। ਉਨ੍ਹਾਂ ਆਪਣੀ ਕੌਮ ਅੰਦਰ ਜਾਗਰੂਕਤਾ ਪੈਦਾ ਕੀਤੀ ਕਿ ਕਿਵੇਂ ਸੰਸਾਰ ਅੰਦਰ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਹੈ; ਕਿਵੇਂ ਸ਼ਕਤੀਸ਼ਾਲੀ ਹਕੂਮਤਾਂ ਦਾ ਸਮਰਥਨ ਹਾਸਲ ਕਰਨਾ ਹੈ। ਇਸੇ ਨੇ ਹੀ ਉਨ੍ਹਾਂ ਨੂੰ ਸਮਰੱਥਾ ਦਿੱਤੀ ਕਿ ਉਹ ਦੁਨੀਆਂ ਦੇ ਨਕਸ਼ੇ 'ਤੇ ਆਪਣੀ ਥਾਂ ਬਣਾ ਸਕੇ। ਪੂਰੇ ਅਰਬੀ ਖਿੱਤੇ ਵਿਚ ਜਿਸ ਗੈਰਤ ਤੇ ਗੌਰਵ ਨਾਲ ਉਹ ਜੀਅ ਰਹੇ ਨੇ, ਉਹ ਆਜ਼ਾਦੀ ਦੇ ਸੰਘਰਸ਼ ਦੇ ਰਾਹ ਉਪਰ ਬਾਗੀ ਸੁਰ ਦੇ ਧਾਰਨੀ ਲੋਕਾਂ ਲਈ ਮਾਰਗ ਦਰਸ਼ਨ ਹਨ, ਆਸ ਦਾ ਦੀਵਾ ਤੇ ਚਾਨਣ ਮੁਨਾਰਾ ਹਨ।

# ਕਦੀ ਮੁੱਕਦੀ ਨਾ ਜੀਣ ਦੀ ਕਹਾਣੀ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਾਊਂਟਰ ਉਤੇ ਖੜ੍ਹੀ ਕੁੜੀ ਨੇ ਆਫਿਸ ਦਾ ਦਰਵਾਜ਼ਾ ਖੜਕਾਉਂਦਿਆਂ ਕਿਹਾ, "ਬੌਸ! ਤੁਹਾਨੂੰ ਕੋਈ ਮਿਲਣ ਆਇਐ।"

"ਓ ਕੇ।"

ਬੂਹਾ ਖੁੱਲ੍ਹਿਆ ਤਾਂ ਸਾਹਮਣੇ ਬਾਈ-ਤੇਈ ਸਾਲ ਦਾ ਨੌਜਵਾਨ ਖੜ੍ਹਾ ਸੀ।

"ਅੰਕਲ ਜੀ ਸਤਿ ਸ੍ਰੀ ਅਕਾਲ।" ਮੁੰਡੇ ਨੇ ਸਤਿਕਾਰ ਨਾਲ ਹੱਥ ਜੋੜੇ। ਮੈਂ ਵੀ ਜਵਾਬ ਦਿੰਦਿਆਂ ਕੁਰਸੀ ਉਤੇ ਬੈਠਣ ਦਾ ਇਸ਼ਾਰਾ ਕੀਤਾ।

"ਤੈਨੂੰ ਬਾਈ ਢਿੱਲੋਂ ਨੇ ਭੇਜਿਆ।" ਮੈਂ ਪੁੱਛ ਲਿਆ।

"ਹਾਂ ਜੀ ਅੰਕਲ ਜੀ!" ਮੁੰਡੇ ਨੇ ਜਵਾਬ ਦਿੱਤਾ।

ਮੁੰਡੇ ਦੇ ਚਿਹਰੇ 'ਤੇ ਉਦਾਸੀ ਤੇ ਡਰ, ਦੋਵੇਂ ਸਾਫ ਦਿਖਾਈ ਦੇ ਰਹੇ ਸਨ। ਮੈਂ ਆਪ ਉਠ ਕੇ ਕੌਫੀ ਦੇ ਦੋ ਕੱਪ ਬਣਾ ਲਿਆਇਆ। ਇਕ ਕੱਪ ਉਸ ਨੂੰ ਫੜਾਉਂਦਿਆਂ ਉਸ ਦਾ ਪਿਛੋਕੜ ਜਾਨਣਾ ਚਾਹਿਆ।

"ਅੰਕਲ ਜੀ! ਮੇਰਾ ਨਾਂ ਕਮਲ ਤੂਰ ਹੈ। ਲੁਧਿਆਣਾ ਜ਼ਿਲ੍ਹੇ ਦਾ ਛੋਟਾ ਜਿਹਾ ਪਿੰਡ ਹੈ ਜਿਥੇ ਦਰਮਿਆਨੇ ਜਿਹੇ ਕਿਸਾਨ ਦੇ ਘਰ ਮੇਰਾ ਜਨਮ ਹੋਇਆ। ਚਾਚੇ-ਤਾਇਆਂ ਦੇ ਵੱਡੇ ਪਰਿਵਾਰ ਵਿਚ ਵੰਡ ਹੋਈ ਤਾਂ ਮੇਰੇ ਪਿਤਾ ਨੂੰ ਸਿਰਫ਼ ਦੋ ਕਿੱਲੇ ਹਿੱਸੇ ਆਏ। ਪਿਤਾ ਖੁਸ਼ ਸੀ ਕਿ ਤਾਇਆਂ ਨੇ ਆਪਸ ਵਿਚ ਬੈਠ ਕੇ ਵੰਡ-ਵੰਡਾਈ ਕਰ ਲਈ, ਕੋਈ ਲੜਿਆ-ਝਗੜਿਆ ਨਹੀਂ। ਇਕ ਦਿਨ ਤਾਂ ਬਟਵਾਰਾ ਹੋਣਾ ਹੀ ਸੀ! ਮੇਰੇ ਮਾਮਿਆਂ ਨੇ ਬਹੁਤ ਸਾਥ ਦਿੱਤਾ। ਉਹ ਸਾਡੇ ਪਿੰਡ ਦੇ ਨੇੜੇ ਹੋਣ ਕਰ ਕੇ ਰੋਜ਼ ਆ ਜਾਂਦੇ। ਵੰਡ ਪਿਛੋਂ ਕਈ ਸਾਲ ਸਾਡੇ ਪੈਰ ਨਾ ਲੱਗੇ, ਪਰ ਹੌਲੀ ਹੌਲੀ ਪੈਰਾਂ ਸਿਰ ਹੋ ਗਏ।

ਮੈਂ ਤੇ ਮੇਰੀ ਛੋਟੀ ਭੈਣ ਗੁਗਲੀ ਪੜ੍ਹਦੇ ਸਾਂ। ਦੋ-ਚਾਰ ਫਸਲਾਂ ਵਧੀਆ ਲੱਗੀਆਂ ਤਾਂ ਅਸੀਂ ਨਵਾਂ ਘਰ ਬਣਾਉਣਾ ਸ਼ੁਰੂ ਕਰ ਦਿੱਤਾ। ਘਰ ਅਜੇ ਲੈਂਟਰ 'ਤੇ ਹੀ ਪਹੁੰਚਿਆ ਸੀ ਜਦੋਂ ਕਣਕ ਦੀ ਫਸਲ ਮੀਂਹ ਦੀ ਭੇਟ ਚੜ੍ਹ ਗਈ। ਸਬਰ ਦਾ ਘੁੱਟ ਭਰਦਿਆਂ ਆਸ ਦਾ ਦੀਵਾ ਝੋਨੇ ਦੀ ਫਸਲ ਤੱਕ ਜਗਾਈ ਰੱਖਿਆ। ਨਕਲੀ ਦਵਾਈਆਂ ਨੇ ਝੋਨੇ ਦੀ ਫਸਲ ਸੁਆਹ ਕਰ ਦਿੱਤੀ। ਮਹਿੰਗੇ ਭਾਅ ਦਾ ਡੀਜ਼ਲ ਫੂਕਿਆ ਵੀ ਵਾਪਸ ਨਾ ਮੁੜਿਆ। ਤਾਜ਼ੇ ਜੰਮੇ ਪੈਰ ਦੁਬਾਰਾ ਉਖੜ ਗਏ। ਆੜ੍ਹਤੀਆਂ ਤੇ ਸਹਿਕਾਰੀ ਸੁਸਾਇਟੀ ਦੇ ਪੈਸੇ ਲੱਕ ਤੋੜ ਗਏ। ਕਿਸੇ ਨੇ ਸਲਾਹ ਦਿੱਤੀ ਕਿ ਜ਼ਮੀਨ ਦੀਆਂ ਲਿਮਟਾਂ ਬਣਾ ਕੇ ਪੈਸੇ ਚੁੱਕ ਲਓ, ਥੋੜ੍ਹਾ ਵਿਆਜ਼ ਲੱਗੂ। ਬਾਪੂ ਨੇ ਦੋਹਾਂ ਕਿੱਲਿਆਂ ਦੇ ਅੱਠ ਲੱਖ ਰੁਪਏ ਚੁੱਕ ਕੇ ਕਰਜ਼ਾ ਲਾਹ ਦਿੱਤਾ।

ਕਣਕ ਦੀ ਫਸਲ ਆਈ ਤਾਂ ਬਾਪੂ ਦੇ ਚਿਹਰੇ 'ਤੇ ਰੌਣਕ ਆਉਣ ਲੱਗੀ, ਪਰ ਇਕ ਦਿਨ ਕਿਸੇ ਮਾਸਟਰ ਨੇ ਬਾਪੂ ਦੇ ਕੰਨ ਵਿਚ ਫੂਕ ਮਾਰੀ ਕਿ ਲਿਮਟਾਂ 'ਤੇ ਚੁੱਕਿਆ ਅੱਠ ਲੱਖ ਕਦੋਂ ਮੁੜੂਗਾ? ਜ਼ਮੀਨ ਤਾਂ ਬੈਂਕ ਦੀ ਹੈ। ਮਾਸਟਰ ਦੀ ਗੱਲ ਨੇ ਬਾਪੂ ਦੇ ਅੰਦਰ ਡਰ ਪੈਦਾ ਕਰ ਦਿੱਤਾ ਕਿ ਜ਼ਮੀਨ ਤਾਂ ਬੈਂਕ ਲੈ ਜਾਵੇਗਾ। ਬੈਂਕ ਦੇ ਡਰੋਂ ਬਾਪੂ ਨੇ ਇਕ ਕਿੱਲਾ ਜ਼ਮੀਨ ਬੈਅ ਕਰ ਦਿਤੀ। ਬਾਰ੍ਹਾਂ ਲੱਖ ਮਿਲਿਆ, ਬੈਂਕ ਦੇ ਅੱਠ ਲੱਖ ਤੇ ਵਿਆਜ਼ ਮੁੜ ਗਿਆ। ਬਾਕੀ ਬਚੇ ਰੁਪਏ ਬਾਪੂ ਨੇ ਭੈਣ ਦੇ ਵਿਆਹ ਲਈ ਸਾਂਭ ਲਏ।

ਬੈਂਕ ਦੇ ਡਰ ਤੋਂ ਮੁਕਤ ਹੋਇਆ ਬਾਪੂ, ਵੇਚੀ ਜ਼ਮੀਨ ਦਾ ਝੋਰਾ ਦਿਲ ਨੂੰ ਲਾ ਗਿਆ। ਮੈਂ ਤੇ ਭੈਣ ਨੇ ਬਥੇਰਾ ਸਮਝਾਇਆ ਕਿ ਬਾਪੂ! ਅਸੀਂ ਪੜ੍ਹ-ਲਿਖ ਕੇ ਨੌਕਰੀਆਂ ਉਤੇ ਲੱਗ ਗਏ ਤਾਂ ਬਥੇਰੀ ਜ਼ਮੀਨ ਬਣਾ ਲਵਾਂਗੇ, ਪਰ ਬਾਪੂ ਪੁੱਤਾਂ ਨਾਲੋਂ ਪਿਆਰੀ ਜ਼ਮੀਨ ਵਿਕਣ ਤੋਂ ਬਾਅਦ ਖੁਦਕੁਸ਼ੀ ਕਰ ਗਿਆ। ਬੈਂਕ ਦੀਆਂ ਲਿਮਟਾਂ ਬਾਪੂ ਦੇ ਗਲ ਫਾਹਾ ਪਾ ਗਈਆਂ। ਬਾਪੂ ਦੀ ਮੌਤ ਤੋਂ ਬਾਅਦ ਪੜ੍ਹਾਈ ਛੁਟ ਗਈ ਤੇ ਕਹੀ ਦਾ ਹੱਥਾ, ਹੱਥ ਆ ਗਿਆ। ਹੁਣ ਸਾਡੀ ਆਸ ਸੀ ਕਿ ਗੁਗਲੀ ਬਾਰ੍ਹਾਂ ਜਮਾਤਾਂ ਪੜ੍ਹ ਕੇ ਆਇਲੈਟਸ ਕਰ ਲਵੇ ਤੇ ਬਾਹਰਲੇ ਦੇਸ਼ ਚਲੀ ਜਾਵੇ। ਗੁਗਲੀ ਸੋਹਣੀ-ਸੁਨੱਖੀ, ਲੰਮੀ-ਝੰਮੀ ਸਾਊ ਕੁੜੀ ਸੀ। ਮੈਂ ਉਸ ਨੂੰ ਚਾਈਂ ਚਾਈਂ ਕਾਲਜ ਦਾਖਲ ਕਰਵਾਇਆ।

ਕਾਲਜ ਦੀ ਪਹਿਲੀ ਕਲਾਸ ਵਿਚ ਹੀ ਉਸ ਨੂੰ ਕੋਈ ਮੁੰਡਾ ਤੰਗ-ਪ੍ਰੇਸ਼ਾਨ ਕਰਨ ਲੱਗਾ। ਉਸ ਮੁੰਡੇ ਦਾ ਪਿਤਾ ਅਮਰੀਕਾ ਕੱਚਾ ਰਹਿ ਰਿਹਾ ਸੀ। ਉਸ ਨੇ ਬਹੁਤ ਕਮਾਈ ਕੀਤੀ, ਵੱਡੀ ਕੋਠੀ ਪਾਈ ਤੇ ਵਧੀਆ ਗੱਡੀ ਲੈ ਕੇ ਦਿੱਤੀ। ਪਿਓ ਦੀ ਕਮਾਈ ਪੁੱਤ ਨੂੰ ਸਿਰੇ ਦਾ ਨਸ਼ੇੜੀ ਬਣਾ ਗਈ। ਘਰੋਂ ਤਾਂ ਪੜ੍ਹਨ ਆਉਂਦਾ, ਪਰ ਕਰਦਾ ਅਵਾਰਾਗਰਦੀ। ਅਸੀਂ ਦੋ-ਤਿੰਨ ਵਾਰ ਉਸ ਦੀ ਸ਼ਿਕਾਇਤ ਪੁਲਿਸ ਕੋਲ ਕੀਤੀ, ਪਰ ਡਾਲਰਾਂ ਦੀ ਤਾਕਤ ਸਾਡਾ ਦਮ ਘੁੱਟ ਦਿੰਦੀ। ਮੈਂ ਆਪਣੀ ਗਰੀਬੀ ਹੱਥੋਂ ਮਜਬੂਰ, ਮੁੱਠੀਆਂ ਮੀਚ ਕੇ ਬਹਿ ਜਾਂਦਾ। ਇਕ ਦਿਨ ਉਸ ਨੇ ਗੁਗਲੀ ਦੀ ਬਾਂਹ ਫੜ ਲਈ। ਫਿਰ ਕੀ ਸੀ!...ਮੈਂ ਯਾਰਾਂ-ਦੋਸਤਾਂ ਦੀ ਮਦਦ ਨਾਲ ਉਸ ਉਤੇ ਹਨੇਰੀ ਵਾਂਗ ਝੁੱਲ ਗਿਆ। ਉਨ੍ਹਾਂ ਦੇ ਵੀ ਸੱਟਾਂ ਲੱਗੀਆਂ ਤੇ ਸਾਡੇ ਵੀ। ਅਮਰੀਕਾ ਤੋਂ ਸਾਨੂੰ ਮਿੰਨਤਾਂ ਭਰੇ ਫੋਨ ਜਾਣ ਲੱਗੇ- 'ਤੁਸੀਂ ਮੇਰੇ ਪੁੱਤ ਨੂੰ ਬਖਸ਼ ਦੇਵੋ। ਮੇਰਾ ਇਕੱਲਾ ਹੀ ਪੁੱਤ ਹੈ'। ਸਿਆਣਿਆਂ ਨੇ ਵਿਚ ਪੈ ਕੇ ਰਾਜ਼ੀਨਾਮਾ ਕਰਵਾ ਦਿੱਤਾ। ਫਿਰ ਮੁੰਡੇ ਨੇ ਆਪਣੀ ਮਾਂ ਤੇ ਮਾਮੇ ਸਾਡੇ ਘਰ ਗੁਗਲੀ ਦਾ ਰਿਸ਼ਤਾ ਮੰਗਣ ਭੇਜੇ। ਅਸੀਂ ਨਸ਼ੇੜੀ ਨੂੰ ਕਿਵੇਂ ਰਿਸ਼ਤਾ ਦੇ ਦਿੰਦੇ! ਅਸੀਂ ਜਵਾਬ ਦੇ ਦਿੱਤਾ। ਉਸ ਮੁੰਡੇ ਨੇ ਮੈਨੂੰ ਕਈ ਵਾਰ ਧਮਕਾਇਆ ਵੀ। ਮਾਂ ਨੇ ਗੁਗਲੀ ਨੂੰ ਪੜ੍ਹਨੋਂ ਹਟਾਉਣ ਲਈ ਜ਼ੋਰ ਲਾਇਆ, ਪਰ ਮੈਂ ਭੈਣ ਨੂੰ ਪੜ੍ਹਾਉਣਾ ਚਾਹੁੰਦਾ ਸੀ।

ਗੁਗਲੀ ਬਾਰ੍ਹਵੀਂ ਵਿਚ ਸੀ ਤੇ ਸਾਡੇ ਪਿੰਡੋਂ ਹੀ ਕਿਸੇ ਨੇ ਗੁਗਲੀ ਦਾ ਰਿਸ਼ਤਾ ਅਮਰੀਕਾ ਗਏ ਮੁੰਡੇ ਨਾਲ ਕਰਵਾਉਣਾ ਚਾਹਿਆ। ਦੇਖ-ਦਿਖਾਈ ਤੋਂ ਬਾਅਦ ਮੰਗਣੀ ਹੋ ਗਈ, ਪਰ ਉਸ ਨਸ਼ੇੜੀ ਮੁੰਡੇ ਨੇ ਸਾਡੇ ਚਾਵਾਂ 'ਤੇ ਆਰੀ ਫੇਰ ਦਿੱਤੀ। ਉਸ ਨੇ ਕਾਲਜੋਂ ਆਉਂਦੀ ਗੁਗਲੀ 'ਤੇ ਤੇਜ਼ਾਬ ਸੁੱਟ ਦਿੱਤਾ। ਗੁਗਲੀ ਦਾ ਸੱਜਾ ਪਾਸਾ ਸੜ ਗਿਆ। ਰਾਹ ਜਾਂਦੇ ਰਾਹੀਆਂ ਨੇ ਉਸ ਨੂੰ ਚੁੱਕ ਕੇ ਹਸਪਤਾਲ ਦਾਖਲ ਕਰਵਾਇਆ।

ਉਸੇ ਸ਼ਾਮ ਉਸ ਵਿਗੜੇ ਮੁੰਡੇ ਨੇ ਪਿਸਤੌਲ ਨਾਲ ਆਪੇ ਹੀ ਗੋਲੀ ਮਾਰ ਲਈ। ਪਿਉ ਦੀ ਬਣੀ-ਬਣਾਈ ਜਾਇਦਾਦ ਦਾ ਇਕੱਲਾ ਵਾਰਸ ਜਹਾਨੋਂ ਤੁਰ ਗਿਆ। ਇਸ ਹਾਦਸੇ ਦੇ ਨਾਲ ਹੀ ਗੁਗਲੀ ਦੀ ਮੰਗਣੀ ਟੁੱਟ ਗਈ। ਫਿਰ ਇਕ ਦਿਨ ਗੁਗਲੀ ਵੀ ਆਪਣੇ ਬਦਸ਼ਕਲ ਚਿਹਰੇ ਅੱਗੇ ਜ਼ਿੰਦਗੀ ਦੀ ਬਾਜ਼ੀ ਹਾਰ ਗਈ। ਸ਼ਗਨਾਂ ਦੀ ਚੁੰਨੀ ਨਾਲ ਫਾਹਾ ਲੈ ਕੇ ਮੌਤ ਦੀ ਡੋਲੀ ਬੈਠ ਗਈ। ਸਾਡੇ ਸੁਪਨੇ ਚਕਨਾਚੂਰ ਹੋ ਗਏ। ਮਾਂ-ਪੁੱਤ ਇਕ ਦੂਜੇ ਦੇ ਗਲ ਲੱਗ ਰੋਂਦੇ।

ਦੋ ਮਹੀਨਿਆਂ ਬਾਅਦ ਉਸ ਮੁੰਡੇ ਦਾ ਪਿਤਾ ਅਮਰੀਕਾ ਨੂੰ ਆਖਰੀ ਫਤਿਹ ਬੁਲਾ ਕੇ ਪਿੰਡ ਆ ਗਿਆ, ਸਾਡੇ ਘਰ ਗੁਗਲੀ ਦਾ ਅਫਸੋਸ ਕਰਨ ਆਇਆ। ਮੈਨੂੰ ਚੰਬੜ ਕੇ ਧਾਹੀਂ ਰੋ ਪਿਆ। ਪੁੱਤ ਦੀਆਂ ਕਰਤੂਤਾਂ ਦੀ ਹੱਥ ਜੋੜ ਮੁਆਫੀ ਮੰਗਦਾ ਰਿਹਾ। "ਮੈਂ ਪੇਪਰਾਂ ਦੀ ਉਡੀਕ ਵਿਚ ਬਾਰਾਂ ਸਾਲ ਕੱਢ ਦਿੱਤੇ। ਮੈਂ ਚਾਹੁੰਦਾ ਸੀ, ਪੁੱਤ ਨੂੰ ਅਮਰੀਕਾ ਸੱਦ ਕੇ ਸੈਟ ਕਰ ਦੇਵਾਂ, ਪਰ ਉਹ ਤਾਂ...ਆਖ ਉਹ ਹੁਬਕੀਂ ਰੋਣ ਲੱਗਾ।" ਉਹ ਬੰਦਾ ਰੋਂਦਾ ਹੋਇਆ ਸਾਡੇ ਘਰੋਂ ਗਿਆ। ਮੈਂ ਤੇ ਮਾਂ ਨੇ ਉਸ ਨੂੰ ਜਿਵੇਂ ਅਦਾਲਤੀ ਕੇਸ 'ਚੋਂ ਬਰੀ ਕਰ ਦਿੱਤਾ ਹੋਵੇ।

ਇਕ ਕਿੱਲੇ ਜ਼ਮੀਨ ਵਿਚੋਂ 'ਗੰਜੀ ਕੀ ਨਹਾਊ, ਤੇ ਕੀ ਨਚੋੜੂ' ਵਾਂਗ ਮੈਂ ਵੀ ਖੇਤੀ ਤੋਂ ਬਾਗੀ ਹੋ ਕੇ ਪਾਸਪੋਰਟ ਬਣਾ ਲਿਆ। ਆਪਣੇ ਚਾਚਿਆਂ ਦੇ ਬੂਹੇ ਖੜਕਾਏ ਤਾਂ ਕਿ ਕੋਈ ਮਦਦ ਮਿਲ ਜਾਵੇ, ਪਰ ਉਹ ਵੀ ਬਾਪੂ ਵਾਂਗ ਲਿਮਟਾਂ ਬਣਾ ਕੇ ਧੁਰ ਦੀ ਗੱਡੀ ਉਡੀਕ ਰਹੇ ਸਨ। ਕਿਸੇ ਪਾਸਿਓਂ ਮਦਦ ਨਾ ਮਿਲੀ ਤਾਂ ਰਹਿੰਦੇ ਕਿੱਲੇ ਦਾ ਅੱਕ ਚੱਬਣਾ ਪਿਆ। ਪੰਝੀ ਲੱਖ ਦਾ ਕਿੱਲਾ ਵੇਚਿਆ। ਵੀਹ ਲੱਖ ਏਜੰਟ ਨੂੰ ਦਿੱਤਾ। ਮੈਂ ਤੇ ਮਾਮੇ ਦਾ ਪੁੱਤ ਬੰਟੀ, ਦੋਵੇਂ ਅਮਰੀਕਾ ਲਈ ਦਿੱਲੀ ਪੁੱਜ ਗਏ। ਦਿੱਲੀਓਂ ਸਿੰਘਾਪੁਰ ਤੇ ਫਿਰ ਅਰਜਨਟੀਨਾ ਪੁੱਜੇ। ਮਹੀਨਾ ਉਥੇ ਰਹੇ, ਫਿਰ ਗੁਆਟੇਮਾਲਾ। ਉਥੇ ਪਹੁੰਚੇ ਤਾਂ ਏਜੰਟ ਫੜਿਆ ਗਿਆ। ਜਿਥੇ ਰਹਿੰਦੇ ਸੀ, ਉਥੋਂ ਸਾਨੂੰ ਕੱਢ ਦਿੱਤਾ ਗਿਆ। ਸਭ ਪੈਸੇ ਮੁੱਕ ਗਏ ਸਨ। ਫਿਰਦੇ-ਤੁਰਦੇ ਇਕ ਦਿਨ ਇਕ ਸਰਦਾਰ ਭਾਈ ਦੇ ਸਟੋਰ ਉਤੇ ਚਲੇ ਗਏ। ਉਸ ਨੂੰ ਸਾਰੀ ਕਹਾਣੀ ਸੁਣਾਈ। ਉਹ ਮਦਦ ਲਈ ਮੰਨ ਗਿਆ, ਪਰ ਗੁਆਟੇਮਾਲਾ ਤੋਂ ਅਮਰੀਕਾ ਤੱਕ ਦਸ ਹਜ਼ਾਰ ਡਾਲਰ ਲੱਗਣੇ ਸਨ, ਇਕ ਜਣੇ ਦੇ। ਉਸ ਦੀ ਮਦਦ ਨਾਲ ਪਿੰਡ ਫੋਨ ਕਰ ਕੇ ਸਾਰੀ ਕਹਾਣੀ ਸੁਣਾਈ। ਜਿਥੇ ਉਸ ਨੇ ਕਿਹਾ ਕਿ ਪੈਸੇ ਅੱਪੜਦੇ ਕਰੋ, ਕੀਤੇ। ਏਜੰਟ ਸਾਨੂੰ ਅਮਰੀਕਾ ਦਾ ਬਾਰਡਰ ਟਪਾ ਗਿਆ। ਬਾਰਡਰ 'ਤੇ ਪੁਲਿਸ ਨੇ ਚੁੱਕ ਲਿਆ ਤੇ ਸਾਨੂੰ ਦਸ ਜਣਿਆਂ ਨੂੰ ਜੇਲ੍ਹ ਭੇਜ ਦਿੱਤਾ।

ਜੇਲ੍ਹ ਵਿਚ ਹੀ ਢਿੱਲੋਂ ਅੰਕਲ ਨੇ ਫੋਨ ਕੀਤਾ। ਫਿਰ ਅੰਕਲ ਨੇ ਸਾਡੀ ਜ਼ਮਾਨਤ ਭਰੀ ਤੇ ਅਸੀਂ ਬਾਹਰ ਆ ਗਏ। ਬਾਹਰ ਆ ਕੇ ਵਕੀਲ ਕੀਤਾ ਜੋ ਮੇਰਾ ਕੇਸ ਨਿਊ ਮੈਕਸੀਕੋ ਤੋਂ ਕੈਲੀਫੋਰਨੀਆ ਬਦਲ ਲਿਆਇਆ। ਹੁਣ ਅਸਾਈਲਮ ਦਾ ਕੇਸ ਚੱਲਦਾ ਹੈ। ਵਰਕ ਪਰਮਿਟ ਮਿਲ ਗਿਆ। ਢਿੱਲੋਂ ਅੰਕਲ ਦੀ ਬਦੌਲਤ ਤੁਹਾਡੇ ਚਰਨਾਂ ਵਿਚ ਆਇਆ ਹਾਂ।"

ਮੈਂ ਉਠ ਕੇ ਮੁੰਡੇ ਨੂੰ ਛਾਤੀ ਨਾਲ ਲਾ ਲਿਆ।

"ਦੇਖ ਕਮਲ ਸਿਆਂ! ਜ਼ਿੰਦਗੀ ਵਿਚ ਸਾਰੇ ਮਾੜੇ ਬੰਦੇ ਵੀ ਨਹੀਂ ਮਿਲਦੇ, ਤੇ ਸਾਰੇ ਚੰਗੇ ਵੀ ਨਹੀਂ। ਜਦੋਂ ਮੈਂ ਅਮਰੀਕਾ ਆਇਆ, ਮੇਰੇ ਕੋਲ ਪੈਨੀ ਵੀ ਨਹੀਂ ਸੀ। ਆਹ! ਗੈਸ ਸਟੇਸ਼ਨ ਤੈਂ ਦੇਖ ਹੀ ਲਿਆ ਹੈ, ਚਾਰ ਹੋਰ ਹਨ। ਜੇ ਮੈਂ ਤੈਨੂੰ ਆਪਣੀ ਜ਼ਿੰਦਗੀ ਦੀ ਕਹਾਣੀ ਸੁਣਾਵਾਂ ਤਾਂ ਤੇਰੀ ਕਹਾਣੀ ਬਹੁਤ ਛੋਟੀ ਰਹਿ ਜਾਵੇਗੀ। ਤੂੰ ਕੱਲ੍ਹ ਤੋਂ ਕੰਮ ਉਤੇ ਜਾਹ, ਤੇ ਇਮਾਨਦਾਰੀ ਨਾਲ ਕੰਮ ਕਰ। ਪਰਮਾਤਮਾ ਤੈਨੂੰ ਤਰੱਕੀਆਂ ਬਖਸ਼ੇਗਾ।"

ਮੈਂ ਸੌ ਡਾਲਰ ਉਸ ਦੇ ਹੱਥ ਧਰਦਿਆਂ ਕਿਹਾ, "ਲੈ ਰੱਖ ਲੈ। ਕਦੇ ਮੈਨੂੰ ਵੀ ਕਿਸੇ ਨੇ ਇਉਂ ਸੌ ਡਾਲਰ ਦਿੱਤੇ ਸਨ। ਇਹ ਤੇਰੀ ਸਫਲਤਾ ਦਾ ਸ਼ਗਨ ਹੈ।"

ਉਸ ਨੇ ਅੱਖਾਂ ਨਾਲ ਸ਼ੁਕਰਾਨਾ ਕਰਦਿਆਂ ਸੌ ਡਾਲਰ ਫੜ ਲਏ। ਥੋੜ੍ਹੇ ਸਮੇਂ ਬਾਅਦ ਢਿੱਲੋਂ ਦਾ ਫੋਨ ਆਇਆ।

"ਗੁਰਮੁਖ ਸਿੰਘ ਜੀ! ਤੁਹਾਡਾ ਬਹੁਤ ਬਹੁਤ ਧੰਨਵਾਦ।"

ਮੈਨੂੰ ਅੱਜ ਫਿਰ ਸਾਡੇ ਵਿਹੜੇ ਵਿਚ ਆਪਣੀ ਮਾਂ ਤੇ ਪਿਉ ਦੀ ਲਾਸ਼ ਪਈ ਦਿਸੀ। ਕਮਲ ਦੀ ਕਹਾਣੀ ਸੁਣ ਕੇ ਤੇ ਉਸ ਦੀ ਮਦਦ ਕਰ ਕੇ ਮੈਨੂੰ ਇੰਜ ਲੱਗਿਆ ਜਿਵੇਂ ਮੈਂ ਆਪਣੀ ਮਾਂ ਤੇ ਪਿਓ ਨੂੰ ਸ਼ਰਧਾਂਜਲੀ ਦਿੱਤੀ ਹੈ। ਆਪਣੀ ਹੱਡਬੀਤੀ ਕਦੀ ਫਿਰ ਸਹੀ।

---

# ਸ਼ਰਾਫਤ ਕਿ ਡਰ?

## ਟੈਕਸੀਨਾਮਾ 6



ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

***'ਸ਼ਰਾਫਤ ਕਿ ਡਰ' ਵਿਚ ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਮਨੁੱਖੀ ਫਿਤਰਤ ਬਿਆਨ ਕੀਤੀ ਹੈ। ਮਨੁੱਖ ਦੇ ਮਨੁੱਖ ਬਣੇ ਰਹਿਣ ਜਾਂ ਹੈਵਾਨ ਬਣਨ ਵਿਚਕਾਰ ਮਹੀਨ ਜਿਹਾ ਪਰਦਾ ਹੁੰਦਾ ਹੈ। ਮਨੁੱਖੀ ਫਿਤਰਤ ਦੀ ਇਹ ਕਥਾ ਹਰਪ੍ਰੀਤ ਨੇ ਬੜੇ ਜ਼ਬਤ ਨਾਲ ਸੁਣਾਈ ਹੈ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਇਨ੍ਹਾਂ ਕਹਾਣੀਆਂ ਵਿਚ ਕੈਨੇਡੀਅਨ ਸਮਾਜ ਅੰਦਰ ਜੂਝ ਰਹੇ ਜਿਉੜਿਆਂ ਦਾ ਜ਼ਿਕਰ ਹੈ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ***

ਸਵੇਰ ਦੇ ਸਵਾ ਕੁ ਚਾਰ ਵੱਜੇ ਸਨ। ਅਗਸਤ ਦਾ ਅਖੀਰਲਾ ਪੱਖ ਸੀ। ਪਹੁ-ਫੁਟਾਲਾ ਹੋਣ 'ਚ ਹਾਲੇ ਘੰਟਾ ਕੁ ਰਹਿੰਦਾ ਸੀ। ਉਸ ਦੇ ਚਿੱਟਾ ਟੈਂਕ ਟੌਪ ਅਤੇ ਜੀਨ ਦੀ ਨਿੱਕਰ ਪਾਈ ਹੋਈ ਸੀ ਜਿਸ ਦੇ ਪਾਉਂਚੇ ਉਧੜੇ ਹੋਏ ਸਨ। ਉਸ ਨੇ ਨਾਲ ਖੜ੍ਹੇ ਅਧੇੜ ਉਮਰ ਦੇ ਬਦਮਾਸ਼ ਲੱਗਦੇ ਬੰਦੇ ਦੇ ਮੋਢੇ ਦਾ ਸਹਾਰਾ ਲਿਆ ਹੋਇਆ ਸੀ। ਆਪ ਉਹ ਛਮਕ ਜਿਹੀ ਮੁਟਿਆਰ ਸੀ। ਐਡਮੰਡਸ ਸਟਰੀਟ 'ਤੇ ਚੱਲ ਰਹੇ ਨਾਜਾਇਜ਼ ਪਾਰਟੀ ਹਾਊਸ ਦੇ ਮੂਹਰੇ ਟੈਕਸੀ ਰੋਕਦਿਆਂ ਹੀ ਟੈਕਸੀ ਦਾ ਮੂਹਰਲਾ ਦਰਵਾਜ਼ਾ ਖੋਲ੍ਹ ਕੇ, ਉਸ ਬੰਦੇ ਨੇ ਖਰ੍ਹਵੀਂ ਆਵਾਜ਼ ਵਿਚ ਕਿਹਾ, "ਇਹਨੂੰ ਠੀਕ-ਠਾਕ ਇਸ ਦੇ ਟਿਕਾਣੇ 'ਤੇ ਲੈ ਕੇ ਜਾਵੀਂ।"

ਮੈਨੂੰ ਉਸ ਦਾ ਇਸ ਤਰ੍ਹਾਂ ਆਖਣਾ ਚੁਭਿਆ। ਚਿੱਤ 'ਚ ਆਈ ਕਿ ਆਖਾਂ, ਅਸੀਂ ਟੈਕਸੀਆਂ 'ਕੱਲੀਆਂ-ਕਾਰੀਆਂ ਜਨਾਨੀਆਂ ਦੇਖ ਕੇ ਰੇਪ ਕਰਨ ਲਈ ਨਹੀਂ ਚਲਾਉਂਦੇ; ਪਰ ਮੈਂ ਉਸ ਬੰਦੇ ਦੀ ਦਿੱਖ ਵੇਖ ਕੇ ਕੌੜਾ ਘੁੱਟ ਲੰਘਾ ਲਿਆ। ਕੁੜੀ ਨੇ ਮੇਰੇ ਨਾਲ ਵਾਲੀ ਸੀਟ 'ਤੇ ਬੈਠਦਿਆਂ ਹੀ ਕਿਹਾ, "ਮੌਸਕਰੌਪ ਤੇ ਸਮਿੱਥ।" ਉਸ ਦੀ ਆਵਾਜ਼ ਤੋਂ ਲੱਗਾ ਕਿ ਉਹ ਸ਼ਰਾਬਣ ਸੀ। ਉਸ ਬੰਦੇ ਨੇ ਟੈਕਸੀ ਦਾ ਦਰਵਾਜ਼ਾ ਬੰਦ ਕਰ ਕੇ ਮੇਰੇ ਵੱਲ ਵੇਖਿਆ, ਜਿਵੇਂ ਮੈਨੂੰ ਯਾਦ ਕਰਾ ਰਿਹਾ ਹੋਵੇ। ਟੈਕਸੀ ਤੋਰ ਕੇ ਮੈਂ ਉਸ ਪਾਸੇ ਬੰਦੇ ਵੱਲ ਵੇਖਿਆ, ਉਹ ਪਾਰਟੀ ਹਾਊਸ ਵੱਲ ਜਾ ਰਿਹਾ ਸੀ। ਕੁੜੀ ਨੇ ਸੀਟ 'ਤੇ ਢੋਅ ਲਾ ਕੇ ਅੱਖਾਂ ਮੀਚ ਲਈਆਂ। ਮੈਂ ਸ਼ੁਕਰ ਕੀਤਾ ਕਿ ਉਹ ਆਰਾਮ ਕਰਨਾ ਚਾਹੁੰਦੀ ਸੀ, ਨਹੀਂ ਤਾਂ ਪਾਰਟੀਆਂ 'ਚੋਂ ਸ਼ਰਾਬੀ ਹੋ ਕੇ ਨਿਕਲੀਆਂ ਸਵਾਰੀਆਂ ਰੇਡੀਓ 'ਤੇ ਉਚੀ ਆਵਾਜ਼ ਵਿਚ ਸੰਗੀਤ ਸੁਣਨ ਦੀ ਫਰਮਾਇਸ਼ ਕਰ ਦਿੰਦੀਆਂ ਹਨ, ਜਿਸ ਨੂੰ ਸੁਣ ਕੇ ਚਿੱਤ ਕਾਹਲਾ ਪੈਣ ਲੱਗ ਜਾਂਦਾ।

ਚਿੱਤ ਵਿਚ ਆਈ, ਕੈਸੇ ਕੁੱਤੇ ਕੰਮ 'ਚ ਫਸ ਗਿਆ ਹਾਂ, ਅਗਲਾ ਮਿੰਟ 'ਚ ਬੇਇਜ਼ਤੀ ਕਰ ਜਾਂਦੈ। ਆਪਣੀਆਂ ਸੋਚਾਂ ਵਿਚ ਟੈਕਸੀ ਚਲਾਉਂਦਾ ਟਿਕਾਣੇ ਵੱਲ ਵਧਣ ਲੱਗਾ। ਕਦੇ ਕਦੇ ਮੈਂ ਕੁੜੀ ਵੱਲ ਵੀ ਨਿਗ੍ਹਾ ਮਾਰ ਲੈਂਦਾ, ਇਹ ਪਤਾ ਕਰਨ ਲਈ ਕਿ ਉਹ ਸ਼ਰਾਬਣ ਸੀ ਜਾਂ ਉਨੀਂਦਰੀ। ਚਿੱਤ 'ਚ ਇਹ ਵੀ ਡਰ ਉਪਜਿਆ ਕਿ ਜੇ ਸ਼ਰਾਬਣ ਹੋਈ ਤਾਂ ਕਿਰਾਏ ਜੋਗੇ ਪੈਸੇ ਵੀ ਹੋਣਗੇ ਓਹਦੇ ਕੋਲ ਕਿ ਅੱਜ ਦੀ 'ਬੋਹਣੀ' ਹੀ ਮਾੜੀ ਹੋਣੀ ਹੈ।

'ਮੌਸਕਰੌਪ ਤੇ ਸਮਿੱਥ' ਦੇ ਚੁਰਾਹੇ ਕੋਲ ਪਹੁੰਚ ਕੇ ਮੈਂ ਪੂਰਾ ਪਤਾ ਜਾਨਣ ਲਈ ਉੱਚੀ ਆਵਾਜ਼ ਵਿਚ "ਹੈਲੋ" ਕਿਹਾ, ਪਰ ਕੁੜੀ 'ਤੇ ਕੋਈ ਅਸਰ ਨਾ ਹੋਇਆ। ਮੈਂ ਫਿਰ ਉਚੀ ਆਵਾਜ਼ ਵਿਚ ਕਿਹਾ ਕਿ ਅਸੀਂ 'ਮੌਸਕਰੌਪ ਤੇ ਸਮਿੱਥ' ਦੇ ਚੁਰਾਹੇ 'ਤੇ ਪਹੁੰਚ ਗਏ ਹਾਂ। ਕੁੜੀ ਟੱਸ ਤੋਂ ਮੱਸ ਨਾ ਹੋਈ। 'ਕਸੂਤੇ ਈ ਫਸ'ਗੇ ਅੱਜ ਤਾਂ', ਮੈਂ ਸੋਚਿਆ। ਇਸ ਸੋਚ ਨਾਲ ਮੇਰਾ ਚਿੱਤ ਕਾਹਲਾ ਪੈਣ ਲੱਗਾ। ਮੈਂ ਕਾਰ ਤੋਰ ਕੇ ਜ਼ੋਰ ਨਾਲ ਬ੍ਰੇਕ ਮਾਰੇ। ਕਾਰ ਹੁਝਕੇ ਨਾਲ ਰੁਕੀ। ਕੁੜੀ ਥੋੜ੍ਹਾ ਜਿਹਾ ਬਾਰੀ ਵੱਲ ਲੁੜ੍ਹਕ ਗਈ।



'ਮਾਰੇ ਗਏ, ਕਿਤੇ ਮਰ-ਮੁਰ ਈ ਨਾ ਗਈ ਹੋਵੇ', ਮੇਰਾ ਅੰਦਰ ਡਰ ਨਾਲ ਕੰਬ ਗਿਆ। ਮੈਂ ਛੇਤੀ ਛੇਤੀ ਆਪਣਾ ਹੱਥ ਕੁੜੀ ਦੇ ਨੱਕ ਮੂਹਰੇ ਕੀਤਾ। ਉਸ ਦਾ ਨੱਕ ਤਾਂ ਇੰਜਣ ਵਾਂਗ ਸ਼ੂਕ ਰਿਹਾ ਸੀ। ਮੇਰਾ ਚਿੱਤ ਥੋੜ੍ਹਾ ਜਿਹਾ ਟਿਕਾਣੇ ਸਿਰ ਹੋ ਗਿਆ। ਜੀਅ ਕੀਤਾ ਕਿ ਮੋਢੇ ਤੋਂ ਫੜ ਕੇ ਝੰਜੋੜਾਂ, ਪਰ ਹਿੰਮਤ ਨਾ ਪਈ। ਹਾਰ ਕੇ ਹਾਲਾਤ ਬਾਰੇ ਡਿਸਪੈਚਰ ਨੂੰ ਦੱਸਿਆ। ਉਸ ਨੇ ਸਲਾਹ ਦਿੱਤੀ ਕਿ ਕੁੜੀ ਨੂੰ ਮੋਢੇ ਤੋਂ ਫੜ ਕੇ ਹਿਲਾਵਾਂ। ਮੈਂ ਜਵਾਬ ਦਿੰਦਿਆਂ ਆਪਣਾ ਖਦਸ਼ਾ ਜ਼ਾਹਿਰ ਕੀਤਾ ਕਿ ਹੋ ਸਕਦਾ ਹੈ ਕਿ ਕੁੜੀ ਹੋਸ਼ ਵਿਚ ਆ ਕੇ ਉਸ ਨੂੰ ਹੱਥ ਲਾਉਣਾ ਪਸੰਦ ਨਾ ਕਰੇ, ਇਸ ਲਈ ਮੈਂ ਕਿਸੇ ਸੰਭਾਵੀ ਖਤਰੇ ਨੂੰ ਮੁੱਲ ਨਹੀਂ ਲੈਣਾ ਚਾਹੁੰਦਾ। ਡਿਸਪੈਚਰ ਨੇ ਮੇਰੀ ਇਸ ਗੱਲ ਦੀ ਪ੍ਰੋੜਤਾ ਕਰਦਿਆਂ ਸਲਾਹ ਦਿੱਤੀ ਕਿ ਮੈਂ ਉਸ ਚੁਰਾਹੇ ਵਿਚ ਐਮਰਜੈਂਸੀ ਬੱਤੀਆਂ ਚਲਾ ਕੇ ਕਾਰ ਪਾਰਕ ਕਰ ਦੇਵਾਂ ਅਤੇ ਉਹ ਐਂਬੂਲੈਂਸ ਉਸ ਥਾਂ ਭੇਜ ਦੇਵੇਗਾ।

ਕਾਰ ਪਾਰਕ ਕਰ ਕੇ ਮੈਂ ਐਂਬੂਲੈਂਸ ਦੀ ਉਡੀਕ ਕਰਨ ਲੱਗਾ। ਮੇਰਾ ਧਿਆਨ ਕੁੜੀ ਦੇ ਉਚੇ ਉਠੇ ਟੈਂਕ ਟਾਪ ਵਿਚੋਂ ਝਾਕ ਰਹੇ ਅੰਗਾਂ 'ਤੇ ਪਿਆ। ਮੇਰਾ ਚੜ੍ਹਦੀ ਜਵਾਨੀ ਵਾਲਾ ਮਨ ਮਚਲਣ ਲੱਗਾ। ਚਿੱਤ ਵਿਚ ਆਈ ਕਿ ਸਿਰਫ ਤਸਵੀਰਾਂ 'ਚ ਦੇਖੇ ਅੰਗਾਂ ਨੂੰ ਟੋਹ ਕੇ ਤਾਂ ਦੇਖਾਂ! ਇਸ ਨੂੰ ਕਿਹੜਾ ਪਤਾ ਲੱਗਣਾ ਹੈ। ਆਪਣੇ ਇਸ ਵਿਚਾਰ 'ਤੇ ਮੈਨੂੰ ਆਪਣੇ-ਆਪ 'ਤੇ ਸ਼ਰਮ ਵੀ ਮਹਿਸੂਸ ਹੋਈ। ਮੈਂ ਆਪਣੀ ਨਿਗ੍ਹਾ ਉਸ ਪਾਸਿਓਂ ਮੋੜ ਲਈ, ਪਰ ਧਿਆਨ ਉਥੇ ਹੀ ਰਿਹਾ। ਮੈਂ ਫਿਰ ਲਲਚਾਈਆਂ ਅੱਖਾਂ ਨਾਲ ਉਧਰ ਟਿਕਟਿਕੀ ਲਾ ਲਈ। ਮੇਰੇ ਚਿੱਤ 'ਚ ਆਈ ਕਿ ਸਵਾਦ ਲੈ ਹੀ ਲੈਣਾ ਚਾਹੀਦਾ ਹੈ, ਪਰ ਅਗਲੇ ਹੀ ਪਲ ਮੈਨੂੰ ਕੁਝ ਦਿਨ ਵਾਪਰੀ ਘਟਨਾ ਚੇਤੇ ਆ ਗਈ ਅਤੇ ਮੈਂ ਡਰ ਕੇ ਆਪਣਾ ਧਿਆਨ ਪਾਸੇ ਕਰ ਕੇ ਐਂਬੂਲੈਂਸ ਨੂੰ ਉਡੀਕਣ ਲੱਗਾ।

---

ਉਹ ਘਟਨਾ ਇਸ ਤਰ੍ਹਾਂ ਹੋਈ ਕਿ ਕਿਸੇ ਡਰਾਈਵਰ ਨੂੰ ਕੁਝ ਦਿਨ ਪਹਿਲਾਂ ਬੀਅਰ ਦੀ ਡਿਲਵਿਰੀ ਮਿਲੀ। ਜਦ ਉਹ ਬੀਅਰ ਦੇਣ ਉਸ ਅਪਾਰਟਮੈਂਟ ਪਹੁੰਚਿਆ, ਤਾਂ ਔਰਤ ਨਿਰਵਸਤਰ ਖੜ੍ਹੀ ਸੀ। ਡਰਾਈਵਰ ਨੂੰ ਉਸ ਨੇ ਬੀਅਰ ਲਈ ਸਾਥ ਦੇਣ ਦਾ ਸੱਦਾ ਦਿੱਤਾ ਅਤੇ ਫਿਰ ਜਦ ਉਹ ਵਿਹਲਾ ਹੋ ਕੇ ਜਾਣ ਲੱਗਾ ਤਾਂ ਔਰਤ ਨੇ ਉਸ 'ਤੇ ਰੇਪ ਕਰਨ ਦਾ ਇਲਜ਼ਾਮ ਲਾ ਦਿੱਤਾ ਅਤੇ ਉਹ ਪੁਲਿਸ ਨੂੰ ਸੱਦਣ ਤੇ ਟੈਕਸੀ ਕੰਪਨੀ ਨੂੰ ਦੱਸਣ ਦੀ ਧਮਕੀ ਦੇਣ ਲੱਗੀ। ਬਾਅਦ ਵਿਚ ਉਸ ਡਰਾਈਵਰ ਨੇ ਦੋ ਹਜ਼ਾਰ ਡਾਲਰ ਦੇ ਕੇ ਗੱਲ ਰਫਾ-ਦਫਾ ਕਰਵਾਈ।

---

ਮੈਨੂੰ ਲੱਗਾ ਕਿ ਹੋ ਸਕਦਾ ਹੈ ਕਿ ਇਹ ਕੁੜੀ ਵੀ ਮਚਲੀ ਪਈ ਹੋਵੇ ਅਤੇ ਕੋਈ ਅਜਿਹੀ ਹਰਕਤ ਕਰਦਿਆਂ ਹੀ ਉਹ ਝੱਟ ਅੱਖਾਂ ਖੋਲ੍ਹ ਦੇਵੇਗੀ ਅਤੇ ਉਹੀ ਹਾਲਤ ਮੇਰੀ ਹੋਵੇਗੀ ਜਿਹੜੀ ਉਸ ਡਰਾਈਵਰ ਦੀ ਹੋਈ ਸੀ। ਇਹ ਸੋਚਦਿਆਂ ਮੈਂ ਟੈਕਸੀ 'ਚੋਂ ਬਾਹਰ ਨਿਕਲ ਕੇ ਖੜ੍ਹ ਗਿਆ। ਪੰਜਾਂ ਮਿੰਟਾਂ ਵਿਚ ਹੀ ਐਂਬੂਲੈਂਸ ਉਥੇ ਆ ਗਈ। ਉਨ੍ਹਾਂ ਨੇ ਕੁੜੀ ਨੂੰ ਹਿਲਾ-ਜੁਲਾ ਕੇ ਜਗਾਇਆ ਅਤੇ ਬਾਹਾਂ ਤੋਂ ਫੜ ਕੇ ਲੜਖੜਾਉਂਦੀ ਨੂੰ ਐਂਬੂਲੈਂਸ ਵਿਚ ਪਾ ਲਿਆ। ਫਿਰ ਕੁੜੀ ਦਾ ਪਰਸ ਫਰੋਲ ਕੇ ਉਨ੍ਹਾਂ ਮੈਨੂੰ ਕਿਰਾਇਆ ਦਿੱਤਾ। ਵਾਪਸ ਮੁੜਦੇ ਹੋਏ ਮੇਰੀ ਸੁਰਤ 'ਚੋਂ ਕੁੜੀ ਦੇ ਝਾਤੀਆਂ ਮਾਰਦੇ ਅੰਗ ਪਾਸੇ ਨਹੀਂ ਸੀ ਹੋ ਰਹੇ। ਮਨ ਵਿਚ ਪਛਤਾਵਾ ਜਿਹਾ ਵੀ ਸੀ ਕਿ ਉਹ ਤਾਂ ਸੱਚੀਂ ਹੀ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਇਨ੍ਹਾਂ ਸੋਚਾਂ 'ਚ ਹੀ ਮੈਂ 'ਓਲਡ ਔਰਚਰਡ' ਸਟੈਂਡ ਉਤੇ ਪਹੁੰਚ ਗਿਆ। ਆਪਣੀ ਕਾਰ ਵਿਚੋਂ ਨਿਕਲ ਕੇ ਮੈਂ 'ਮਾਸਟਰ' ਦੀ ਕਾਰ ਵਿਚ ਬੈਠਣ ਲਈ ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਉਥੇ ਬੈਠਾ 'ਬਲੂਅ ਸਿਕਸਟੀਨ' ਬੋਲਿਆ, "ਓਹ ਲਖਾਰੀਆ, ਐਨੀ ਵੀ ਸ਼ਰਾਫਤ ਨ੍ਹੀਂ ਚੰਗੀ ਹੁੰਦੀ। ਐਹੋ ਜਿਆ ਮੌਕਾ ਵਾਰ ਵਾਰ ਨ੍ਹੀਂ ਆਉਂਦਾ ਹੁੰਦਾ। ਦੋ ਮਿੰਟ ਖੇਡ ਲੈਂਦਾ।"

ਫਿਰ ਉਹ ਮੇਰੀ ਰੀਸ ਲਾਉਂਦਾ ਬੋਲਿਆ, "ਆਈ ਡੋਂਟ ਵਾਂਟ ਟੂ ਟੱਚ ਹਰ।" ਮੈਂ ਇਸੇ ਤਰ੍ਹਾਂ ਹੀ ਡਿਸਪੈਚਰ ਨੂੰ ਕਿਹਾ ਸੀ। 'ਬਲੂਅ ਸਿਕਸਟੀਨ' ਤਾੜੀ ਮਾਰ ਕੇ ਹੱਸਿਆ। ਫਿਰ ਬੋਲਿਆ, "ਕੰਜਰ ਦਿਆ, ਓਹਨੂੰ ਛਪਾਕੀ ਨਿਕਲੀ ਸੀ, ਓਏ?"

"ਕਿਉਂ ਐਵੇਂ ਮੁੰਡੇ ਨੂੰ ਮਖੌਲ ਕਰਦੈਂ? ਇਹ ਕਿੱਧਰਲੀ ਬਹਾਦਰੀ ਐ, ਬਈ ਬੇਸੁਰਤ ਜਨਾਨੀ ਦਾ ਫਾਇਦਾ ਉਠਾਓ। ਨਾਲੇ ਇਹ ਕਿੱਤੇ ਨਾਲ ਵਿਸ਼ਵਾਸਘਾਤ ਐ। ਸਾਡੇ 'ਤੇ ਵਿਸ਼ਵਾਸ ਕਰ ਕੇ ਹੀ 'ਕੱਲੀਆਂ ਕਾਰੀਆਂ ਜਨਾਨੀਆਂ ਸਾਡੇ ਨਾਲ ਬਹਿੰਦੀਐਂ।" ਮਾਸਟਰ ਬੋਲਿਆ।

ਮਾਸਟਰ ਦੀ ਇਹ ਗੱਲ ਸੁਣ ਕੇ ਮੈਂ ਅੰਦਰੇ ਅੰਦਰ ਪਾਣੀਓਂ-ਪਾਣੀ ਹੋ ਗਿਆ।

***(ਚਲਦਾ)***

# ਕੁੱਪੀ ਬਣੀ ਕੁੱਪੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖੂਹ ਵਾਲੇ ਲੇਖ ਵਿਚ ਜ਼ਿਕਰ ਸੀ ਕਿ ਇਹ ਸ਼ਬਦ ਸੰਸਕ੍ਰਿਤ ਕੂਪ ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਮੋਰੀ, ਖੋਲ, ਗੁਫਾ, ਟੋਆ, ਖਾਈ ਤੇ ਖੂਹ ਆਦਿ ਹੈ। ਸਭ ਵਿਚ ਖੋਖਲੇਪਣ ਦਾ ਭਾਵ ਹੈ। ਸੰਸਕ੍ਰਿਤ ਵਿਚ ਤੇਲ ਆਦਿ ਰੱਖਣ ਵਾਲੇ ਚਮੜੇ ਦੇ ਇਕ ਭਾਂਡੇ ਨੂੰ ਵੀ ਕੂਪ ਕਿਹਾ ਜਾਂਦਾ ਹੈ। 'ਮਹਾਨ ਕੋਸ਼' ਨੇ ਕੁੱਪੀ ਸ਼ਬਦ ਦੇ ਇੰਦਰਾਜ ਅਧੀਨ 'ਕੁਪਿਯਾ' ਸ਼ਬਦ ਦੇਖਣ ਲਈ ਕਿਹਾ ਹੈ ਜਿਸ ਦੀ ਪਰਿਭਾਸ਼ਾ ਮਿਲਦੀ ਹੈ, "ਸੰ. ਕੁਤੁਪ. {ਸੰਗਿਯਾ}. ਕੁੱਪੀ. ਚੰਮ ਸਾੜ ਕੇ ਬਣਾਇਆ ਹੋਇਆ ਤੰਗ ਮੂੰਹ ਦਾ ਪਾਤ੍ਰ, ਜਿਸ ਵਿਚ ਤੇਲ ਆਦਿਕ ਪਾਉਂਦੇ ਹਨ।" ਨਾਲ ਹੀ ਚਰਿਤ੍ਰ 133 ਵਿਚ ਇਸ ਦੀ ਵਰਤੋਂ ਵੀ ਦੱਸੀ ਹੈ, "ਏਕ ਬਾਂਸ ਕੋ ਕੁਪਿਯਾ ਕਸੀ ਸੁਧਾਰਕੈ।"

ਸਭ ਜਾਣਦੇ ਹਨ ਕਿ ਕੁੱਪੀ ਅਜਿਹਾ ਭਾਂਡਾ ਹੈ ਜਿਸ ਦਾ ਥੱਲਾ ਚੌੜਾ ਹੁੰਦਾ ਹੈ ਤੇ ਇਹ ਉਤੋਂ ਭੀੜਾ ਹੁੰਦਾ ਹੈ। ਇਸ ਦੀ ਆਮ ਵਰਤੋਂ ਤੇਲ, ਘਿਉ, ਸ਼ਹਿਦ ਜਾਂ ਅਤਰ ਫੁਲੇਲ ਪਾਉਣ ਲਈ ਹੀ ਕੀਤੀ ਜਾਂਦੀ ਹੈ। ਇਹ ਮੁਢਲੇ ਤੌਰ 'ਤੇ ਚਮੜੇ ਦੀ ਬਣੀ ਹੁੰਦੀ ਸੀ, ਫਿਰ ਧਾਤ ਦੀ ਬਣਨ ਲੱਗੀ ਤੇ ਅੱਜ ਕਲ੍ਹ ਪਲਾਸਟਿਕ ਦੀ ਵੀ ਮਿਲਦੀ ਹੈ। ਕੁਝ ਥਾਂਵਾਂ 'ਤੇ ਕੁਪੀ ਸ਼ਬਦ (ਜ਼ਹਿਰੀਲੀ) ਸ਼ਰਾਬ ਲਈ ਵੀ ਵਰਤਿਆ ਜਾਂਦਾ ਹੈ ਜੋ ਛੋਟੇ ਕੱਪ ਵਿਚ ਪਾਈ ਸ਼ਰਾਬ ਤੋਂ ਬਣਿਆ ਪ੍ਰਤੀਤ ਹੁੰਦਾ ਹੈ। ਮੈਂ ਕੁੱਪੀ ਸ਼ਬਦ ਦੀ ਵਰਤੋਂ ਇਕ ਹੋਰ ਪ੍ਰਸੰਗ ਵਿਚ ਵੀ ਦੇਖੀ ਹੈ ਜੋ ਪਿਛਲੇ ਦਿਨੀਂ ਗੰਢਿਆਂ ਦੀ ਥੁੜ ਵੇਲੇ ਮੇਰੇ ਧਿਆਨ ਵਿਚ ਆਈ। ਇਹ ਕੁੱਪੀ ਗੰਢੇ ਰੱਖਣ ਲਈ ਬਣਾਈ ਜਾਂਦੀ ਹੈ। ਮੁਹਾਲੀ ਲਾਗੇ ਪਿੰਡ ਰਾਜੋਮਾਜਰਾ ਦੇ ਗੰਢਿਆਂ ਦੇ ਕਾਸ਼ਤਕਾਰ ਅਜਿਹੀ ਕੁੱਪੀ ਬਣਾਉਂਦੇ ਹਨ ਜੋ ਇਕ ਤਰ੍ਹਾਂ ਕੋਲਡ ਸਟੋਰ ਦਾ ਕੰਮ ਦਿੰਦੀ ਹੈ। ਛਾਂ ਵਾਲੀ ਥਾਂ ਤੇ ਉਚੀ ਜਗ੍ਹਾ 'ਤੇ ਬਾਂਸ ਬੰਨ੍ਹ ਕੇ ਤੇ ਪਾਸਿਆਂ 'ਤੇ ਅਰਹਰ ਦੀਆਂ ਛਿਟੀਆਂ ਲਾ ਕੇ ਇਹ ਢਲਾਣਨੁਮਾ ਕੁਪੀਆਂ ਬਣਾਈਆਂ ਜਾਂਦੀਆਂ ਹਨ। ਕੁੱਪੀ ਦੀ ਚੌੜਾਈ ਤਿੰਨ ਫੁੱਟ, ਉਚਾਈ ਸੱਤ ਫੁੱਟ ਅਤੇ ਲੰਬਾਈ ਪੰਦਰਾਂ ਕੁ ਫੁੱਟ ਹੁੰਦੀ ਹੈ। ਮੀਂਹ ਤੋਂ ਬਚਾਉਣ ਲਈ ਉਪਰ ਤਿਰਪਾਲਾਂ ਵੀ ਪਾਈਆਂ ਜਾਂਦੀਆਂ ਹਨ। ਅਜਿਹੇ ਠੀਹੇ-ਠੱਪੇ ਵਾਲੇ ਜੁਗਾੜ ਵਿਚ ਪੱਚੀ ਕੁਇੰਟਲ ਤੱਕ ਪਿਆਜ਼ ਸੰਭਾਲੇ ਜਾ ਸਕਦੇ ਹਨ ਤੇ ਮੰਦੀ ਦੇ ਦਿਨਾਂ ਵਿਚ ਖੂਬ ਲਾਹਾ ਖੱਟਿਆ ਜਾ ਸਕਦਾ ਹੈ। ਸਾਂਭਣ ਵਾਲੀ ਹਰ ਸ਼ੈਅ ਕਰੀਬ ਇਸੇ ਤਰ੍ਹਾਂ ਸਾਂਭੀ ਜਾਂਦੀ ਹੈ।

ਥੋੜ੍ਹਾ ਸੋਚਣ 'ਤੇ ਹੀ ਖਿਆਲ ਆਉਂਦਾ ਹੈ ਕਿ ਗੰਢਿਆਂ ਵਾਲੀ ਕੁੱਪੀ ਦਰਅਸਲ 'ਕੁੱਪ' ਦਾ ਹੀ ਇਸਤਰੀ ਲਿੰਗ ਹੈ, ਕੁੱਪ, ਜੋ ਤੂੜੀ ਸਾਂਭਣ ਲਈ ਗੁੰਬਦ ਦੀ ਸ਼ਕਲ ਦਾ ਮੂਸਲ ਹੁੰਦਾ ਹੈ। ਅਸਲ ਵਿਚ ਮਾਝੀ ਵਿਚ ਇਸ ਨੂੰ ਮੂਸਲ ਹੀ ਆਖਦੇ ਹਨ। ਜਿਹੜੇ ਸ਼ਬਦਾਂ ਦੇ ਪੁਲਿੰਗ ਤੇ ਇਸਤਰੀ ਲਿੰਗ ਹੁੰਦੇ ਹਨ, ਉਨ੍ਹਾਂ ਦਾ ਪੁਲਿੰਗੀ ਸ਼ਬਦ ਆਕਾਰ ਵਿਚ ਵੱਡਾ ਤੇ ਇਸਤਰੀ ਲਿੰਗੀ ਛੋਟਾ ਹੁੰਦਾ ਹੈ ਜਿਵੇਂ ਸੋਟਾ-ਸੋਟੀ, ਗਲਾਸ-ਗਲਾਸੀ ਆਦਿ। ਅਜਿਹੇ ਸ਼ਬਦ ਨਿਰਮਾਣ ਵਿਧੀ ਤੋਂ ਸਮਾਜ ਵਿਚ ਇਸਤਰੀ ਦੀ ਗੌਣ ਸਥਿਤੀ ਦਾ ਪਤਾ ਚਲਦਾ ਹੈ। ਕੁੱਪ ਦਾ ਜ਼ਿਕਰ ਲੋਕ ਸਾਹਿਤ 'ਚ ਇਉਂ ਆਉਂਦਾ ਹੈ, 'ਗਿੱਲੀ ਮਿੱਟੀ ਦਾ ਫੇਰ ਦਿਉ ਪੋਚਾ, ਮੇਲਣਾਂ ਦਾ ਕੁੱਪ ਬੰਨ੍ਹ ਦਿਉ।' ਇਹ ਸਤਰਾਂ ਵਿਆਹ ਵਿਚ ਆਈਆਂ ਉਨ੍ਹਾਂ ਮੇਲਣਾਂ ਲਈ ਵਰਤੀਆਂ ਜਾਂਦੀਆਂ ਹਨ, ਜੋ ਵਿਆਹ 'ਚ ਨੱਚਦੀਆਂ-ਟੱਪਦੀਆਂ ਨਹੀਂ ਹਨ। ਦੇਖੀਏ ਵਾਰਿਸ ਸ਼ਾਹ ਕੀ ਕਹਿੰਦਾ ਹੈ:

ਚਿੜੀ ਚੂਹਕਦੀ ਨਾਲ ਜਾਂ ਟੁਰੇ ਪਾਂਧੀ,
ਪਈਆਂ ਦੁਧ ਦੇ ਵਿਚ ਮਧਾਣੀਆਂ ਨੀ।
ਉਠ ਗ਼ੁਸਲ ਦੇ ਵਾਸਤੇ ਜਾ ਪਹੁਤੇ,
ਸੇਜਾਂ ਰਾਤ ਨੂੰ ਜਿਨ੍ਹਾਂ ਨੇ ਮਾਣੀਆਂ ਨੀ।
ਰਾਂਝੇ ਕੂਚ ਕੀਤਾ ਆਇਆ ਨਦੀ ਉਤੇ,
ਸਾਥ ਲੱਦਿਆ ਪਾਰ ਮੁਹਾਣਿਆਂ ਨੇ।
ਵਾਰਿਸ ਸ਼ਾਹ ਮੀਆਂ ਲੁੱਡਣ ਵਡਾ ਕੁੱਪਨ,
ਕੁੱਪਾ ਸ਼ਹਿਦ ਦਾ ਲੱਦਿਆ ਬਾਣੀਆਂ ਨੇ।

ਪਰ ਅਸੀਂ ਕੁੱਪੀ ਸ਼ਬਦ ਦੀ ਗੱਲ ਕਰ ਰਹੇ ਸਾਂ। ਦਰਅਸਲ ਪਿਆਜ਼ਾਂ ਵਾਲੀ ਕੁੱਪੀ ਦਾ ਤੇਲ ਵਾਲੀ ਕੁੱਪੀ ਨਾਲ ਸਿੱਧਾ ਸਬੰਧ ਨਹੀਂ ਹੈ, ਇਹ ਕੁੱਪ ਤੋਂ ਹੀ ਇਸਤਰੀ ਲਿੰਗ ਸ਼ਬਦ ਬਣਾਇਆ ਜਾਪਦਾ ਹੈ। ਤੇਲ ਵਾਲੀ ਕੁੱਪੀ ਆਪਣੇ ਆਪ ਵਿਚ ਕੁੱਪਾ ਸ਼ਬਦ ਦਾ ਇਸਤਰੀ ਲਿੰਗ ਹੈ ਤੇ ਕੁੱਪਾ ਅਸਲ ਵਿਚ ਤੇਲ ਪਾਉਣ ਵਾਲਾ ਚਮੜੇ ਦਾ ਵੱਡਾ ਬਰਤਨ ਹੈ ਜੋ ਵਿਚਕਾਰੋਂ ਮੋਟਾ ਹੁੰਦਾ ਹੈ। ਖਰਾਸ ਆਦਿ ਵਿਚ ਦਾਣੇ ਪਾਉਣ ਵਾਲੇ ਬਰਤਨ ਨੂੰ ਵੀ ਕੁੱਪਾ ਆਖਦੇ ਹਨ। 'ਫੁੱਲ ਕੇ ਕੁੱਪਾ ਹੋਣਾ' ਮੁਹਾਵਰਾ ਇਥੋਂ ਹੀ ਬਣਿਆ। ਇਕ ਅਖਾਣ ਹੈ 'ਬੰਦਾ ਜੋੜੇ ਪਲੀ ਪਲੀ, ਰਾਮ ਰੁੜ੍ਹਾਏ ਕੁੱਪਾ'। ਕੂਪ (ਪੰਜਾਬੀ ਖੂਹ), ਕੁੱਪੀ, ਕੁੱਪਾ ਅਤੇ ਕੁੱਪ ਸ਼ਬਦ ਇਕੋ ਸ੍ਰੋਤ ਤੋਂ ਬਣੇ ਪ੍ਰਤੀਤ ਹੁੰਦੇ ਹਨ। ਗੌਰ ਕਰੋ ਸਭ ਵਿਚ ਖੋਖਲੇਪਣ ਦਾ ਭਾਵ ਹੈ ਤੇ ਸਭ ਦੀ ਸ਼ਕਲ ਵੀ ਮਿਲਦੀ-ਜੁਲਦੀ ਹੈ।

ਮੋਨੀਅਰ ਵਿਲੀਅਮਜ਼ ਨੇ ਕੂਪ ਸ਼ਬਦ ਨੂੰ ਕੁ+ਅਪ ਸ਼ਬਦ ਤੋਂ ਵਿਕਸਿਤ ਹੋਣ ਦੀ ਸੰਭਾਵਨਾ ਦੱਸੀ ਹੈ। 'ਕੁ' ਇਕ ਅਗੇਤਰ ਹੈ ਜਿਸ ਵਿਚ ਨਿਘਾਰ, ਗਿਰਾਵਟ, ਖਰਾਬੀ, ਨਿਵਾਣ ਆਦਿ ਦੇ ਭਾਵ ਹਨ



ਜਿਵੇਂ ਕੁਰੂਪ, ਕੁਲਟਾ, ਕੁਸੰਗ, ਕੁਹਣਾ ਆਦਿ ਸ਼ਬਦਾਂ ਵਿਚ। 'ਅਪ' ਸ਼ਬਦ ਦਾ ਅਰਥ ਪਾਣੀ ਹੈ। ਇਹ ਫਾਰਸੀ ਆਬ ਦਾ ਸਕਾ ਹੈ। ਅਨੂਪ, ਜਿਸ ਦਾ ਅਰਥ ਵੱਡਾ ਜਲ ਭੰਡਾਰ ਜਾਂ ਜਲ ਵਾਲਾ ਪਰਦੇਸ਼ ਹੁੰਦਾ ਹੈ, ਵਿਚ 'ਅਪ' ਸਪਸ਼ਟ ਝਲਕਦਾ ਹੈ: ਅਨੂਪ=ਅਨੁ+ਅਪ। ਅਨੂਪ ਦਾ ਇਕ ਅਰਥ ਅਨੂਪਮ ਵੀ ਹੈ ਪਰ ਉਹ ਬਣਿਆ ਹੈ ਅਨ=ਉਪਮਾ ਤੋਂ। ਇਸੇ ਤਰ੍ਹਾਂ ਪਾਣੀ ਵਾਲੇ ਟਾਪੂ ਦੇ ਅਰਥਾਂ ਵਾਲੇ ਦੀਪ ਵਿਚ 'ਅਪ' ਬੋਲਦਾ ਹੈ: ਦੀਪ< ਦ੍ਵੀਪ=ਦ੍ਵਿ+ਅਪ ਅਰਥਾਤ ਜਿਸ ਦੇ ਦੋਵੇਂ ਪਾਸੇ ਪਾਣੀ ਹੈ। ਸੋ ਮੋਨੀਅਰ ਵਿਲੀਅਮਜ਼ ਅਨੁਸਾਰ ਕੂਪ ਸ਼ਬਦ ਦਾ ਸ਼ਾਬਦਿਕ ਅਰਥ ਬਣਦਾ ਹੈ, ਨਿਵਾਣ ਵੱਲ ਦਾ ਪਾਣੀ। ਖੂਹ ਧਰਤੀ ਦੇ ਹੇਠਾਂ ਨਿਵਾਣ ਵੱਲ ਨੂੰ ਹੀ ਜਾਂਦਾ ਹੈ।

ਮਹਾਨ ਕੋਸ਼ ਅਨੁਸਾਰ ਕੂਪ ਦਾ ਸ਼ਬਦ ਕੁਝ ਇਸ ਤਰ੍ਹਾਂ ਬਣਿਆ ਹੈ: ਕੁ (ਕੁਝ) ਅਪ (ਜਲ) ਜਿਸ ਵਿਚ। ਅੱਗੇ ਵਿਆਖਿਆ ਹੈ, "ਖੂਹਾ ਜੋ ਤਾਲ ਅਤੇ ਨਦ ਦੇ ਮੁਕਾਬਲੇ ਥੋੜੇ ਪਾਣੀ ਵਾਲਾ ਹੈ। 'ਕੁ' ਸ਼ਬਦ 'ਕੁਝ' ਦਾ ਸੰਕੁਚਤ ਰੂਪ ਹੈ ਜਿਵੇਂ 'ਮੈਨੂੰ ਜ਼ਰਾ ਕੁ ਮੱਖਣ ਦਿਓ' = 'ਮੈਨੂੰ ਜ਼ਰਾ ਕੁਝ ਮੱਖਣ ਦਿਓ'। ਪਰ ਮੇਰੇ ਖਿਆਲ ਵਿਚ 'ਕੁ' ਸ਼ਬਦ ਅਜਿਹੇ ਅਰਥਾਂ ਵਿਚ ਸੰਸਕ੍ਰਿਤ ਵਿਚ ਨਹੀਂ ਹੈ। ਸੋ ਮੋਨੀਅਰ ਵਿਲੀਅਮਜ਼ ਦੀ ਵਿਆਖਿਆ ਵਧੇਰੇ ਦਰੁਸਤ ਜਾਪਦੀ ਹੈ।

ਇਸੇ ਤਰ੍ਹਾਂ ਕੁੱਪਾ ਜਾਂ ਕੁੱਪੀ ਸ਼ਬਦ ਦੀ ਵਿਆਖਿਆ ਇਕ ਅਜਿਹੇ ਭਾਂਡੇ ਵਜੋਂ ਸਹੀ ਹੁੰਦੀ ਹੈ ਜਿਸ ਦੀ ਸ਼ਕਲ ਕੂਪ (ਖੂਹ) ਨਾਲ ਮਿਲਦੀ-ਜੁਲਦੀ ਹੈ। ਖੂਹ ਵਿਚ ਪਾਣੀ ਰੂਪੀ ਤਰਲ ਹੁੰਦਾ ਹੈ ਅਤੇ ਕੁੱਪੀ/ਕੁੱਪੇ ਵਿਚ ਤੇਲ। ਇਸ ਪ੍ਰਕਾਰ ਕੂਪ ਇਕ ਤਰ੍ਹਾਂ ਤਰਲ-ਧਾਰਕ ਦੇ ਰੂਪਕ ਵਜੋਂ ਸਮਝਿਆ ਗਿਆ ਹੈ। ਗ. ਸ. ਰਿਆਲ ਨੇ ਅੰਗਰੇਜ਼ੀ ਦੀ ਉਦਾਹਰਣ ਲੈ ਕੇ ਇਸ ਦਲੀਲ ਨੂੰ ਹੋਰ ਪੁਖਤਾ ਬਣਾਇਆ ਹੈ। ਦਵਾਤ ਲਈ ਇਕ ਸ਼ਬਦ ਹੈ Ink-well ਅਰਥਾਤ ਸਿਆਹੀ ਦਾ ਖੂਹ। ਸੋ ਇਥੇ ਖੂਹ ਦੇ ਅਰਥਾਂ ਵਾਲਾ Well ਸ਼ਬਦ ਵੀ ਤਰਲ-ਧਾਰਕ ਦੇ ਤੌਰ 'ਤੇ ਹੀ ਸਾਹਮਣੇ ਆਉਂਦਾ ਹੈ। ਪਰ ਕੁੱਪਾ ਸ਼ਬਦ ਦੀ ਵਿਆਖਿਆ ਇਕ ਹੋਰ ਤਰ੍ਹਾਂ ਵੀ ਕੀਤੀ ਜਾਂਦੀ ਹੈ। 'ਮਹਾਨ ਕੋਸ਼' ਨੇ, ਜਿਵੇਂ ਪਹਿਲਾਂ ਜ਼ਿਕਰ ਆ ਚੁੱਕਾ ਹੈ ਕਿ ਕੁੱਪਾ ਸ਼ਬਦ ਨੂੰ ਸੰਸਕ੍ਰਿਤ 'ਕੁਤੁਪ' ਤੋਂ ਬਣਿਆ ਦੱਸਿਆ ਹੈ। ਦੋ ਹਜ਼ਾਰ ਸਾਲ ਪਹਿਲਾਂ ਦੇ ਕੋਸ਼ਕਾਰ ਅਮਰ ਸਿੰਘ ਦੇ ਪ੍ਰਾਚੀਨ ਕੋਸ਼ 'ਅਮਰਕੋਸ਼' ਵਿਚ ਕੁਤੁਪ ਸ਼ਬਦ ਦਾ ਇੰਦਰਾਜ ਹੈ ਜਿਸ ਦਾ ਅਰਥ ਚਮੜੇ ਦਾ ਤੇਲ-ਪਾਤਰ ਹੈ। 'ਕੁਤੁਪ' ਵਿਚੋਂ 'ਤ' ਧੁਨੀ ਦੇ ਗੁੰਮ ਹੋ ਨਾਲ ਕੁਪ ਸ਼ਬਦ ਬਣਦਾ ਹੈ।

ਤੂੜੀ ਵਾਲੇ ਕੁੱਪ ਨੂੰ ਵੀ ਕੁੱਪ ਦੀ ਸ਼ਕਲ ਦਾ ਹੋਣ ਕਾਰਨ ਅਜਿਹਾ ਨਾਂ ਮਿਲਿਆ ਪ੍ਰਤੀਤ ਹੁੰਦਾ ਹੈ। 'ਮਹਾਨ ਕੋਸ਼' ਨੇ ਇਸ ਕੁੱਪ ਸ਼ਬਦ ਸੰਸਕ੍ਰਿਤ ਕਕਸ਼ਪ ਤੋਂ ਬਣਿਆ ਦੱਸਿਆ ਹੈ। ਸੰਸਕ੍ਰਿਤ ਕਕਸ਼ ਸ਼ਬਦ ਪੰਜਾਬੀ ਰੂਪ 'ਕੱਖ' ਹੈ ਜਿਸ ਦਾ ਅਰਥ ਘਾਹ-ਫੂਸ ਹੁੰਦਾ ਹੈ। ਇਸ ਕੋਸ਼ ਅਨੁਸਾਰ ਕੁੱਪ ਦਾ ਸ਼ਾਬਦਿਕ ਅਰਥ ਹੈ, ਕੱਖਾਂ ਦੀ ਰਾਖੀ ਕਰਨ ਵਾਲਾ। ਪਰ ਮੈਨੂੰ ਸੰਸਕ੍ਰਿਤ ਜਾਂ ਹਿੰਦੀ ਵਿਚ ਕਕਸ਼ਪ ਸ਼ਬਦ ਨਹੀਂ ਮਿਲਿਆ।

ਆਓ, ਜ਼ਰਾ ਇਨ੍ਹਾਂ ਸ਼ਬਦਾਂ ਦਾ ਹੋਰ ਭਾਰੋਪੀ ਭਾਸ਼ਾਵਾਂ ਦੇ ਸ਼ਬਦਾਂ ਨਾਲ ਰਿਸ਼ਤਾ ਗੰਢੀਏ। ਪਿਆਲੇ ਦੇ ਅਰਥ ਵਾਲਾ ਅੰਗਰੇਜ਼ੀ ਦਾ ਸ਼ਬਦ ਹੈ, ਕੱਪ ਜੋ ਅੰਗਰੇਜ਼ੀ ਵਲੋਂ ਸਾਡੀਆਂ ਭਾਸ਼ਾਵਾਂ ਵਿਚ ਵੀ ਆ ਵੜਿਆ ਹੈ। ਅਸਾਂ ਛੋਟੇ ਕੱਪ ਲਈ ਕੱਪੀ ਸ਼ਬਦ ਵੀ ਬਣਾ ਲਿਆ ਹੈ। ਕੱਪ ਸ਼ਬਦ ਦੀ ਉਪਰੋਕਤ ਚਰਚਾ ਵਿਚ ਆਏ ਸ਼ਬਦਾਂ ਨਾਲ ਖੂਨ ਦਾ ਰਿਸ਼ਤਾ ਹੈ। ਇਕ ਭਾਰੋਪੀ ਮੂਲ 'Keup' ਕਲਪਿਆ ਗਿਆ ਹੈ ਜਿਸ ਵਿਚ ਖੋਖਲੇਪਣ ਦੇ ਭਾਵ ਹਨ। ਇਸ ਤੋਂ ਪੁਰਾਣੀ ਲਾਤੀਨੀ ਵਿਚ ਸ਼ਬਦ ਬਣਿਆ Cupa ਜਿਸ ਦਾ ਅਰਥ ਟੱਬ, ਢੋਲ ਆਦਿ ਸੀ। ਇਹ ਪੁਰਾਣੀ ਅੰਗਰੇਜ਼ੀ ਵਿਚ ਜਾ ਕੇ Cuppe ਹੋਇਆ ਤੇ ਫਿਰ Cup. ਹੋਰ ਕਈ ਆਰਿਆਈ ਭਾਸ਼ਾਵਾਂ ਵਿਚ ਮਿਲਦੇ-ਜੁਲਦੇ ਸ਼ਬਦ ਮਿਲਦੇ ਹਨ। ਕੁਝ ਭਾਸ਼ਾਵਾਂ ਵਿਚ ਕੱਪ ਸ਼ਬਦ ਦਾ ਅਰਥ ਸਿਰ ਵੀ ਹੋ ਗਿਆ ਹੈ, ਸ਼ਾਇਦ ਗੁੰਬਦਆਕਾਰ ਦੀ ਸਾਂਝ ਕਰਕੇ। ਸ਼ਹਿਦ ਦੀਆਂ ਮੱਖੀਆਂ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Hive ਵੀ ਇਸੇ ਮੂਲ ਨਾਲ ਜੋੜਿਆ ਜਾਂਦਾ ਹੈ। ਇਥੇ 'ਕ' ਧੁਨੀ 'ਹ' ਵਿਚ ਅਤੇ 'ਪ' ਧੁਨੀ ਪਹਿਲਾਂ 'ਫ' ਵਿਚ ਤੇ ਫਿਰ 'ਵ' ਵਿਚ ਬਦਲੀ। ਮੁਰਗੀਆਂ ਦੇ ਪਿੰਜਰੇਨੁਮਾ ਖੁੱਡੇ ਲਈ ਅੰਗਰੇਜ਼ੀ ਸ਼ਬਦ Coop ਵੀ ਇਸ ਨਾਲ ਆਪਣੀ ਸਾਂਝ ਦਰਸਾਉਂਦਾ ਹੈ। ਅਜਿਤ ਵਡਨੇਰਕਰ ਨੇ ਗੱਡੀ ਦੇ ਤੰਗ ਡੱਬੇ ਲਈ ਵਰਤੇ ਜਾਂਦੇ ਸ਼ਬਦ Coupe ਨੂੰ ਵੀ ਇਸ ਪ੍ਰਸੰਗ ਵਿਚ ਜੋੜਿਆ ਹੈ ਪਰ ਇਹ ਦਰੁਸਤ ਨਹੀਂ। ਗੱਡੀ ਵਾਲੇ ਕੂਪੇ ਦੀ ਸਾਂਝ ਇਕ ਹੋਰ ਫਰਾਂਸੀਸੀ ਸ਼ਬਦ Coupe ਨਾਲ ਹੈ ਜਿਸ ਦੀ ਕਿਰਿਆ Couper ਦਾ ਅਰਥ (ਅੱਧਾ) ਕੱਟਣਾ ਹੁੰਦਾ ਹੈ। ਇਥੇ ਭਾਵ ਹੈ, ਅੱਧਾ ਕੱਟਿਆ ਡੱਬਾ ਅਰਥਾਤ ਛੋਟਾ ਡੱਬਾ।

# ਖੁਸ਼ਵੰਤ ਸਿੰਘ ਦੀ ਜ਼ਿੰਦਗੀ ਦੇ ਸੌ ਸਾਲ ਅਤੇ ਕਸੌਲੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਖੁਸ਼ਵੰਤ ਸਿੰਘ ਨੂੰ ਆਪਣੇ ਜੀਵਨ ਵਿਚ ਨਵੀਂ ਦਿੱਲੀ ਤੋਂ ਬਾਹਰ ਦੋ ਥਾਂਵਾਂ ਬਹੁਤ ਪਸੰਦ ਸਨ। ਆਪਣਾ ਜਨਮ ਸਥਾਨ ਹਡਾਲੀ (ਪਾਕਿਸਤਾਨ) ਤੇ ਹਿਮਾਲਾ ਪਰਬੱਤ ਦੀ ਬੁੱਕਲ ਵਿਚ ਬੈਠੀ ਕਸੌਲੀ। ਇਹੋ ਕਾਰਨ ਹੈ ਕਿ ਇਸ ਵਾਰ ਦਾ ਚੌਥਾ ਖੁਸ਼ਵੰਤ ਸਿੰਘ ਸਾਹਿਤ ਸਮਾਗਮ ਵੀ ਕਸੌਲੀ ਵਿਚ ਹੀ ਕੀਤਾ ਗਿਆ। ਇਹ ਸਮਾਗਮ ਖੁਸ਼ਵੰਤ ਸਿੰਘ ਦੇ ਸਮਿਆਂ (100 ਸਾਲ) ਨੂੰ ਸਮਰਪਿਤ ਸੀ।

ਇਹ ਤਿੰਨ ਰੋਜ਼ਾ (9-11 ਅਕਤੂਬਰ) ਸਮਾਗਮ ਭਾਰਤ-ਪਾਕਿ ਸਦਭਾਵਨਾ ਤੇ ਖੁਸ਼ਵੰਤ ਸਿੰਘ ਦੇ ਮਨਭਾਉਂਦੇ ਸ਼ੌਕ 'ਤੇ ਝਾਤ ਪਵਾਉਣ ਵਿਚ ਸਫਲ ਰਿਹਾ। ਉਦਘਾਟਨੀ ਸੈਸ਼ਨ ਵਿਚ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਖ ਅਬਦੁੱਲਾ, ਆਬਿਦਾ, ਹੁਸੈਨ, ਅਮਰੀਕਾ ਸਈਅਦ, ਗੋਬਿੰਦ ਨਿਹਲਾਨੀ, ਸਈਅਦ ਹਮੀਦ ਤੇ ਅਦਾਕਾਰ ਓਮ ਪੁਰੀ ਨੇ ਖੁਸ਼ਵੰਤ ਸਿੰਘ ਦੇ ਸਦਾ ਖੁਸ਼ ਰਹਿਣੇ 'ਤੇ ਸਦਾ ਚਾਹੇ ਜਾਣ ਵਾਲੇ ਸੁਭਾਅ 'ਤੇ ਚਾਨਣਾ ਪਾਇਆ। ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦੀ ਪਾਕਿਸਤਾਨ ਸ਼ਾਖਾ ਦੀ ਮੈਨੇਜਿੰਗ ਡਾਇਰੈਕਟਰ ਅਮੀਨਾ ਸਈਅਦ ਦੇ ਸ਼ਬਦਾਂ ਵਿਚ ਖੁਸ਼ਵੰਤ ਸਿੰਘ ਸਦਭਾਵਨਾ ਲਈ ਤਰਸਦੇ ਹਰ ਵਿਅਕਤੀ ਤੇ ਪਾਠਕ ਦਾ ਮਾਰਗ ਦਰਸ਼ਕ ਸੀ। ਉਸ ਦੀ ਪ੍ਰਸਿੱਧ ਰਚਨਾ 'ਪਾਕਿਸਤਾਨ ਮੇਲ' ਦੋਵਾਂ ਦੇਸ਼ਾਂ ਵਿਚਲੀਆਂ ਤ੍ਰੇੜਾਂ ਦੇ ਪਾੜੇ ਪੂਰਨ ਵਾਲੀ ਹੈ।

ਫਾਰੂਖ ਅਬਦੁਲਾ ਨੇ ਉਸ ਨੂੰ ਲੋਕਪ੍ਰਿਅਤਾ ਦਾ ਥੰਮ ਕਹਿ ਕੇ ਉਸ ਦੀ ਖੁਣਸ ਭਾਵਨਾ ਨੂੰ ਮਾਂ ਦੀਆਂ ਝਿੜਕਾਂ ਵਾਲੀ ਮਲ੍ਹਮ ਕਿਹਾ। ਪਾਕਿਸਤਾਨ ਦੀ ਪਹਿਲੀ ਮਹਿਲਾ ਵਿਧਾਇਕ ਸਈਅਦਾ ਹਮੀਦ ਨੇ ਉਸ ਨੂੰ ਹਾਸੇ-ਠੱਠੇ ਤੇ ਮਾਨਵਤਾ ਦਾ ਪਹਿਰੇਦਾਰ ਗਰਦਾਨਿਆ। ਇਹ ਵੀ ਕਿ ਉਸ ਵਿਚ ਮਿਲਣ ਵਾਲਿਆਂ ਦੇ ਗੁਣ ਪਛਾਣਨ ਦੀ ਏਨੀ ਸ਼ਕਤੀ ਸੀ ਕਿ ਹਰ ਕਿਸੇ ਦਾ ਰਾਹ ਦਿਸੇਰਾ ਸੀ। ਉਸ ਨੇ ਸਈਅਦਾ ਨੂੰ ਆਪਣੀ ਪਹਿਲੀ ਪੁਸਤਕ ਲਿਖਣ ਲਈ ਪ੍ਰੇਰਿਆ।

ਦੂਜੇ ਦਿਨ ਦੇ ਸਾਰੇ ਸੈਸ਼ਨ ਭਾਰਤ-ਪਾਕਿ ਸਬੰਧਾਂ ਤੇ ਹਿਮਾਲਿਆ ਪਰਬਤ ਦੀ ਖੂਬਸੂਰਤੀ ਨੂੰ ਪ੍ਰਣਾਏ ਹੋਏ ਸਨ। ਇਸ ਵਿਚਾਰ-ਵਟਾਂਦਰੇ ਵਿਚ ਬੀ ਐਨ ਗੋਸਵਾਮੀ, ਫਾਰੂਖ ਅਬਦੁਲਾ, ਫ਼ਕੀਰ ਅਜ਼ੀਜ਼-ਉਦ-ਦੀਨ, ਬੌਬੀ ਬੇਦੀ, ਗੋਬਿੰਦ ਨਿਹਲਾਨੀ, ਸਲਮਾਨ ਖੁਰਸ਼ੀਦ, ਕੂਮੀ ਕਪੂਰ, ਕਬੀਰ ਬੇਦੀ, ਆਬਿਦੀ ਹੁਸੈਨ ਤੇ ਪਾਕਿਸਤਾਨ ਦਾ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਨੇ ਹਿੱਸਾ ਲਿਆ। ਇਹ ਗੱਲ ਖੁੱਲ੍ਹ ਕੇ ਉਭਰੀ ਕਿ ਖੁਸ਼ਵੰਤ ਸਿੰਘ ਨੂੰ ਹਿਮਾਲਾ ਪਰਬਤ ਦੇ ਸਿਹਤਮੰਦ ਟਿਕਾਣੇ, ਖਾਸ ਕਰਕੇ ਕਸੌਲੀ ਤੇ ਸ਼ਿਮਲਾ ਬਹੁਤ ਪਸੰਦ ਸਨ। ਇਹ ਵੀ ਕਿ ਪਾਕਿਸਤਾਨ ਦਾ ਜੰਮਿਆ ਜਾਇਆ ਹੋਣ ਕਾਰਨ ਉਹ ਸਦਾ ਪਾਕਿਸਤਾਨ ਦੀ ਬਿਹਤਰੀ ਚਾਹੁੰਦਾ ਰਿਹਾ। ਉਹ ਹਰ ਹੀਲੇ ਭਾਰਤ-ਪਾਕਿ ਸਬੰਧਾਂ ਨੂੰ ਬਣਾਈ ਰੱਖਣ ਦੇ ਹੱਕ ਵਿਚ ਸੀ।





ਸਮਾਗਮ ਦਾ ਆਖਰੀ ਦਿਨ ਖੁਸ਼ਵੰਤ ਸਿੰਘ ਦੇ ਸੌ ਸਾਲਾਂ ਨੂੰ ਵਿਦਾ ਕਰਨ ਦਾ ਸੀ। ਉਸ ਦੀਆਂ ਬੇਅੰਤ ਲਿਖਤਾਂ ਅਤੇ ਯੋਜਨਾ, ਇਲਸਟ੍ਰੇਟਿਡ ਵੀਕਲੀ ਤੇ ਹਿੰਦੁਸਤਾਨ ਟਾਈਮਜ਼ ਦੇ ਕੜਾਕੇਦਾਰ ਸੰਪਾਦਨ ਨੂੰ ਚੇਤੇ ਕਰਨ ਦਾ। ਬੁਲਾਰਿਆਂ ਨੇ ਇਹ ਗੱਲ ਦੋਹਰਾਈ ਕਿ ਉਹ ਨਿਰਾ ਦਾਸਤਾਨ ਗੋਈ ਦਾ ਹੀ ਮਾਹਿਰ ਨਹੀਂ ਸੀ। ਉਸ ਦੀ ਦਾਸਤਾਨ ਗੋਈ ਵਿਚ ਇਤਿਹਾਸ ਗੁਨ੍ਹਿਆ ਮਿਲਦਾ ਹੈ। ਇਸ ਚਰਚਾ ਦਾ ਤੋੜਾ ਇਹ ਸੀ ਕਿ ਖੁਸ਼ਵੰਤ ਸਿੰਘ ਆਪਣੇ ਤੋਂ ਪੰਜਾਹ ਸਾਲ ਵੱਡੇ ਰੁਡੀਆਰਡ ਕਿਪਲਿੰਗ ਦਾ ਸਾਨੀ ਸੀ। ਜੇ 2015 ਦਾ ਵਰ੍ਹਾ ਖੁਸ਼ਵੰਤ ਸਿੰਘ ਦੇ ਸੌ ਸਾਲਾਂ ਨੂੰ ਸਮਰਪਿਤ ਸੀ ਤਾਂ ਉਸ ਤੋਂ ਪੰਜਾਹ ਸਾਲ ਵੱਡਾ ਕਿਪਲਿੰਗ ਵੀ ਚੇਤੇ ਕੀਤੇ ਜਾਣ ਦਾ ਹੱਕ ਰੱਖਦਾ ਸੀ। ਕਿਪਲਿੰਗ ਨੂੰ ਭਾਰਤੀ ਸੱਭਿਆਚਾਰ ਤੇ ਇਤਿਹਾਸ ਏਨਾ ਪ੍ਰਭਾਵਿਤ ਕਰਦਾ ਸੀ ਕਿ ਉਸ ਦੀਆਂ ਸਾਰੀਆਂ ਲਿਖਤਾਂ ਇਸ ਦੀ ਗਵਾਹੀ ਭਰਦੀਆਂ ਹਨ।

ਖੁਸ਼ਵੰਤ ਸਿੰਘ ਸਮਾਗਮ ਕਸੌਲੀ ਕਲੱਬ ਵਿਚ ਹੋਇਆ। ਹਾਜ਼ਰ ਬੁਲਾਰਿਆਂ ਤੇ ਸਰੋਤਿਆਂ ਦੀ ਗਿਣਤੀ ਏਨੀ ਸੀ, ਖ਼ਾਸ ਕਰਕੇ ਚੀਰੇ-ਬੂਟੀ ਵਾਲੀਆਂ ਪੋਠੋਹਾਰੀ ਪੱਗਾਂ ਦੀ, ਕਿ ਕਸੌਲੀ ਪੋਠੋਹਾਰ ਬਣੀ ਪਈ ਸੀ। ਇਹ ਉਹ ਥਾਂ ਸੀ ਜਿਥੇ ਕੋਈ ਬੰਦ ਜੁੱਤੀ ਜਾਂ ਕਾਲਰ ਬਾਹਰੀ ਕਮੀਜ਼ ਨਾਲ ਪ੍ਰਵੇਸ਼ ਨਹੀਂ ਸੀ ਕਰ ਸਕਦਾ। ਜੇ ਖੁਸ਼ਵੰਤ ਸਿੰਘ ਜਿਊਂਦਾ ਹੁੰਦਾ ਤਾਂ ਉਹ ਵੀ ਨਹੀਂ। ਖੁਸ਼ਵੰਤ ਸਿੰਘ ਦਾ ਬੇਟਾ ਰਾਹੁਲ, ਧੀ ਮਾਲਾ ਤੇ ਬੇਟੇ ਦੀ ਦੋਸਤ ਨੀਲੋਫਰ ਆਉਣ ਵਾਲਿਆਂ ਦੀ ਦੇਖ ਰੇਖ ਵਿਚ ਖੂਬ ਰੁੱਝੇ ਹੋਏ ਸਨ।

ਮਾਲਾ ਨੂੰ ਵੇਖ ਕੇ ਮੈਨੂੰ 50 ਸਾਲ ਪੁਰਾਣੀ ਇੱਕ ਘਟਨਾ ਚੇਤੇ ਆ ਗਈ। ਨਵੀਂ ਦਿੱਲੀ ਦੇ ਇਕ ਹੋਟਲ 'ਚ ਲੋਕ ਸਭਾ ਦੇ ਉਸ ਵੇਲੇ ਦੇ ਸਪੀਕਰ ਹੁਕਮ ਸਿੰਘ ਨੇ ਮਾਲਾ ਦੀ ਗੁਰੂ ਨਾਨਕ ਬਾਰੇ ਲਿਖੀ ਹੋਈ ਪੁਸਤਕ ਰਿਲੀਜ਼ ਕੀਤੀ ਸੀ। ਉਸ ਨੇ ਮਾਲਾ ਨੂੰ ਪਿਤਾ ਦੇ ਪੈਰ ਚਿੰਨ੍ਹਾਂ 'ਤੇ ਤੁਰਨ ਦੀ ਵਧਾਈ ਦਿੱਤੀ ਤਾਂ ਨਾਲ ਇਹ ਵੀ ਕਿਹਾ ਕਿ ਉਹ ਆਪਣੇ ਵਸਤਰਾਂ ਦਾ ਧਿਆਨ ਰੱਖੇ। ਕਿਧਰੇ ਪਿਤਾ ਵਾਂਗ ਹੀ ਰੋਲੀ ਭੋਲੀ ਨਾ ਬਣੀ ਰਹੇ। ਮੈਨੂੰ ਚੇਤੇ ਹੈ ਕਿ ਇਸ ਮੌਕੇ ਢਿੱਲਮ-ਢਿੱਲੀ ਬੁਸ਼ਰਟ ਰੱਖਣ ਵਾਲਾ ਖੁਸ਼ਵੰਤ ਸਿੰਘ ਕੰਧ ਨਾਲ ਢੋਅ ਲਾ ਕੇ ਖੜ੍ਹਾ ਮੁਸਕਰਾਉਂਦਾ ਰਿਹਾ ਸੀ। ਉਸ ਦੀ ਇਹ ਮੁਸਕਰਾਹਟ ਉਸ ਦੇ ਤੁਰ ਜਾਣ ਤੋਂ ਪਿਛੋਂ ਵੀ ਕਾਇਮ ਹੈ। ਉਸ ਦੀਆਂ ਲਿਖਤਾਂ ਤੇ ਕਸੌਲੀ ਦੀਆਂ ਹਵਾਵਾਂ ਵਿਚ।


**ਅੰਤਿਕਾ:** ਕਤੀਲ ਸ਼ਫਾਈ
ਤੁਮਹਾਰੀ ਬੇਰੁਖੀ ਨੇ
ਲਾਜ ਰਖ ਲੀ ਬਾਦਾ ਖਾਨੇ ਕੀ
ਤੁਮ ਆਖੋਂ ਸੇ ਪਿਲਾ ਦੇਤੇ ਤੋ
ਪੈਮਾਨੇ ਕਹਾ ਜਾਤੇ।

# ਸ਼ਰਾਬ ਦੀ ਦਾਅਵਤ

**ਦੱਖਣੀ ਅਫਰੀਕਾ ਦੀ ਕਹਾਣੀ**

*ਦੱਖਣੀ ਅਫਰੀਕਾ ਵਿਚ ਨਸਲਪ੍ਰਸਤੀ ਖਿਲਾਫ ਝੰਡਾ ਬੁਲੰਦ ਕਰਨ ਵਾਲੇ ਐਲਨ ਪੈਟਨ (11 ਜਨਵਰੀ 1903-12 ਅਪਰੈਲ 1988) ਦੀ ਕਹਾਣੀ 'ਸ਼ਰਾਬ ਦੀ ਦਾਅਵਤ' ਮੁਲਕ ਦੀ ਸਿਆਸਤ ਉਤੇ ਸਿੱਧੀਆਂ ਚੋਟਾਂ ਲਾਉਂਦੀ ਹੈ। ਨਸਲੀ ਵਿਤਕਰਾ ਕਿਸ ਤਰ੍ਹਾਂ ਬੰਦੇ ਦੇ ਦਿਲ-ਦਿਮਾਗ ਉਤੇ ਸੱਟਾਂ ਮਾਰਦਾ ਹੈ, ਇਸ ਕਹਾਣੀ ਵਿਚ ਜ਼ਾਹਿਰ ਹੋ ਜਾਂਦਾ ਹੈ। ਐਲਨ ਪੈਟਨ ਸਿਰਫ ਲੇਖਕ ਹੀ ਨਹੀਂ ਸੀ, ਸਿਰਕੱਢ ਸਿਆਸੀ ਆਗੂ ਵੀ ਸੀ। ਉਹਨੇ 1953 ਵਿਚ ਲਿਬਰਲ ਪਾਰਟੀ ਦੀ ਕਾਇਮੀ ਵਿਚ ਅਹਿਮ ਰੋਲ ਨਿਭਾਇਆ ਸੀ। ਇਹ ਪਾਰਟੀ ਨਸਲਪ੍ਰਸਤੀ ਖਿਲਾਫ ਆਵਾਜ਼ ਬੁਲੰਦ ਕਰਨ ਲਈ ਹੀ ਬਣਾਈ ਗਈ ਸੀ। ਉਸ ਦੀਆਂ ਕੁਝ ਕਿਤਾਬਾਂ ਜਿਵੇਂ 'ਕ੍ਰਾਈ', 'ਦਿ ਬੀਲਵਡ ਕੰਟਰੀ', 'ਲੌਸਟ ਇਨ ਦਿ ਸਟਾਰਜ਼', 'ਟੂ ਲੇਟ ਦਿ ਫਾਲਾਰੋਪ' ਉਤੇ ਫਿਲਮਾਂ ਵੀ ਬਣੀਆਂ। -ਸੰਪਾਦਕ*

ਕੁਝ ਸਾਲ ਪਹਿਲਾਂ 1960 ਵਿਚ ਦੱਖਣੀ ਅਫ਼ਰੀਕਾ ਸੰਘ ਨੇ ਬੜੀ ਧੂਮਧਾਮ ਨਾਲ ਆਪਣੀ ਗੋਡਲਨ ਜੁਬਲੀ ਮਨਾਈ ਤੇ ਕੌਮੀ ਪੱਧਰ ਉਤੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਮੂਰਤੀਕਲਾ ਦਾ ਇਕ ਹਜ਼ਾਰ ਪੌਂਡ ਦਾ ਸਰਵੋਤਮ ਪੁਰਸਕਾਰ ਇਕ ਕਾਲੇ ਬੰਦੇ ਐਡਵਰਡ ਸਿਮੇਲੇਨ ਨੂੰ ਮਿਲਿਆ। ਉਸ ਦੀ ਕਲਾਕ੍ਰਿਤੀ 'ਅਫ਼ਰੀਕੀ ਮਾਂ ਤੇ ਬੱਚਾ' ਦੀ ਭਰਵੀਂ ਪ੍ਰਸੰਸਾ ਹੋਈ, ਸਗੋਂ ਇਸ ਨੇ ਦੱਖਣੀ ਅਫ਼ਰੀਕਾ ਦੇ ਗੋਰਿਆਂ ਦੇ ਦਿਲਾਂ ਨੂੰ ਵੀ ਦੂਰ ਅੰਦਰ ਤੱਕ ਛੋਹਿਆ ਤੇ ਵਿਦੇਸ਼ਾਂ ਵਿਚ ਵੀ ਇਸ ਨੂੰ ਕਾਫੀ ਸ਼ੁਹਰਤ ਮਿਲੀ।



ਇਹ ਪ੍ਰਬੰਧਕਾਂ ਦੀ ਲਾਪਰਵਾਹੀ ਹੀ ਕਹੀ ਜਾਵੇਗੀ ਕਿ ਇਸ ਕਲਾਕ੍ਰਿਤੀ ਨੂੰ ਸਮਾਰੋਹ

**ਐਲੇਨ ਪੈਟਨ**

**ਅਨੁਵਾਦ: ਬਲਬੀਰ ਮਾਧੋਪੁਰੀ**
**ਫੋਨ: +91-93505-48100**

ਵਿਚ ਸ਼ਾਮਲ ਹੋਣ ਦੀ ਮਨਜ਼ੂਰੀ ਮਿਲ ਗਈ, ਨਹੀਂ ਤਾਂ ਇਸ ਗੱਲ ਦੀ ਸਖਤ ਹਦਾਇਤ ਸੀ ਕਿ ਮੁਕਾਬਲੇ ਦਾ ਮਸਲਾ ਪੂਰੀ ਤਰ੍ਹਾਂ ਕਾਲੇ ਲੋਕਾਂ ਤੋਂ ਦੂਰ ਹੀ ਰੱਖਿਆ ਜਾਵੇ। ਮੂਰਤੀਕਲਾ ਵਿਭਾਗ ਦੀ ਕਮੇਟੀ ਨੂੰ ਨਿੱਜੀ ਤੌਰ 'ਤੇ ਚਿਤਾਵਨੀ ਦਿੱਤੀ ਗਈ ਕਿ ਉਸ ਨੇ 'ਸਿਰਫ ਗੋਰਿਆਂ ਵਾਸਤੇ' ਵਰਗੇ ਤੱਥ ਨੂੰ ਕਿਵੇਂ ਨਜ਼ਰ-ਅੰਦਾਜ਼ ਕਰ ਦਿੱਤਾ, ਪਰ ਇਕ ਉਚ ਅਧਿਕਾਰੀ ਨੇ ਕਮੇਟੀ ਸਾਹਮਣੇ ਇਹ ਦਲੀਲ ਪੇਸ਼ ਕੀਤੀ ਸੀ ਕਿ ਜੇ ਸਿਮੇਲੇਨ ਦੀ ਕਲਾਕ੍ਰਿਤੀ 'ਨਿਰਵਿਵਾਦ ਰੂਪ ਵਿਚ ਸਰਵੋਤਮ' ਹੈ ਤਾਂ ਉਸ ਨੂੰ ਸਨਮਾਨਿਆ ਜਾਵੇ। ਕਮੇਟੀ ਨੇ ਉਦੋਂ ਇਹ ਤੈਅ ਕੀਤਾ ਕਿ ਸਮਾਪਤੀ ਸਮਾਰੋਹ ਮੌਕੇ ਇਸ ਪੁਰਸਕਾਰ ਨੂੰ ਵੀ ਦੂਜੇ ਲੋਕਾਂ ਦੇ ਨਾਲ ਹੀ ਸਿਮੇਲੇਨ ਨੂੰ ਦਿੱਤਾ ਜਾਵੇ।

ਇਸ ਫੈਸਲੇ ਨੂੰ ਗੋਰਿਆਂ ਵੱਲੋਂ ਹੈਰਾਨੀ ਭਰੀ ਹਮਾਇਤ ਹਾਸਲ ਹੋਈ, ਪਰ ਕੁਝ ਪ੍ਰਭਾਵਸ਼ਾਲੀ ਤਬਕਿਆਂ ਵਿਚ ਦੇਸ਼ ਦੀਆਂ 'ਪਰੰਪਰਾਗਤ ਨੀਤੀਆਂ' ਦੇ ਉਲਟ ਚੱਲਣ ਉਤੇ ਬਹਿਸ ਚੱਲੀ ਤੇ ਇਹ ਖਤਰਾ ਪੈਦਾ ਹੋ ਗਿਆ ਕਿ ਬਹੁਤੇ ਗੋਰੇ ਇਨਾਮ ਜੇਤੂ, ਆਪਣੇ ਪੁਰਸਕਾਰ ਵਾਪਸ ਕਰ ਦੇਣਗੇ। ਕਿਸੇ ਤਰ੍ਹਾਂ ਇਹ ਸੰਕਟ ਟਲ ਗਿਆ, ਕਿਉਂਕਿ ਉਪਰਲੀ ਕਲਾਕ੍ਰਿਤੀ 'ਬਦਕਿਸਮਤੀ' ਨੂੰ ਸਮਾਪਤੀ ਸਮਾਰੋਹ ਵਿਚ ਸ਼ਾਮਲ ਨਾ ਹੋ ਸਕੀ।

"ਮੈਂ ਇਸ ਹੱਦ ਤੱਕ ਮਹਿਸੂਸ ਨਹੀਂ ਕਰ ਰਿਹਾ ਸੀ", ਸਿਮੇਲੇਨ ਨੇ ਸ਼ਰਾਰਤ ਭਰੇ ਅੰਦਾਜ਼ ਵਿਚ ਮੈਨੂੰ ਕਿਹਾ, "ਮੇਰੇ ਮਾਂ-ਬਾਪ ਤੇ ਪਾਦਰੀ ਨੇ ਤੈਅ ਕਰ ਲਿਆ ਸੀ ਕਿ ਮੈਂ ਇਸ ਯੋਗ ਨਹੀਂ ਸੀ ਤੇ ਆਖਰ ਮੈਂ ਵੀ ਤੈਅ ਕਰ ਲਿਆ, ਬੇਸ਼ੱਕ ਮਜੋਸਾ ਤੇ ਸੋਲਾ ਦਾ ਕਹਿਣਾ ਸੀ ਕਿ ਮੈਨੂੰ ਖੁਦ ਜਾ ਕੇ ਪੁਰਸਕਾਰ ਪ੍ਰਾਪਤ ਕਰਨਾ ਚਾਹੀਦਾ, ਪਰ ਮੈਂ ਕਿਹਾ- ਬੱਚਿਓ, ਮੈਂ ਸ਼ਿਲਪੀ ਹਾਂ, ਪ੍ਰਦਰਸ਼ਨਕਾਰੀ ਨਹੀਂ।"

ਫਿਰ ਉਸ ਨੇ ਕਿਹਾ, "ਇਹ ਕੋਨਿਕ ਬੜੀ ਕਮਾਲ ਦੀ ਹੈ, ਖਾਸ ਤੌਰ 'ਤੇ ਇਨ੍ਹਾਂ ਵੱਡੇ ਗਲਾਸਾਂ ਵਿਚ। ਇਹ ਪਹਿਲਾ ਮੌਕਾ ਹੈ ਜਦੋਂ ਮੇਰੇ ਕੋਲ ਇੰਨੇ ਵੱਡੇ ਗਲਾਸ ਹਨ। ਇਹ ਵੀ ਪਹਿਲਾ ਸਬੱਬ ਹੈ ਜਦੋਂ ਮੈਂ ਇੰਨੀ ਹੌਲੀ ਹੌਲੀ ਬਰਾਂਡੀ ਖਤਮ ਕਰ ਰਿਹਾ ਹਾਂ। ਔਰਲੈਂਡੋ ਵਿਚ ਤਾਂ ਤੁਹਾਡਾ ਗਲਾ ਲੋਹੇ ਵਾਂਗ ਹੋ ਜਾਂਦਾ ਹੈ ਤੇ ਸਿਰ ਪਿਛਾਂਹ ਨੂੰ ਟਿਕਾ ਕੇ ਇਕ ਤੋਂ ਬਾਅਦ ਇਕ ਪੈੱਗ ਪਾਉਂਦੇ ਜਾਓ; ਉਦੋਂ ਤੱਕ ਜਦੋਂ ਤੱਕ ਪੁਲਿਸ ਨਾ ਆ ਜਾਵੇ।"

ਉਸ ਨੇ ਮੈਨੂੰ ਦੱਸਿਆ, "ਮੇਰੀ ਜ਼ਿੰਦਗੀ ਦਾ ਇਹ ਦੂਜਾ ਕੋਨਿਕ ਹੈ, ਮੈਂ ਪਹਿਲਾਂ ਕੋਨਿਕ ਕਿਵੇਂ ਪੀਤੀ, ਇਸ ਦਾ ਕਿੱਸਾ ਸੁਣੋਗੇ?"

... ... ... ਵਾਨ ਬ੍ਰਾਂਡਸ ਸਟਰੀਟ ਦੀ ਐਲਵੇਸਟਰ ਸ਼ਾਪ ਦਾ ਪਤਾ ਹੈ? ਖੈਰ, ਮੁਕਾਬਲੇ ਤੋਂ ਬਾਅਦ ਉਨ੍ਹਾਂ ਲੋਕਾਂ ਨੇ ਮੇਰੀ ਕ੍ਰਿਤੀ 'ਅਫ਼ਰੀਕੀ ਮਾਂ ਤੇ ਬੱਚਾ' ਦੇ ਪ੍ਰਦਰਸ਼ਨ ਦੀ ਆਗਿਆ ਮੰਗੀ। ਉਨ੍ਹਾਂ ਨੇ ਮੇਰੇ ਚਿੱਤਰ ਦੀ ਪਿੱਠ-ਭੂਮੀ ਵਿਚ ਚਿੱਟੇ ਮਖ਼ਮਲ (ਜੇ ਉਸ ਨੂੰ ਮਖ਼ਮਲ ਕਹੋ ਤਾਂ) ਦਾ ਟੋਟਾ ਲਗਾਇਆ ਤੇ ਪ੍ਰਸ਼ੰਸਾ ਵਿਚ ਕੁਝ ਸ਼ਬਦ ਆਖੇ। ਮੇਰੀ ਕਲਾਕ੍ਰਿਤੀ ਲਈ ਉਨ੍ਹਾਂ ਨੇ ਇਕ ਪੂਰੀ ਖਿੜਕੀ ਦਿੱਤੀ।

ਖੈਰ, ਮੈਂ ਖੁਦ ਜਾ ਕੇ ਇਹ ਸਭ ਨਾ ਦੇਖ ਸਕਿਆ। ਸਟੇਸ਼ਨ ਤੋਂ 'ਹੈਰਲਡ' ਦੇ ਦਫਤਰ ਜਾਂਦੇ ਵੇਲੇ ਕਦੀ ਮੈਂ ਉਧਰੋਂ ਦੀ ਲੰਘਦਾ ਤੇ ਤਿਰਛਾ ਜਿਹਾ ਦੇਖ ਲੈਂਦਾ ਕਿ ਕੁਝ ਲੋਕ ਖੜ੍ਹੇ ਹੋ ਕੇ ਮੇਰੀ ਕ੍ਰਿਤੀ ਨੂੰ ਇਕ ਟੱਕ ਨਿਹਾਰ ਰਹੇ ਹਨ। ਮੈਨੂੰ ਖੁਸ਼ੀ ਹੁੰਦੀ।

ਇਕ ਰਾਤ ਕਾਫੀ ਦੇਰ ਤੱਕ ਮੈਂ 'ਹੈਰਲਡ' ਦੇ ਦਫਤਰ ਵਿਚ ਕੰਮ ਕਰਦਾ ਰਿਹਾ ਤੇ ਜਦੋਂ ਬਾਹਰ ਆਇਆ ਤਾਂ ਚੁਫੇਰੇ ਸੰਨਾਟਾ ਪਸਰਿਆ ਹੋਇਆ ਹੈ। ਮੈਂ ਸੋਚਿਆ ਕਿਉਂ ਨਾ ਜਾ ਕੇ ਆਪਣੀ ਕ੍ਰਿਤੀ ਦੇਖਾਂ ਤੇ ਪਿਆਰ ਭਰੀ ਖੁਸ਼ੀ ਮਾਣਾਂ। ਆਪਣੀ ਪ੍ਰਤਿਭਾ ਦੀ ਚਕਾਚੌਂਧ ਵਿਚ ਮੈਂ ਅਜੇ ਪੂਰੀ ਤਰ੍ਹਾਂ ਗੁਆਚਣ ਹੀ ਵਾਲਾ ਸੀ ਕਿ ਚਾਣਚੱਕ ਮੇਰੀ ਨਜ਼ਰ ਕੋਲ ਖੜ੍ਹੇ ਨੌਜਵਾਨ ਉਤੇ ਪਈ।

ਉਸ ਨੇ ਮੈਥੋਂ ਪੁੱਛਿਆ, "ਇਸ ਬਾਰੇ ਕੀ ਖਿਆਲ ਹੈ ਦੋਸਤ?"

ਤੇ ਇਹ ਤਾਂ ਤੁਹਾਨੂੰ ਪਤਾ ਹੈ ਕਿ ਕੋਈ ਨਿੱਤ ਥੋੜ੍ਹੋ 'ਦੋਸਤ' ਕਹਿੰਦਾ!

"ਮੈਂ ਇਸੇ ਨੂੰ ਦੇਖ ਰਿਹਾ ਹਾਂ।" ਮੈਂ ਕਿਹਾ।

"ਮੈਂ ਇਥੇ ਹੀ ਰਹਿੰਦਾ ਹਾਂ", ਉਸ ਨੇ ਦੱਸਿਆ, "ਤੇ ਤਕਰੀਬਨ ਹਰ ਰੋਜ਼ ਰਾਤ ਨੂੰ ਆ ਕੇ ਇਸ ਮੂਰਤੀ ਨੂੰ ਦੇਖਦਾ ਰਹਿੰਦਾ ਹਾਂ। ਤੁਹਾਨੂੰ ਪਤਾ ਹੈ, ਇਹ ਤੁਹਾਡੇ ਹੀ ਲੋਕਾਂ ਵਿਚੋਂ ਕਿਸੇ ਨੇ ਬਣਾਈ ਹੈ। ਆਹ ਦੇਖੋ, ਨਾਮ ਦੇਖੋ, ਐਡਵਰਡ ਸਿਮੇਲੇਨ।"

"ਹਾਂ, ਮੈਨੂੰ ਪਤਾ ਹੈ।"

"ਕਿੰਨੀ ਖੂਬਸੂਰਤ ਚੀਜ਼ ਹੈ", ਉਸ ਨੇ ਆਖਿਆ, "ਜ਼ਰਾ ਮਾਂ ਦਾ ਸਿਰ ਦੇਖ, ਉਹ ਬੱਚੇ ਨੂੰ ਪਿਆਰ ਤਾਂ ਕਰ ਰਹੀ ਹੈ, ਪਰ ਦੇਖ ਕਿਵੇਂ ਰਹੀ ਹੈ, ਜਿਵੇਂ ਉਸ ਦੀ ਨਿਗਰਾਨੀ ਕਰ ਰਹੀ ਹੋਵੇ। ਉਹ ਜਾਣਦੀ ਹੈ ਕਿ ਇਸ ਨੇ ਬੇਹੱਦ ਮੁਸ਼ਕਿਲ ਜ਼ਿੰਦਗੀ ਬਤੀਤ ਕਰਨੀ ਹੈ।"

ਫਿਰ ਉਸ ਨੇ ਠੀਕ ਤਰ੍ਹਾਂ ਦੇਖਣ ਲਈ ਧੌਣ ਇਕ ਪਾਸੇ ਝੁਕਾਈ।

"ਉਸ ਨੂੰ ਇਕ ਹਜ਼ਾਰ ਪੌਂਡ ਦਾ ਇਨਾਮ ਮਿਲਿਆ ਹੈ", ਉਸ ਨੇ ਕਿਹਾ, "ਇੰਨਾ ਪੈਸਾ ਤਾਂ ਤੁਹਾਡੇ ਲੋਕਾਂ ਲਈ ਕਾਫੀ ਹੁੰਦਾ ਹੈ- ਬੜਾ ਖੁਸ਼ਕਿਸਮਤ ਹੈ ਉਹ। ਤੂੰ ਤਾਂ ਇੰਨਾ ਖੁਸ਼ਕਿਸਮਤ ਨਹੀਂ ਏਂ- ਕਿਉਂ?"

ਫਿਰ ਉਸ ਨੇ ਮਲਕ ਦੇਣੀ ਪੁੱਛਿਆ, "ਦੋਸਤ, ਸ਼ਰਾਬ ਪੀਣੀ ਪਸੰਦ ਕਰੇਂਗਾ?"

ਇਮਾਨਦਾਰੀ ਵਾਲੀ ਗੱਲ ਇਹ ਸੀ ਕਿ ਇੰਨੀ ਰਾਤ ਗਈ ਕਿਸੇ ਗੋਰੇ ਅਜਨਬੀ ਨਾਲ ਮੈਂ ਉੱਕਾ ਸ਼ਰਾਬ ਨਹੀਂ ਸੀ ਪੀਣੀ ਚਾਹੁੰਦਾ। ਦੂਜਾ, ਮੈਂ ਔਰਲੈਂਡੋ ਤੋਂ ਗੱਡੀ ਵੀ ਫੜਨੀ ਸੀ।

"ਤੁਹਾਨੂੰ ਤਾਂ ਪਤਾ ਹੀ ਹੈ ਕਿ ਸਾਨੂੰ ਕਾਲੇ ਲੋਕਾਂ ਨੂੰ ਰਾਤ ਦੇ ਗਿਆਰਾਂ ਵਜੇ ਤੱਕ ਸ਼ਹਿਰ ਤੋਂ ਬਾਹਰ ਹੋ ਜਾਣਾ ਚਾਹੀਦਾ ਹੈ।" ਮੈਂ ਆਖਿਆ।

"ਹਾਂ-ਹਾਂ, ਠੀਕ ਹੈ।" ਬਹੁਤਾ ਵਕਤ ਨਹੀਂ ਲੱਗੇਗਾ। ਮੇਰਾ ਫਲੈਟ ਅਹੁ ਅਗਲੇ ਮੋੜ ਉਤੇ ਹੀ ਹੈ... ਕੀ ਤੂੰ ਅਫ਼ਰੀਕੀ ਬੋਲ ਸਕਦਾ ਏਂ?"

"ਹਾਂ, ਜਨਮ ਤੋਂ ਹੀ।" ਮੈਂ ਅਫਰੀਕੀ ਵਿਚ ਕਿਹਾ।

"ਫਿਰ ਤਾਂ ਅਸੀਂ ਅਫਰੀਕੀ ਵਿਚ ਗੱਲ ਕਰਾਂਗੇ, ਮੇਰੀ ਅੰਗਰੇਜ਼ੀ ਵਧੀਆ ਨਹੀਂ ਹੈ। ਮੈਨੂੰ ਵਾਨ ਰੇਂਜਬਰਗ ਕਹਿੰਦੇ ਨੇ, ਤੇ ਤੈਨੂੰ?"

ਮੈਂ ਉਸ ਨੂੰ ਆਪਣਾ ਅਸਲੀ ਨਾਂ ਨਾ ਦੱਸ ਸਕਿਆ। ਮੈਂ ਕਿਹਾ ਕਿ ਮੇਰਾ ਨਾਂ ਬਾਕਾਲਿਸਾ ਹੈ ਤੇ ਮੈਂ ਔਰਲੈਂਡੋ ਵਿਚ ਰਹਿੰਦਾ ਹਾਂ।

"ਬਾਕਾਲਿਸਾ! ਹੂੰ... ਇਹ ਨਾਂ ਮੈਂ ਪਹਿਲਾਂ ਕਦੇ ਨਹੀਂ ਸੁਣਿਆ।"

ਹੁਣ ਉਹ ਤੁਰ ਪਿਆ ਸੀ ਤੇ ਮੈਂ ਬੇ-ਮਨਾ ਜਿਹਾ ਹੋ ਕੇ ਉਹਦੇ ਪਿੱਛੇ ਪਿੱਛੇ ਤੁਰ ਰਿਹਾ ਸੀ। ਮੇਰੇ ਨਾਲ ਇਹੀ ਗੜਬੜੀ ਹੈ, ਜਿਵੇਂ ਤੁਸੀਂ ਖੁਦ ਹੀ ਮਹਿਸੂਸ ਕਰੋਗੇ। ਮੈਂ ਕਿਸੇ ਹੱਥ-ਪਾਈ ਨੂੰ ਰੋਕ ਨਹੀਂ ਸਕਦਾ। ਅਸੀਂ ਬਿਲਕੁਲ ਜੁੜ ਕੇ ਨਹੀਂ ਸੀ ਤੁਰ ਰਹੇ, ਪਰ ਉਹ ਠੀਕ ਮੇਰੇ ਸਾਹਮਣੇ ਵੀ ਨਹੀਂ ਸੀ। ਉਸ ਦੇ ਚਿਹਰੇ ਉਤੇ ਘਬਰਾਹਟ ਨਹੀਂ ਸੀ। ਉਹ ਆਪਣੇ ਚੁਫੇਰੇ ਇਹ ਵੀ ਨਹੀਂ ਦੇਖ ਰਿਹਾ ਸੀ ਕਿ ਕਾਲੇ ਬੰਦੇ ਨਾਲ ਦੋਸਤੀ ਦੇ ਅੰਦਾਜ਼ ਵਿਚ ਚੱਲਦਿਆਂ ਉਸ ਨੂੰ ਕੋਈ ਦੇਖ ਤਾਂ ਨਹੀਂ ਰਿਹਾ ਹੈ।

ਉਸ ਨੇ ਪੁੱਛਿਆ, "ਕੀ ਤੈਨੂੰ ਪਤਾ ਹੈ ਕਿ ਮੈਂ ਕੀ ਕਰਨਾ ਚਾਹੁੰਦਾ ਸੀ?"

"ਹੂੰ।" ਮੈਂ ਕਿਹਾ।

"ਮੈਂ ਕਿਤਾਬਾਂ ਦੀ ਦੁਕਾਨ ਕਰਨਾ ਚਾਹੁੰਦਾ ਸੀ, ਜਿਵੇਂ ਉਥੇ ਤੂੰ ਦੇਖੀ ਹੋਵੇਗੀ। ਜਦੋਂ ਤੋਂ ਹੋਸ਼ ਸੰਭਾਲੀ, ਅਜਿਹੀ ਹੀ ਦੁਕਾਨ ਦੀ ਇੱਛਾ ਮਨ ਵਿਚ ਲਈ ਫਿਰਦਾਂ। ਜਦੋਂ ਮੈਂ ਛੋਟਾ ਸੀ, ਮੇਰੀ ਆਪਣੀ ਛੋਟੀ ਜਿਹੀ ਦੁਕਾਨ ਸੀ।" ਉਹ ਆਪਣੇ ਆਪ ਹੱਸ ਪਿਆ, "ਉਨ੍ਹਾਂ ਵਿਚੋਂ ਕੁਝ ਤਾਂ ਸੱਚਮੁੱਚ ਕਿਤਾਬਾਂ ਸਨ, ਕੁਝ ਮੈਂ ਹੀ ਲਿਖੀਆਂ ਸਨ; ਪਰ ਮੈਂ ਬੜਾ ਬਦਕਿਸਮਤ ਸੀ- ਜਦੋਂ ਤੱਕ ਮੇਰੀ ਪੜ੍ਹਾਈ ਖਤਮ ਹੁੰਦੀ, ਉਦੋਂ ਤੱਕ ਮੇਰੇ ਮਾਂ-ਬਾਪ ਮਰ ਚੁੱਕੇ ਸਨ।"

ਫਿਰ ਮੈਨੂੰ ਮੁਖ਼ਾਤਬ ਹੁੰਦਿਆਂ ਉਸ ਨੇ ਕਿਹਾ, "ਤੂੰ ਪੜ੍ਹਿਆ-ਲਿਖਿਆ ਏਂ?"

ਮੈਂ ਬੇ-ਮਨੇ ਜਿਹੇ ਢੰਗ ਨਾਲ 'ਹਾਂ' ਕਿਹਾ, ਫਿਰ ਮਨ ਹੀ ਮਨ ਆਪਣੀ ਬੇਵਕੂਫੀ ਦਾ ਅਹਿਸਾਸ ਕੀਤਾ ਕਿ ਸਵਾਲ ਤਾਂ ਖੁੱਲ੍ਹਾ ਹੀ ਰਹਿ ਗਿਆ ਤੇ ਸਚਮੁੱਚ ਉਸ ਨੇ ਪੁੱਛ ਹੀ ਲਿਆ, "ਕਿਥੇ ਤੱਕ?"

ਫਿਰ ਮੈਂ ਉਂਜ ਹੀ ਜਵਾਬ ਦਿੱਤਾ, "ਕਾਫੀ।"

ਉਸ ਨੇ ਛਾਲ ਮਾਰੀ- "ਬੀ.ਏ. ਤੱਕ?"

"ਹਾਂ।"

"ਸਾਹਿਤ ਵਿਚ?"

"ਹਾਂ।"

ਉਸ ਨੇ ਸਾਹ ਬਾਹਰ ਛੱਡਦਿਆਂ ਲਮਕਵੀਂ ਆਵਾਜ਼ ਵਿਚ ਆਖਿਆ, "ਵਾਹ!"

ਅਸੀਂ ਬਿਲਡਿੰਗ ਤੱਕ ਪਹੁੰਚ ਗਏ ਸੀ- ਮਜ਼ੋਰਕਾ ਮਿਸ਼ਨ, ਬਹੁਤ ਆਰਾਮਦਾਇਕ ਜਗ੍ਹਾ ਨਹੀਂ, ਫਿਰ ਵੀ ਕੰਮ ਚਲਾਊ ਹੈ। ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਗੈਸਟ ਲੌਬੀ ਖੁੱਲ੍ਹੀ ਪਈ ਸੀ। ਮੈਂ ਸਕੂਨ ਮਹਿਸੂਸ ਨਹੀਂ ਕਰ ਰਿਹਾ ਸੀ। ਅਜਿਹੀ ਜਗ੍ਹਾ ਵਿਚ ਉਦੋਂ ਤੱਕ ਮੈਨੂੰ ਚੈਨ ਨਹੀਂ ਮਿਲਦੀ ਜਦ ਤੱਕ ਦੋ-ਚਾਰ ਦੋਸਤ ਨਾਲ ਨਾ ਹੋਣ। ਇਥੇ ਤਾਂ ਬਿਲਕੁਲ ਅਨਜਾਣ ਬੰਦੇ ਨਾਲ ਸੀ ਮੈਂ। ਲਿਫਟ ਹੇਠਲੀ ਮੰਜ਼ਲ ਉਤੇ ਹੀ ਸੀ। ਉਸ ਉਤੇ ਸਾਫ ਸਾਫ ਅੱਖਰਾਂ ਵਿਚ ਲਿਖਿਆ ਹੋਇਆ ਸੀ- 'ਸਿਰਫ ਗੋਰਿਆਂ ਵਾਸਤੇ।' ਵਨ ਰੇਂਜਬਰਗ ਨੇ ਲਿਫਟ ਦਾ ਦਰਵਾਜ਼ਾ ਖੋਲ੍ਹਿਆ ਤੇ ਮੈਨੂੰ ਅੰਦਰ ਖਿੱਚ ਲਿਆ। ਕੀ ਉਸ ਦਾ ਇਹ ਵਤੀਰਾ ਬਨਾਉਟੀ ਸੀ? ਮੈਂ ਅੱਜ ਤੱਕ ਸਮਝ ਨਹੀਂ ਸਕਿਆ। ਮੇਰੀ ਇੱਛਾ ਹੋ ਰਹੀ ਸੀ ਕਿ ਉਹ ਛੇਤੀ ਤੋਂ ਛੇਤੀ ਲਿਫਟ ਦਾ ਬਟਨ ਦਬਾਵੇ ਤੇ ਅਸੀਂ ਉਪਰ ਚਲੇ ਜਾਈਏ, ਪਰ ਉਹਦੀ ਉਂਗਲੀ ਬਟਨ ਉਤੇ ਟਿਕੀ ਰਹੀ ਤੇ ਉਹ ਕਿਸੇ ਇਮਾਨਦਾਰ ਦੋਸਤ ਦੀ ਨਿਗ੍ਹਾ ਨਾਲ ਮੈਨੂੰ ਘੂਰ ਰਿਹਾ ਸੀ- ਹਸਰਤ ਨਾਲ- ਈਰਖਾ ਨਾਲ।

"ਤੂੰ ਸਚਮੁੱਚ ਬਹੁਤ ਖੁਸ਼ਕਿਸਮਤ ਏਂ।" ਉਸ ਨੇ ਕਿਹਾ, "ਸਾਹਿਤ ਵਿਚ ਡਿਗਰੀ- ਇਹ ਤਾਂ ਮੈਂ ਵੀ ਕਰਨੀ ਚਾਹੁੰਦਾ ਸੀ।"

ਉਸ ਨੇ ਆਪਣਾ ਸਿਰ ਰਤਾ ਕੁ ਝਟਕਾਇਆ ਤੇ ਬਟਨ ਉਤੇ ਆਪਣੀ ਉਂਗਲੀ ਦਬਾ ਦਿੱਤੀ। ਜਦੋਂ ਤੱਕ ਅਸੀਂ ਉਪਰ ਤੱਕ ਨਹੀਂ ਪਹੁੰਚੇ, ਉਹ ਚੁੱਪ ਰਿਹਾ।

ਹੁਣ ਅਸੀਂ ਲਿਫਟ ਤੋਂ ਬਾਹਰ ਨਿਕਲ ਕੇ ਚਮਕਦੇ ਭੀੜੇ ਜਿਹੇ ਗਲਿਆਰੇ ਵਿਚ ਜਾ ਰਹੇ ਸੀ। ਇਸ ਦੇ ਇਕ ਪਾਸੇ ਦੀਵਾਰ ਸੀ, ਖੁੱਲ੍ਹੀ ਹਵਾ ਸੀ ਤੇ ਦੂਜਾ ਪਾਸਾ ਕਾਫੀ ਨੀਵਾਂ ਸੀ- ਵਾਨ ਵੇਂਡਿਸ ਸਟ੍ਰੀਟ। ਦੂਜੇ ਪਾਸੇ ਬਹੁਤ ਸਾਰੇ ਦਰਵਾਜ਼ੇ ਸਨ, ਜਿਨ੍ਹਾਂ ਥਾਣੀਂ ਗੱਲਬਾਤ ਜਾਂ ਰੇਡੀਓ ਦੀਆਂ ਆਵਾਜ਼ਾਂ ਆ ਰਹੀਆਂ ਸਨ, ਪਰ ਕੋਈ ਆਦਮੀ ਦਿਖਾਈ ਨਹੀਂ ਦੇ ਰਿਹਾ ਸੀ। ਮੈਂ ਕਦੀ ਇੰਨੀ ਉਚਾਈ ਉਤੇ ਰਹਿਣਾ ਪਸੰਦ ਨਹੀਂ ਕਰਦਾ, ਅਸੀਂ ਅਫ਼ਰੀਕੀ ਲੋਕ ਜ਼ਮੀਨ ਦੇ ਵੱਧ ਤੋਂ ਵੱਧ ਨੇੜੇ ਰਹਿਣਾ ਚਾਹੁੰਦੇ ਹਾਂ। ਵਾਨ ਰੇਂਜਬਰਗ ਇਕ ਦਰਵਾਜ਼ੇ ਕੋਲ ਰੁਕਿਆ ਤੇ ਮੈਨੂੰ ਕਹਿਣ ਲੱਗਾ, "ਇਕ ਮਿੰਟ ਵਿਚ ਆ ਰਿਹਾਂ।" ਉਹ ਅੰਦਰ ਚਲਾ ਗਿਆ। ਦਰਵਾਜ਼ਾ ਖੁੱਲ੍ਹਿਆ ਹੀ ਸੀ ਕਿ ਮੈਨੂੰ ਅੰਦਰ ਦੀ ਗੱਲਬਾਤ ਸੁਣਾਈ ਦੇ ਰਹੀ ਸੀ। ਮੈਂ ਮਨ ਵਿਚ ਸੋਚਿਆ ਕਿ ਉਹ ਦੱਸ ਰਿਹਾ ਹੋਵੇਗਾ ਕਿ ਮੈਂ ਕੌਣ ਹਾਂ। ਫਿਰ ਇਕ ਜਾਂ ਦੋ ਮਿੰਟ ਬਾਅਦ ਉਹ ਅੰਦਰ ਆਇਆ। ਉਹਦੇ ਹੱਥ ਵਿਚ ਦੋ ਗਲਾਸ ਸਨ, ਜਿਨ੍ਹਾਂ ਵਿਚ ਲਾਲ ਰੰਗ ਦੀ ਸ਼ਰਾਬ ਭਰੀ ਹੋਈ ਸੀ। ਉਹ ਬਹੁਤ ਉਤਸ਼ਾਹਿਤ ਸੀ ਤੇ ਮੁਸਕਰਾ ਰਿਹਾ ਸੀ।

"ਯਾਰ ਮਾਫ਼ ਕਰਨਾ, ਬਰਾਂਡੀ ਨਹੀਂ ਮਿਲੀ... ਸਿਰਫ ਅੰਗੂਰਾਂ ਦੀ ਸ਼ਰਾਬ ਹੀ ਪਈ ਸੀ।"

ਪੱਕੀ ਗੱਲ ਇਹ ਕਿ ਮੈਂ ਕਦੇ ਉਮੀਦ ਨਹੀਂ ਕੀਤੀ ਸੀ ਕਿ ਮੈਨੂੰ ਗਲਿਆਰੇ ਵਿਚ ਖੜ੍ਹੇ ਹੋ ਕੇ ਸ਼ਰਾਬ ਪੀਣੀ ਪਵੇਗੀ। ਮੈਂ ਸਿਰਫ ਉਹ ਨਹੀਂ ਮਹਿਸੂਸ ਕਰ ਰਿਹਾ ਸੀ ਜੋ ਤੁਸੀਂ ਸੋਚ ਰਹੇ ਹੋ; ਮੈਨੂੰ ਤਾਂ ਲਗਾਤਾਰ ਇਹੋ ਡਰ ਲੱਗਾ ਹੋਇਆ ਸੀ ਕਿ ਸਾਹਮਣੇ ਵਾਲਾ ਦਰਵਾਜ਼ਾ ਹੁਣੇ ਖੁੱਲ੍ਹੇਗਾ ਤੇ ਮੈਨੂੰ ਗੋਰਿਆਂ ਦੀ ਬਿਲਡਿੰਗ ਵਿਚ ਦੇਖ ਲਿਆ ਜਾਵੇਗਾ। ਇਸ ਤੋਂ ਬਾਅਦ ਕਾਨੂੰਨ ਤੋੜਨ ਦੇ ਜੁਰਮ ਵਿਚ ਮੈਨੂੰ ਬੰਦ ਕਰ ਦਿੱਤਾ ਜਾਵੇ। ਇਸ ਪੂਰੀ ਸੰਕਟ ਭਰੀ ਹਾਲਤ ਵਿਚ ਮੇਰਾ ਗੁੱਸਾ ਵੀ ਮੈਨੂੰ ਪਰੇਸ਼ਾਨ ਕਰ ਸਕਦਾ ਸੀ, ਪਰ ਤੁਹਾਨੂੰ ਪਤਾ ਹੈ ਕਿ ਸਹਿਜੇ ਕੀਤੇ ਮੈਂ ਗੁੱਸੇ ਵਿਚ ਨਹੀਂ ਆਉਂਦਾ। ਜੇ ਗੁੱਸੇ ਹੁੰਦਾ ਹਾਂ ਤਾਂ ਘੱਟੋ-ਘੱਟ ਆਦਮੀ ਉਤੇ ਨਹੀਂ ਹੁੰਦਾ। ਫਿਰ ਵੀ ਮੈਂ ਉਥੋਂ ਭੱਜ ਜਾਣਾ ਚਾਹੁੰਦਾ ਸੀ, ਪਰ ਅਜਿਹਾ ਕਰ ਨਾ ਸਕਿਆ। ਬਚਪਨ ਵਿਚ ਮੈਂ ਜਦੋਂ ਗੋਰਿਆਂ ਖਿਲਾਫ ਕੁਝ ਬੋਲਦਾ, ਤਾਂ ਮੇਰੀ ਮਾਂ ਕਹਿੰਦੀ ਹੁੰਦੀ ਸੀ, "ਪੁੱਤ, ਇਉਂ ਨਾ ਕਿਹਾ ਕਰ। ਆਪਣੀ ਔਕਾਤ ਦੇਖ ਕੇ ਬੋਲਿਆ ਕਰ।" ਉਹ ਸ਼ਾਇਦ ਉਸੇ ਵੇਲੇ ਸਮਝ ਜਾਂਦੀ ਕਿ ਗਲਿਆਰੇ ਵਿਚ ਪੇਸ਼ ਕੀਤੀ ਸ਼ਰਾਬ ਨੂੰ ਕਿਉਂ ਮੈਂ ਬੇਝਿਜਕ ਹੋ ਕੇ ਫੜ ਲਿਆ ਸੀ।

ਵਾਨ ਰੇਂਜਬਰਗ ਨੇ ਮੈਨੂੰ ਪੁੱਛਿਆ, "ਤੂੰ ਉਸ ਸਿਮੇਲੇਨ ਨੂੰ ਜਾਣਦਾ ਏਂ?"

"ਨਾਮ ਸੁਣਿਆ ਹੋਇਆ ਏ।" ਮੈਂ ਕਿਹਾ।

"ਮੇਰੀ ਉਸ ਨੂੰ ਮਿਲਣ ਦੀ ਇੱਛਾ ਹੈ, ਕੋਈ ਗੱਲਬਾਤ ਕਰਨ ਦੀ।" ਉਸ ਨੇ ਆਪਣੀ ਗੱਲ ਹੋਰ ਸਪਸ਼ਟ ਕੀਤੀ, "ਮੈਂ ਉਸ ਨੂੰ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਹਿ ਦੇਣਾ ਚਾਹੁੰਦਾ ਹਾਂ।"

ਇਕ ਔਰਤ ਜਿਸ ਦੀ ਉਮਰ ਤਕਰੀਬਨ ਪੰਜਾਹ ਸਾਲ ਸੀ, ਨਾਲ ਵਾਲਾ ਦਰਵਾਜ਼ਾ ਖੋਲ੍ਹ ਕੇ ਆਈ। ਉਹਦੇ ਹੱਥ ਵਿਚ ਬਿਸਕੁਟਾਂ ਨਾਲ ਭਰੀ ਹੋਈ ਪਲੇਟ ਸੀ। ਉਸ ਨੇ ਮੁਸਕਰਾ ਕੇ ਸਵਾਗਤ ਕੀਤਾ। ਮੈਂ ਪਲੇਟ ਵਿਚੋਂ ਬਿਸਕੁਟ ਲੈ ਲਿਆ, ਪਰ ਲੱਖ ਚਾਹੁੰਦਿਆਂ ਹੋਇਆਂ ਵੀ ਮੇਰੇ ਮੂੰਹੋਂ 'ਧੰਨਵਾਦ' ਨਹੀਂ ਨਿਕਲ ਸਕਿਆ। ਮੈਂ ਖਤਰਾ ਮੁੱਲ ਲੈ ਲਿਆ ਤੇ ਉਸ ਨੂੰ ਮੈਨਰੂ (ਮਿਸਟ੍ਰੈਸ) ਕਹਿ ਕੇ ਸੰਬੋਧਨ ਕੀਤਾ, ਭਾਵੇਂ ਅਜਿਹਾ ਕਹਿਣ 'ਤੇ ਕਿਸੇ ਵੀ ਕਾਲੇ ਆਦਮੀ ਨੂੰ ਕੁੱਟਿਆ ਮਾਰਿਆ ਜਾ ਸਕਦਾ ਸੀ, ਪਰ ਮੈਂ ਮੁਸਕਰਾ ਕੇ ਝੁਕਦਿਆਂ ਹੋਇਆਂ ਅਫ਼ਰੀਕੀ ਵਿਚ ਇਹੀ ਗੱਲ ਦੁਹਰਾਈ।

ਮੈਨੂੰ ਕਿਸੇ ਨਾ ਕੁੱਟਿਆ। ਔਰਤ ਨੇ ਮੁਸਕਰਾਉਂਦਿਆਂ ਖੁਦ ਨੂੰ ਥੋੜ੍ਹਾ ਝੁਕਾਇਆ, ਤੇ ਵਾਨ ਰੇਂਜਬਰਗ ਥੱਕੀ ਹੋਈ ਆਵਾਜ਼ ਵਿਚ ਇਸ ਤਰ੍ਹਾਂ ਬੋਲਿਆ ਜਿਵੇਂ ਉਦਾਸੀ ਤੇ ਹੇਰਵੇ ਨਾਲ ਬੋਲ ਰਿਹਾ ਹੋਵੇ, "ਆਪਣਾ ਦੇਸ਼ ਕਿੰਨਾ ਖੂਬਸੂਰਤ ਹੈ, ਪਰ ਇਹ ਸਭ ਮੇਰਾ ਦਿਲ ਤੋੜ ਦਿੰਦਾ ਹੈ।"

ਔਰਤ ਨੇ ਆਪਣਾ ਹੱਥ ਉਹਦੇ ਮੋਢੇ ਉਤੇ ਰੱਖ ਕੇ ਹੌਲੀ ਹੌਲੀ ਮਾਰਦਿਆਂ ਕਿਹਾ, "ਜੇਨੀ... ਜੇਨੀ...।"

ਇੰਨੇ ਨੂੰ ਇਕ ਔਰਤ ਤੇ ਆਦਮੀ ਜੋ ਹਾਣ ਦੀ ਉਮਰ ਦੇ ਸਨ, ਆਏ ਤੇ ਵਾਨ ਰੇਂਜਬਰਗ ਦੇ ਪਿੱਛੇ ਆ ਕੇ ਖੜ੍ਹੇ ਹੋ ਗਏ।

"ਇਹ ਗ੍ਰੈਜੂਏਟ ਹੈ।" ਵਾਨ ਰੇਂਜਬਰਗ ਨੇ ਉਨ੍ਹਾਂ ਲੋਕਾਂ ਨੂੰ ਦੱਸਿਆ, "ਤੁਸੀਂ ਸਮਝਦੇ ਕੀ ਹੋ?"

ਫਿਰ ਵਾਨ ਰੇਂਜਬਰਗ ਨੇ ਪਹਿਲੀ ਤੀਵੀਂ ਨਾਲ ਅਫਸੋਸ ਕਰਦਿਆਂ ਆਖਿਆ, "ਮੈਂ ਇਸ ਨੂੰ ਬਰਾਂਡੀ ਪਿਲਾਉਣੀ ਚਾਹੁੰਦਾ ਸੀ, ਪਰ ਪਤਾ ਨਹੀਂ ਮੈਂ ਬੋਤਲ ਕਿੱਥੇ ਰੱਖ ਦਿੱਤੀ।"

ਦੂਜੀ ਔਰਤ ਨੇ ਕਿਹਾ, "ਮੈਨੂੰ ਯਾਦ ਆ ਰਿਹਾ ਹੈ ਜੇਨੀ, ਮੈਂ ਕਿਤੇ ਬਰਾਂਡੀ ਰੱਖੀ ਹੋਈ ਹੈ... ਤੁਸੀਂ ਮੇਰੇ ਨਾਲ ਆਓ।"




ਉਹ ਕਮਰੇ ਵਿਚ ਚਲੀ ਗਈ ਤੇ ਉਹ ਵੀ ਉਹਦੇ ਮਗਰ ਅੰਦਰ ਚਲਾ ਗਿਆ। ਪਹਿਲੀ ਔਰਤ ਨੇ ਮੈਨੂੰ ਕਿਹਾ, "ਜੇਨੀ ਬੜਾ ਵਧੀਆ ਬੰਦਾ ਹੈ, ਕੁਝ ਅਜੀਬ ਜਿਹਾ ਹੈ, ਫਿਰ ਵੀ ਨੇਕ ਹੈ।"

ਫਿਰ ਮੈਨੂੰ ਲੱਗਿਆ ਕਿ ਸਾਰੀਆਂ ਗੱਲਾਂ ਕਿਸੇ ਪਾਗਲਪਨ ਦੇ ਦੌਰ ਵਿਚੋਂ ਲੰਘ ਰਹੀਆਂ ਸਨ ਜਿਸ ਵਿਚ ਮੈਂ ਇਕ ਕਾਲਾ ਆਦਮੀ... ਅਜਨਬੀ ਵਾਂਗ ਖੜ੍ਹਾ ਹਾਂ, ਆਪਣੇ ਸਰਟੀਫਿਕੇਟ ਦਿਖਾਉਂਦਾ ਰਿਹਾਂ ਕਿ ਬਹੁਤ ਸਾਰੇ ਗੋਰੇ ਲੋਕ ਚਮਤਕਾਰੀ ਢੰਗ ਨਾਲ ਮੇਰੇ ਆਲੇ-ਦੁਆਲੇ ਸਲੀਕੇ ਨਾਲ ਖੜ੍ਹੇ ਹਨ। ਉਨ੍ਹਾਂ ਦੀ ਇੱਛਾ ਕਿਸੇ ਤਰ੍ਹਾਂ ਮੈਨੂੰ ਛੋਹਣ ਦੀ ਹੈ, ਪਰ ਕਿਸ ਤਰ੍ਹਾਂ? ਇਸ ਨੂੰ ਸਮਝ ਨਹੀਂ ਰਹੇ ਹੋਵੋਗੇ। ਮੈਂ ਹੌਲੀ ਦੇਣੀ ਆਖਿਆ, "ਤੁਸੀਂ ਠੀਕ ਕਹਿ ਰਹੇ ਹੋ।"

"ਉਹ ਹਰ ਰਾਤ ਮੂਰਤੀ ਦੇਖਣ ਜਾਂਦਾ ਹੈ।" ਔਰਤ ਨੇ ਦੱਸਿਆ।

"ਉਹ ਕਹਿੰਦਾ ਹੈ ਕਿ ਅਜਿਹੀ ਖੂਬਸੂਰਤ ਚੀਜ਼ ਸਿਰਫ ਰੱਬ ਹੀ ਬਣਾ ਸਕਦਾ ਹੈ ਤੇ ਉਹ ਉਸ ਕਲਾਕਾਰ ਨਾਲ ਮਿਲ ਕੇ ਆਪਣੇ ਦਿਲ ਦੀਆਂ ਗੱਲਾਂ ਕਰਨਾ ਚਾਹੁੰਦਾ ਹੈ।"

ਔਰਤ ਨੇ ਮੁੜ ਕੇ ਕਮਰੇ ਵੱਲ ਦੇਖਿਆ, ਫਿਰ ਹੌਲੀ ਦੇਣੀ ਬੋਲਿਆ, "ਪਤਾ ਅਜਿਹਾ ਕਿਉਂ ਹੈ?... ਕਿਉਂਕਿ ਇਹ ਕਾਲੀ ਔਰਤ ਦਾ ਬੱਚਾ ਹੈ।"

"ਮੈਨੂੰ ਪਤਾ ਹੈ।" ਮੈਂ ਕਿਹਾ।

ਇੰਨੇ ਨੂੰ ਦੂਜੀ ਔਰਤ ਵਾਨ ਰੇਂਜਬਰਗ ਨਾਲ ਆ ਗਈ ਸੀ। ਵਾਨ ਰੇਂਜਬਰਗ ਦੇ ਹੱਥ ਵਿਚ ਬਰਾਂਡੀ ਦੀ ਬੋਤਲ ਸੀ। ਉਸ ਨੇ ਮੁਸਕਰਾਉਂਦਿਆਂ ਮੈਨੂੰ ਆਖਿਆ, "ਕੋਈ ਮਾਮੂਲੀ ਬਰਾਂਡੀ ਨਹੀਂ, ਫਰੈਂਚ ਹੈ।"

ਉਸ ਨੇ ਮੈਨੂੰ ਬੋਤਲ ਦਿਖਾਈ। ਉਹ ਕੋਨਿਕ ਸੀ। ਮੈਂ ਹੁਣ ਛੇਤੀ ਤੋਂ ਛੇਤੀ ਬਾਹਰ ਜਾਣਾ ਚਾਹੁੰਦਾ

*(ਬਾਕੀ ਅਗਲੇ ਸਫੇ 'ਤੇ)*

**ਆਸੇ ਪਾਸੇ ਫਿਰਦੀ ਮੌਤ-1**

# ਲੋਈਆਂ ਦੀਆਂ ਬੁੱਕਲਾਂ ਵਿਚ

*'ਆਸੇ ਪਾਸੇ ਮੌਤ ਫਿਰਦੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤੱਤੀਆਂ ਹਵਾਵਾਂ ਜ਼ੋਰ ਫੜ ਰਹੀਆਂ ਸਨ। ਆਪਣੀ ਕਲਾ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੇ ਆਲੇ-ਦੁਆਲੇ ਦੀਆਂ ਪ੍ਰਤੱਖ ਝਾਤੀਆਂ ਪੈਂਦੀਆਂ ਹਨ। ਇਸ ਲੰਮੇ ਲੇਖ ਦੇ ਇਸ ਪਹਿਲੇ ਹਿੱਸੇ 'ਲੋਈਆਂ ਦੀਆਂ ਬੁੱਕਲਾਂ ਵਿਚ' ਰਾਹੀਂ ਵਰਿਆਮ ਸਿੰਘ ਨੇ ਉਸ ਮਾਹੌਲ ਦਾ ਚਿਤਰਣ ਕੀਤਾ ਹੈ ਜਿਹੜਾ 80ਵਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਆਮ ਸੀ। ਨਿੱਕੇ ਨਿੱਕੇ ਵੇਰਵਿਆਂ ਨਾਲ ਬੜੀ ਮਾਰਮਿਕ ਕਥਾ ਉਸਾਰੀ ਹੈ ਜਿਸ ਵਿਚ ਹੱਥੋਂ ਛੁੱਟਦੀ ਜਾਂਦੀ ਡੋਰ ਸਾਫ ਦਿਖਾਈ ਦਿੰਦੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਉਨ੍ਹਾਂ ਇਸ ਲਿਖਤ ਵਿਚ ਵੀ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬੜੇ ਜਬ੍ਹੇ ਨਾਲ ਕੀਤੀ ਹੈ। -ਸੰਪਾਦਕ*

ਸ਼ਾਮੀਂ ਗਰਾਊਂਡ ਵਿਚ ਪਹੁੰਚਿਆ ਤਾਂ ਸਾਰੇ ਵਿਦਿਆਰਥੀ 'ਸਤਿ ਸ੍ਰੀ ਅਕਾਲ' ਬੁਲਾਉਣ ਪਿਛੋਂ ਉਚੇਚ ਨਾਲ ਮੇਰੇ ਦੁਆਲੇ ਆਣ ਇਕੱਠੇ ਹੋਏ। ਉਨ੍ਹਾਂ ਪਾਣੀ ਤਰੌਂਕ ਕੇ, ਵਾਲੀਬਾਲ ਦੀ ਗਰਾਊਂਡ ਤਰ ਕਰ ਦਿੱਤੀ ਹੋਈ ਸੀ, ਪਰ ਉਨ੍ਹਾਂ ਦੇ ਚਿਹਰਿਆਂ ਉਤੇ ਰੋਜ਼ ਵਾਂਗ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਵਾਲਾ ਚਾਅ ਗਾਇਬ ਸੀ। ਅਸੀਂ, ਪਿੰਡ ਦੇ ਕੁਝ ਅਧਿਆਪਕ ਅਤੇ ਸਕੂਲ ਦੇ ਸਾਡੇ ਨਵੇਂ-ਪੁਰਾਣੇ ਵਿਦਿਆਰਥੀ ਹਰ ਰੋਜ਼ ਸ਼ਾਮ ਨੂੰ ਦੋ ਢਾਈ ਘੰਟੇ ਸਕੂਲ ਦੀ ਗਰਾਊਂਡ ਵਿਚ ਵਾਲੀਬਾਲ ਖੇਡਿਆ



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਕਰਦੇ ਸਾਂ। ਕਸਰਤ ਦੀ ਕਸਰਤ, ਸ਼ੁਗਲ ਮੇਲੇ ਦਾ ਸ਼ੁਗਲ ਮੇਲਾ!

ਮੁੰਡਿਆਂ ਦੇ ਚਿਹਰਿਆਂ 'ਤੇ ਲਿਖਿਆ ਰਹੱਸ ਪੜ੍ਹ ਕੇ ਮੈਂ ਪੁੱਛਿਆ, "ਕੋਈ ਖਾਸ ਗੱਲ ਹੈ?"

"ਅੱਜ ਛੁੱਟੀ ਹੋਣ ਤੋਂ ਥੋੜ੍ਹਾ ਚਿਰ ਪਿੱਛੋਂ 'ਸਿੰਘ' ਸਕੂਲੇ ਆਏ ਸਨ। ਸਾਰੇ ਕਮਰਿਆਂ ਵਿਚੋਂ ਫਿਰ ਕੇ, ਸਾਰਾ ਆਲਾ-ਦੁਆਲਾ ਵੇਖ ਕੇ ਗਏ ਨੇ। ਉਨ੍ਹਾਂ ਕੋਲ ਹਥਿਆਰ ਵੀ ਸਨ; ਲੋਈਆਂ ਦੀਆਂ ਬੁੱਕਲਾਂ ਵਿਚ। ਮਾਲੀ ਨੂੰ ਵੀ ਉਚੇਚਾ ਮਿਲ ਕੇ ਗਏ ਨੇ, ਪਰ ਉਹ ਸਾਰੀ ਗੱਲ ਦੱਸਦਾ ਨਹੀਂ।"

"ਲੈ ਇਹ ਕਿਹੜੀ ਡਰਨ ਵਾਲੀ ਗੱਲ ਏ? ਆਪਣੇ ਮੁੰਡੇ ਹੀ ਹੋਣੇ ਨੇ। ਅੱਗੇ ਕਦੀ ਆਏ ਨਹੀਂ ਜਾਂ ਤੁਸੀਂ ਅੱਗੇ ਵੇਖੇ ਨਹੀਂ ਕਦੀ? ਕਿੱਥੇ ਐ ਮਾਲੀ? ਸੱਦੋ ਉਹਨੂੰ।"

"ਉਹਨੂੰ ਪੀ ਟੀ ਸਾਹਿਬ ਲੈ ਕੇ ਐਧਰ ਗਏ ਨੇ, ਪਿਛਲੇ ਪਾਸੇ, ਸਾਰੀ ਗੱਲ ਪੁੱਛਣ ਲਈ।"

ਇਹ ਬਲੂ ਸਟਾਰ ਅਪ੍ਰੇਸ਼ਨ ਤੋਂ ਦੋ ਕੁ ਸਾਲ ਪਿੱਛੋਂ ਦਾ ਬਿਰਤਾਂਤ ਹੈ। ਸਾਡਾ ਇਲਾਕਾ 'ਖਾੜਕੂ' ਸਰਗਰਮੀਆਂ ਦਾ ਕੇਂਦਰ ਸੀ। ਸਾਡੇ ਆਪਣੇ ਪਿੰਡ ਸੁਰ ਸਿੰਘ ਦੇ ਹੀ ਕਈ ਮੁੰਡੇ ਇਸ ਪਾਸੇ ਤੁਰੇ ਹੋਏ ਸਨ। ਸਮਾਜ ਸ਼ਾਸਤਰੀਆਂ ਦੀ ਪਿੱਛੋਂ ਕੀਤੀ ਖੋਜ ਅਨੁਸਾਰ ਇਸ ਲਹਿਰ ਵਿਚ ਸਭ ਤੋਂ ਵੱਧ ਗਿਣਤੀ ਵਿਚ 'ਖਾੜਕੂ' ਇਸੇ ਪਿੰਡ ਦੇ ਹੀ ਸਨ। ਇਹ ਵੀ ਦਿਲਚਸਪ ਗੱਲ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਦੇਸ਼ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਲਈ ਬਣੀ 'ਗ਼ਦਰ ਪਾਰਟੀ' ਵਿਚ ਵੀ ਗਿਣਤੀ ਵਿਚ ਸਭ ਤੋਂ ਵੱਧ ਸ਼ਮੂਲੀਅਤ ਸੁਰ ਸਿੰਘ ਪਿੰਡ ਦੇ ਲੋਕਾਂ ਦੀ ਹੀ ਸੀ। ਇਹ ਤੱਥ ਅੰਗਰੇਜ਼ਾਂ ਦੇ ਖੁਫੀਆ ਵਿਭਾਗ ਦੀਆਂ ਤਿਆਰ ਕੀਤੀਆਂ ਅਤੇ ਹੁਣ ਖੋਜ-ਭਾਲ ਤੋਂ ਬਾਅਦ ਪ੍ਰਕਾਸ਼ਿਤ ਹੋਈਆਂ ਡਾਇਰੈਕਟਰੀਆਂ ਤੋਂ ਜੱਗ-ਜ਼ਾਹਿਰ ਹੋ ਚੁੱਕਾ ਹੈ। ਇਸ ਦਾ ਭਾਵ ਇਹ ਤਾਂ ਨਹੀਂ ਕਿ ਇਸ ਪਿੰਡ ਦੇ ਲੋਕਾਂ ਦਾ ਖ਼ਮੀਰ ਹੀ ਸਥਾਪਤੀ ਵਿਰੋਧੀ ਹੈ! ਜਿਸ ਨੇ ਵੀ ਇਨ੍ਹਾਂ ਦੇ ਇਸ ਜਜ਼ਬੇ ਨੂੰ ਟੁੰਬ ਕੇ ਆਪਣੇ ਨਾਲ ਜੋੜਨ ਦਾ ਯਤਨ ਕੀਤਾ, ਇਹ ਉਸ ਦੇ 'ਭਲੇ-ਬੁਰੇ' ਦੀ ਪਛਾਣ ਕੀਤੇ ਬਿਨਾਂ ਹੀ, ਉਸ ਨਾਲ ਹੋ ਤੁਰੇ। ਕੀ ਇਤਿਹਾਸ ਦੇ ਉਸ ਕਾਲ-ਖੰਡ ਦੀ ਇਸ ਕਾਲ-ਖੰਡ ਨਾਲ ਤੁਲਨਾ ਕਰਨੀ ਵਾਜਬ ਵੀ ਹੈ, ਜਾਂ ਇਨ੍ਹਾਂ ਦੀ ਸਮਾਨਤਾ ਅਤੇ ਸਮਰੂਪਤਾ ਵਿਚੋਂ ਸਾਂਝੇ ਅਰਥ ਵੀ ਕੱਢੇ ਜਾ ਸਕਦੇ ਹਨ?

ਖ਼ੈਰ, ਇਸ ਖ਼ਮੀਰ ਦਾ ਖ਼ਮਿਆਜ਼ਾ ਸਾਡੇ ਪਿੰਡ ਦੇ ਲੋਕਾਂ ਨੂੰ ਉਦੋਂ ਵੀ ਭੁਗਤਣਾ ਪਿਆ ਸੀ ਤੇ ਹੁਣ ਵੀ। ਉਦੋਂ ਦੋ ਜਣੇ ਫ਼ਾਂਸੀ ਵੀ ਲੱਗੇ। ਅਨੇਕਾਂ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ-ਜ਼ਬਤੀ ਦੀ ਸਜ਼ਾ ਮਿਲੀ। ਹੁਣ ਤਾਂ ਗੱਲ ਉਦੋਂ ਨਾਲੋਂ ਵੀ ਉਤੇ ਲੰਘ ਗਈ ਸੀ।

ਕਈ ਵਾਰ ਪਿੰਡ ਨੂੰ ਪੁਲਿਸ ਨੇ ਘੇਰੇ ਪਾਏ। ਕਈ ਵਾਰ ਸਾਰਾ ਪਿੰਡ, ਘਰੋਂ ਬਾਹਰ ਕੱਢ ਕੇ ਡੰਗਰਾਂ ਵਾਂਗ ਇਕੱਠਾ ਕਰ ਕੇ ਬਿਠਾ ਲਿਆ ਜਾਂਦਾ। ਪਿੱਛੋਂ ਘਰ ਘਰ ਦੀ ਤਲਾਸ਼ੀ ਲਈ ਜਾਂਦੀ। ਇੱਕ ਦੋ ਵਾਰ ਤਾਂ ਪਿੰਡ ਦੇ ਦਸ ਸਾਲ ਤੋਂ ਵੱਧ ਉਮਰ ਦੇ ਸਾਰੇ ਮਰਦਾਂ ਨੂੰ ਸਿਆਲ ਦੀਆਂ ਠਰੀਆਂ, ਕਿਣਮਿਣ ਕਰਦੀਆਂ ਕਾਲੀਆਂ ਰਾਤਾਂ ਵਿਚ ਘਰੋਂ ਬਾਹਰ ਪੁਲਿਸ ਅਤੇ ਸੀ ਆਰ ਪੀ ਐਫ ਦੇ ਘੇਰੇ ਵਿਚ ਰਹਿਣਾ ਪਿਆ। ਘਰਾਂ ਵਿਚ ਸਿਰਫ਼ ਔਰਤਾਂ ਹੁੰਦੀਆਂ। ਖ਼ਾਕੀ ਵਰਦੀਆਂ ਵਾਲੇ ਘਰ ਘਰ, ਗਲੀ ਗਲੀ ਦਨਦਨਾਉਂਦੇ ਫਿਰਦੇ। ਹਰ ਦੂਜੀ ਚੌਥੀ ਰਾਤ ਤਥਾਕਥਿਤ 'ਸਿੰਘਾਂ' ਵੱਲੋਂ ਪਿੰਡ ਦੇ ਬਾਹਰਵਾਰ ਕਦੀ ਇੱਕ ਬਾਹੀ ਤੇ ਕਦੀ ਦੂਜੀ ਬਾਹੀ, ਚਲਾਈਆਂ ਸ਼ੌਕੀਆ ਗੋਲੀਆਂ ਨਾਲ ਸੁੱਤੇ ਪਿੰਡ ਦਾ ਤ੍ਰਾਹ ਨਿਕਲ ਜਾਂਦਾ। ਗੋਲੀਆਂ ਦੀ ਗੜ੍ਹਕ ਨੂੰ ਉਹ ਇਸ ਜੰਗਲ-ਰਾਜ ਵਿਚ ਆਪਣੀ ਸ਼ੇਰ-ਭਬਕ ਸਮਝ ਕੇ ਲਲਕਾਰੇ ਮਾਰਦੇ। ਕੋਈ ਦਿਨ ਅਜਿਹਾ ਨਹੀਂ ਸੀ ਹੁੰਦਾ, ਜਦੋਂ ਪਿੰਡ ਦੇ ਲੋਕ ਸੁਖ-ਚੈਨ ਦੀ ਨੀਂਦ ਸੁੱਤੇ ਹੋਣ। ਮੇਰੇ ਪਿੰਡ ਦੇ ਚਾਰ ਕੁ ਦਰਜਨ ਲੋਕ ਇਸ ਦੌਰ ਦੀ ਭੇਟ ਚੜ੍ਹ ਗਏ ਸਨ। ਇਨ੍ਹਾਂ ਵਿਚੋਂ ਕੁਝ, ਝੂਠੇ-ਸੱਚੇ ਮੁਕਾਬਲਿਆਂ ਵਿਚ, ਪੁਲਿਸ ਅਤੇ ਸੀ ਆਰ ਪੀ ਐਫ ਦੀ ਗੋਲੀ ਦਾ ਸ਼ਿਕਾਰ ਹੋਏ ਅਤੇ ਕੁਝ ਤਥਾ-ਕਥਿਤ 'ਸਿੰਘਾਂ' ਦੀਆਂ ਅੱਗ ਉਗਲਦੀਆਂ ਸਟੇਨਾਂ ਨੇ ਲੂਹ ਸੁੱਟੇ। ਮੇਰੇ ਆਪਣੇ ਕੋਲੋਂ ਪੜ੍ਹ ਕੇ ਗਏ ਲਗਭਗ ਇੱਕ ਦਰਜਨ ਵਿਦਿਆਰਥੀਆਂ ਨੂੰ ਇਸ ਦੈਂਤ-ਦੌਰ ਨੇ ਹੜੱਪ ਲਿਆ ਸੀ।

ਪਿੰਡ ਦੇ ਬਹੁਤ ਸਾਰੇ ਮੁੰਡੇ ਇਧਰ ਤੁਰੇ ਹੋਣ ਕਰ ਕੇ 'ਸਿੰਘਾਂ' ਦਾ ਸਕੂਲ ਆ ਜਾਣਾ ਜਾਂ ਕਿਸੇ ਬੰਦੇ ਨੂੰ ਮਿਲ ਜਾਣਾ, ਕੋਈ ਅਲੋਕਾਰ ਗੱਲ ਨਹੀਂ ਸੀ। ਉਨ੍ਹਾਂ ਵਿਚੋਂ ਕਈ ਸਾਡੇ ਇਨ੍ਹਾਂ ਵਿਦਿਆਰਥੀਆਂ ਦੇ ਬੜੇ ਚੰਗੇ ਜਾਣਕਾਰ ਵੀ ਸਨ। ਇਨ੍ਹਾਂ ਵਿਚੋਂ ਕਈਆਂ ਦੇ ਘਰੀਂ ਜਾਂ ਬਹਿਕਾਂ ਉਤੇ ਉਹ ਰਾਤ ਬਰਾਤੇ ਆਉਂਦੇ ਹੀ ਰਹਿੰਦੇ ਸਨ। ਸੱਚੀ ਗੱਲ ਤਾਂ ਇਹ ਵੀ ਸੀ ਕਿ ਨੌਵੀਂ ਦਸਵੀਂ ਵਿਚ ਪੜ੍ਹਦੇ ਕਈ ਵਿਦਿਆਰਥੀ 'ਸਿੰਘਾਂ' ਵੱਲੋਂ ਲਾਏ ਜਾਂਦੇ ਬਦਾਮਾਂ ਦੀਆਂ ਗਿਰੀਆਂ, ਕਾਜੂ, ਮੇਵੇ ਅਤੇ ਮਲਾਈ ਵਾਲੇ ਕੜ੍ਹੇ ਦੁੱਧ ਦੇ ਗੱਫਿਆਂ ਦੇ ਖਿੱਚੇ ਹੋਏ ਇੱਕ ਇੱਕ, ਦੋ ਦੋ ਰਾਤਾਂ ਉਨ੍ਹਾਂ ਨਾਲ 'ਬਾਹਰ' ਵੀ ਲਾ ਆਉਂਦੇ ਸਨ।

ਅੱਜ 'ਸਿੰਘਾਂ' ਦਾ ਆ ਜਾਣਾ ਕਿਹੜੀ ਵੱਡੀ ਜਾਂ ਨਵੀਂ ਗੱਲ ਸੀ!

ਪੀ ਟੀ ਅਤੇ ਮਾਲੀ ਜਗਨ ਨਾਥ ਪਰਿਓਂ ਤੁਰੇ ਆ ਰਹੇ ਸਨ। ਮੈਂ ਮੁੰਡਿਆਂ ਤੋਂ ਅਲੱਗ ਹੋ ਕੇ ਉਨ੍ਹਾਂ ਨੂੰ ਪੁੱਛਿਆ ਤਾਂ ਮਾਲੀ ਮਿੰਨ੍ਹਾ ਮਿੰਨ੍ਹਾ ਹੱਸੀ ਜਾਵੇ। ਕਹਿੰਦਾ, "ਓਪਰੇ ਮੁੰਡੇ ਸਨ। ਕਮਰਿਓ ਕਮਰੀ ਫਿਰਦੇ ਰਹੇ। ਮੈਨੂੰ ਪੁੱਛਦੇ ਸੀ, "ਹੈਡਮਾਸਟਰ ਰੋਜ਼ ਆਉਂਦੈ?"

"ਮੈਂ ਇਹਨੂੰ ਆਖਿਆ, ਤੂੰ ਸੱਚੋ ਸੱਚ ਦੱਸ ਦੇਣਾ ਸੀ, ਜਿੰਨਾ ਕੁ ਸਕੂਲ ਆਉਂਦਾ ਹੈ! ਝੂਠ ਬੋਲਿਆ ਤਾਂ ਕੱਲ੍ਹ ਨੂੰ ਤੈਨੂੰ ਨਾ ਠੋਕ ਕੱਢਣ।" ਪੀ ਟੀ ਪਹਿਲਾਂ ਹੀ ਬੋਲ ਪਿਆ।

"ਹੋਰ ਕੀ ਗੱਲ ਹੋਈ?" ਮਾਲੀ ਦੀ ਖ਼ੁਸ਼ੀ ਉਹਦੀਆਂ ਵਰਾਛਾਂ 'ਚੋਂ ਡੁੱਲ੍ਹ ਰਹੀ ਸੀ।

"ਪੁੱਛਦੇ ਸੀ, ਕਮਰਿਆਂ ਦੇ ਜਿਹੜੇ ਪੁਰਾਣੇ ਦਰਵਾਜੇ ਲੱਥੇ ਸਨ, ਉਹ ਤੂੰ ਰਿਕਸ਼ੇ 'ਤੇ ਲਦਾ ਕੇ ਅੰਬਰਸਰ ਹੈਡਮਾਸਟਰ ਦੇ ਘਰ ਖੜੇ ਸਨ? ਮੈਂ ਮੰਨ ਗਿਆ। ਮਰਨਾ ਸੀ, ਨਾ ਦੱਸ ਕੇ!"

ਸਾਡੇ ਪਿੰਡ ਦਾ 1889 ਵਿਚ ਬਣਿਆ ਇਹ ਬਹੁਤ ਪੁਰਾਣਾ ਸਕੂਲ ਸੀ। ਵਿਚ ਇੱਕ ਬਹੁਤ ਵੱਡਾ, ਖੁੱਲ੍ਹਾ ਅਤੇ ਦੋ ਕਮਰਿਆਂ ਦੀ ਉਚਾਈ ਤੋਂ ਵੀ ਉਚਾ ਹਾਲ ਸੀ ਅਤੇ ਉਸ ਦੇ ਆਲੇ-ਦੁਆਲੇ ਸਮੁੱਚੀ ਬਿਲਡਿੰਗ ਨੂੰ ਅੰਗਰੇਜ਼ੀ ਦੇ 'ਓ' ਦੀ ਗੁਲਾਈ ਦਿੰਦੇ ਅੱਠ ਵੱਡੇ ਵੱਡੇ ਕਲਾਸ ਰੂਮ। ਇੱਕ ਪਾਸੇ ਪੁਰਾਣੇ ਹੋਸਟਲ ਦੇ ਵੱਡੇ ਵੱਡੇ ਕਮਰੇ। ਇਸ ਇਤਿਹਾਸਕ ਇਮਾਰਤ ਦਾ ਇਨ੍ਹਾਂ ਸਾਲਾਂ ਵਿਚ ਮੁੰਡਿਆਂ ਨੇ ਸੱਤਿਆਨਾਸ ਮਾਰ ਦਿੱਤਾ ਸੀ। ਇਮਤਿਹਾਨਾਂ ਦੇ ਦਿਨੀਂ ਸਕੂਲ ਦੀਆਂ ਬਾਰੀਆਂ ਦਰਵਾਜ਼ਿਆਂ ਦੀ ਮੁਰੰਮਤ ਕਰਵਾਈ ਜਾਂਦੀ, ਪਰ ਮੁੰਡੇ ਨਕਲ ਮਾਰਨ ਲਈ 'ਲੋੜੀਂਦਾ ਸਮਾਨ' ਪਹੁੰਚਾਉਣ ਵਾਲੇ ਆਪਣੇ ਸਹਾਇਕਾਂ ਦਾ ਰਾਹ ਖੁੱਲ੍ਹਾ ਰੱਖਣ ਲਈ ਦਰਵਾਜ਼ੇ ਬਾਰੀਆਂ ਤੋੜ ਦਿੰਦੇ, ਉਨ੍ਹਾਂ ਵਿਚ ਮੋਰੀਆਂ ਕਰ ਦਿੰਦੇ, ਜਾਲੀਆਂ ਪਾੜ ਦਿੰਦੇ। ਸਕੂਲ ਦੇ ਫੰਡਾਂ ਵਿਚੋਂ ਨਵੇਂ ਬਾਰੀਆਂ ਬੂਹੇ ਲਵਾ ਦਿੱਤੇ ਅਤੇ ਪੁਰਾਣੇ ਉਤਾਰ ਦਿੱਤੇ ਗਏ ਸਨ। ਪੁਰਾਣੇ ਦਰਵਾਜ਼ੇ, ਜਿਸ ਤਰ੍ਹਾਂ ਦੇ ਉਸ ਸਮੇਂ ਦੀਆਂ ਇਮਾਰਤਾਂ ਦੇ ਹੁੰਦੇ ਸਨ, ਬਹੁਤ ਮੋਟੇ ਅਤੇ ਮਜ਼ਬੂਤ ਸਨ। ਕੁਝ ਕੁ ਕਮਰਿਆਂ ਦੇ ਦਰਵਾਜ਼ੇ ਹੁੰਦੇ ਰਹੇ ਏਡੇ ਵੱਡੇ ਹਮਲਿਆਂ ਵਿਚ ਥੋੜ੍ਹਾ ਬਹੁਤਾ ਜ਼ਖ਼ਮੀ ਹੋਣ ਦੇ ਬਾਵਜੂਦ ਜਿਉਂਦੇ ਜਾਗਦੇ ਰਹਿ ਗਏ ਸਨ। ਉਹ ਵੀ ਉਤਾਰ ਕੇ ਸਟੋਰ 'ਚ ਰੱਖ ਦਿੱਤੇ ਗਏ ਸਨ। ਉਨ੍ਹਾਂ ਦੀ ਮੋਟੀ ਤੇ ਨਰੋਈ ਲੱਕੜ ਅਜੇ ਵੀ ਬੜੇ ਕੰਮ ਦੀ ਸੀ।

ਹੈਡਮਾਸਟਰ ਦਾ ਇਨ੍ਹੀਂ ਦਿਨੀਂ ਮਕਾਨ ਬਣ ਰਿਹਾ ਸੀ। ਉਸ ਨੇ ਸੋਚਿਆ ਹੋਵੇਗਾ, ਇਨ੍ਹਾਂ ਦਰਵਾਜ਼ਿਆਂ ਦੀ ਲੱਕੜ ਦਾ ਵੀ ਸ਼ਾਇਦ ਕੋਈ ਲਾਭ ਮਿਲ ਜਾਵੇ। ਇਥੇ ਸਟੋਰ ਵਿਚ ਪਏ ਇਹ ਕੀ ਕਰਦੇ ਹਨ! ਉਹਨੇ ਮਾਲੀ ਨੂੰ ਭਰੋਸੇ ਵਿਚ ਲੈ ਕੇ ਕਿਹਾ ਕਿ ਕਿਸੇ ਦਿਨ ਸਵੇਰੇ ਮੂੰਹ-ਹਨੇਰੇ ਹੀ, ਲੋਕਾਂ ਦੀਆਂ ਨਜ਼ਰਾਂ ਤੋਂ ਬਚ ਬਚਾ ਕੇ, ਉਹ ਰਿਕਸ਼ੇ ਉਤੇ ਦਰਵਾਜ਼ੇ ਰਖਾ ਕੇ, ਬਿਨਾਂ ਕਿਸੇ ਨੂੰ ਦੱਸੇ ਅੰਮ੍ਰਿਤਸਰ ਉਹਦੇ ਘਰ ਲੈ ਆਵੇ। ਮਾਲੀ ਨੇ ਹਦਾਇਤ ਦੀ ਪਾਲਣਾ ਕੀਤੀ ਸੀ, ਪਰ ਹੈਡਮਾਸਟਰ ਨੂੰ ਦਿੱਤੇ ਭਰੋਸੇ ਨੂੰ ਤੋੜਦਿਆਂ ਉਸ ਨੇ ਇਹ ਗੱਲ ਮੈਨੂੰ ਦੱਸ ਦਿੱਤੀ ਹੋਈ ਸੀ। ਮੈਂ ਤਾਂ ਇਸ ਨੂੰ ਗੁਪਤ ਹੀ ਰੱਖਿਆ। ਕੀ ਪਿਆ ਸੀ ਗੱਲ ਖਿਲਾਰਨ ਵਿਚ। ਸੋਚਿਆ, ਚੋਰੀ ਤਾਂ ਭਾਵੇਂ ਇਹ ਸੀ ਹੀ, ਪਰ ਏਡੇ ਵੱਡੇ ਵਾਪਰ ਰਹੇ ਮਹਾਂ-ਹਨੇਰ ਵਿਚ ਇਹ ਕੋਈ ਬਹੁਤਾ ਵੱਡਾ ਗੁਨਾਹ ਮੈਨੂੰ ਨਾ ਜਾਪਿਆ; ਪਰ ਦੂਜੇ ਚੌਥੇ ਦਿਨ ਵਾਲੀਬਾਲ ਖੇਡ ਕੇ ਸ਼ਾਮ ਨੂੰ ਘਰ ਪਰਤਦਿਆਂ ਪੀ ਟੀ ਨੇ ਹੌਲੀ ਜਿਹੀ ਮੇਰੇ ਕੋਲ ਭੇਤ ਖੋਲ੍ਹਿਆ, "ਸਟੋਰ ਵਿਚ ਪਏ ਦਰਵਾਜ਼ੇ ਚਲੇ ਗਏ ਜੇ ਅੰਬਰਸਰ!"

"ਹੋਰ ਕੀ ਗੱਲ ਕਰਦੇ ਸਨ?"

ਮਾਲੀ ਕੋਲੋਂ ਹੋਰ ਵਿਸਥਾਰ ਜਾਨਣ ਦੀ ਮੇਰੀ ਜਗਿਆਸਾ ਏਨੇ ਨਾਲ ਤ੍ਰਿਪਤ ਨਹੀਂ ਸੀ ਹੋਈ।

"ਆਖਦੇ ਸਨ, ਹੈਡਮਾਸਟਰ ਦਰਮਿਆਨੇ ਕੱਦ ਦਾ ਭਾਰਾ ਜਿਹਾ ਤੇ ਨਜ਼ਰ ਦੀਆਂ ਐਨਕਾਂ ਲਾ ਕੇ ਰੱਖਦੈ ਨਾ?" ਉਹ ਮੁਸਕੜੀਆਂ 'ਚ ਹੱਸੀ ਜਾ ਰਿਹਾ ਸੀ।

"ਇਹਦੇ 'ਚ ਹੱਸਣ ਵਾਲੀ ਕਿਹੜੀ ਗੱਲ ਏ?" ਮੈਂ ਮੁਹੱਬਤ ਭਰੀ ਕਰੜਾਈ ਨਾਲ ਝਿੜਕਿਆ ਤਾਂ ਪੀ ਟੀ ਕਹਿੰਦਾ, "ਇਹ ਆਪਣੀ ਗੱਲੋਂ ਖ਼ੁਸ਼ ਏ।"

ਮਾਲੀ ਜਗਨ ਨਾਥ ਯੂ ਪੀ ਦਾ ਰਹਿਣ ਵਾਲਾ ਸੀ, ਪਰ ਪਿਛਲੇ ਪੰਦਰਾਂ ਕੁ ਸਾਲ ਤੋਂ ਇਥੇ ਹੀ ਮਾਲੀ ਅਤੇ ਚੌਕੀਦਾਰ ਦੀ ਸੇਵਾ ਨਿਭਾਉਂਦਿਆਂ 'ਪੂਰਾ ਪੰਜਾਬੀ' ਬਣ ਚੁੱਕਾ ਸੀ। ਉਹਦੀ ਰਿਹਾਇਸ਼ ਸਕੂਲ ਦੇ ਪੁਰਾਣੇ ਹੋਸਟਲ ਦੇ ਇੱਕ ਵੱਡੇ ਕਮਰੇ ਵਿਚ ਸੀ। ਇਸ ਦੌਰ ਵਿਚ, ਜਦੋਂ ਕਿ ਪਿੰਡ ਦਾ ਹਰ ਹਿੰਦੂ ਸੱਜਣ ਖ਼ੌਫ਼ ਦੇ ਸਾਏ ਹੇਠ ਸੀ, ਮਾਲੀ ਢੋਲੇ ਦੀਆਂ ਲਾਉਂਦਾ ਸੀ। ਪਿੰਡ ਦੇ ਸਟੇਨਾਂ ਲੈ ਕੇ ਤੁਰੇ ਸਾਰੇ ਮੁੰਡੇ ਉਹਦੇ ਹੱਥਾਂ ਵਿਚ ਜਵਾਨ ਹੋਏ ਸਨ ਅਤੇ ਉਹਦੇ ਹੱਥੋਂ ਸੈਂਟਰ ਵਿਚ ਪਹੁੰਚਾਈਆਂ ਜਾਂਦੀਆਂ ਪਰਚੀਆਂ ਨਾਲ ਪਾਸ ਹੋਏ ਸਨ। ਉਹ ਤਾਂ ਹੁਣ ਵੀ ਵੇਲੇ ਕੁਵੇਲੇ ਉਸ ਨੂੰ ਮਿਲ ਜਾਂਦੇ ਸਨ। ਇਹ ਵੀ ਆਖਦੇ ਸਨ ਕਿ ਉਹ ਬੇਫ਼ਿਕਰ ਰਿਹਾ ਕਰੇ, ਕੋਈ ਉਹਦੀ 'ਵਾ ਵੱਲ ਨਹੀਂ ਵੇਖ ਸਕਦਾ। ਉਹ ਉਨ੍ਹਾਂ ਨਾਲ ਆਪਣੀਆਂ ਮਿਲਣੀਆਂ ਦਾ ਵੇਰਵਾ ਬੜੇ ਚਾਅ ਨਾਲ ਸਾਰੇ ਮਾਸਟਰਾਂ ਨੂੰ ਦੱਸਦਾ। ਪਿੱਠ ਪਿੱਛੇ ਉਨ੍ਹਾਂ ਦੇ ਥਾਪੜੇ ਕਰ ਕੇ ਉਹ ਇਸ ਵਾਰੀ ਸਾਲਾਨਾ ਇਮਤਿਹਾਨਾਂ ਵਿਚ ਸੁਪਰਵਾਈਜ਼ਰੀ ਸਟਾਫ਼ ਲਈ ਲਿਆਂਦੀ ਦਾਰੂ ਦਾ ਗੱਫਾ ਲਾ ਕੇ ਕਿਰਪਾਨ ਕੱਢ ਲਿਆਇਆ ਸੀ ਤੇ ਸੈਂਟਰ ਸੁਪਰਡੈਂਟ ਨੂੰ ਲਲਕਾਰਨ ਲੱਗਾ, "ਜਿਹੜੇ ਮੈਂ ਉਤੋਂ ਪੈਸੇ ਕਮਾਏ ਨੇ, ਤੂੰ ਉਨ੍ਹਾਂ ਦਾ ਮਾਮਾ ਲੱਗਦੈਂ। ਉਨ੍ਹਾਂ ਦੇ ਵਿਹੁ ਵਿਚ ਬੋਰਡ ਵੱਲੋਂ ਆਏ ਮੇਰੇ ਪੈਸੇ ਕਿਵੇਂ ਦੱਬ ਸਕਦਾ ਏਂ ਤੂੰ? ਜੇ ਤੈਨੂੰ ਕਿਸੇ ਹੋਰ ਦੀ ਸ਼ਹਿ ਹੈ ਤਾਂ ਭੁਲੇਖੇ 'ਚ ਨਾ ਰਵ੍ਹੀਂ। ਮੈਂ ਉਹਨੂੰ ਵੀ ਸਿੱਧਾ ਕਰ ਦੂੰ।"

ਸੁਪਰਡੈਂਟ ਕੰਬੀ ਜਾਵੇ। ਅਸੀਂ ਵਿਚ ਪੈ ਕੇ ਛੱਡ-ਛੁਡਾ ਕਰਾਇਆ। ਮਾਲੀ ਆਖੀ ਜਾਵੇ, "ਸਾਲਾ ਆਖਦਾ ਏ ਕਿ ਮੈਂ ਉਤੋਂ ਜੂ ਏਨੇ ਪੈਸੇ ਬਣਾ ਲਏ ਨੇ। ਬਣਾ ਲਏ ਈ। ਤੂੰ ਨਹੀਂ ਬਣਾਏ? ਜੇ ਮੇਰਾ ਹਿਸਾਬ ਕਰ ਕੇ ਨਾ ਦਿੱਤਾ ਤਾਂ ਮੈਂ ਟੋਟੇ ਕਰ ਦੂੰ ਤੇਰੇ। ਇਨ੍ਹਾਂ ਘਸੇ ਸਿਰਾਂ ਵਾਲਿਆਂ, ਦੋਵਾਂ ਨੂੰ। ਮੇਰੀ ਤਾਕਤ ਦਾ ਪਤਾ ਨਹੀਂ।"

ਮੈਂ ਮਾਲੀ ਦੇ ਘੋਨ ਮੋਨ ਸਿਰ ਉਤੇ ਮੁਹੱਬਤੀ ਪਟੋਕੀ ਲਾ ਕੇ ਕਿਹਾ, "ਉਹ ਦੋਵੇਂ ਘਸੇ ਸਿਰਾਂ ਵਾਲੇ ਨੇ, ਤੇ ਤੂੰ ਬਹੁਤ ਭਾਈ ਤਾਰੂ ਸਹੁੰ ਤੋਂ ਅੰਮ੍ਰਿਤ ਛਕਿਐਂ। ਚੱਲ ਬੰਦਾ ਬਣ ਤੇ ਉਨ੍ਹਾਂ ਨੂੰ ਜਾਣ ਦੇ। ਤੇਰੇ ਪੈਸੇ ਮਿਲ ਜਾਣਗੇ; ਮੈਂ ਜਾਮਨ ਰਿਹਾ।"

**(ਚਲਦਾ)**

# ਸ਼ਰਾਬ ਦੀ ਦਾਅਵਤ

*(ਪਿਛਲੇ ਸਫੇ ਦੀ ਬਾਕੀ)*

ਸੀ। ਆਦਮੀ ਨੂੰ ਮੁਖ਼ਾਤਬ ਹੁੰਦਿਆਂ ਆਖਿਆ, "ਤੁਹਾਨੂੰ ਯਾਦ ਹੈ ਨਾ, ਜਦੋਂ ਤੁਸੀਂ ਬਿਮਾਰ ਪਏ ਸੀ; ਡਾਕਟਰ ਨੇ ਵਧੀਆ ਬਰਾਂਡੀ ਲਈ ਕਿਹਾ ਸੀ ਤੇ ਦੁਕਾਨਦਾਰ ਨੇ ਮੈਨੂੰ ਦੱਸਿਆ ਸੀ ਕਿ ਇਹ ਦੁਨੀਆਂ ਦੀ ਸਭ ਤੋਂ ਵਧੀਆ ਬਰਾਂਡੀ ਹੈ।

"ਮੈਂ ਗੱਡੀ ਫੜਨੀ ਹੈ, ਛੇਤੀ ਕਰੋ।" ਮੈਂ ਕਿਹਾ।

"ਅੰਕਲ, ਤੁਸੀਂ ਵੀ ਥੋੜ੍ਹਾ ਚਾਹੁੰਦੇ ਹੋ ਤਾਂ...।" ਉਸ ਨੇ ਆਖਿਆ।

"ਮੈਨੂੰ ਕੋਈ ਇਤਰਾਜ਼ ਨਹੀਂ।" ਕਹਿੰਦਿਆਂ ਉਹ ਆਦਮੀ ਅੰਦਰ ਗਲਾਸ ਲਿਆਉਣ ਚਲਾ ਗਿਆ।

ਬਰਾਂਡੀ ਵਧੀਆ ਸੀ। ਸ਼ਾਇਦ ਇੰਨੀ ਵਧੀਆ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਪੀਤੀ ਸੀ। ਇੰਨੇ ਨੂੰ ਅੰਕਲ ਵੀ ਗਲਾਸ ਲੈ ਕੇ ਆ ਚੁੱਕੇ ਸਨ। ਵਾਨ ਰੇਂਜਬਰਗ ਨੇ ਉਨ੍ਹਾਂ ਦੇ ਗਲਾਸ ਵਿਚ ਵੀ ਪੈੱਗ ਪਾਇਆ। ਅੰਕਲ ਨੇ 'ਚੀਅਰਜ਼' ਕਹਿੰਦਿਆਂ ਗਲਾਸ ਹਵਾ ਵਿਚ ਲਹਿਰਾਇਆ। ਹਾਸੇ-ਖ਼ੁਸ਼ੀ ਵਾਲਾ ਮਾਹੌਲ ਸੀ, ਪਰ ਮੇਰੇ ਅੰਦਰ ਅਜੇ ਵੀ ਦਹਿਸ਼ਤ ਨੇ ਘਰ ਕੀਤਾ ਹੋਇਆ ਸੀ ਕਿ ਸ਼ਾਇਦ ਕੋਈ ਦਰਵਾਜ਼ਾ ਖੁੱਲ੍ਹੇ ਤੇ... ਮੈਂ ਇੰਨੀ ਤੇਜ਼ੀ ਨਾਲ ਪੀ ਰਿਹਾ ਸੀ ਕਿ ਜਿਵੇਂ ਔਰਲੈਂਡੋ ਵਿਚ ਖੜ੍ਹਾ ਹੋ ਕੇ ਪੀ ਰਿਹਾ ਹੋਵਾਂ।

"ਚੰਗਾ ਫਿਰ ਹੁਣ ਚਲਦਾਂ।" ਮੈਂ ਕਿਹਾ।

ਅਸੀਂ ਦੋਹਾਂ ਨੇ ਆਪਣੇ ਖਾਲੀ ਗਲਾਸ ਉਸ ਆਦਮੀ ਨੂੰ ਫੜਾ ਦਿੱਤੇ। ਉਸ ਨੇ ਗੁੱਡ ਨਾਈਟ ਕਿਹਾ। ਔਰਤਾਂ ਨੇ ਝੁਕ ਕੇ ਸ਼ੁਭ ਕਾਮਨਾਵਾਂ ਪ੍ਰਗਟਾਈਆਂ ਤੇ ਅਸੀਂ ਲਿਫਟ ਰਾਹੀਂ ਹੇਠਾਂ ਉਤਰ ਆਏ।

"ਮੈਂ ਤੈਨੂੰ ਸਟੇਸ਼ਨ ਦੀ ਬਜਾਇ ਘਰ ਤੱਕ ਛੱਡ ਕੇ ਆਉਂਦਾ ਹਾਂ, ਪਰ ਰਾਤ ਨੂੰ ਔਰਲੈਂਡੋ ਖਤਰੇ ਤੋਂ ਖਾਲੀ ਨਹੀਂ ਲੱਗਦਾ।"

ਅਸੀਂ ਏ.ਕੇ.ਐਫ. ਸਟਰੀਟ ਥਾਣੀਂ ਲੰਘ ਰਹੇ ਸਾਂ। ਉਸ ਨੇ ਕਿਹਾ, "ਤੂੰ ਮੇਰਾ ਮਤਲਬ ਸਮਝਿਆ?"

ਮੈਨੂੰ ਪਤਾ ਸੀ ਕਿ ਉਹ ਮੈਥੋਂ ਕਿਸੇ ਗੱਲ ਦਾ ਜਵਾਬ ਕਿਉਂ ਚਾਹੁੰਦਾ ਹੈ ਤੇ ਮੈਂ ਵੀ ਉਸ ਨੂੰ ਉਸ ਗੱਲ ਦਾ ਜਵਾਬ ਦੇਣਾ ਚਾਹੁੰਦਾ ਸੀ, ਪਰ ਇਹੀ ਪਤਾ ਨਹੀਂ ਲੱਗ ਰਿਹਾ ਕਿ ਗੱਲ ਕੀ ਹੈ?

"ਕੇਹਾ ਮਤਲਬ?" ਮੈਂ ਪੁੱਛਿਆ।

"ਇਹੀ ਕਿ ਸਾਡਾ ਦੇਸ਼ ਕਿੰਨਾ ਖ਼ੂਬਸੂਰਤ ਹੈ।"

ਹਾਂ, ਉਹਦਾ ਮਕਸਦ ਮੈਂ ਸਮਝ ਗਿਆ। ਮੈਂ ਸਮਝ ਗਿਆ ਕਿ ਉਹ ਵੀ ਮੈਨੂੰ ਛੋਹਣਾ ਚਾਹੁੰਦਾ ਹੈ, ਪਰ ਇਹ ਸੰਭਵ ਨਹੀਂ ਸੀ, ਕਿਉਂਕਿ ਸਦੀਆਂ ਦੇ ਹਨੇਰੇ ਵਿਚ ਉਸ ਨੂੰ ਅੰਨ੍ਹਾ ਬਣਾ ਦਿੱਤਾ ਗਿਆ ਸੀ। ਇਹ ਤਰਸ ਵਾਲੀ ਹਾਲਤ ਸੀ, ਕਿਉਂਕਿ ਜੇ ਲੋਕ ਇਕ-ਦੂਜੇ ਨੂੰ ਛੋਹ ਨਹੀਂ ਸਕਦੇ, ਤਾਂ ਸਾਫ ਹੈ ਕਿ ਉਹ ਇਕ-ਦੂਜੇ ਨੂੰ ਕਿਸੇ ਨਾ ਕਿਸੇ ਦਿਨ ਜ਼ਰੂਰ ਸੱਟ ਮਾਰਨਗੇ। ਉਹ ਛੋਹ ਨਹੀਂ ਸਕਦਾ ਸੀ, ਕਿਉਂਕਿ ਕਾਲਾ ਆਦਮੀ ਕਦੀ ਗੋਰੇ ਨੂੰ ਨਹੀਂ ਛੋਹ ਸਕਦਾ। ਜੇ ਛੋਹ ਵੀ ਲਵੇ ਤਾਂ ਉਹ ਮਾੜੇ ਹਾਲਾਤ ਵਿਚ ਜਦੋਂ 'ਮਾਂ ਤੇ ਬੱਚਾ' ਵਰਗੀ ਕੋਈ ਕ੍ਰਿਤੀ ਬਣਾਏ।

"ਤੇ ਤੂੰ ਕੀ ਸੋਚ ਰਿਹਾਂ?"

"ਬਹੁਤ ਕੁਝ।" ਮੇਰੇ ਇਸ ਜਵਾਬ ਨਾਲ ਉਹ ਉਦਾਸ, ਹਾਰਿਆ ਹੋਇਆ ਤੇ ਥੱਕਿਆ ਥੱਕਿਆ ਜਿਹਾ ਦਿਸਣ ਲੱਗਾ। ਸਟੇਸ਼ਨ ਦਾ ਫਾਟਕ ਆ ਗਿਆ ਸੀ। ਸ਼ੁਕਰੀਆ ਅਦਾ ਕਰ ਕੇ ਮੈਂ ਕਾਰ ਵਿਚੋਂ ਉਤਰ ਗਿਆ। ਉਹ ਕੀ ਸੋਚ ਰਿਹਾ ਸੀ, ਇਹ ਤਾਂ ਮੈਂ ਦੱਸ ਨਹੀਂ ਸਕਦਾ; ਪਰ ਮੈਂ ਸੋਚ ਰਿਹਾ ਸੀ ਕਿ ਉਸ ਨੇ ਲੋਹੇ ਦੀ ਜੁੱਤੀ ਪਾਈ ਹੋਈ ਸੀ ਅਤੇ ਦੌੜ ਵਿਚ ਹਿੱਸਾ ਲੈ ਰਿਹਾ ਹੈ। ਹੁਣ ਮੈਂ ਇਹ ਨਹੀਂ ਸਮਝ ਰਿਹਾ ਹਾਂ ਕਿ ਉਹਦੇ ਦੌੜਨ ਵਿਚ ਕਿਹੜੀ ਚੀਜ਼ ਰੁਕਾਵਟ ਪਾ ਰਹੀ ਹੈ।

ਵਾਪਸ ਔਰਲੈਂਡੋ ਪਹੁੰਚਣ 'ਤੇ ਮੈਂ ਆਪਣੀ ਪਤਨੀ ਨਾਲ ਸਾਰੀ ਗੱਲ ਸਾਂਝੀ ਕੀਤੀ। ਉਹ ਦੇਰ ਤੱਕ ਰੋਂਦੀ ਰਹੀ।

## ਕੀ ਕਰਾਂ!

*-ਅਜੇ ਤਨਵੀਰ*

ਰਾਜਨੀਤੀ ਛਲ ਕਪਟ ਦੁਸ਼ਵਾਰੀਆਂ ਦਾ ਕੀ ਕਰਾਂ।
ਮਾੜਿਆਂ 'ਤੇ ਕੀਤੀਆਂ ਸਰਦਾਰੀਆਂ ਦਾ ਕੀ ਕਰਾਂ।

ਨਾ ਮਿਲੇ ਇਨਸਾਫ ਜਿੱਥੇ ਸੱਚ ਨੂੰ ਉਸ ਦੇਸ਼ ਦੇ,
ਹਾਕਮਾਂ ਦਰਬਾਰੀਆਂ ਅਧਿਕਾਰੀਆਂ ਦਾ ਕੀ ਕਰਾਂ।

ਘਰ ਦੇ ਬੂਹੇ ਬਾਰੀਆਂ ਤਾਂ ਖੋਲ੍ਹ ਕੇ ਰਖਦਾ ਸਨਮ,
ਪਰ ਦਿਲ ਦੀਆਂ ਬੰਦ ਬੂਹੇ ਬਾਰੀਆਂ ਦਾ ਕੀ ਕਰਾਂ।

ਛੇਕਿਆ ਮੈਨੂੰ ਕਕਾਰਾਂ ਵਾਲਿਆਂ ਕਹਿ ਕੇ ਪਤਿਤ,
ਬੋਦੀਆਂ ਕੁੱਲੇ ਤੇ ਨਿੱਕਰ ਧਾਰੀਆਂ ਦਾ ਕੀ ਕਰਾਂ।

ਹੋ ਗਿਆ ਸੀ ਤੂੰ ਵਿਦਾ ਬਸ ਕਹਿ ਕੇ ਮੈਨੂੰ ਅਲਵਿਦਾ,
ਦਿਲ ਦੇ ਉਤੇ ਚਲਦੀਆਂ ਹੁਣ ਆਰੀਆਂ ਦਾ ਕੀ ਕਰਾਂ।

ਦੋਸਤਾਂ ਵਿਚ ਵੀ ਦਿਸੇ ਹਨ ਨਕਸ਼ ਸੱਪਾਂ ਦੇ ਜਹੇ,
ਡਸਦੀਆਂ ਨਿਤ ਦਿਨ ਮੁਲਾਹਜੇ ਦਾਰੀਆਂ ਦਾ ਕੀ ਕਰਾਂ।

ਆਪ ਤਾਂ ਅਧਿਕਾਰ ਸਾਰੇ ਮਾਣਦਾ 'ਤਨਵੀਰ' ਹੈ,
ਬਖਸ਼ੀਆਂ ਤਹਿਰੀਰ ਜੁੰਮੇਵਾਰੀਆਂ ਦਾ ਕੀ ਕਰਾਂ।

# ਖਾਮੋਸ਼ੀ ਤੋੜਦੀ ਕਥਾ 'ਕਿੱਸਾ ਪੰਜਾਬ'




ਨੌਜਵਾਨ ਫਿਲਮਸਾਜ਼ ਜਤਿੰਦਰ ਮੌਹਰ ਆਪਣੀ ਨਵੀਂ ਫਿਲਮ 'ਕਿੱਸਾ ਪੰਜਾਬ' ਲੈ ਕੇ ਹਾਜ਼ਰ ਹੈ। ਇਹ ਫਿਲਮ ਕੈਨੇਡਾ ਦੇ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਇਸ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ ਸੀ। ਸਭ ਨੇ ਫਿਲਮ ਦੇ ਛੇ ਮੁੱਖ ਕਿਰਦਾਰ ਨਿਭਾਉਣ ਵਾਲੇ ਅਦਾਕਾਰਾਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਸਨ। ਇਹ ਛੇ ਕਿਰਦਾਰ ਪ੍ਰੀਤ ਭੁੱਲਰ, ਕੁੱਲ ਸਿੱਧੂ, ਧੀਰਜ ਕੁਮਾਰ, ਜਗਜੀਤ ਸੰਧੂ, ਅਮਨ ਧਾਲੀਵਾਲ ਅਤੇ ਹਰਸ਼ਜੋਤ ਕੌਰ ਨੇ ਨਿਭਾਏ ਹਨ। ਸਭ ਦੀ ਅਦਾਕਾਰੀ ਬੜੀ ਸਹਿਜ ਤੇ ਸੁਹਜ ਭਰਪੂਰ ਹੈ, ਇਸੇ ਲਈ ਪ੍ਰਭਾਵਿਤ ਵੀ ਕਰਦੀ ਹੈ। ਸੰਗੀਤ ਅਤੇ ਗੀਤਾਂ ਨੇ ਵੀ ਸਾਰਿਆਂ ਦਾ ਧਿਆਨ ਖਿੱਚਿਆ ਹੈ। ਫਿਲਮ ਵਿਚ ਕੁੱਲ ਚਾਰ ਗੀਤ ਹਨ ਅਤੇ ਸਾਰੇ ਇਕ ਤੋਂ ਇਕ ਵਧ ਕੇ ਹਨ। ਗੁਰਦਾਸ ਮਾਨ ਨੇ 'ਰੋਗ', ਨੂਰਾ ਭੈਣਾਂ ਨੇ 'ਜਿੰਦੇ ਮੇਰੀਏ' ਅਤੇ ਮੰਨਾ ਮੰਡ ਨੇ ਦੋ ਗੀਤ- 'ਬੋਲੀਆਂ' ਤੇ 'ਰੁੱਤ ਪਿਆਰ ਦੀ' ਗਾਏ ਹਨ; ਪਰ ਸਭ ਤੋਂ ਵੱਧ ਧਿਆਨ ਇਸ ਫਿਲਮ ਦੇ ਵਿਸ਼ੇ ਨੇ ਖਿੱਚਿਆ ਹੈ। ਇਹ ਫਿਲਮ ਨਸ਼ਿਆਂ ਅਤੇ ਬੇਰੁਜ਼ਗਾਰੀ ਕਰ ਕੇ ਨੌਜਵਾਨਾਂ ਦੀ ਹੋ ਰਹੀ ਦੁਰਗਤ ਦੀਆਂ ਬਾਤਾਂ ਪਾਉਂਦੀ ਹੈ। ਫਿਲਮ ਦੇ ਆਰੰਭ ਵਿਚ ਕਹਾਣੀ ਬੜੀ ਉਘੜ-ਦੁਘੜੀ ਲਗਦੀ ਹੈ, ਪਰ ਜਿਉਂ ਜਿਉਂ ਕਹਾਣੀ ਦੀਆਂ ਪਰਤਾਂ ਖੁੱਲ੍ਹਣ ਲਗਦੀਆਂ ਹਨ ਅਤੇ ਪਰਦੇ ਉਤੇ ਕਿਰਦਾਰ ਉਭਰਨੇ ਸ਼ੁਰੂ ਹੁੰਦੇ ਹਨ, ਵੱਖ ਵੱਖ ਕਹਾਣੀਆਂ ਦੀਆਂ ਤੰਦਾਂ ਜੁੜਨ ਲਗਦੀਆਂ ਹਨ। ਇਨ੍ਹਾਂ ਛੇਆਂ ਨੌਜਵਾਨਾਂ ਜਿਨ੍ਹਾਂ ਵਿਚ ਦੋ ਕੁੜੀਆਂ ਅਤੇ ਚਾਰ ਮੁੰਡੇ ਹਨ, ਦੀਆਂ

**ਸਿਮਰਨ ਕੌਰ**

ਕਹਾਣੀਆਂ ਦਰਸ਼ਕ ਦੇ ਜ਼ਿਹਨ ਅੰਦਰ ਬਰਮੇ ਵਾਂਗ ਸੁਰਾਖ ਕਰਦੀਆਂ ਚਲੀਆਂ ਜਾਂਦੀਆਂ ਹਨ।



ਫਿਲਮ 'ਕਿੱਸਾ ਪੰਜਾਬ' ਲਈ ਗੀਤ 'ਜਿੰਦੇ ਮੇਰੀਏ' ਗਾ ਰਹੀਆਂ ਨੂਰਾ ਭੈਣਾਂ।

ਦਰਅਸਲ, ਫਿਲਮ ਦਾ ਡਾਇਰੈਕਟਰ ਜਤਿੰਦਰ ਮੌਹਰ ਜਿਸ ਤਰ੍ਹਾਂ ਦਾ ਸਿਨੇਮਾ ਲੈ ਕੇ ਦਰਸ਼ਕਾਂ ਤੱਕ ਕੋਲ ਪੁੱਜ ਰਿਹਾ ਹੈ, ਉਹ ਅਵਾਮ ਦੇ ਫਿਕਰਾਂ ਦੀ ਗੱਲ ਕਰਦਾ ਹੈ। ਇਸ ਫਿਲਮ ਵਿਚ ਵੀ ਉਸ ਨੇ ਪੰਜਾਬ ਦੇ ਫਿਕਰਾਂ ਦੀ ਗੱਲ ਕੀਤੀ ਹੈ। ਜਤਿੰਦਰ ਮੌਹਰ ਇਸ ਤੋਂ ਪਹਿਲਾਂ ਦੋ ਫਿਲਮਾਂ 'ਮਿੱਟੀ' ਅਤੇ 'ਸਰਸਾ' (ਪ੍ਰੋਡਿਊਸਰਾਂ ਦੀ ਮਰਜ਼ੀ ਨਾਲ ਫਿਲਮ ਦਾ ਨਾਂ 'ਸਿਕੰਦਰ' ਰੱਖ ਦਿੱਤਾ ਗਿਆ ਸੀ ਅਤੇ ਇਸ ਵਿਚ ਕੁਝ ਬੁਨਿਆਦੀ ਤਬਦੀਲੀਆਂ ਵੀ ਕਰ ਦਿੱਤੀਆਂ ਗਈਆਂ ਸਨ) ਬਣਾ ਚੁੱਕਾ ਹੈ। ਇਨ੍ਹਾਂ ਫਿਲਮਾਂ ਵਿਚ ਵੀ ਉਸ ਨੇ ਪੰਜਾਬ ਦੇ ਫਿਕਰ ਸਾਂਝੇ ਕੀਤੇ ਸਨ।

ਫਿਲਮ 'ਕਿੱਸਾ ਪੰਜਾਬ' ਅਸਲ ਵਿਚ ਅੱਜ ਦੇ ਪੰਜਾਬ ਦੀ ਹਕੀਕਤ ਬਿਆਨ ਕਰਦੀ ਹੈ। ਫਿਲਮ ਦੇ ਦ੍ਰਿਸ਼ਾਂ ਅਤੇ ਸੰਵਾਦਾਂ ਵਿਚ ਭਰਿਆ ਦਰਦ ਸਹਿਜੇ ਹੀ ਮਹਿਸੂਸ ਹੋ ਜਾਂਦਾ ਹੈ। ਅੱਜ ਕੱਲ੍ਹ ਜਿੰਨੀਆਂ ਵੀ ਪੰਜਾਬੀ ਫਿਲਮਾਂ ਬਣ ਰਹੀਆਂ ਹਨ, ਪ੍ਰੋਡਿਊਸਰ ਅਤੇ ਡਾਇਰੈਕਟਰ ਦੀ ਕੋਸ਼ਿਸ਼ ਹੁੰਦੀ ਹੈ ਕਿ ਦਰਸ਼ਕਾਂ ਦੀ ਪਸੰਦ-ਨਾਪਸੰਦ ਦਾ ਖਿਆਲ ਜ਼ਰੂਰ ਰੱਖਿਆ ਜਾਵੇ, ਪਰ ਫਿਲਮ 'ਕਿੱਸਾ ਪੰਜਾਬ' ਬਣਾਉਣ ਵਾਲਿਆਂ ਦਾ ਮਕਸਦ ਇਹ ਨਹੀਂ ਜਾਪਦਾ। ਉਹ ਦਰਸ਼ਕਾਂ ਤੱਕ ਉਹ ਕੁਝ ਲੈ ਕੇ ਜਾਣਾ ਚਾਹੁੰਦੇ ਹਨ ਜੋ ਉਹ ਦਰਸ਼ਕਾਂ ਨੂੰ ਖੁਦ ਦਿਖਾਉਣਾ ਚਾਹੁੰਦੇ ਹਨ। ਸ਼ਾਇਦ ਇਸੇ ਕਰ ਕੇ ਹੀ ਹਰ ਦਰਸ਼ਕ ਨੇ ਫਿਲਮ ਦੀ ਇੰਨੀ ਪ੍ਰਸ਼ੰਸਾ ਕੀਤੀ ਹੈ।

ਫਿਲਮ ਦੀ ਪ੍ਰੋਡਿਊਸਰ ਅਨੂ ਬੈਂਸ ਦਾ ਕਹਿਣਾ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਉਸ ਪੰਜਾਬ ਦੇ ਦਰਸ਼ਨ ਕਰਵਾਉਣਾ ਚਾਹੁੰਦੇ ਸਨ ਜੋ ਅੱਜ ਵੱਡੇ ਸੰਕਟ ਵਿਚ ਫਸਿਆ ਹੋਇਆ ਹੈ। ਜਤਿੰਦਰ ਮੌਹਰ ਨੇ ਤਾਂ ਫਿਲਮ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਅਦਾਕਾਰਾਂ ਲਈ ਲਾਈ ਵਰਕਸ਼ਾਪ ਵਿਚ ਸਪਸ਼ਟ ਕਿਹਾ ਸੀ ਕਿ ਉਸ ਨੂੰ ਫਿਲਮ ਵਿਚ ਅਦਾਕਾਰੀ ਨਹੀਂ ਚਾਹੀਦੀ, ਜ਼ਿੰਦਗੀ ਧੜਕਦੀ ਸੁਣਨੀ ਚਾਹੀਦੀ ਹੈ। ਸੱਚਮੁੱਚ, 'ਕਿੱਸਾ ਪੰਜਾਬ' ਵਿਚ ਕਿਰਦਾਰਾਂ ਦੀ ਜ਼ਿੰਦਗੀ ਧੜਕਦੀ ਸੁਣਦੀ ਹੈ ਅਤੇ ਫਿਲਮ ਬਣਾਉਣ ਵਾਲੀ ਟੀਮ ਦੀ ਇਹੀ ਵੱਡੀ ਪ੍ਰਾਪਤੀ ਹੈ। ਜ਼ਿੰਦਗੀ ਦੀ ਇਸ ਧੜਕਣ ਨੂੰ ਪੂਰੇ ਗਹੁ ਨਾਲ ਸੁਣਨਾ ਚਾਹੀਦਾ ਹੈ।


ਫਿਲਮਸਾਜ਼ ਜਤਿੰਦਰ ਮੌਹਰ।

# ਗੌਤਮ ਘੋਸ਼: ਸਿਆਸੀ ਨਗਾਰੇ 'ਤੇ ਚੋਟ

**ਆਵਾਜ਼ ਦੇ ਕਹਾਂ ਹੈ... -23-**



ਕੁਲਦੀਪ ਕੌਰ
ਫੋਨ: +91-98554-04330

ਗੌਤਮ ਘੋਸ਼ ਮੂਲ ਰੂਪ ਵਿਚ ਬੰਗਾਲੀ ਫਿਲਮਸਾਜ਼ ਹਨ। ਉਨ੍ਹਾਂ ਦੀਆਂ ਬਣਾਈਆਂ ਹਿੰਦੀ ਫਿਲਮਾਂ 'ਪਾਰ', 'ਪਤੰਗ', 'ਗੁੜੀਆ' ਅਤੇ 'ਯਾਤਰਾ' ਆਪਣੀ ਸਿਆਸੀ ਪਟਕਥਾ ਅਤੇ ਯਥਾਰਥਿਕ ਕਥਾਨਕ ਕਰ ਕੇ ਹਿੰਦੀ ਸਿਨੇਮਾ ਵਿਚ ਖਾਸ ਜਗ੍ਹਾ ਰੱਖਦੀਆਂ ਹਨ। 'ਪਾਰ' ਫਿਲਮ ਵਿਚ ਬਿਰਤਾਂਤ ਜਾਤ ਦੇ ਦਮਨ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਦਮਨ ਨੂੰ ਆਪਣੇ ਪਿੰਡੇ 'ਤੇ ਹੰਢਾਅ ਰਹੇ ਸਰੀਰਾਂ ਦੇ ਬੇਮਾਅਨੇ ਹੋਣ ਨਾਲ ਜੋੜਦਾ ਹੈ। ਫਿਲਮ ਵਿਚ ਮੁੱਖ ਭੂਮਿਕਾਵਾਂ ਓਮਪੁਰੀ ਤੇ ਸ਼ਬਾਨਾ ਆਜ਼ਮੀ ਨੇ ਅਦਾ ਕੀਤੀਆਂ ਹਨ। ਫਿਲਮ ਵਿਚ ਵਰਤੇ ਗਏ ਬਹੁਤੇ ਰੰਗ, ਫਿਲਮ ਵਿਚਲੇ ਪਤੀ-ਪਤਨੀ ਦੀ ਜ਼ਿੰਦਗੀ ਦੀ ਤਰ੍ਹਾਂ ਘਸਮੈਲੇ ਤੇ ਹੋਂਦ ਗਵਾ ਚੁੱਕੇ ਹਨ। ਪਿੰਡ ਵਿਚ ਦਲਿਤ ਪਰਿਵਾਰਾਂ ਦੇ ਮਕਾਨਾਂ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਤੋਂ ਬਾਅਦ ਪਤੀ-ਪਤਨੀ ਕੰਮ ਦੀ ਤਲਾਸ਼ ਵਿਚ ਕਲਕੱਤੇ ਭੱਜਣ ਦੀ ਕੋਸ਼ਿਸ਼ ਕਰਦੇ ਹਨ, ਪਰ ਹਾਲਾਤ ਕੁਝ ਅਜਿਹੇ ਬਣ ਜਾਂਦੇ ਹਨ ਕਿ ਉਨ੍ਹਾਂ ਨੂੰ ਰੋਟੀ ਜੁਟਾਉਣ ਲਈ ਸੂਰਾਂ ਦੇ ਵੱਗ ਨੂੰ ਨਦੀ ਪਾਰ ਕਰਵਾਉਣ ਦਾ ਕੰਮ ਮਿਲਦਾ ਹੈ। ਪਤਨੀ ਗਰਭਵਤੀ ਹੈ। ਗਰਭ ਦੀ ਆਖਰੀ ਸਟੇਜ ਹੈ। ਉਪਰੋਂ ਮੋਹਲੇਧਾਰ ਮੀਂਹ ਹੋ ਰਿਹਾ ਹੈ। ਹੁਣ ਜੇ ਸੂਰਾਂ ਨੂੰ ਪਾਰ ਨਾ ਲਿਜਾਇਆ ਗਿਆ ਤਾਂ ਤਿੰਨਾਂ ਜ਼ਿੰਦਗੀਆਂ ਦੀ ਜਾਨ ਭੁੱਖ ਨਾਲ ਨਿਕਲ ਸਕਦੀ ਹੈ। ਵਿਚਲਾ ਰਸਤਾ ਕੋਈ ਨਹੀਂ। ਇਸ ਤੋਂ ਬਾਅਦ ਪੂਰੀ ਫਿਲਮ ਉਨ੍ਹਾਂ ਦੇ ਡੁੱਬਣ ਤੋਂ ਬਚਣ, ਭੁੱਖ ਨਾਲ ਲੜਨ ਅਤੇ ਸੂਰਾਂ ਨੂੰ ਪਾਰ ਲੈ ਜਾਣ ਦੀ ਗਾਥਾ ਹੈ। ਉਹ ਅੱਗ ਦੀ ਇਸ ਨਦੀ ਨੂੰ ਪਾਰ ਕਰ ਸਕਦੇ ਹਨ ਜਾਂ ਨਹੀ, ਸਵਾਲ ਇਹ ਨਹੀਂ; ਸਵਾਲ ਉਸ ਅੱਗ ਵਿਚੋਂ ਸਾਹਾਂ ਨੂੰ ਸਹੀ ਸਲਾਮਤ ਬਚਾ ਕੇ ਲਿਜਾਣ ਦੀ ਮਨੁੱਖੀ ਸਮਰੱਥਾ ਦੀ ਪਰਖ ਦਾ ਹੈ। ਜੇ ਦੂਜੇ ਪਾਰ ਜਾ ਕੇ ਸੂਰਾਂ ਦੀ ਗਿਣਤੀ ਪੂਰੀ ਨਾ ਹੋਈ ਤਾਂ? ਜੇ ਇਸ ਦੌਰਾਨ ਬੱਚਾ ਪੈਦਾ ਹੋ ਗਿਆ ਤਾਂ? ਜੇ ਦੋਵਾਂ ਵਿਚੋਂ ਇੱਕ ਹੜ੍ਹ ਗਿਆ ਤਾਂ? ਇਉਂ ਫਿਲਮਸਾਜ਼ ਉਨ੍ਹਾਂ ਦੀ ਜੱਦੋ-ਜਹਿਦ ਨੂੰ ਜ਼ੁਬਾਨ ਦਿੰਦਾ ਹੈ।

ਫਿਲਮ 'ਪਤੰਗ' ਬੁੱਧ ਦੀ ਧਰਤੀ ਗਿਆ (ਜਿੱਥੇ ਬੁੱਧ ਨੇ ਨਿਰਵਾਣ ਪ੍ਰਾਪਤ ਕੀਤਾ) ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਬਾਸ਼ਿੰਦਿਆਂ ਦੀ ਦਾਸਤਾਨ ਹੈ। ਰੇਲਵੇ ਸਟੇਸ਼ਨ ਨੇੜੇ ਵਸੇ ਘਰਾਂ ਦੇ ਇਹ ਵਾਸੀ ਬਿਜਲੀ, ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਬਾਂਝੇ ਹਨ ਅਤੇ ਆਪਣਾ ਪੇਟ ਭਰਨ ਲਈ ਖੜ੍ਹੀਆਂ ਰੇਲ ਗੱਡੀਆਂ ਵਿਚੋਂ ਖਾਣਾ ਚੋਰੀ ਕਰਦੇ ਹਨ। ਰੇਲਵੇ ਸਟੇਸ਼ਨ ਦਾ ਮਾਸਟਰ ਨਰਮ ਦਿਲ ਬੰਦਾ ਹੈ ਜਿਸ ਲਈ ਜ਼ਿੰਦਗੀ-ਮੌਤ ਨਾਲ ਲੁਕਣਮੀਟੀ ਖੇਡ ਰਹੇ ਇਹ ਲੋਕ ਘੱਟੋ-ਘੱਟ ਖਾਣੇ ਦੇ ਹੱਕਦਾਰ ਤਾਂ ਹਨ ਹੀ। ਇੱਕ ਅਣਵਿਆਹੀ ਮੁਟਿਆਰ ਜਿਤਨੀ ਦਾ ਅਲ੍ਹੜ ਉਮਰ ਦਾ ਮੁੰਡਾ ਸਮਰਾ ਕਹਾਣੀ ਦਾ ਮੁੱਖ ਕਿਰਦਾਰ ਹੈ। ਉਸ ਦੀ ਮਾਂ ਦਾ ਪਿਆਰ ਮਥਰਾ ਨਾਮ ਦੇ ਚੋਰ ਨਾਲ ਹੈ ਜਿਹੜਾ ਖਾਣਾ ਚੁਰਾਉਣ ਵਿਚ ਮਾਹਿਰ ਹੈ। ਸਮਾਂ ਬਦਲਣ ਨਾਲ ਨਵੇਂ ਸਟੇਸ਼ਨ ਮਾਸਟਰ ਦੀ ਨਿਯੁਕਤੀ ਹੁੰਦੀ ਹੈ। ਇਹ ਨਿਯੁਕਤੀ ਬਸਤੀ ਵਾਲਿਆਂ ਲਈ ਮੁਸੀਬਤ ਲੈ ਕੇ ਆਉਂਦੀ ਹੈ। ਮਥਰਾ ਨੂੰ ਸ਼ੱਕ ਹੈ ਕਿ ਉਸ ਅਤੇ ਜਿਤਨੀ ਦੇ ਆਪਸੀ ਸਬੰਧਾਂ ਨੂੰ ਸਮਰਾ ਪਸੰਦ ਨਹੀਂ ਕਰਦਾ। ਉਹ ਸਮਰਾ ਨੂੰ ਆਪਣੇ ਗਰੁੱਪ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਕਰਦਾ ਹੈ ਅਤੇ ਮੌਕਾ ਆਉਣ 'ਤੇ ਉਸ ਨੂੰ ਰੇਲਵੇ ਪੁਲਿਸ ਦੇ ਹਵਾਲੇ ਕਰ ਦਿੰਦਾ ਹੈ। ਇਸ ਤਰ੍ਹਾਂ ਫਿਲਮਸਾਜ਼ ਜੁਰਮ, ਗਰੀਬੀ ਅਤੇ ਬੇਭਰੋਸਗੀ ਦੀਆਂ ਆਪਸੀ ਤਹਿਆਂ ਫਰੋਲਦਾ ਹੈ।

'ਯਾਤਰਾ' 2006 ਵਿਚ ਰਿਲੀਜ਼ ਹੋਈ। ਇਸ ਵਿਚ ਮੁੱਖ ਭੂਮਿਕਾਵਾਂ ਰੇਖਾ, ਨਾਨਾ ਪਾਟੇਕਰ ਅਤੇ ਦੀਪਤੀ ਨਵਲ ਨੇ ਨਿਭਾਈਆਂ ਸਨ। ਫਿਲਮ ਵਿਚ ਨਾਨਾ ਪਾਟੇਕਰ ਦਸ਼ਰਥ ਨਾਮ ਦੇ ਲੇਖਕ ਦੀ ਭੂਮਿਕਾ ਵਿਚ ਹੈ ਜੋ ਸਾਹਿਤ ਦੇ ਖੇਤਰ ਦਾ ਸਰਬ-ਉਚ ਇਨਾਮ ਲੈਣ ਲਈ ਦਿੱਲੀ ਜਾ ਰਿਹਾ ਹੈ। ਰੇਲ ਵਿਚ ਉਸ ਦੀ ਮੁਲਾਕਾਤ ਨੌਜਵਾਨ ਫਿਲਮਸਾਜ਼ ਨਕੁਲ ਨਾਲ ਹੁੰਦੀ ਹੈ। ਨਕੁਲ ਦਸ਼ਰਥ ਦੇ ਸਾਹਿਤ ਦਾ ਬਹੁਤ ਵੱਡਾ ਪ੍ਰਸੰਸਕ ਹੈ। ਉਹ ਅਤੇ ਦਸ਼ਰਥ ਜਦੋਂ ਮਿਲ ਕੇ ਦਸ਼ਰਥ ਦੇ ਨਾਵਲ 'ਜਨਾਜ਼ਾ' ਦੇ ਕਿਰਦਾਰਾਂ ਨੂੰ ਵਾਰ ਵਾਰ ਚੇਤੇ ਕਰਦੇ ਹਨ ਤਾਂ ਨਾਵਲ ਦੀ ਮੁੱਖ ਪਾਤਰ ਲੱਜਾਵਤੀ ਦੀ ਜ਼ਿੰਦਗੀ ਦੀਆਂ ਕੜੀਆਂ ਜੁੜਦੀਆਂ ਚਲੀਆਂ ਜਾਂਦੀਆਂ ਹਨ। ਇਨਾਮ ਸਮਾਗਮ ਤੋਂ ਬਾਅਦ ਦਸ਼ਰਥ ਅਚਾਨਕ ਹੋਟਲ ਵਿਚੋਂ ਗਾਇਬ ਹੋ ਜਾਂਦਾ ਹੈ। ਆਪਣਾ ਅਗਲਾ ਨਾਵਲ ਲਿਖਣ ਲਈ ਉਹ ਉਸੇ ਮਹਿੰਦੀਵਾਲੀ ਗਲੀ ਵਿਚ ਜਾਂਦਾ ਹੈ ਜਿਥੇ ਲੱਜਾਵਤੀ ਮਿਸ ਲੀਜ਼ਾ ਬਣ ਕੇ ਚਾਲੂ ਫਿਲਮੀ ਗਾਣਿਆਂ 'ਤੇ ਥਿਰਕਦੀ ਹੈ। ਲੱਜਾਵਤੀ ਦਸ਼ਰਥ ਨਾਲ ਬੀਤੇ ਸਮੇਂ ਵਿਚ ਗਾਏ ਜਾ ਚੁੱਕੇ ਗਾਣਿਆਂ ਵਿਚੋਂ ਕੁਝ ਫਿਰ ਤੋਂ ਸਾਂਝੇ ਕਰਦੀ ਹੈ। ਦਰਸ਼ਕ ਨੂੰ ਮਹਿਸੂਸ ਹੁੰਦਾ ਹੈ ਕਿ ਨਾਵਲ ਕਿਤੇ ਪਿੱਛੇ ਰਹਿ ਗਿਆ ਹੈ ਤੇ ਅਸਲ ਵਿਚ ਇਸ ਸਾਰੀ ਫਿਲਮ ਨੂੰ ਨਕੁਲ ਨਿਰਦੇਸ਼ਿਤ ਕਰ ਰਿਹਾ ਹੈ, ਜਾਂ ਇਹ ਪਾਤਰ ਕੋਈ ਨਵਾਂ ਨਾਵਲ ਰਚ ਰਹੇ ਹਨ, ਜਾਂ ਫਿਰ ਇਹ ਸਭ ਅਸਲ ਵਿਚ ਵਾਪਰ ਰਿਹਾ ਹੈ। ਇਸ ਤਰ੍ਹਾਂ ਗੌਤਮ ਘੋਸ਼ ਦਾ ਸਿਨੇਮਾ ਸਾਹਮਣੇ ਵਾਪਰ ਰਹੇ ਸੱਚ ਤੋਂ ਪਾਰ ਇਸ ਦੀਆਂ ਵਿਸੰਗਤੀਆਂ ਨੂੰ ਫੜਨ ਦਾ ਸਿਨੇਮਾ ਹੈ।






ਫਿਲਮਸਾਜ਼ ਗੌਤਮ ਘੋਸ਼ (ਐਨ ਸੱਜੇ) ਦੀ ਇਕ ਅਹਿਮ ਫਿਲਮ 'ਪਾਰ' ਦਾ ਪੋਸਟਰ।


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


H K TRANSPORT INC
HK Trans
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


Imperial Truck Driving School
3506 Nielsen Ave., Fresno, CA 93706
ਖੁਸ਼ਖਬਰੀ ! ਖੁਸ਼ਖਬਰੀ ! !
ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ
Imperial Truck Driving School
ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ
ਰਹਿਣ ਵਾਸਤੇ ਖਾਸ ਪ੍ਰਬੰਧ
Ph: 559-266-4000, Cell: 916-470-5520

# ਰੋਸ

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘੋਰ ਨਿੰਦਾ

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬਰਗਾੜੀ ਵਿਚ ਵਾਪਰੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀ ਵਾਰਦਾਤ ਅਤੇ ਉਪਰੰਤ ਵਾਪਰੀਆਂ ਘਟਨਾਵਾਂ ਨੇ ਹਰ ਸਿੱਖ ਦਾ ਹਿਰਦਾ ਵਲੂੰਧਰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਇਸ ਵਾਰਦਾਤ ਪਿਛੋਂ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੀਆਂ ਅਤੇ ਵਾਹਿਗੁਰੂ ਦਾ ਜਾਪ ਕਰ ਰਹੀਆਂ ਸੰਗਤਾਂ ਉਪਰ ਜਿਸ ਤਰ੍ਹਾਂ ਪੰਜਾਬ ਪੁਲਿਸ ਨੇ ਗੋਲੀਆਂ ਚਲਾਈਆਂ ਅਤੇ ਅੰਨੇਵਾਹ ਤਸ਼ੱਦਦ ਕੀਤਾ, ਉਸ ਨੇ ਇਕ ਵਾਰ ਫਿਰ ਜੱਲ੍ਹਿਆਂਵਾਲੇ ਬਾਗ ਦਾ ਸਾਕਾ ਯਾਦ ਕਰਵਾ ਦਿੱਤਾ ਹੈ। ਪੁਲਿਸ ਦੀਆਂ ਗੋਲੀਆਂ ਨੇ ਦੋ ਸਿੰਘਾਂ ਨੂੰ ਸ਼ਹੀਦ ਕਰ ਦਿਤਾ ਅਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਮਿਡਵੈਸਟ) ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜ਼ੋਰਦਾਰ ਮੰਗ ਕਰਦੀ ਹੈ ਕਿ ਜੋ ਲੋਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਇਸ ਘਟਨਾ ਲਈ ਜ਼ਿੰਮੇਵਾਰ ਹਨ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਜੋ ਅੱਗੇ ਤੋਂ ਕਿਸੇ ਦੀ ਵੀ ਅਜਿਹਾ ਕਰਨ ਦੀ ਹਿੰਮਤ ਨਾ ਪਵੇ।

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਮਿਡਵੈਸਟ) ਪੰਥ ਦਰਦੀ ਪ੍ਰਚਾਰਕਾਂ-ਭਾਈ ਪੰਥਪ੍ਰੀਤ ਸਿੰਘ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ, ਭਾਈ ਸਰਬਜੀਤ ਸਿੰਘ ਧੂੰਦਾ ਤੇ ਹੋਰ ਜਿਨ੍ਹਾਂ ਨੇ ਵੀ ਇਸ ਘੋਰ ਅਪਰਾਧ ਵਿਰੁਧ ਆਵਾਜ਼ ਬੁਲੰਦ ਕੀਤੀ, ਉਨ੍ਹਾਂ ਸਭਨਾਂ ਦੀ ਧੰਨਵਾਦੀ ਹੈ। ਜਥੇਬੰਦੀ ਸਮਝਦੀ ਹੈ ਕਿ ਜਿੰਨਾ ਚਿਰ ਪੰਜਾਬ ਸਰਕਾਰ ਦੋਸ਼ੀਆਂ ਨੂੰ ਫੜ੍ਹ ਕੇ ਸਜ਼ਾਵਾਂ ਨਹੀਂ ਦਿੰਦੀ, ਓਨਾ ਚਿਰ ਤੱਕ ਸਿੱਖ ਹਿਰਦੇ ਸ਼ਾਂਤ ਨਹੀਂ ਹੋਣਗੇ ਅਤੇ ਇਹ ਸੰਘਰਸ਼ ਜਾਰੀ ਰਹੇਗਾ, ਤੇ ਇਹ ਜਾਇਜ਼ ਵੀ ਹੈ। ਇਸ ਦੁੱਖ ਦੀ ਘੜੀ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਮਿਡਵੈਸਟ) ਸਿੱਖ ਪੰਥ ਦੇ ਨਾਲ ਖੜ੍ਹੀ ਹੈ।





*ਕੈਪਟਨ ਅਮਰਿੰਦਰ ਸਿੰਘ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ, ਪਿੰਡ ਵਾਸੀਆਂ ਨਾਲ ਬੇਹੁਰਮਤੀ ਦੀ ਘਟਨਾ 'ਤੇ ਵਿਚਾਰ ਕਰਦੇ ਹੋਏ ਅਤੇ ਰੋਹ 'ਚ ਆਈਆਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ*

### ਜਾਰੀ ਕਰਤਾ

| | | | | | |
|---|---|---|---|---|---|
| ਵਿਸਕਾਨਸਿਨ | ਕੁਲਵੰਤ ਸਿੰਘ ਢਿੱਲੋਂ<br>ਫੋਨ: 414-248-2792 | ਹਰਵਿੰਦਰ ਸਿੰਘ (ਲਾਲੀ) ਸਿੱਧੂ<br>ਫੋਨ: 414-888-9813 | ਜਗਦੀਸ਼ਰ ਸਿੰਘ ਕਲੇਰ<br>ਫੋਨ: 414-460-7118 | ਹਰਜੀਤ ਸਿੰਘ ਸੰਧਰ<br>ਫੋਨ: 414-807-5934 | |
| ਸ਼ਿਕਾਗੋ | ਕਮਲਦੀਪ ਸੰਘਾ<br>ਫੋਨ: 630-946-4150 | ਅਜੈਬ ਸਿੰਘ ਲੱਖਣ<br>ਫੋਨ: 847-544-1788 | ਸੰਤੋਖ ਸਿੰਘ ਡੀ ਸੀ<br>ਫੋਨ: 847-338-3866 | ਅਜਮੇਰ ਸਿੰਘ ਪੰਨੂ<br>ਫੋਨ: 630-440-3458 | ਲਖਵੀਰ ਸਿੰਘ ਸਹੋਤਾ<br>ਫੋਨ: 847-489-7773 |
| ਇੰਡੀਆਨਾ | ਸਤਵੰਤ ਸਿੰਘ ਨਿੱਜਰ<br>ਫੋਨ: 916-416-2499 | ਸੁਖਦੇਵ ਸਿੰਘ ਸਮਰਾ<br>ਫੋਨ: 317-250-3545 | ਮਨਜੀਤ ਸਿੰਘ ਨਾਗਰਾ<br>ਫੋਨ: 317-750-1900 | ਜਿੰਮੀ ਬਰਾੜ<br>ਫੋਨ: 317-538-5385 | |
| ਓਹਾਇਓ | ਮੁਖਤਿਆਰ ਸਿੰਘ ਸੇਖੋਂ<br>ਫੋਨ: 513-919-2311 | ਗੁਰਿੰਦਰ ਸਿੰਘ ਢਿੱਲੋਂ<br>ਫੋਨ: 513-373-0145 | | | |
| ਮਿਸ਼ੀਗਨ | ਪਲਵਿੰਦਰ ਸਿੰਘ ਬਾਠ<br>ਫੋਨ: 269-358-1313 | | | | |

ਭੁਪਿੰਦਰ ਸਿੰਘ ਹੁੰਦਲ, ਮੱਖਣ ਸਿੰਘ ਬਦੇਸ਼ਾ, ਦਰਸ਼ਨ ਸਿੰਘ ਦਰੜ, ਸੰਦੀਪ ਸਿੰਘ ਲਾਡੀ, ਬਲਵਿੰਦਰ ਸਿੰਘ (ਏ ਵਨ ਕਾਰਪੈਟ), ਕਰਨਲ ਨਿਰਮਲ ਸਿੰਘ ਸਿੰਘਾ, ਗੁਲਜ਼ਾਰ ਸਿੰਘ ਮੁਲਤਾਨੀ, ਨਿੱਕ ਗਾਖਲ, ਰਘਵਿੰਦਰ ਸਿੰਘ ਮਾਹਲ, ਮਨਦੀਪ ਸਿੰਘ ਮਿਸੀਸਿਪੀ, ਦਲਜੀਤ ਸਿੰਘ ਅਰਕਨਸਾਸ, ਸੁਖਚੈਨ ਸਿੰਘ ਸੇਂਟ ਲੁਇਸ, ਅਜਮੇਰ ਸਿੰਘ ਲੱਖਣ, ਖੇਮ ਸਿੰਘ ਵਿਰਕ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਚਾਹਲ, ਹਰਜੀਤ ਸਿੰਘ ਸੰਧਰ, ਸਤਵਿੰਦਰ ਸਿੰਘ ਪੌਂਪੀ, ਪਰਮਜੀਤ ਸਿੰਘ ਬਿਲਕੂ, ਹਰਵਿੰਦਰ ਸਿੰਘ ਸੀਹਰਾ, ਦਰਸ਼ਨ ਸਿੰਘ ਗਰੇਵਾਲ, ਡਾ. ਹਰਜਿੰਦਰ ਸਿੰਘ ਸੰਧੂ, ਡਾ. ਗੁਰਚਰਨ ਸਿੰਘ ਗਰੇਵਾਲ, ਸੁਖਵਿੰਦਰ ਸਿੰਘ ਵੜੈਚ, ਅੰਮ੍ਰਿਤਪਾਲ ਸਿੰਘ ਗਿੱਲ, ਸੋਹਣ ਸਿੰਘ ਗਿੱਲ, ਗੁਰਸ਼ਰਨ ਸਿੰਘ ਸਹੋਤਾ, ਪਲਵਿੰਦਰ ਸਿੰਘ ਬਾਠ, ਜੁਝਾਰ ਸਿੰਘ ਕੰਗ, ਸੁਰਿੰਦਰ ਸਿੰਘ ਚੀਮਾ, ਕੰਵਲ ਸੰਘਾ, ਰਣਜੀਤ ਮੁੱਧਰ, ਪਵਨਦੀਪ ਸਿੰਘ ਹੋਠੀ, ਜੱਸੀ ਪਰਮਾਰ, ਜੇ ਪੀ ਖਹਿਰਾ, ਭੁਪਿੰਦਰ ਸਿੰਘ ਬਿੱਲਾ, ਲਵ ਮਿਨਹਾਸ, ਜਸਵੀਰ ਸਿੰਘ ਸੋਢੀ, ਮਲਕੀਤ ਸਿੰਘ ਸਿੱਧੂ, ਚਰਨਜੀਤ ਬਰਾੜ, ਹਰਜਿੰਦਰ ਨਿੱਜਰ, ਜਿੰਦੀ ਦਿਆਲ।

## ਜਾਰੀ ਕਰਤਾ: ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਮਿਡਵੈਸਟ)